
Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication   ਨਿਊ ਯਾਰਕ ਐਡੀਸ਼ਨ   Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 02, January 14, 2023   20451 N. Plum Grove Rd., Palatine, IL 60074   Ph:847-359-0746, Fax:847-705-9388


# ਧਰਨਿਆਂ ਨੇ ਪੰਜਾਬ ਸਰਕਾਰ ਨੂੰ ਪੈਰੋਂ ਕੱਢਿਆ

**ਚੰਡੀਗੜ੍ਹ:** ਪੰਜਾਬ ਵਿਚ ਧਰਨੇ ਮੁਜ਼ਾਹਰਿਆਂ ਨੇ ਸੂਬਾ ਸਰਕਾਰ ਨੂੰ ਪੈਰੋਂ ਕੱਢਿਆ ਹੋਇਆ ਹੈ। ਇਕ ਪਾਸੇ ਜਿਥੇ ਕਿਸਾਨ ਜਥੇਬੰਦੀਆਂ ਨੇ ਥਾਂ-ਥਾਂ ਮੋਰਚੇ ਲਾ ਕੇ ਸਰਕਾਰ ਨੂੰ ਘੇਰਿਆ ਹੋਇਆ ਹੈ, ਉਥੇ ਪੰਥਕ ਜਥੇਬੰਦੀਆਂ ਨੇ ਵੀ ਆਪਣੀਆਂ ਮੰਗਾਂ ਮਨਵਾਉਣ ਲਈ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ।

ਸਰਕਾਰ ਲਈ ਸਭ ਤੋਂ ਔਖੇ ਹਾਲਾਤ ਵਿਜੀਲੈਂਸ ਕਾਰਵਾਈ ਖ਼ਿਲਾਫ਼ ਪੰਜਾਬ ਦੀ ਅਫਸਰਸ਼ਾਹੀ ਵੱਲੋਂ ਬਗਾਵਤ ਦੇ ਰਾਹ ਪੈਣ ਨਾਲ ਬਣ ਗਏ ਹਨ। ਇਸ ਤੋਂ ਇਲਾਵਾ ਅਧਿਆਪਕ ਜਥੇਬੰਦੀਆਂ ਵੀ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਰਣਨੀਤੀ ਘੜ ਰਹੀਆਂ ਹਨ। ਲਤੀਫ਼ਪੁਰਾ ਉਜਾੜੇ ਖ਼ਿਲਾਫ਼ ਲੱਗਾ ਮੋਰਚਾ ਸਰਕਾਰ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਸਿੱਖ ਜਥੇਬੰਦੀਆਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਗੋਲੀਕਾਂਡ ਆਦਿ ਮੁੱਦਿਆਂ 'ਤੇ ਮੁਹਾਲੀ-ਚੰਡੀਗੜ੍ਹ ਹੱਦ ਉਤੇ ਲਾਏ ਪੱਕਾ ਮੋਰਚੇ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਹਮਾਇਤ ਦਿੱਤੀ ਗਈ ਹੈ। ਮੋਰਚੇ ਨੂੰ ਮਨੁੱਖ ਅਧਿਕਾਰ ਸੰਗਠਨਾਂ, ਪੰਥ ਦਰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਇਨਸਾਫ਼ ਪਸੰਦ ਲੋਕਾਂ ਨੇ ਖੁੱਲ੍ਹੀ ਹਮਾਇਤ ਦਿੱਤੀ ਹੈ। ਇਹੀ ਨਹੀਂ ਹੁਣ ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ ਦੀ ਲਾਮਬੰਦੀ ਲਈ ਮੁਹਿੰਮ ਵਿੱਢ ਦਿੱਤੀ ਹੈ। ਮੋਰਚੇ ਦਾ ਗਿਲਾ ਹੈ ਕਿ ਸਿੱਖਾਂ ਨਾਲ ਸਬੰਧਤ ਚਾਰ ਕੌਮੀ ਮੁੱਦਿਆਂ 'ਤੇ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਸਿੱਖਾਂ ਦੀਆਂ ਭਾਵਨਾਵਾਂ ਦੀ ਅਣਦੇਖੀ ਕਰਦੀਆਂ ਆ ਰਹੀਆਂ ਹਨ ਜਿਸ ਕਾਰਨ ਸਿੱਖਾਂ ਨੂੰ ਹੱਡ ਚੀਰਵੀਂ ਠੰਢ ਵਿਚ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਾ ਪਿਆ ਹੈ। ਸਿੱਖ ਜਥੇਬੰਦੀਆਂ ਵੱਖ-ਵੱਖ ਮਾਮਲਿਆਂ ਵਿਚ ਇਨਸਾਫ ਵਿਚ ਦੇਰੀ ਤੋਂ ਖ਼ਫ਼ਾ ਹਨ।





ਉਧਰ, ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਖੇਤਰੀ ਟਰਾਂਸਪੋਰਟ ਅਧਿਕਾਰੀ ਦੇ ਮਾਮਲੇ ਵਿਚ ਸਰਕਾਰ ਅਤੇ ਅਧਿਕਾਰੀਆਂ ਵਿਚਾਲੇ ਟਕਰਾਅ ਹੋਰ ਵਧਣ ਦੇ ਆਸਾਰ ਪੈਦਾ ਹੋ ਗਏ ਹਨ। ਵਿਜੀਲੈਂਸ ਬਿਊਰੋ ਵੱਲੋਂ ਲੁਧਿਆਣਾ ਦੇ ਖੇਤਰੀ ਟਰਾਂਸਪੋਰਟ ਅਧਿਕਾਰੀ ਨਰਿੰਦਰ ਸਿੰਘ ਧਾਲੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ। ਪੀ.ਸੀ.ਐਸ. ਅਧਿਕਾਰੀਆਂ ਵੱਲੋਂ ਧਾਲੀਵਾਲ ਦੀ ਗ੍ਰਿਫ਼ਤਾਰੀ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਸੀ ਅਤੇ ਇਸ ਨੂੰ ਲੈ ਕੇ ਉਨ੍ਹਾਂ ਨੇ 5 ਦਿਨ ਦੀ ਸਮੂਹਿਕ ਛੁੱਟੀ ਲੈ ਕੇ ਪੰਜਾਬ ਭਰ 'ਚ ਕੰਮਕਾਜ ਠੱਪ ਕਰ ਦਿੱਤਾ ਹੈ ਜਿਸ ਕਾਰਨ ਸੂਬੇ ਭਰ ਵਿਚ ਦਫ਼ਤਰੀ ਕੰਮਕਾਜ ਪੂਰੀ ਤਰ੍ਹਾਂ ਠੱਪ ਹੋ ਗਿਆ।

ਸਰਕਾਰ ਦੀ ਸਭ ਤੋਂ ਵੱਧ ਘੇਰਾਬੰਦੀ ਸਾਂਝੇ ਮੋਰਚੇ ਦੀ ਅਗਵਾਈ ਹੇਠ ਪਿੰਡ ਮਨਸੂਰਵਾਲ ਕਲਾਂ ਸਥਿਤ ਮਾਲਬਰੋਜ਼ ਸ਼ਰਾਬ ਫੈਕਟਰੀ ਅੱਗੇ ਚੱਲ ਰਹੇ ਪੱਕੇ ਮੋਰਚੇ ਨੂੰ ਮਿਲੀ ਹਮਾਇਤ ਕਾਰਨ ਹੋਈ ਹੈ। ਦਿੱਲੀ ਵਿਚ ਚੱਲੇ ਕਿਸਾਨ ਅੰਦੋਲਨ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਸੂਬੇ ਦੀਆਂ ਤਕਰੀਬਨ ਸਾਰੀਆਂ ਕਿਸਾਨ ਜਥੇਬੰਦੀਆਂ ਮੋਰਚੇ ਨੂੰ ਸਫਲ ਬਣਾਉਣ ਲਈ ਇਕਜੁਟ ਹੋਈਆਂ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਮਾਲਬਰੋਜ਼ ਸ਼ਰਾਬ ਫੈਕਟਰੀ ਖ਼ਿਲਾਫ਼ ਲੜੀ ਜਾ ਰਹੀ ਇਹ ਜੰਗ ਮਨੁੱਖ ਦੀ ਹੋਂਦ ਨੂੰ ਬਚਾਉਣ ਲਈ ਹੈ ਜਿਸ ਨੂੰ ਜ਼ੀਰਾ ਤੱਕ ਹੀ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ। ਹਵਾ ਅਤੇ ਪਾਣੀ ਨੂੰ ਬਚਾਉਣ ਵਾਸਤੇ ਹੁਣ ਇਹ ਜੰਗ ਪੂਰੇ ਪੰਜਾਬ ਦੇ ਲੋਕਾਂ ਨੂੰ ਇੱਕਜੁਟ ਹੋ ਕੇ ਲੜਨੀ ਪਵੇਗੀ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਸੁਰੱਖਿਅਤ ਰਹਿ ਸਕਣਗੀਆਂ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਦੀ ਤਰਜ਼ 'ਤੇ ਪੰਜਾਬ ਸਰਕਾਰ ਵੀ ਹੁਣ ਕਾਰਪੋਰੇਟ ਘਰਾਣਿਆਂ ਦੀ ਪਿੱਠ ਥਾਪੜ ਰਹੀ ਹੈ ਤੇ ਅਜਿਹੀਆਂ ਜਾਨਲੇਵਾ ਫੈਕਟਰੀਆਂ ਨੂੰ ਬਚਾਉਣ ਲਈ ਹਰ ਹਥਕੰਡੇ ਅਪਣਾ ਰਹੀ ਹੈ ਪਰ ਆਉਣ ਵਾਲੇ ਸਮੇਂ ਵਿਚ ਸਰਕਾਰਾਂ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ 15 ਜਨਵਰੀ ਤੱਕ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਪ੍ਰਤੀ ਕੋਈ ਸਾਕਾਰਾਤਮਕ ਕਦਮ ਨਾ ਚੁੱਕਿਆ ਗਿਆ ਤਾਂ ਪੂਰੇ ਪੰਜਾਬ ਵਿਚ ਵੱਡਾ ਸੰਘਰਸ਼ ਵਿੱਢਿਆ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

ਯਾਦ ਰਹੇ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਲੋਕਾਂ ਨਾਲ ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਸੀ। ਆਪ ਨੇ ਆਪਣੇ ਚੋਣ ਪ੍ਰਚਾਰ ਵਿਚ ਆਮ 'ਲੋਕਾਂ ਦੀ ਸਰਕਾਰ' ਬਣਾਉਣ ਦਾ ਸੱਦਾ ਦਿੱਤਾ ਸੀ। ਸੂਬੇ ਦੇ ਲੋਕਾਂ ਨੇ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਸੱਤਾ ਆਮ ਆਦਮੀ ਪਾਰਟੀ ਹਵਾਲੇ ਕਰ ਦਿੱਤੀ ਪਰ ਸਰਕਾਰ ਬਣਨ ਪਿੱਛੋਂ ਇਸ (ਆਪ) ਨੇ ਵੀ ਰਵਾਇਤੀ ਧਿਰਾਂ ਵਾਲਾ ਹੀ ਰਾਹ ਚੁਣ ਲਿਆ। ਮੁਲਾਜ਼ਮ ਜਥੇਬੰਦੀਆਂ, ਬੇਰੁਜ਼ਗਾਰ, ਕਿਸਾਨ ਤੇ ਪੰਥਕ ਧਿਰਾਂ ਕੁਝ ਸਮਾਂ ਤਾਂ ਵੱਡੀ ਉਮੀਦ ਵਜੋਂ ਸਰਕਾਰ ਦੇ ਮੂੰਹ ਵੱਲ ਤੱਕਦੀਆਂ ਰਹੀਆਂ ਪਰ ਜਦੋਂ 8 ਮਹੀਨੇ ਸੱਤਾ ਸੁੱਖ ਭੋਗਣ ਪਿੱਛੋਂ ਵੀ ਸਰਕਾਰ ਨੇ ਡੱਕਾ ਨਾ ਤੋੜਿਆ ਤਾਂ ਸੰਘਰਸ਼ ਆਸਰੇ ਹੀ ਆਪਣੇ ਹੱਕ ਲੈਣ ਦਾ ਮਨ ਬਣਾਇਆ। ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿਚ ਆਪ ਨੇ ਹਫਤੇ ਵਿਚ ਇਨਸਾਫ ਦੀ ਗੱਲ ਆਖੀ ਸੀ ਪਰ ਸੱਤਾ ਮਿਲਣ ਪਿੱਛੋਂ ਹੋਰਾਂ ਸਰਕਾਰਾਂ ਵਾਂਗ ਟਾਲ-ਮਟੋਲ ਦੀ ਨੀਤੀ ਸ਼ੁਰੂ ਹੋ ਗਈ।

ਭਗਵੰਤ ਮਾਨ ਨੇ ਆਪਣੇ ਚੋਰ ਪ੍ਰਚਾਰ ਦੌਰਾਨ ਮੁਲਾਜ਼ਮ ਜਥੇਬੰਦੀਆਂ ਨਾਲ ਵੀ ਵੱਡੇ ਵਾਅਦੇ ਕੀਤੇ ਸਨ। ਅਸਲ ਵਿਚ ਪੰਜਾਬ ਦੇ ਲੋਕਾਂ ਨੇ ਆਪ ਨੂੰ ਸਿਆਸੀ ਬਦਲ ਵਜੋਂ ਚੁਣ ਕੇ ਵੱਡੀਆਂ ਉਮੀਦਾਂ ਲਾਈਆਂ ਸਨ ਪਰ ਇਸ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਇਹੀ ਦੱਸਦੀ ਹੈ ਕਿ ਉਸ ਨੇ ਰਵਾਇਤੀ ਧਿਰਾਂ ਨਾਲੋਂ ਕੁਝ ਵੀ ਵੱਖਰਾ

***(ਬਾਕੀ ਸਫਾ 6 'ਤੇ)***

## ਅਫਸਰਾਂ ਦੀ ਛੁੱਟੀ ਨੇ ਲੋਕਾਂ ਦੀ ਪਰੇਸ਼ਾਨੀ ਵਧਾਈ


**ਲੁਧਿਆਣਾ:** ਆਰ.ਟੀ.ਏ. ਨਰਿੰਦਰਪਾਲ ਸਿੰਘ ਧਾਲੀਵਾਲ ਦੀ ਗ੍ਰਿਫਤਾਰੀ ਖ਼ਿਲਾਫ਼ ਪੀ.ਸੀ.ਐਸ. ਅਫਸਰਾਂ ਦੀ ਸਮੂਹਿਕ ਛੁੱਟੀ ਕਾਰਨ ਸਰਕਾਰੀ ਦਫਤਰਾਂ ਵਿਚ ਤਾਲੇ ਲਟਕ ਗਏ ਹਨ। ਅਜਿਹੇ ਵਿਚ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਵਾਉਣ ਆਉਣ ਵਾਲੇ ਲੋਕ ਖੁਆਰ ਹੋ ਰਹੇ ਹਨ। ਸਮੂਹਿਕ ਛੁੱਟੀ ਕਾਰਨ ਪੰਜਾਬ ਦੇ ਡਿਪਟੀ ਕਮਿਸ਼ਨਰ, ਆਰ.ਟੀ.ਏ. ਦਫਤਰ, ਨਗਰ ਨਿਗਮ ਦਫਤਰ ਤੇ ਤਹਿਸੀਲਾਂ ਵਿਚ ਕੰਮਕਾਜ ਠੱਪ ਰਿਹਾ। ਸਰਕਾਰ ਵੱਲੋਂ ਅਫਸਰਸ਼ਾਹੀ ਮਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਖੁਦ ਮਸਲੇ ਦੇ ਛੇਤੀ ਹੱਲ ਲਈ ਅੱਗੇ ਆਏ ਹਨ, ਹਾਲਾਂਕਿ ਪੰਜਾਬ ਸਿਵਲ ਸਰਵਿਸਿਜ ਅਫਸਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਜਤ ਓਬਰਾਏ ਤੇ ਜਨਰਲ ਸਕੱਤਰ ਅੰਕੁਰ ਮਹਿੰਦਰੂ ਦਾ ਕਹਿਣਾ ਹੈ ਕਿ ਵਿਜੀਲੈਂਸ ਦੀ ਕਾਰਵਾਈ ਗਲਤ ਹੈ। ਉਨ੍ਹਾਂ ਸਰਕਾਰ ਦੀ ਨੀਅਤ ਉਤੇ ਵੀ ਸਵਾਲ ਖੜ੍ਹੇ ਕੀਤੇ ਹਨ।



T B F
THE BAINS FIRM
Manpreet S. Bains
Personal Injury and Wrongful Death Attorneys
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury


WILLIAM E. WEISS
Of Counsel

Offices in San Francisco and Union City


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਸੰਘਰਸ਼ ਤਿੱਖਾ ਕਰਨ ਦੀ ਰਣਨੀਤੀ ਘੜਨ ਲੱਗੀਆਂ ਕਿਸਾਨ ਜਥੇਬੰਦੀਆਂ

**ਫਿਰੋਜ਼ਪੁਰ:** ਸਾਂਝੇ ਮੋਰਚੇ ਦੀ ਅਗਵਾਈ ਹੇਠ ਪਿੰਡ ਮਨਸੂਰਵਾਲ ਕਲਾਂ ਸਥਿਤ ਮਾਲਬਰੋਜ਼ ਸ਼ਰਾਬ ਫੈਕਟਰੀ ਅੱਗੇ ਚੱਲ ਰਿਹਾ ਪੱਕਾ ਮੋਰਚਾ ਸਰਕਾਰ ਲਈ ਸਿਰਦਰਦੀ ਬਣਦਾ ਜਾ ਰਿਹਾ ਹੈ। ਕਿਸਾਨ ਜਥੇਬੰਦੀਆਂ ਨੇ ਪ੍ਰਦੂਸ਼ਣ ਖ਼ਿਲਾਫ਼ ਜੰਗ ਦਾ ਦਾਇਰਾ ਵਸੀਹ ਕਰਨ ਦਾ ਐਲਾਨ ਕਰ ਦਿੱਤਾ ਹੈ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਮਾਲਬਰੋਜ਼ ਸ਼ਰਾਬ ਫੈਕਟਰੀ ਖ਼ਿਲਾਫ਼ ਲੜੀ ਜਾ ਰਹੀ ਇਹ ਜੰਗ ਮਨੁੱਖ ਦੀ ਹੋਂਦ ਨੂੰ ਬਚਾਉਣ ਲਈ ਹੈ, ਜਿਸ ਨੂੰ ਜ਼ੀਰਾ ਤੱਕ ਹੀ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ। ਹਵਾ ਅਤੇ ਪਾਣੀ ਨੂੰ ਬਚਾਉਣ ਵਾਸਤੇ ਹੁਣ ਇਹ ਜੰਗ ਪੂਰੇ ਪੰਜਾਬ ਦੇ ਲੋਕਾਂ ਨੂੰ ਇੱਕਜੁਟ ਹੋ ਕੇ ਲੜਨੀ ਪਵੇਗੀ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਸੁਰੱਖਿਅਤ ਰਹਿ ਸਕਣਗੀਆਂ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਦੀ ਤਰਜ਼ 'ਤੇ ਪੰਜਾਬ ਸਰਕਾਰ ਵੀ ਹੁਣ ਕਾਰਪੋਰੇਟ ਘਰਾਣਿਆਂ ਦੀ ਪਿੱਠ ਥਾਪੜ ਰਹੀ ਹੈ ਤੇ ਅਜਿਹੀਆਂ ਜਾਨਲੇਵਾ ਫੈਕਟਰੀਆਂ ਨੂੰ ਬਚਾਉਣ ਲਈ ਹਰ ਹਥਕੰਡੇ ਅਪਣਾ ਰਹੀ ਹੈ, ਪਰ ਆਉਣ ਵਾਲੇ ਸਮੇਂ ਵਿਚ ਸਰਕਾਰਾਂ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਇਸ ਮੌਕੇ ਬਲਕੌਰ ਸਿੰਘ, ਸੁਰਜੀਤ ਸਿੰਘ ਫੂਲ, ਅਮਿਤੋਜ ਮਾਨ, ਲੱਖਾ ਸਿਧਾਣਾ, ਮਾਸਟਰ ਮੇਘਰਾਜ ਰੱਲਾ ਹਾਜ਼ਰ ਸਨ। ਮੋਰਚੇ ਦੇ ਆਗੂ



ਸਰਪੰਚ ਗੁਰਮੇਲ ਸਿੰਘ ਮਨਸੂਰਵਾਲ ਨੇ ਮੰਗ ਰੱਖੀ ਕਿ ਮਰਹੂਮ ਰਾਜਬੀਰ ਦੇ ਪਰਿਵਾਰ ਦੀ ਆਰਥਿਕ ਮਦਦ ਕੀਤੀ ਜਾਵੇ ਤੇ ਇਕ ਪਰਿਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ, ਸ਼ਰਾਬ ਫੈਕਟਰੀ ਦੇ ਮਾਲਕ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ ਤੇ ਧਰਨਾਕਾਰੀਆਂ ਖ਼ਿਲਾਫ਼ ਦਰਜ ਕੀਤੇ ਗਏ ਕੇਸ ਰੱਦ ਕੀਤੇ ਜਾਣ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ 15 ਜਨਵਰੀ ਤੱਕ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਪ੍ਰਤੀ ਕੋਈ ਸਾਕਾਰਾਤਮਕ ਕਦਮ ਨਾ ਚੁੱਕਿਆ ਗਿਆ ਤਾਂ ਪੂਰੇ ਪੰਜਾਬ ਵਿਚ ਵੱਡਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਜ਼ਿਮੇਵਾਰੀ ਸਰਕਾਰ ਦੀ ਹੋਵੇਗੀ।

ਆਗੂਆਂ ਨੇ ਕਿਹਾ ਕਿ ਪ੍ਰਦੂਸ਼ਣ ਨਾਲ ਇਲਾਕੇ ਵਿਚ ਸੈਂਕੜੇ ਮੌਤਾਂ ਹੋ ਚੁੱਕੀਆਂ ਹਨ ਤੇ ਲੋਕ ਅੱਜ ਵੀ ਜਾਨਲੇਵਾ ਬਿਮਾਰੀਆਂ ਨਾਲ ਪੀੜਤ ਆਪਣੇ ਘਰਾਂ ਵਿਚ ਜ਼ਿੰਦਗੀ ਮੌਤ ਦੀ ਜੰਗ ਲੜ ਰਹੇ ਹਨ, ਪਰ ਸੂਬਾ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਸਰਕਾਰ ਜਾਂਚ ਦੇ ਨਾਂ 'ਤੇ ਫੈਕਟਰੀ ਦਾ ਪੱਖ ਪੂਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਸਰਕਾਰ ਦੇ ਇਹ ਮਨਸੂਬੇ ਕਦੀ ਵੀ ਕਾਮਯਾਬ ਨਹੀਂ ਹੋਣਗੇ। ਆਗੂਆਂ ਨੇ ਆਖਿਆ ਕਿ ਜਦੋਂ ਤੱਕ ਇਹ ਫੈਕਟਰੀ ਬੰਦ ਨਹੀਂ ਹੋ ਜਾਂਦੀ, ਉਦੋਂ ਤੱਕ ਇਹ ਧਰਨਾ ਇਸੇ ਤਰ੍ਹਾਂ ਨਾਲ ਚੱਲਦਾ ਰਹੇਗਾ।

ਉਧਰ, ਸ਼ਰਾਬ ਫੈਕਟਰੀ 'ਤੇ ਪ੍ਰਦੂਸ਼ਣ ਫੈਲਾਉਣ ਦੇ ਲਗਾਏ ਗਏ ਦੋਸ਼ਾਂ ਤਹਿਤ ਫੈਕਟਰੀ ਅਤੇ ਆਲੇ-ਦੁਆਲੇ ਦੀ ਮਿੱਟੀ, ਪਾਣੀ ਤੇ ਹਵਾ ਆਦਿ ਦੀ ਜਾਂਚ ਕਰਨ ਸਬੰਧੀ ਬਣਾਈਆਂ ਗਈਆਂ ਵੱਖ-ਵੱਖ ਜਾਂਚ ਕਮੇਟੀਆਂ ਵੱਲੋਂ ਮਿੱਟੀ ਤੇ ਪਾਣੀ ਦੇ 12 ਨਮੂਨੇ ਭਰੇ ਗਏ ਹਨ।

ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਆਈ.ਏ.ਐੱਸ. ਨੇ ਦੱਸਿਆ ਕਿ ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਮਨਸੂਰਵਾਲ ਕਲਾਂ ਜ਼ੀਰਾ ਸਥਿਤ ਸ਼ਰਾਬ ਫੈਕਟਰੀ ਸਬੰਧੀ ਪਾਣੀ ਅਤੇ ਮਿੱਟੀ ਦੀ ਜਾਂਚ ਲਈ ਕਮੇਟੀ ਵੱਲੋਂ ਫੈਕਟਰੀ ਅੰਦਰ ਜਾ ਕੇ 5 ਪਾਣੀ ਤੇ 2 ਮਿੱਟੀ ਦੇ ਸੈਂਪਲ ਲਏ ਗਏ ਹਨ। ਇਸ ਤੋਂ ਇਲਾਵਾ ਕਮੇਟੀ ਵੱਲੋਂ ਜ਼ੀਰਾ ਤੇ ਫੈਕਟਰੀ ਨਾਲ ਲੱਗਦੇ ਵੱਖ-ਵੱਖ ਪਿੰਡਾਂ ਮਨਸੂਰਵਾਲ ਕਲਾਂ, ਰਟੋਲ ਰੋਹੀ ਆਦਿ ਤੋਂ ਵੀ ਪਾਣੀ ਦੇ 5 ਸੈਂਪਲ ਇਕੱਤਰ ਕੀਤੇ ਗਏ ਹਨ।

## ਸੰਘਰਸ਼ ਕਮੇਟੀ ਵੱਲੋਂ ਰੇਲਾਂ ਰੋਕਣ ਦਾ ਐਲਾਨ

**ਚੰਡੀਗੜ੍ਹ:** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਦਿੱਲੀ ਮੋਰਚੇ ਦੀਆਂ ਬਾਕੀ ਰਹਿੰਦੀਆਂ ਮੰਗਾਂ ਮਨਵਾਉਣ ਤੇ 29 ਜਨਵਰੀ 2021 ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸਟੇਜ 'ਤੇ ਭਾਜਪਾ ਆਗੂਆਂ ਵੱਲੋਂ ਹਮਲਾ ਕਰਵਾਉਣ ਦੇ ਦੋਸ਼ ਹੇਠ ਕੇਸ ਦਰਜ ਕਰਵਾਉਣ ਲਈ 26 ਜਨਵਰੀ ਨੂੰ ਜ਼ਿਲ੍ਹਾ ਕੇਂਦਰਾਂ 'ਤੇ ਕਾਨਫਰੰਸਾਂ ਕੀਤੀਆਂ ਜਾਣਗੀਆਂ। ਇਸੇ ਤਰ੍ਹਾਂ 29 ਜਨਵਰੀ ਨੂੰ ਪੰਜਾਬ ਭਰ 'ਚ ਤਿੰਨ ਘੰਟਿਆਂ ਲਈ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਗੁਰਦਾਸਪੁਰ ਰੇਲਵੇ ਟਰੈਕ 'ਤੇ ਧਰਨਾ ਜਾਰੀ ਰਹੇਗਾ ਜਦਕਿ ਬਾਕੀ ਪੰਜਾਬ ਵਿਚ ਧਰਨੇ ਚੁੱਕ ਦਿੱਤੇ ਜਾਣਗੇ।

# ਘੱਟ ਗਿਣਤੀ ਕਮਿਸ਼ਨ ਨੇ ਲਿਆ ਲਤੀਫਪੁਰ ਉਜਾੜੇ ਦਾ ਨੋਟਿਸ



**ਜਲੰਧਰ:** ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਲਤੀਫ਼ਪੁਰਾ ਦਾ ਦੌਰਾ ਕਰ ਕੇ ਪੀੜਤਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੀਡੀਆ ਵਿਚ ਆਈਆਂ ਲਤੀਫਪੁਰਾ ਵਿਚ ਉਜਾੜੇ ਗਏ ਲੋਕਾਂ ਦੀਆਂ ਰਿਪੋਰਟਾਂ ਬਹੁਤ ਤਕਲੀਫ਼ਦੇਹ ਸਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵਜੋਂ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਨੋਟਿਸ ਭੇਜ ਕੇ ਰਿਪੋਰਟ ਮੰਗੀ ਸੀ ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਉਸ ਦਾ ਜਵਾਬ ਨਹੀਂ ਦਿੱਤਾ। ਇੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ। '47 ਵਿਚ ਪਾਕਿਸਤਾਨ ਤੋਂ ਕੁਝ ਸਿੱਖ ਪਰਿਵਾਰ ਉਜੜ ਕੇ ਇੱਥੇ ਆਏ ਸਨ ਤੇ ਹੁਣ ਉਨ੍ਹਾਂ ਨੂੰ ਇਕ ਵਾਰ ਫਿਰ ਉਜਾੜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਲਤੀਫਪੁਰਾ ਦੇ ਲੋਕਾਂ ਨੂੰ ਇਨਸਾਫ ਲੈ ਕੇ ਦੇਣਗੇ। ਉਨ੍ਹਾਂ ਸਪੱਸ਼ਟ ਕਿਹਾ ਕਿ ਇਸ ਉਜਾੜੇ ਲਈ ਪੰਜਾਬ ਦੇ ਮੁੱਖ ਸਕੱਤਰ ਜਵਾਬਦੇਹ ਹਨ। ਇਸ ਦੌਰਾਨ ਪੀੜਤ ਗੁਰਬਖਸ਼ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਮਕਾਨ ਵੀ ਢਾਹ ਦਿੱਤੇ ਗਏ ਅਤੇ ਦੁਕਾਨਾਂ ਵੀ। ਹੁਣ ਉਨ੍ਹਾਂ ਕੋਲ ਕਮਾਈ ਦਾ ਕੋਈ ਸਾਧਨ ਨਹੀਂ ਹੈ। ਪੈਸੇ ਨਾ ਹੋਣ ਕਾਰਨ ਲੋਕ ਉਨ੍ਹਾਂ ਨੂੰ ਕਿਰਾਏ 'ਤੇ ਮਕਾਨ ਵੀ ਨਹੀਂ ਦੇ ਰਹੇ। ਇਸ ਸਬੰਧੀ ਲਾਲਪੁਰਾ ਨੇ ਕਿਹਾ ਕਿ ਦਿੱਲੀ ਜਾ ਕੇ ਉਹ ਇਕ ਵਾਰ ਫਿਰ ਪੰਜਾਬ ਸਰਕਾਰ ਨੂੰ ਨੋਟਿਸ ਭੇਜਣਗੇ। ਇਸ ਦੌਰਾਨ ਰੋਜ਼ਾਨਾ ਦੀ ਤਰ੍ਹਾਂ ਮੋਰਚੇ 'ਤੇ ਡਟੇ ਇਨਸਾਫ ਪਸੰਦ ਲੋਕਾਂ ਨੇ ਗੁਰੂ ਰਵਿਦਾਸ ਚੌਕ ਵਿਚ ਸੂਬਾ ਸਰਕਾਰ ਤੇ ਚੇਅਰਮੈਨ ਇੰਮਰੂਵਮੈਂਟ ਟਰੱਸਟ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕੀਤੀ।

# ਸਿੱਖ ਜਥੇਬੰਦੀਆਂ ਨੇ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ

**ਮੁਹਾਲੀ:** ਕੌਮੀ ਇਨਸਾਫ ਮੋਰਚਾ ਮੁਹਾਲੀ-ਚੰਡੀਗੜ੍ਹ, ਹਵਾਰਾ ਕਮੇਟੀ ਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦੇ ਸਾਂਝੇ ਬੈਨਰ ਹੇਠ ਵੱਡੀ ਗਿਣਤੀ ਵਿਚ ਸਿੱਖਾਂ ਨੇ ਕੜਾਕੇ ਦੀ ਠੰਢ ਦੇ ਬਾਵਜੂਦ ਆਪਣੇ ਗਲਾਂ ਵਿਚ ਲੋਹੇ ਦੀਆਂ ਜ਼ੰਜੀਰਾਂ ਪਾ ਕੇ ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਆਦਿ ਮੁੱਦਿਆਂ 'ਤੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਮੁਜ਼ਾਹਰੇ ਵਿਚ ਮਨੁੱਖ ਅਧਿਕਾਰ ਸੰਗਠਨਾਂ, ਪੰਥ ਦਰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਇਨਸਾਫ ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ।

ਸਵੇਰੇ ਹੀ ਪੰਜਾਬ ਸਮੇਤ ਦਿੱਲੀ ਤੇ ਹਰਿਆਣਾ 'ਚੋਂ ਵੱਡੀ ਗਿਣਤੀ ਲੋਕ ਮੁਹਾਲੀ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਚ ਪਹੁੰਚਣੇ ਸ਼ੁਰੂ ਹੋ ਗਏ ਸਨ। ਇਥੇ ਵੱਖ-ਵੱਖ ਆਗੂਆਂ ਨੇ ਸਿੱਖ ਮਸਲਿਆਂ 'ਤੇ ਵਿਚਾਰਾਂ ਕੀਤੀਆਂ। ਇਸ ਮਗਰੋਂ ਬਾਅਦ ਸਿੱਖਾਂ ਨੇ ਜੈਕਾਰੇ ਛੱਡ ਕੇ ਚੰਡੀਗੜ੍ਹ ਵੱਲ ਕੂਚ ਕੀਤਾ। ਇਸ ਮਗਰੋਂ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਯੂਟੀ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਦਾ ਰਾਹ ਡੱਕ ਲਿਆ,



ਜਿਸ ਕਾਰਨ ਰੋਹ ਵਿਚ ਆਏ ਪ੍ਰਦਰਸ਼ਨਕਾਰੀਆਂ ਨੇ ਉਥੇ ਹੀ ਸੜਕ 'ਤੇ ਧਰਨਾ ਆਰੰਭ ਦਿੱਤਾ।

ਪ੍ਰਦਰਸ਼ਨਕਾਰੀਆਂ ਵਿਚੋਂ ਬਾਪੂ ਗੁਰਚਰਨ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਸਰਕਾਰਾਂ ਸਿੱਖਾਂ ਦੀਆਂ ਭਾਵਨਾਵਾਂ ਦੀ ਅਣਦੇਖੀ ਕਰਦੀਆਂ ਆ ਰਹੀਆਂ ਹਨ, ਇਸ ਲਈ ਉਹ ਸਿੱਖਾਂ ਨਾਲ ਸਬੰਧਤ ਚਾਰ ਕੌਮੀ ਮੁੱਦਿਆਂ 'ਤੇ ਇਨਸਾਫ ਲਈ ਪੱਕਾ ਮੋਰਚਾ ਲਾਉਣ ਆਏ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਨਹੀਂ ਕੀਤੀ ਜਾਂਦੀ, 328 ਸਰੂਪਾਂ ਦਾ ਮਾਮਲਾ ਨਹੀਂ ਸੁਲਝਾਇਆ ਜਾਂਦਾ ਤੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਉਦੋਂ ਤੱਕ ਲੜੀਵਾਰ ਧਰਨਾ ਜਾਰੀ ਰਹੇਗਾ।

# ਕੰਪਿਊਟਰ ਅਧਿਆਪਕਾਂ ਦਾ ਭਗਵੰਤ ਦੀ ਰਿਹਾਇਸ਼ ਵੱਲ ਮਾਰਚ

**ਸੰਗਰੂਰ:** ਪੰਜਾਬ ਭਰ ਦੇ ਕੰਪਿਊਟਰ ਅਧਿਆਪਕਾਂ ਨੇ ਮੁੱਖ ਮੰਤਰੀ ਦੀ ਕੋਠੀ ਵੱਲ ਰੋਸ ਮਾਰਚ ਕਰਦਿਆਂ ਧਰਨਾ ਦਿੱਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ 'ਤੇ ਕੰਪਿਊਟਰ ਅਧਿਆਪਕਾਂ ਨੂੰ ਖੱਜਲ-ਖੁਆਰ ਕਰਨ ਦਾ ਦੋਸ਼ ਲਾਉਂਦਿਆਂ ਸਿਵਲ ਸੇਵਾਵਾਂ ਦੇ ਨਿਯਮ ਅਤੇ ਛੇਵਾਂ ਤਨਖਾਹ ਕਮਿਸ਼ਨ ਤੁਰਤ ਲਾਗੂ ਕਰਨ ਦੀ ਮੰਗ ਕੀਤੀ। ਕੰਪਿਊਟਰ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਹਿਪੁਰ ਨੇ ਕਿਹਾ ਕਿ ਬੇਸ਼ੱਕ ਜੁਲਾਈ 2011 ਨੂੰ ਤਤਕਾਲੀ ਸਰਕਾਰ ਨੇ ਪੰਜਾਬ ਸਿਵਲ ਸਰਵਿਸ ਸੇਵਾਵਾਂ ਅਧੀਨ ਕੰਪਿਊਟਰ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਸਨ ਪਰ ਅੱਜ ਤੱਕ ਉਨ੍ਹਾਂ ਨੂੰ ਪੂਰਨ ਰੂਪ ਵਿਚ ਰੈਗੂਲਰ ਮੁਲਾਜ਼ਮਾਂ ਵਾਲੇ ਲਾਭ ਨਹੀਂ ਦਿੱਤੇ ਗਏ। ਉਨ੍ਹਾਂ ਸਰਕਾਰ 'ਤੇ ਕੰਪਿਊਟਰ ਅਧਿਆਪਕਾਂ ਦੇ 6ਵੇਂ ਤਨਖਾਹ ਕਮਿਸ਼ਨ, ਏ.ਸੀ.ਪੀ, ਆਈ.ਆਰ. ਅਤੇ ਹੋਰ ਵਿੱਤੀ ਲਾਭ ਰੋਕਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ 100 ਦੇ ਕਰੀਬ ਕੰਪਿਊਟਰ ਅਧਿਆਪਕ ਸਾਥੀਆਂ ਦੀ ਮੌਤ ਹੋਣ ਤੋਂ ਬਾਅਦ ਵੀ ਸਰਕਾਰ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ।

# ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਚ ਟੌਲ ਪਲਾਜ਼ਿਆਂ 'ਤੇ ਵਸੂਲੀ ਰੋਕੀ

**ਚੰਡੀਗੜ੍ਹ:** ਪੰਜਾਬ ਦੇ ਕੌਮੀ ਰਾਜ ਤੇ ਰਾਜ ਮਾਰਗਾਂ 'ਤੇ ਸਥਾਪਤ ਟੌਲ ਪਲਾਜ਼ਿਆਂ ਨੂੰ ਪੱਕੇ ਤੌਰ 'ਤੇ ਬੰਦ ਕਰਵਾ ਕੇ ਲੋਕਾਂ ਦੀ ਹੋ ਰਹੀ ਲੁੱਟ ਨੂੰ ਰੋਕਣ ਦੇ ਨਾਅਰੇ ਹੇਠ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਇਸ ਸੰਘਰਸ਼ ਨੂੰ ਤੇਜ ਕਰਦਿਆਂ ਸੂਬੇ ਦੇ 32 ਟੌਲ ਪਲਾਜ਼ਿਆਂ 'ਤੇ ਇਕ ਦਿਨ ਲਈ ਵਸੂਲੀ ਬੰਦ ਰੱਖੀ ਗਈ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸੰਘਰਸ਼ ਟੌਲ ਨਾਕਿਆਂ ਨੂੰ ਪੱਕੇ ਤੌਰ 'ਤੇ ਬੰਦ ਕਰਾਉਣ ਲਈ ਸਰਕਾਰ ਨੂੰ ਦਿੱਤੀ ਗਈ ਚਿਤਾਵਨੀ ਹੈ ਅਤੇ ਜੇਕਰ ਸਰਕਾਰ ਨੇ ਇਨ੍ਹਾਂ ਟੌਲ ਪਲਾਜ਼ਿਆਂ ਨੂੰ ਬੰਦ ਨਾ ਕੀਤਾ ਪੰਜਾਬ ਭਰ ਦੇ ਟੌਲ ਪਲਾਜ਼ੇ ਬੰਦ ਕਰਨ ਦੀ ਕਾਰਵਾਈ ਆਰੰਭੀ ਜਾਵੇਗੀ। ਜਥੇਬੰਦੀ ਨੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਿਛਲੇ ਕਈ ਹਫਤਿਆਂ ਤੋਂ ਸੂਬੇ ਦੇ ਵੱਡੀ ਗਿਣਤੀ ਟੌਲ ਪਲਾਜ਼ਿਆਂ 'ਤੇ ਧਰਨੇ ਦੇਣ ਦੇ ਲੋਕਪੱਖੀ ਸੰਘਰਸ਼ ਦੀ ਹਮਾਇਤ ਵੀ ਕੀਤੀ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਕੁਝ ਥਾਵਾਂ 'ਤੇ ਹਮਾਇਤੀ ਸ਼ਮੂਲੀਅਤ ਕੀਤੀ ਗਈ ਅਤੇ ਬਾਕੀ ਸਭ ਥਾਵਾਂ 'ਤੇ ਜਥੇਬੰਦੀ ਵੱਲੋਂ ਟੌਲ ਪਲਾਜ਼ੇ ਜਾਮ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਟੈਕਸਾਂ ਵਿਚ ਹੋ ਰਹੇ ਲਗਾਤਾਰ ਵਾਧੇ ਤੋਂ ਲੋਕ ਅੱਕੇ ਹੋਏ ਹਨ। ਇਹੀ ਕਾਰਨ ਹੈ ਕਿ ਜਥੇਬੰਦੀ ਵੱਲੋਂ ਟੌਲ ਪਲਾਜ਼ਿਆਂ 'ਤੇ ਵਸੂਲੀ ਬੰਦ ਕਰਵਾਉਣ ਦੀ ਕਾਰਵਾਈ ਨੂੰ ਵੀ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਬਹੁਤੀਆਂ ਥਾਵਾਂ



'ਤੇ ਔਰਤਾਂ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਮਜ਼ਦੂਰ ਅਤੇ ਇਨਸਾਫ਼ਪਸੰਦ ਲੋਕ ਇਨ੍ਹਾਂ ਧਰਨਿਆਂ ਵਿਚ ਸ਼ਾਮਲ ਹੋਏ ਹਨ।

ਉਧਰ, ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਦੇ 18 ਟੌਲ ਪਲਾਜ਼ਿਆਂ ਅਤੇ 9 ਡੀਸੀ ਦਫਤਰਾਂ ਦਾ ਘਿਰਾਓ ਜਾਰੀ ਹੈ।

ਜਥੇਬੰਦੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ, ਕਿਸਾਨਾਂ ਮਜ਼ਦੂਰਾਂ 'ਤੇ ਦਰਜ ਕੀਤੇ ਪਰਚੇ ਰੱਦ ਕਰਨ, ਫੈਕਟਰੀ ਦੁਆਰਾ ਪਲੀਤ ਕੀਤੇ ਗਏ ਪਾਣੀ, ਹਵਾ ਤੇ ਧਰਤੀ ਨਾਲ ਭਿਆਨਕ ਬਿਮਾਰੀਆਂ ਲੱਗ ਕੇ ਹੋਈਆਂ ਮੌਤਾਂ ਲਈ ਫੈਕਟਰੀ ਮਾਲਕ ਦੀਪ ਮਲਹੋਤਰਾ ਖ਼ਿਲਾਫ਼ ਅਪਰਾਧਿਕ ਪਰਚਾ ਦਰਜ ਕਰ ਕੇ ਗ੍ਰਿਫਤਾਰ ਕਰਨ ਅਤੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ।

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)- 224-361-1456

37-40

## Name change

**Taj Bahader Singh S/o Virinder Singh R/o #2904 Begonia St Union City CA 94587 have changed my name to Tej Bahader Singh Mushiana. All concerned please note.**

# ਪੰਜਾਬ ਵਿਜੀਲੈਂਸ ਨੇ ਰਿਸ਼ਵਤਖੋਰੀ ਦੇ ਕੇਸਾਂ ਵਿਚ 172 ਮੁਲਜ਼ਮ ਫੜੇ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਬੀਤੇ ਵਰ੍ਹੇ ਦੌਰਾਨ ਰਿਸ਼ਵਤਖੋਰੀ ਦੇ 129 ਕੇਸਾਂ ਵਿਚ ਕੁੱਲ 172 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚ 83 ਮੁਲਜ਼ਮ 65 ਟਰੈਪ ਕੇਸਾਂ ਵਿਚ ਅਤੇ 89 ਮੁਲਜ਼ਮ 64 ਆਨਲਾਈਨ ਸ਼ਿਕਾਇਤਾਂ ਦੇ ਆਧਾਰ 'ਤੇ ਕਾਬੂ ਕੀਤੇ ਗਏ ਹਨ। ਬਿਊਰੋ ਦੇ ਚੀਫ ਡਾਇਰੈਕਟਰ-ਕਮ-ਏ.ਡੀ.ਜੀ.ਪੀ. ਵਰਿੰਦਰ ਕੁਮਾਰ ਨੇ ਦੱਸਿਆ ਕਿ ਪਿਛਲੇ ਸਾਲ ਦੌਰਾਨ ਪਹਿਲੀ ਜਨਵਰੀ 2022 ਤੋਂ 31 ਦਸੰਬਰ 2022 ਤੱਕ ਪੰਜਾਬ ਪੁਲਿਸ ਦੇ 30 ਮੁਲਾਜ਼ਮ, ਮਾਲ ਵਿਭਾਗ ਦੇ 13, ਬਿਜਲੀ ਵਿਭਾਗ ਦੇ 5 ਤੇ ਸਥਾਨਕ ਸਰਕਾਰਾਂ ਵਿਭਾਗ ਦੇ 4 ਮੁਲਾਜ਼ਮਾਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ 371 ਮੁਲਜ਼ਮਾਂ ਵਿਰੁੱਧ 135 ਅਪਰਾਧਕ ਕੇਸ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ 35 ਗਜ਼ਟਿਡ ਅਧਿਕਾਰੀ, 163 ਨਾਨ-ਗਜ਼ਟਿਡ ਅਤੇ 173 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ। ਇਸ ਤੋਂ ਇਲਾਵਾ ਪਿਛਲੇ ਸਾਲ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਂਚ ਲਈ 139 ਸ਼ੱਕੀ ਵਿਅਕਤੀਆਂ ਵਿਰੁੱਧ 103 ਵਿਜੀਲੈਂਸ ਪੜਤਾਲਾਂ ਵੀ ਦਰਜ ਕੀਤੀਆਂ ਹਨ, ਜਿਨ੍ਹਾਂ ਵਿਚ 35 ਗਜਟਿਡ, 58 ਨਾਨ-ਗਜਟਿਡ ਅਧਿਕਾਰੀ ਅਤੇ 46 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ।

ਇਸ ਤੋਂ ਇਲਾਵਾ, ਇਕ ਗਜਟਿਡ ਅਫਸਰ ਅਤੇ ਨਾਨ-ਗਜਟਿਡ ਅਫਸਰ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਵੀ ਦੋ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਮਾਮਲਿਆਂ 'ਚ ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ 2 ਨਾਨ-ਗਜਟਿਡ ਅਧਿਕਾਰੀ ਬਰਖ਼ਾਸਤ ਹੋਏ ਹਨ। ਵਿਜੀਲੈਂਸ ਮੁਖੀ ਨੇ ਦੱਸਿਆ ਕਿ ਬਿਊਰੋ ਪਿਛਲੇ ਸਾਲ ਦੌਰਾਨ 39 ਵਿਜੀਲੈਂਸ ਪੜਤਾਲਾਂ ਨੂੰ ਅੰਜਾਮ ਦੇਣ ਵਿਚ ਸਫਲਤਾ ਹਾਸਲ ਕੀਤੀ। ਵਿਜੀਲੈਂਸ ਬਿਊਰੋ ਵੱਲੋਂ ਬੀਤੇ ਸਾਲ ਚਾਰ ਸਾਬਕਾ ਮੰਤਰੀ, ਸਾਧੂ ਸਿੰਘ ਧਰਮਸੋਤ, ਸੰਗਤ ਸਿੰਘ ਗਿਲਜੀਆਂ, ਭਾਰਤ ਭੂਸ਼ਣ ਆਸ਼ੂ ਅਤੇ ਸੁੰਦਰ ਸ਼ਾਮ ਅਰੋੜਾ, ਸਾਬਕਾ ਚੇਅਰਮੈਨ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦਿਨੇਸ਼ ਬੱਸੀ, ਸੰਜੈ ਪੋਪਲੀ, ਮੁੱਖ ਵਣਪਾਲ ਪਰਵੀਨ ਕੁਮਾਰ ਸਣੇ ਕਈ ਸ਼ਖਸੀਅਤਾਂ ਦੀ ਗ੍ਰਿਫਤਾਰੀ ਕੀਤੀ ਗਈ ਹੈ।

ਭ੍ਰਿਸ਼ਟਾਚਾਰ ਰੋਕੂ ਐਕਸ਼ਨ ਲਾਈਨ 'ਤੇ ਪਿਛਲੇ ਸਾਲ ਕੁੱਲ 3,72,175 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ 6,407 ਸ਼ਿਕਾਇਤਾਂ ਆਡੀਓ/ਵੀਡੀਓ ਰਿਕਾਰਡਿੰਗ ਸਮੇਤ ਤੇ 294 ਸ਼ਿਕਾਇਤਾਂ ਵਿਜੀਲੈਂਸ ਬਿਊਰੋ ਬਾਰੇ ਪ੍ਰਾਪਤ ਹੋਈਆਂ ਹਨ। ਸ਼ਿਕਾਇਤਾਂ ਦੇ ਆਧਾਰ 'ਤੇ 26 ਵਿਅਕਤੀਆਂ, 27 ਪੁਲਿਸ ਮੁਲਾਜ਼ਮਾਂ ਤੇ 29 ਸਿਵਲ ਵਿਭਾਗਾਂ ਦੇ ਕਰਮਚਾਰੀਆਂ ਵਿਰੁੱਧ 64 ਮੁਕੱਦਮੇ ਦਰਜ ਹੋਏ ਤੇ ਇਨ੍ਹਾਂ ਦੇ ਆਧਾਰ 'ਤੇ 89 ਗ੍ਰਿਫਤਾਰੀਆਂ ਹੋਈਆਂ ਹਨ।

## ਲੜਕੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)।

2-5

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5'11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5'10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5'11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5' 11", residing in Chicago area. Please contact: manpreetrupal24@gmail.com

49-52

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

# ਐਸ.ਵਾਈ.ਐਲ: ਪੰਜਾਬ ਸਰਕਾਰ ਦੀਆਂ ਦਲੀਲਾਂ ਅੱਗੇ ਹਰਿਆਣਾ ਚੁੱਪ

**ਚੰਡੀਗੜ੍ਹ:** ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਦਿੱਲੀ ਵਿਚ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਗਈਆਂ ਦਲੀਲਾਂ ਅੱਗੇ ਹਰਿਆਣਾ ਨੂੰ ਚੁੱਪ ਵੱਟਣੀ ਪਈ। ਜਾਣਕਾਰੀ ਅਨੁਸਾਰ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਐਸ.ਵਾਈ.ਐਲ. 'ਤੇ ਸਹਿਮਤੀ ਬਣਾਉਣ ਜਾਂ ਬਦਲਵਾਂ ਹੱਲ ਤਲਾਸ਼ਣ ਦੀ ਗੱਲ ਆਖੀ ਸੀ। ਉਨ੍ਹਾਂ ਦਲੀਲ ਦਿੱਤੀ ਕਿ ਐਸ.ਵਾਈ.ਐਲ. ਬਣਾਉਣ ਦੀ ਲੋੜ ਤਾਂ ਉਦੋਂ ਪਵੇਗੀ, ਜਦੋਂ ਪੰਜਾਬ ਕੋਲ ਵਾਧੂ ਪਾਣੀ ਹੋਵੇਗਾ।

ਇਸ 'ਤੇ ਹਰਿਆਣਾ ਦੇ ਮੁੱਖ ਮੰਤਰੀ ਨੇ ਵਰ੍ਹਾ 2004 ਵਿਚ ਪਾਣੀਆਂ ਦੇ ਸਮਝੌਤੇ ਰੱਦ ਕਰਨ ਦਾ ਮਾਮਲਾ ਚੁੱਕਦਿਆਂ ਕਿਹਾ ਕਿ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਸਮਝੌਤੇ ਰੱਦ ਕਰਨ ਵਾਲੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ, ਜਿਸ ਮਗਰੋਂ ਪੰਜਾਬ ਸਰਕਾਰ ਵੱਲੋਂ ਸਪਸ਼ਟ ਕੀਤਾ ਗਿਆ ਕਿ ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਤੋਂ ਸਲਾਹ ਮੰਗੀ ਗਈ ਸੀ ਤੇ ਕਦੇ ਵੀ ਰੱਦ ਕੀਤੇ ਸਮਝੌਤਿਆਂ ਨੂੰ ਸੁਪਰੀਮ ਕੋਰਟ ਵਿਚ ਕੋਈ ਚੁਣੌਤੀ ਨਹੀਂ ਦਿੱਤੀ ਗਈ। ਮੀਟਿੰਗ ਦੌਰਾਨ ਪੰਜਾਬ ਦੇ ਅਫਸਰਾਂ ਦੀ ਟੀਮ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਇਸ ਮੁੱਦੇ ਦਾ ਬਦਲਵਾਂ ਹੱਲ ਲੱਭਣ ਸਬੰਧੀ ਦਿੱਤੇ ਸੁਝਾਅ ਅਨੁਸਾਰ ਉਹ ਯਮੁਨਾ ਦਾ ਪਾਣੀ ਸਤਲੁਜ ਵਿਚ ਪਾਉਣ ਦਾ ਸੁਝਾਅ ਦੇ ਰਹੇ ਹਨ। ਇਸ ਮੁੱਦੇ 'ਤੇ ਫਿਲਹਾਲ ਹਰਿਆਣਾ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ ਹੈ। ਇਸ ਮੌਕੇ ਹਰਿਆਣਾ ਨੇ ਭਾਖੜਾ ਮੇਨ ਲਾਈਨ ਦੇ ਟੁੱਟਣ ਦਾ ਡਰ ਖੜ੍ਹਾ ਕੇ ਐਸ.ਵਾਈ.ਐਲ. ਦੀ ਉਸਾਰੀ ਦੀ ਗੱਲ ਛੇੜੀ, ਜਿਸ 'ਤੇ ਪੰਜਾਬ ਸਰਕਾਰ ਨੇ ਤਰਕ ਦਿੱਤਾ ਕਿ ਭਾਖੜਾ ਮੇਨ ਲਾਈਨ ਪੁਰਾਣੀ ਹੋਣ ਦੇ ਬਾਵਜੂਦ ਅੱਜ ਤੱਕ ਮਜ਼ਬੂਤੀ ਨਾਲ ਖੜ੍ਹੀ ਹੈ ਤੇ ਹਰਿਆਣਾ ਵਿਚ ਤਾਂ ਇਸ ਤੋਂ ਵੀ ਪੁਰਾਣੀਆਂ ਨਹਿਰਾਂ ਮੌਜੂਦ ਹਨ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਕਿ ਜੇਕਰ ਭਾਖੜਾ ਮੇਨ ਨਹਿਰ ਟੁੱਟੇਗੀ ਤਾਂ ਇਸ ਦਾ ਨੁਕਸਾਨ ਪੰਜਾਬ ਨੂੰ ਹੀ ਹੋਵੇਗਾ। ਮੁੱਖ ਮੰਤਰੀ ਨੇ ਮੰਗ ਰੱਖੀ ਕਿ ਯਮੁਨਾ ਦੇ ਪਾਣੀਆਂ 'ਚੋਂ ਪੰਜਾਬ ਨੂੰ ਹਿੱਸਾ ਮਿਲਣਾ ਚਾਹੀਦਾ ਹੈ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਕਿ ਸਾਂਝੇ ਪੰਜਾਬ ਨੂੰ ਆਧਾਰ ਬਣਾ ਕੇ ਹਰਿਆਣਾ ਖੁਦ ਨੂੰ ਰਾਵੀ-ਬਿਆਸ ਦੇ ਪਾਣੀਆਂ ਦਾ ਰਿਪੇਰੀਅਨ ਸਮਝਦਾ ਹੈ ਤਾਂ ਇਸੇ ਆਧਾਰ 'ਤੇ ਪੰਜਾਬ ਵੀ ਯਮੁਨਾ ਦੇ ਪਾਣੀਆਂ ਦਾ ਰਿਪੇਰੀਅਨ ਬਣਦਾ ਹੈ। ਭਾਰਤ ਸਰਕਾਰ ਦੇ ਸਿੰਜਾਈ ਕਮਿਸ਼ਨ ਦੀ 1972 ਦੀ ਰਿਪੋਰਟ ਅਨੁਸਾਰ ਪੰਜਾਬ ਰਾਜ ਯਮੁਨਾ ਦਰਿਆ ਦਾ ਰਿਪੇਰੀਅਨ ਹੈ। ਪੰਜਾਬ ਸਰਕਾਰ ਨੇ ਪੱਖ ਰੱਖਿਆ ਕਿ ਸ਼ਾਰਦਾ-ਯਮੁਨਾ ਲਿੰਕ ਪ੍ਰੋਜੈਕਟ ਵਿਚ ਪੰਜਾਬ ਨੂੰ ਲਾਭਪਾਤਰੀ ਰਾਜ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਰਾਵੀ-ਬਿਆਸ ਦੇ ਪਾਣੀਆਂ ਦੀ ਮੌਜੂਦਾ ਉਪਲਬਧਤਾ ਮੁੜ ਵਾਚਣੀ ਚਾਹੀਦੀ ਹੈ।



## ਸੁਪਰੀਮ ਕੋਰਟ ਕੋਲ ਗੱਲ ਰੱਖਾਂਗੇ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਮੀਟਿੰਗ ਮਗਰੋਂ ਕਿਹਾ ਕਿ ਅਜੇ ਤੱਕ ਇਸ ਮੁੱਦੇ ਦਾ ਸੁਖਾਵਾਂ ਹੱਲ ਨਹੀਂ ਨਿਕਲਿਆ ਅਤੇ ਪੰਜਾਬ ਸਰਕਾਰ ਐਸ.ਵਾਈ.ਐਲ. ਦੇ ਮੁੱਦੇ ਨੂੰ ਏਜੰਡੇ 'ਤੇ ਲਿਆਉਣ ਲਈ ਤਿਆਰ ਨਹੀਂ ਹੈ ਤੇ ਸਿਰਫ ਪਾਣੀ ਦੀ ਉਪਲੱਬਧਤਾ ਦੀ ਗੱਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਪੰਜਾਬ ਨੇ ਸਵੀਕਾਰ ਨਹੀਂ ਕੀਤਾ ਅਤੇ ਉਹ ਇਸ ਬਾਰੇ ਸੁਪਰੀਮ ਕੋਰਟ ਨੂੰ ਜਾਣੂ ਕਰਾਉਣਗੇ।

## ਪੰਜਾਬ ਆਪਣੇ ਹਿੱਸੇ ਦਾ ਪਾਣੀ ਕਿਸੇ ਨੂੰ ਨਹੀਂ ਦੇਵੇਗਾ: ਮਾਨ

**ਲੁਧਿਆਣਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਕੋਲ ਹੋਰ ਸੂਬਿਆਂ ਲਈ ਇਕ ਬੂੰਦ ਵੀ ਪਾਣੀ ਫਾਲਤੂ ਨਾ ਹੋਣ ਦੀ ਗੱਲ ਦੁਹਰਾਉਂਦਿਆਂ ਕਿਹਾ ਕਿ ਦਰਿਆਈ ਪਾਣੀਆਂ ਦੇ ਮੁੱਦੇ ਉਤੇ ਸੂਬੇ ਦੇ ਹਿੱਤ ਹਰ ਕੀਮਤ ਉਤੇ ਸੁਰੱਖਿਅਤ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਪੰਜਾਬ ਕਿਸੇ ਹੋਰ ਸੂਬੇ ਨੂੰ ਆਪਣੇ ਹਿੱਸੇ ਦਾ ਪਾਣੀ ਦੇਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਪਹਿਲਾਂ ਹੀ ਪਾਣੀ ਦੀ ਕਿੱਲਤ ਝੱਲ ਰਿਹਾ ਹੈ ਕਿਉਂਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ ਅਤੇ ਸੂਬੇ ਦੇ ਦਰਿਆ ਸੁੱਕਦੇ ਜਾ ਰਹੇ ਹਨ।

# ਪਾਣੀਆਂ ਬਾਰੇ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਸਿਰ ਜੋੜੇ

**ਚੰਡੀਗੜ੍ਹ:** ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਪੰਜਾਬ ਦੇ ਹੱਕ ਲਈ ਡਟ ਗਈਆਂ ਹਨ। ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਆਖਿਆ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਪਾਣੀਆਂ ਦੀ ਮਾਲਕ ਪੰਜਾਬ ਹੀ ਹੈ ਅਤੇ ਇਸ ਕਰਕੇ ਪੰਜਾਬ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੀ ਹੱਕ ਹੈ। ਇਸ ਸਾਲ 1966-67 ਵਾਲੀ ਪਾਣੀ ਦੀ ਲੋੜ ਨੂੰ ਆਧਾਰ ਨਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ 146 ਬਲਾਕਾਂ ਵਿਚੋਂ 117 ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਪੱਧਰ ਤੱਕ ਪੁੱਜ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਪਾਣੀ ਦੀ ਲੋੜ ਲਈ ਪੁਰਾਣੇ ਫਸਲੀ ਚੱਕਰ ਨੂੰ ਆਧਾਰ ਨਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕਰੀਬ 550 ਲੱਖ ਏਕੜ ਫੁੱਟ ਪਾਣੀ ਦੀ ਲੋੜ ਹੈ, ਜਦਕਿ ਪੰਜਾਬ ਨੂੰ ਸਿਰਫ 1.25 ਲੱਖ ਏਕੜ ਫੁੱਟ ਪਾਣੀ ਮਿਲ ਰਿਹਾ ਹੈ।

ਭਾਜਪਾ ਦੀ ਕੌਮੀ ਕਾਰਜਕਾਰੀ ਦੇ ਮੈਂਬਰ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸਾਲ 2004 ਵਿਚ ਹੀ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਕੇ ਚੈਪਟਰ ਬੰਦ ਕਰ ਦਿੱਤਾ ਸੀ ਜਿਸ ਨੂੰ ਹੁਣ ਦੁਬਾਰਾ ਖੋਲ੍ਹਣ ਦੀ ਲੋੜ ਹੀ ਨਹੀਂ ਹੈ। ਪੰਜਾਬ ਆਪਣੇ ਵੱਲੋਂ ਗੱਲ ਮੁਕਾ ਚੁੱਕਾ ਹੈ ਅਤੇ ਰਿਪੇਰੀਅਨ ਸਿਧਾਂਤ ਅਨੁਸਾਰ ਦਰਿਆਈ ਪਾਣੀਆਂ 'ਤੇ ਹੱਕ ਪੰਜਾਬ ਦਾ ਬਣਦਾ ਹੈ।



ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਤਾਂ ਦੁਬਿਧਾ ਭਰਪੂਰ ਸਰਕਾਰ ਹੈ ਜੋ ਸੰਜੀਦਾ ਮਸਲਿਆਂ 'ਤੇ ਗੰਭੀਰਤਾ ਦਿਖਾ ਹੀ ਨਹੀਂ ਸਕੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਿਰੋਧੀ ਧਿਰ ਦੇ ਤਜ਼ਰਬੇਕਾਰ ਆਗੂਆਂ ਦੀ ਪੇਚੀਦਾ ਮਸਲਿਆਂ 'ਤੇ ਨੇਕ ਸਲਾਹ ਲੈਣ ਨੂੰ ਵੀ ਤਿਆਰ ਨਹੀਂ ਹੈ। ਹਰਿਆਣਾ ਪਹਿਲਾਂ ਹੀ ਯਮੁਨਾ ਸਾਰਦਾ ਆਦਿ ਤੋਂ ਵਾਧੂ ਪਾਣੀ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਨੀਤੀ ਨੇ ਅਹਿਮ ਮਸਲਿਆਂ 'ਤੇ ਪੰਜਾਬ ਦੇ ਪੱਖ ਨੂੰ ਢਾਹ ਲਾਈ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਆਪ' ਸਰਕਾਰ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਇਸ ਦੇ ਰਿਪੇਰੀਅਨ ਹੱਕ ਨੂੰ ਖੋਰਾ ਲਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦਰਿਆਵਾਂ ਨੂੰ ਜੋੜ ਕੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਕੰਟਰੋਲ ਕੇਂਦਰ ਹੱਥ ਦੇਣ ਦੀ ਸਾਜ਼ਿਸ਼ ਰਚ ਰਹੇ ਹਨ। ਉਨ੍ਹਾਂ ਕਿਹਾ ਕਿ ਯਮੁਨਾ ਨੂੰ ਸਤਲੁਜ ਨਾਲ ਜੋੜਨ ਦਾ ਸਾਰਾ ਵਿਚਾਰ ਹੀ ਪੰਜਾਬ ਦੇ ਦਾਅਵੇ ਦੇ ਸੰਵਿਧਾਨਕ ਅਧਿਕਾਰ ਨੂੰ ਖਤਮ ਕਰਨ ਦੀ ਪੁਰਾਣੀ ਸਾਜ਼ਿਸ਼ ਹੈ ਤੇ ਇਸ ਸਾਜ਼ਿਸ਼ ਦਾ ਅਕਾਲੀ ਦਲ ਨੇ ਹਮੇਸ਼ਾ ਵਿਰੋਧ ਕਰ ਕੇ ਇਸ ਨੂੰ ਅਸਫਲ ਬਣਾਇਆ ਹੈ। ਉਨ੍ਹਾਂ ਕਿਹਾ ਕਿ ਦਰਿਆਵਾਂ ਨੂੰ ਜੋੜਨ ਦਾ ਮਕਸਦ ਸਤਲੁਜ ਦਾ ਪਾਣੀ ਹਰਿਆਣਾ ਤੱਕ ਲਿਜਾਣਾ ਹੈ ਤੇ ਪਾਣੀ ਦੀ ਸਾਂਝ ਤਾਂ ਇਕ ਬਹਾਨਾ ਹੈ।

'ਆਪ' ਨੇ ਐਸ.ਵਾਈ.ਐਲ. ਦੀ ਉਸਾਰੀ ਲਈ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਅਕਾਲੀ-ਭਾਜਪਾ ਤੇ ਕਾਂਗਰਸ ਪਾਰਟੀਆਂ ਦੀਆਂ ਸਰਕਾਰਾਂ ਨੇ ਕਦੇ ਵੀ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਹੱਲ ਕਰਨ ਦਾ ਇਰਾਦਾ ਹੀ ਨਹੀਂ ਬਣਾਇਆ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਵਾਸੀਆਂ ਨਾਲ ਧੋਖਾ ਕਰਦਿਆਂ ਸਿਰਫ ਆਪਣੇ ਹਿੱਤਾਂ ਲਈ ਐਸ.ਵਾਈ.ਐਲ. ਨਹਿਰ ਦੀ ਉਸਾਰੀ ਕਰਵਾਈ, ਪਰ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਜ਼ੋਰਦਾਰ ਢੰਗ ਨਾਲ ਇਨ੍ਹਾਂ ਪਾਣੀਆਂ 'ਤੇ ਪੰਜਾਬ ਦੇ ਹੱਕ ਦੀ ਵਕਾਲਤ ਕੀਤੀ ਹੈ।

## ਮੈਲਬਰਨ ਹਾਦਸੇ ਵਿਚ ਮਾਰੇ ਗਏ ਚਾਰੇ ਨੌਜਵਾਨ ਪੰਜਾਬੀ




**ਮੈਲਬਰਨ:** ਇਥੋਂ ਤਕਰੀਬਨ 200 ਕਿਲੋਮੀਟਰ ਦੂਰ ਖੇਤਰੀ ਇਲਾਕੇ ਸ਼ੈਪਰਟਨ ਨੇੜੇ ਵਾਪਰੇ ਹਾਦਸੇ 'ਚ ਮਾਰੇ ਗਏ ਨੌਜਵਾਨਾਂ ਦੀ ਪਛਾਣ ਹਰਪਾਲ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ, ਬਲਜਿੰਦਰ ਸਿੰਘ ਤੇ ਕਿਸ਼ਨ ਸਿੰਘ ਵਾਸੀ ਤਰਨ ਤਾਰਨ ਅਤੇ ਭੁਪਿੰਦਰ ਕੁਮਾਰ ਵਾਸੀ ਜਲੰਧਰ ਵਜੋਂ ਹੋਈ ਹੈ। ਹਾਦਸੇ ਦੌਰਾਨ ਹਰਜਿੰਦਰ ਭੁੱਲਰ ਹੀ ਬਚਿਆ ਸੀ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਮੁੱਢਲੀ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕਾਰ ਸਵਾਰਾਂ ਨੇ ਸੀਟ ਬੈਲਟ ਨਹੀਂ ਲਗਾਈ ਸੀ ਅਤੇ ਇਹ ਸਾਰੇ ਨੌਜਵਾਨ ਪੰਜਾਬ ਤੋਂ ਵਿਜ਼ਟਰ ਵੀਜ਼ੇ 'ਤੇ ਆਸਟਰੇਲੀਆ ਆਏ ਸਨ। ਸੂਬਾ ਪੁਲਿਸ ਅਣਗਹਿਲੀ ਦੇ ਪੱਖਾਂ ਤੋਂ ਹਾਦਸੇ ਦੀ ਜਾਂਚ ਕਰ ਰਹੀ ਹੈ। ਹਾਦਸੇ 'ਚ ਮਾਰੇ ਗਏ ਨੌਜਵਾਨਾਂ ਦੀਆਂ ਲਾਸ਼ਾਂ ਦੀ ਪਛਾਣ ਨਿਰਧਾਰਿਤ ਕਰਨ ਲਈ ਡੀ.ਐਨ.ਏ. ਸੈਂਪਲ ਵੀ ਲਏ ਗਏ ਹਨ।

# ਸੀ.ਬੀ.ਐਸ.ਈ. ਨੇ ਸਕਿੱਲ ਕੋਰਸਾਂ ਨੂੰ ਦਿੱਤੀ ਅਹਿਮੀਅਤ

**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਅਹਿਮ ਸਰਕੂਲਰ ਜਾਰੀ ਕਰਦਿਆਂ ਆਖਿਆ ਕਿ ਸਕੂਲਾਂ ਵਿਚ ਛੇਵੀਂ ਤੋਂ ਸਕਿੱਲ ਕੋਰਸ ਸ਼ੁਰੂ ਕੀਤੇ ਜਾਣ ਤੇ ਇਨ੍ਹਾਂ ਨੂੰ ਇਸੇ ਸੈਸ਼ਨ ਤੋਂ ਸ਼ੁਰੂ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਪਹਿਲਾਂ ਗਿਆਰ੍ਹਵੀਂ ਜਮਾਤ ਤੋਂ ਸਕਿੱਲ ਵਿਸ਼ੇ ਸ਼ੁਰੂ ਹੁੰਦੇ ਸਨ। ਬੋਰਡ ਨੇ ਨਵੀਂ ਸਿੱਖਿਆ ਨੀਤੀ ਤਹਿਤ ਸਕਿੱਲ ਕੋਰਸਾਂ ਨੂੰ ਅਹਿਮੀਅਤ ਦਿੰਦਿਆਂ ਸਕੂਲਾਂ ਨੂੰ ਹਦਾਇਤ ਕੀਤੀ ਹੈ ਕਿ ਵਿਦਿਆਰਥੀ ਸਕਿੱਲ ਕੋਰਸ ਨੂੰ ਛੇਵੇਂ ਵਿਸ਼ੇ ਵਜੋਂ ਲੈ ਸਕਦੇ ਹਨ ਪਰ ਇਸ ਲਈ ਕੋਈ ਫੀਸ ਵੀ ਵਸੂਲੀ ਨਹੀਂ ਜਾਵੇਗੀ ਤੇ ਫੇਲ੍ਹ ਹੋਣ ਦੀ ਸੂਰਤ ਵਿਚ ਛੇਵੇਂ ਵਿਸ਼ੇ ਦੇ ਅੰਕ ਜੋੜੇ ਜਾਣਗੇ। ਇਸ ਤੋਂ ਇਲਾਵਾ ਸਾਲਾਨਾ ਪ੍ਰੀਖਿਆ ਵਿਚ ਅੰਕ ਵਧਾਉਣ ਲਈ ਵੀ ਪੰਜ ਵਿਸ਼ਿਆਂ ਦੀ ਥਾਂ ਛੇਵੇਂ ਵਿਸ਼ੇ ਸਕਿੱਲ ਕੋਰਸ ਦੇ ਅੰਕ ਜੋੜੇ ਜਾਣਗੇ। ਸੀ.ਬੀ.ਐਸ.ਈ. ਦੇ ਡਾਇਰੈਕਟਰ ਸਕਿੱਲ ਐਜੂਕੇਸ਼ਨ ਡਾ. ਬਿਸਵਾਜੀਤ ਸਾਹਾ ਨੇ ਕਿਹਾ ਕਿ ਵਿਦਿਆਰਥੀ ਇਹ ਸਕਿੱਲ ਕੋਰਸ ਛੇਵੀਂ ਜਾਂ ਅੱਠਵੀਂ ਜਾਂ ਦਸਵੀਂ ਜਮਾਤ ਵਿਚੋਂ ਕਿਸੇ ਵਿਚ ਵੀ ਸ਼ੁਰੂ ਕਰ ਸਕਦੇ ਹਨ। ਬੋਰਡ ਨੇ ਕਿਹਾ ਹੈ ਕਿ ਹਾਲੇ 12 ਘੰਟੇ ਦੇ ਕੋਰਸ ਤਾਂ ਸ਼ੁਰੂ ਕੀਤੇ ਜਾ ਰਹੇ ਹਨ ਤਾਂ ਕਿ ਵਿਦਿਆਰਥੀ ਸੀਨੀਅਰ ਸੈਕੰਡਰੀ ਜਮਾਤਾਂ ਵਿਚ ਜਾ ਕੇ ਹੋਰ ਪੇਸ਼ੇਵਰ ਢੰਗ ਨਾਲ ਇਨ੍ਹਾਂ ਵਿਸ਼ਿਆਂ ਨੂੰ ਲੈਣ।

# ਪਲਾਟ ਘਪਲਾ: ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਦੀਆਂ ਮੁਸ਼ਕਿਲਾਂ ਵਧੀਆਂ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਨੇ ਵੱਡੀ ਕਾਰਵਾਈ ਕਰਦਿਆਂ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਆਈ.ਏ.ਐਸ. ਅਧਿਕਾਰੀ ਨੀਲਿਮਾ ਤੇ ਉਦਯੋਗ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਇਕ ਉਦਯੋਗਿਕ ਪਲਾਟ ਨੂੰ ਰੀਅਲ ਅਸਟੇਟ ਕੰਪਨੀ ਨੂੰ ਤਬਦੀਲ ਕਰਨ ਤੇ ਟਾਊਨਸ਼ਿਪ ਸਥਾਪਤ ਕਰਨ ਦੀ ਇਜਾਜ਼ਤ ਦੇਣ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਵਿਜੀਲੈਂਸ ਨੇ ਇਸ ਮਾਮਲੇ ਵਿਚ ਇਕ ਰੀਅਲ ਅਸਟੇਟ ਕੰਪਨੀ ਗੁਲਮੋਹਰ ਟਾਊਨਸ਼ਿਪ ਪ੍ਰਾਈਵੇਟ ਲਿਮਿਟਡ ਦੇ ਤਿੰਨ ਮਾਲਕਾਂ ਤੇ ਹਿੱਸੇਦਾਰਾਂ ਨੂੰ ਵੀ ਨਾਮਜ਼ਦ ਕੀਤਾ ਹੈ।

ਵਿਜੀਲੈਂਸ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ (ਪੀ.ਐਸ.ਆਈ.ਡੀ.ਸੀ.) ਦੇ ਸੱਤ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚ ਅਸਟੇਟ ਅਫਸਰ ਅੰਕੁਰ ਚੌਧਰੀ, ਜੀ.ਐਮ. (ਪਰਸੋਨਲ) ਦਵਿੰਦਰਪਾਲ ਸਿੰਘ, ਚੀਫ ਜਨਰਲ ਮੈਨੇਜਰ (ਪਲਾਨਿੰਗ) ਜੇ.ਐਸ. ਭਾਟੀਆ, ਏ.ਟੀ.ਪੀ. (ਪਲਾਨਿੰਗ) ਆਸ਼ਿਮਾ ਅਗਰਵਾਲ, ਕਾਰਜਕਾਰੀ ਇੰਜੀਨੀਅਰ ਪਰਮਿੰਦਰ ਸਿੰਘ, ਡੀਏ ਰਜਤ ਕੁਮਾਰ ਅਤੇ ਸੰਦੀਪ ਸਿੰਘ ਸ਼ਾਮਲ ਹਨ। ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸਾਲ 1987 ਵਿਚ ਆਨੰਦ ਲੈਂਪਜ਼ ਲਿਮਟਡ ਨੂੰ ਵਿਕਰੀ ਡੀਡ ਰਾਹੀਂ 25 ਏਕੜ ਜ਼ਮੀਨ ਅਲਾਟ ਕੀਤੀ ਸੀ ਜੋ ਬਾਅਦ ਵਿਚ ਸਿਗਨੀਫਾਈ ਇਨੋਵੇਸ਼ਨ ਨਾਂ ਦੀ ਫਰਮ ਨੂੰ ਤਬਦੀਲ ਕਰ ਦਿੱਤੀ ਗਈ। ਇਹ ਪਲਾਟ ਪੀ.ਐਸ.ਆਈ.ਡੀ.ਸੀ. ਤੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ.) ਪ੍ਰਾਪਤ ਕਰਨ ਤੋਂ ਬਾਅਦ ਸਿਗਨੀਫਾਈ ਇਨੋਵੇਸ਼ਨਜ਼ ਵੱਲੋਂ ਵਿਕਰੀ ਡੀਡ ਰਾਹੀਂ ਗੁਲਮੋਹਰ ਟਾਊਨਸ਼ਿਪ ਨੂੰ ਵੇਚ ਦਿੱਤਾ ਗਿਆ ਸੀ। ਵਿਜੀਲੈਂਸ ਦੀ ਪੜਤਾਲ ਮੁਤਾਬਕ 17 ਮਾਰਚ 2021 ਨੂੰ ਤਤਕਾਲੀ ਉਦਯੋਗ ਅਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਪਲਾਟਾਂ ਦੀ ਹੋਰ ਵੰਡ ਲਈ ਗੁਲਮੋਹਰ ਟਾਊਨਸ਼ਿਪ ਤੋਂ ਪ੍ਰਾਪਤ ਹੋਇਆ ਪੱਤਰ ਪੀ.ਐਸ.ਆਈ.ਡੀ.ਸੀ. ਦੇ ਤਤਕਾਲੀ ਐਮ.ਡੀ. ਨੂੰ ਭੇਜਿਆ। ਇਸ ਮਗਰੋਂ ਨਿਗਮ ਦੇ ਐਮ.ਡੀ. ਨੇ ਇਸ ਰੀਅਲ ਅਸਟੇਟ ਫਰਮ ਦੀ ਤਜਵੀਜ਼ ਨੂੰ ਘੋਖਣ ਲਈ ਨਿਗਮ ਦੇ ਅਧਿਕਾਰੀਆਂ ਐਸ.ਪੀ. ਸਿੰਘ, ਅੰਕੁਰ ਚੌਧਰੀ, ਭਾਈ ਸੁਖਦੀਪ ਸਿੰਘ ਸਿੱਧੂ, ਦਵਿੰਦਰਪਾਲ ਸਿੰਘ, ਤੇਜਵੀਰ ਸਿੰਘ (ਮ੍ਰਿਤਕ), ਜੇ.ਐਸ. ਭਾਟੀਆ, ਆਸ਼ਿਮਾ ਅਗਰਵਾਲ, ਪਰਮਿੰਦਰ ਸਿੰਘ, ਰਜਤ ਕੁਮਾਰ ਤੇ ਸੰਦੀਪ ਸਿੰਘ 'ਤੇ ਅਧਾਰਿਤ ਇਕ ਕਮੇਟੀ ਦਾ ਗਠਨ ਕੀਤਾ। ਵਿਜੀਲੈਂਸ ਦੀ ਪੜਤਾਲ ਮੁਤਾਬਕ ਇਸ ਕਮੇਟੀ ਨੇ ਤਜਵੀਜ਼ ਰਿਪੋਰਟ, ਪ੍ਰੋਜੈਕਟ ਰਿਪੋਰਟ, ਆਰਟੀਕਲ ਆਫ ਐਸੋਸੀਏਸ਼ਨ ਅਤੇ ਐਸੋਸੀਏਸ਼ਨ ਦੇ ਮੈਮੋਰੰਡਮ ਨੂੰ ਨਜ਼ਰਅੰਦਾਜ਼ ਕਰਕੇ ਉਪਰੋਕਤ ਫਰਮ ਨੂੰ 12 ਪਲਾਟਾਂ ਨੂੰ 125 ਪਲਾਟਾਂ ਵਿਚ ਵੰਡਣ ਦੇ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਸੀ। ਉਕਤ ਕਮੇਟੀ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਨਗਰ ਨਿਗਮ ਮੁਹਾਲੀ, ਪਾਵਰਕੌਮ, ਜੰਗਲਾਤ ਵਿਭਾਗ, ਫਾਇਰ ਬ੍ਰਿਗੇਡ ਆਦਿ ਦੀ ਸਲਾਹ ਲਏ ਬਿਨਾਂ ਹੀ ਗੁਲਮੋਹਰ ਟਾਊਨਸ਼ਿਪ ਦੀ ਤਜਵੀਜ਼ ਦੀ ਸਿਫਾਰਸ਼ ਕਰ ਦਿੱਤੀ ਸੀ। ਵਿਜੀਲੈਂਸ ਦਾ ਦਾਅਵਾ ਹੈ ਕਿ ਕਿ 1987 ਦੀ ਡੀਡ ਅਨੁਸਾਰ ਇਹ ਪਲਾਟ ਸਿਰਫ ਉਦਯੋਗਿਕ ਮਕਸਦ ਲਈ ਵਰਤਿਆ ਜਾਣਾ ਸੀ ਅਤੇ ਉਕਤ ਗੁਲਮੋਹਰ ਟਾਊਨਸ਼ਿਪ ਦਾ ਅਜਿਹਾ ਕੋਈ ਪਿਛੋਕੜ ਨਹੀਂ ਹੈ।



# ਕੈਨੇਡਾ ਨੇ ਸਾਲ 2022 ਵਿਚ ਪੀ.ਆਰ. ਦੇਣ ਦੇ ਸਭ ਤੋੜੇ ਰਿਕਾਰਡ




**ਟੋਰਾਂਟੋ:** ਕੈਨੇਡਾ ਨੇ ਸਾਲ 2022 ਵਿਚ ਪੱਕੀ ਰਿਹਾਇਸ਼ (ਪੀ.ਆਰ) ਦੀਆਂ ਰਿਕਾਰਡ 4,31,645 ਅਰਜ਼ੀਆਂ ਮਨਜ਼ੂਰ ਕੀਤੀਆਂ ਹਨ। ਮੁਲਕ ਦੇ ਇਤਿਹਾਸ ਵਿਚ ਇਕ ਸਾਲ ਵਿਚ ਪਹਿਲੀ ਵਾਰ ਐਨੀ ਵੱਡੀ ਗਿਣਤੀ ਲੋਕਾਂ ਨੂੰ ਪੀ.ਆਰ. ਮਿਲੀ ਹੈ। ਇਕ ਬਿਆਨ ਵਿਚ ਆਵਾਸ ਮੰਤਰੀ ਸ਼ੌਨ ਫਰੇਜ਼ਰ ਨੇ ਕਿਹਾ ਕਿ ਕੈਨੇਡਾ ਲਈ ਇਹ ਇਕ ਮੀਲ ਪੱਥਰ ਹੈ। ਮੰਤਰੀ ਨੇ ਕਿਹਾ ਕਿ ਨਵੇਂ ਆਉਣ ਵਾਲੇ ਲੋਕ ਕੈਨੇਡਾ ਵਿਚ ਕਿਰਤ ਦੀ ਘਾਟ ਨੂੰ ਪੂਰ ਰਹੇ ਹਨ।

ਵੱਖ-ਵੱਖ ਮੁਹਾਰਤ ਵਾਲੇ ਲੋਕ ਨਵੇਂ ਦ੍ਰਿਸ਼ਟੀਕੋਣ ਨਾਲ ਕੈਨੇਡਾ ਆ ਰਹੇ ਹਨ। ਇਸ ਨਾਲ ਸੰਪੂਰਨ ਤੌਰ ਉਤੇ ਸਮਾਜਿਕ ਤਾਣਾ-ਬਾਣਾ ਵੀ ਮਜ਼ਬੂਤ ਹੋ ਰਿਹਾ ਹੈ। ਮੰਤਰੀ ਨੇ ਸੰਕੇਤ ਦਿੱਤਾ ਕਿ 2023 ਵਿਚ ਹੋਰ ਵੱਧ ਲੋਕਾਂ ਨੂੰ ਸੱਦਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਸਾਲ 2021 ਵਿਚ ਕੈਨੇਡਾ ਨੇ 401,000 ਲੋਕਾਂ ਦੀਆਂ ਆਵਾਸ ਅਰਜ਼ੀਆਂ ਮਨਜ਼ੂਰ ਕੀਤੀਆਂ ਸਨ। ਕੈਨੇਡਾ ਨੇ ਆਖਰੀ ਵਾਰ 1913 ਵਿਚ ਚਾਰ ਲੱਖ ਤੋਂ ਵੱਧ ਨਵੇਂ ਆਵਾਸੀ ਸੱਦੇ ਸਨ ਤੇ ਇਨ੍ਹਾਂ ਨੂੰ ਮੁਲਕ ਦੇ ਪੱਛਮੀ ਹਿੱਸਿਆਂ ਵਿਚ ਵਸਾਇਆ ਸੀ।

## ਮਹਿੰਗਾਈ ਕਾਰਨ ਵਿਦੇਸ਼ ਵਿਚ ਪੜ੍ਹਾਈ ਕਰਨੀ ਹੋਈ ਔਖੀ

**ਨਵੀਂ ਦਿੱਲੀ:** ਇਸ ਸਾਲ ਭਾਰਤੀਆਂ ਨੂੰ ਯੂਕੇ ਦਾ ਵਿਦਿਆਰਥੀ ਵੀਜ਼ਾ ਸਭ ਤੋਂ ਵੱਧ ਜਾਰੀ ਕੀਤਾ ਗਿਆ ਹੈ ਪਰ ਮਹਿੰਗਾਈ ਵਧਣ ਨਾਲ ਕੌਮਾਂਤਰੀ ਵਿਦਿਆਰਥੀਆਂ ਲਈ ਉਨ੍ਹਾਂ ਸ਼ਹਿਰਾਂ ਵਿਚ ਰਿਹਾਇਸ਼ ਲੱਭਣਾ ਤੇ ਜ਼ਿੰਦਗੀ ਦਾ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਮਾਹਿਰਾਂ ਅਨੁਸਾਰ ਵਿਦੇਸ਼ਾਂ ਦੀ ਪੜ੍ਹਾਈ ਉਨ੍ਹਾਂ ਵਿਦਿਆਰਥੀਆਂ ਲਈ ਕਾਫੀ ਖ਼ੱਜਲ-ਖੁਆਰੀ ਵਾਲੀ ਬਣ ਗਈ ਹੈ ਜੋ ਹਾਲ ਹੀ ਵਿਚ ਬਰਤਾਨੀਆ ਗਏ ਹਨ। ਉਨ੍ਹਾਂ ਲਈ ਸਭ ਤੋਂ ਔਖ ਸਸਤਾ ਘਰ ਲੱਭਣਾ ਹੈ ਜੋ ਹਾਲ ਦੀ ਘੜੀ ਮਿਲ ਨਹੀਂ ਰਿਹਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਵਧੀ ਮਹਿੰਗਾਈ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਯੂਕੇ ਦੀ ਮਹਿੰਗਾਈ 2022 ਵਿਚ ਰਿਕਾਰਡ ਉਚਾਈ 'ਤੇ ਪੁੱਜ ਗਈ ਹੈ।

## ਨੌਜਵਾਨਾਂ ਲਈ ਵਿਦੇਸ਼ ਯਾਤਰਾ ਅਸਾਨ ਬਣਾਵਾਂਗੇ: ਜੈਸ਼ੰਕਰ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਨੌਜਵਾਨਾਂ ਲਈ ਵੱਧ ਤੋਂ ਵੱਧ ਨੌਕਰੀਆਂ ਦੇ ਮੌਕੇ ਪੈਦਾ ਕਰਨੇ ਹਨ। ਸਰਕਾਰ ਯਤਨ ਕਰ ਰਹੀ ਹੈ ਕਿ ਨੌਜਵਾਨਾਂ ਨੂੰ ਵਿਸ਼ਵੀਕਰਨ ਲਈ ਵਧੀਆ ਕੰਮ ਵਾਲਾ ਮਾਹੌਲ ਮਿਲੇ ਤੇ ਉਹ ਸੁਰੱਖਿਅਤ ਯਾਤਰਾ ਦਾ ਤਜਰਬਾ ਹੰਢਾਉਣ। ਉਨ੍ਹਾਂ ਇੰਦੌਰ ਵਿਚ ਯੁਵਾ ਪਰਵਾਸੀ ਭਾਰਤੀ ਦਿਵਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਮਾਈਗ੍ਰੇਸ਼ਨ ਤੇ ਮੋਬਿਲਿਟੀ ਪਾਰਟਨਰਸ਼ਿਪ ਦਾ ਰੂਪ ਲੈ ਸਕਦਾ ਹੈ ਜਿਵੇਂ ਹਾਲ ਹੀ ਵਿਚ ਜਰਮਨੀ, ਡੈਨਮਾਰਕ, ਪੁਰਤਗਾਲ, ਫਰਾਂਸ ਅਤੇ ਯੂਕੇ ਨਾਲ ਕੀਤਾ ਗਿਆ ਸੀ।

# ਆਸਟਰੇਲੀਆ 'ਚ 12ਵੀਂ ਜਮਾਤ ਤੱਕ ਪੜ੍ਹਾਈ ਜਾਵੇਗੀ ਪੰਜਾਬੀ



**ਮੈਲਬਰਨ:** ਇਥੋਂ ਦੇ ਪੱਛਮੀ ਆਸਟਰੇਲੀਆ ਸੂਬੇ ਨੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣ ਦਾ ਐਲਾਨ ਕੀਤਾ ਹੈ, ਜਿਸ ਤਹਿਤ ਪ੍ਰੀ-ਨਰਸਰੀ (ਪ੍ਰੀ ਪ੍ਰਾਇਮਰੀ) ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀ ਸਕੂਲਾਂ 'ਚ ਪੰਜਾਬੀ ਪੜ੍ਹ ਸਕਣਗੇ।

ਸਿੱਖਿਆ ਮੰਤਰੀ ਸੂ ਇਲੇਰੀ ਨੇ ਦੱਸਿਆ ਕਿ ਸਬੰਧਤ ਵਿਭਾਗ ਨੇ ਪੰਜਾਬੀ ਪਾਠਕ੍ਰਮ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। 2024 ਤੋਂ ਇਥੋਂ ਦੇ ਬੱਚੇ ਪੰਜਾਬੀ ਪੜ੍ਹ ਸਕਣਗੇ। ਸਰਕਾਰ ਨੇ ਇਸ ਸੂਬੇ ਦੇ ਬੱਚਿਆਂ ਲਈ ਤੀਜੀ ਤੋਂ ਅੱਠਵੀਂ ਤੱਕ ਆਪਣੀ ਚੋਣਵੀਂ ਜ਼ੁਬਾਨ ਸਿੱਖਣੀ ਲਾਜ਼ਮੀ ਕੀਤੀ ਹੈ। ਸੂਬੇ ਨੇ ਕੁਝ ਸਮਾਂ ਪਹਿਲਾਂ ਸਿੱਖ ਇਤਿਹਾਸ ਨੂੰ ਪੰਜਵੀਂ, ਅੱਠਵੀਂ ਅਤੇ ਨੌਵੀਂ ਦੇ ਵਿਦਿਆਰਥੀਆਂ ਲਈ ਹਿਊਮੈਨਿਟੀਜ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ 'ਚ ਸ਼ਾਮਲ ਕਰਵਾਇਆ ਸੀ। ਜ਼ਿਕਰਯੋਗ ਹੈ ਕਿ ਸੂਬੇ 'ਚ ਪਿਛਲੀ ਮਰਦਮਸ਼ੁਮਾਰੀ ਦੌਰਾਨ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 20,613 ਦੇ ਕਰੀਬ ਸੀ ਜਦਕਿ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ 11 ਹਜ਼ਾਰ ਅਤੇ ਗੁਜਰਾਤੀ ਬੋਲਣ ਵਾਲਿਆਂ ਦੀ ਗਿਣਤੀ ਕਰੀਬ 10 ਹਜ਼ਾਰ ਦਰਜ ਕੀਤੀ ਗਈ ਸੀ।

# ਆਸਟਰੇਲੀਆ ਦੀ 82 ਸਾਲਾ ਬੇਬੇ ਨੇ ਕੀਤੀ ਪੀ.ਐਚ.ਡੀ. ਦੀ ਡਿਗਰੀ

**ਮੈਲਬਰਨ:** ਇਥੋਂ ਦੀ ਇਕ 82 ਸਾਲਾ ਬਜ਼ੁਰਗ ਔਰਤ ਨੇ ਸਥਾਨਕ ਯੂਨੀਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ। ਟੀਚਿਆਂ ਅੱਗੇ ਉਮਰ ਨੂੰ ਦਰਕਿਨਾਰ ਕਰਦਿਆਂ ਮੈਲਬਰਨ ਰਹਿੰਦੀ 82 ਸਾਲਾ ਬੀਬੀ ਐਲਿਸਨ ਨੇ ਸਥਾਨਕ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦਾ ਪਰਿਵਾਰ ਪਿਛੋਕੜ ਉਚ ਸਿੱਖਿਆ ਦੇ ਬਹੁਤਾ ਹੱਕ ਵਿਚ ਨਹੀਂ ਸੀ। ਐਲਿਸਨ ਨੇ ਦੱਸਿਆ ਕਿ ਉਸ ਦਾ 21 ਸਾਲ ਦੀ ਉਮਰ ਵਿਚ ਵਿਆਹ ਹੋ ਗਿਆ ਸੀ, ਜਿਸ ਮਗਰੋਂ ਬੱਚਿਆਂ ਸਮੇਤ ਬਿਮਾਰ ਪਤੀ ਦੀ ਜ਼ਿੰਮੇਵਾਰੀ ਸਿਰ ਪੈਣ ਕਾਰਨ ਉਸ ਦੇ ਪਰਿਵਾਰਕ ਰੁਝੇਵੇਂ ਵਧ ਗਏ। ਉਚ ਸਿੱਖਿਆ ਹਾਸਲ ਕਰਨ ਦੇ ਸੁਫਨੇ ਨੂੰ ਜਿਉਂਦਾ ਰੱਖਦਿਆਂ ਐਲਿਸਨ ਨੇ ਉਮਰ ਦੇ 40 ਵਰ੍ਹੇ ਟੱਪ ਕੇ ਗ੍ਰੈਜੂਏਸ਼ਨ ਕੀਤੀ। ਇਸ ਮਗਰੋਂ ਉਮਰ ਦੇ 78ਵੇਂ ਸਾਲ ਵਿਚ ਉਸ ਨੇ ਇਥੋਂ ਦੀ ਡੀਕਨ ਯੂਨੀਵਰਸਿਟੀ ਵਿਚ ਪੀ.ਐਚ.ਡੀ. ਸ਼ੁਰੂ ਕੀਤੀ। ਐਲਿਸਨ ਕਹਿੰਦੀ ਹੈ, 'ਆਪਣੇ ਸੁਪਨਿਆਂ ਨੂੰ ਮਘਦਾ ਰੱਖੋ, ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਵੀ ਆਉਂਦੇ ਰਹਿੰਦੇ ਹਨ ਪਰ ਟੀਚਿਆਂ ਨੂੰ ਕਦੇ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ।'

ਉਸ ਦੀ ਖੋਜ ਦਾ ਵਿਸ਼ਾ ਇਕੋ ਧਰਮ ਵਿਚਲੇ ਦੋ ਵੱਖਰੇ ਤਬਕਿਆਂ ਦੇ ਤਜਰਬਿਆਂ ਤੇ ਉਨ੍ਹਾਂ ਦੇ ਨਤੀਜਿਆਂ 'ਤੇ ਆਧਾਰਿਤ ਸੀ। ਜ਼ਿਕਰਯੋਗ ਹੈ



ਕਿ ਪਿਛਲੇ ਪੰਜ ਸਾਲਾਂ ਦੌਰਾਨ ਕਈ ਉਘੀਆਂ ਸੰਸਥਾਵਾਂ ਵਿਚ ਵਡੇਰੀ ਉਮਰ ਦੇ ਪਾੜ੍ਹਿਆਂ ਤੇ ਖੋਜਾਰਥੀਆਂ ਦੀ ਗਿਣਤੀ 'ਚ ਵਾਧਾ ਦੇਖਣ ਨੂੰ ਮਿਲਿਆ ਹੈ ਤੇ 40 ਸਾਲ ਦੀ ਉਮਰ ਮਗਰੋਂ ਡਿਗਰੀਆਂ ਕਰਨ ਆਉਂਦੇ ਵਿਦਿਆਰਥੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ, ਜਿਸ ਦਾ ਕਾਰਨ ਸਿਰਫ ਰੁਜ਼ਗਾਰ ਹਾਸਲ ਕਰਨਾ ਨਹੀਂ ਸਗੋਂ ਸਵੈ-ਵਿਕਾਸ ਦੱਸਿਆ ਜਾ ਰਿਹਾ ਹੈ।

# ਐਚ-1ਬੀ ਵੀਜ਼ਿਆਂ ਦੀ ਫੀਸ ਵਧਾਉਣ ਦੀ ਤਿਆਰੀ




**ਵਾਸ਼ਿੰਗਟਨ:** ਬਾਇਡਨ ਪ੍ਰਸ਼ਾਸਨ ਨੇ ਐਚ-1ਬੀ ਵੀਜ਼ਿਆਂ ਸਣੇ ਇਮੀਗ੍ਰੇਸ਼ਨ ਫੀਸ ਵਿਚ ਵਾਧੇ ਦੀ ਤਜਵੀਜ਼ ਰੱਖੀ ਹੈ। ਐਚ-1ਬੀ ਵੀਜ਼ਾ ਵਧੇਰੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਦਿੱਤਾ ਜਾਂਦਾ ਹੈ ਤੇ ਭਾਰਤੀ ਟੈਕ ਮਾਹਿਰਾਂ 'ਚ ਇਹ ਕਾਫੀ ਮਕਬੂਲ ਹੈ। ਲੋਕ ਤਜਵੀਜ਼ਤ ਨੇਮਾਂ ਬਾਰੇ 60 ਦਿਨਾਂ ਤੱਕ ਆਪਣੀ ਰਾਇ ਦੇ ਸਕਣਗੇ, ਜਿਸ ਮਗਰੋਂ ਇਸ ਨੂੰ ਲਾਗੂ ਕੀਤੇ ਜਾਣ ਦੀ ਉਮੀਦ ਹੈ। ਤਜਵੀਜ਼ ਨੇਮ, ਜਿਸ ਨੂੰ ਅਮਰੀਕੀ ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐਸ.ਸੀ.ਆਈ.ਐਸ.) ਨੇ ਪ੍ਰਕਾਸ਼ਿਤ ਕੀਤਾ ਹੈ, ਮੁਤਾਬਕ ਐਚ-1ਬੀ ਵੀਜ਼ਾ ਐਪਲੀਕੇਸ਼ਨ ਲਈ ਫੀਸ 460 ਅਮਰੀਕੀ ਡਾਲਰ ਤੋਂ ਵਧਾ ਕੇ 780 ਡਾਲਰ ਜਦੋਂਕਿ ਐਲ-1 ਨੂੰ 460 ਡਾਲਰ ਤੋਂ ਵਧਾ ਕੇ 1385 ਕਰ ਦਿੱਤਾ ਜਾਵੇ। ਓ-1 ਵੀਜ਼ਿਆਂ ਲਈ ਅਰਜ਼ੀ ਫੀਸ 460 ਡਾਲਰ ਤੋਂ ਵਧਾ ਕੇ 1055 ਡਾਲਰ ਕੀਤੇ ਜਾਣ ਦੀ ਤਜਵੀਜ਼ ਰੱਖੀ ਗਈ ਹੈ। ਐਚ-1ਬੀ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਪੇਸ਼ਿਆਂ ਵਿਚ ਵਿਦੇਸ਼ੀ ਕਾਮੇ ਰੱਖਣ ਦੀ ਖੁੱਲ੍ਹ ਦਿੰਦਾ ਹੈ, ਜਿਸ ਵਿਚ ਵਿਚਾਰਾਤਮਕ ਜਾਂ ਤਕਨੀਕੀ ਮਾਹਿਰਤਾ ਦੀ ਲੋੜ ਹੋਵੇ। ਟੈਕਨਾਲੋਜੀ ਕੰਪਨੀਆਂ ਭਾਰਤ ਤੇ ਚੀਨ ਜਿਹੇ ਮੁਲਕਾਂ ਤੋਂ ਸਾਲਾਨਾ ਹਜ਼ਾਰਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਲੈਂਦੀਆਂ ਹਨ। ਤਜਵੀਜ਼ਾਂ ਨੇਮਾਂ ਮੁਤਾਬਕ ਐਚ-2ਬੀ ਪਟੀਸ਼ਨਜ਼ (ਸੀਜ਼ਨਲ, ਗੈਰ-ਖੇਤੀ ਕਾਮੇ) ਲਈ ਫੀਸ 460 ਡਾਲਰ ਤੋਂ ਵਧਾ ਕੇ 1080 ਡਾਲਰ ਕੀਤੇ ਜਾਣ ਦਾ ਪ੍ਰਸਤਾਵ ਹੈ। ਉਧਰ, ਫੋਰਬਸ ਨੇ ਇਕ ਨਿਊਜ਼ ਰਿਪੋਰਟ 'ਚ ਕਿਹਾ, "ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਵੀਜ਼ਾ ਸ਼੍ਰੇਣੀਆਂ ਦੀ ਫੀਸ ਵਧਾਉਣ ਦਾ ਫੈਸਲਾ ਅਮਰੀਕੀ ਨੀਤੀਘਾੜਿਆਂ ਦੀ ਇੱਛਾ ਦੇ ਖ਼ਿਲਾਫ਼ ਹੈ, ਜੋ ਚਾਹੁੰਦੇ ਹਨ ਕਿ ਵੱਧ ਤੋਂ ਵੱਧ ਕਾਮੇ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ।"

## ਅਮਰੀਕਾ ਵੱਲੋਂ ਵੀਜ਼ਾ ਪ੍ਰਕਿਰਿਆ ਤੇਜ਼ ਕਰਨ ਦਾ ਭਰੋਸਾ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਕਿ ਉਹ ਭਾਰਤ ਵਿਚ ਵੀਜ਼ਾ ਇੰਟਰਵਿਊ ਲਈ ਲੱਗਣ ਵਾਲੇ ਸਮੇਂ ਨੂੰ ਘਟਾਉਣ ਲਈ ਹਰ ਸੰਭਵ ਕਦਮ ਚੁੱਕ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ, "ਵੀਜ਼ਾ ਪ੍ਰਕਿਰਿਆ ਵਿਚ ਉਮੀਦ ਨਾਲੋਂ ਤੇਜ਼ੀ ਨਾਲ ਸੁਧਾਰ ਹੋ ਰਿਹਾ ਹੈ ਤੇ ਸਾਨੂੰ ਉਮੀਦ ਹੈ ਕਿ ਇਹ ਆਉਣ ਵਾਲੇ ਸਮੇਂ ਵਿਚ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ 'ਤੇ ਵਾਪਸ ਆ ਜਾਵੇਗੀ।" ਬੁਲਾਰੇ ਨੇ ਕਿਹਾ ਕਿ ਅਮਰੀਕਾ ਨੇ 2016 ਤੋਂ ਬਾਅਦ ਕਿਸੇ ਵੀ ਸਾਲ ਦੇ ਮੁਕਾਬਲੇ ਵਿੱਤੀ ਸਾਲ 2022 ਵਿਚ ਵਧੇਰੇ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ।

# ਕੈਨੇਡਾ ਵਿਚ ਬੱਚਿਆਂ ਲਈ ਤਿਆਰ ਕੀਤੇ ਵਿਸ਼ੇਸ਼ ਹੈਲਮੇਟ

**ਚੰਡੀਗੜ੍ਹ:** ਕੈਨੇਡਾ ਦੇ ਓਂਟਾਰੀਓ ਸੂਬੇ ਦੀ ਇਕ ਸਿੱਖ ਮਹਿਲਾ ਨੇ ਭਾਈਚਾਰੇ ਦੇ ਜੂੜਾ ਸਜਾਉਣ ਵਾਲੇ ਬੱਚਿਆਂ ਲਈ ਇਕ ਵਿਸ਼ੇਸ਼ ਤਰ੍ਹਾਂ ਦਾ ਹੈਲਮੇਟ ਤਿਆਰ ਕੀਤਾ ਹੈ ਜਿਸ ਨੂੰ ਪਹਿਨ ਕੇ ਉਹ ਸਾਈਕਲਿੰਗ ਕਰ ਸਕਣਗੇ। ਟੀਨਾ ਸਿੰਘ ਮੁਤਾਬਕ ਜੂੜਾ ਰੱਖਣ ਵਾਲੇ ਸਿੱਖ ਬੱਚਿਆਂ ਲਈ ਇਹ ਸੁਰੱਖਿਆ ਦੇ ਲਿਹਾਜ਼ ਤੋਂ ਪਹਿਲਾ ਪ੍ਰਮਾਣਿਤ ਹੈਲਮੇਟ ਹੋਵੇਗਾ।



ਦਰਅਸਲ, ਟੀਨਾ ਦੇ ਤਿੰਨ ਬੇਟਿਆਂ ਨੇ ਜਦੋਂ ਸਾਈਕਲ (ਬਾਈਕ) ਚਲਾਉਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਬਾਜ਼ਾਰ ਵਿਚ ਜੂੜਾ ਸਜਾਉਣ ਵਾਲੇ ਬੱਚਿਆਂ ਲਈ ਪਹਿਲਾਂ ਕੋਈ ਢੁਕਵਾਂ ਹੈਲਮੇਟ ਨਹੀਂ ਮਿਲਿਆ। ਟੀਨਾ ਨੇ ਕਿਹਾ ਕਿ ਉਸ ਦੇ ਬੱਚਿਆਂ ਦੇ ਲੰਮੇ ਕੇਸ ਹਨ, ਇਸ ਲਈ ਜੂੜੇ ਨਾਲ ਸਿਰ ਉਤੇ ਕੁਝ ਵੀ ਠੀਕ ਨਹੀਂ ਬੈਠ ਰਿਹਾ ਸੀ। 'ਸੀ.ਬੀ.ਸੀ' ਟੋਰਾਂਟੋ ਦੀ ਰਿਪੋਰਟ ਮੁਤਾਬਕ, 'ਟੀਨਾ ਨਿਰਾਸ਼ ਹੋ ਗਈ ਸੀ ਕਿ ਉਸ ਦੇ ਬੱਚਿਆਂ ਲਈ ਸਪੋਰਟਸ ਹੈਲਮੇਟ ਵਰਗ 'ਚ ਕੁਝ ਵੀ ਢੁਕਵਾਂ ਨਹੀਂ ਹੈ।' ਇਸ ਤੋਂ ਬਾਅਦ ਟੀਨਾ ਨੇ ਦੋ ਸਾਲ ਤੋਂ ਵੱਧ ਸਮਾਂ ਇਸ ਪਾਸੇ ਕੰਮ ਕਰ ਕੇ ਇਕ ਹੈਲਮੇਟ ਤਿਆਰ ਕੀਤਾ ਜੋ ਕਿ ਉਸ ਦੇ ਬੱਚਿਆਂ ਲਈ ਸੁਰੱਖਿਅਤ ਹੋਵੇ। ਟੀਨਾ ਨੇ ਦੱਸਿਆ ਕਿ ਹੁਣ ਇਨ੍ਹਾਂ ਹੈਲਮੇਟਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਪੰਜ ਸਾਲ ਤੋਂ ਵੱਧ ਉਮਰ ਦੇ ਬੱਚੇ ਸਾਈਕਲਾਂ, ਇਨਲਾਈਨ ਸਕੇਟਸ, ਕਿੱਕ ਸਕੂਟਰਾਂ ਤੇ ਸਕੇਟਬੋਰਡਿੰਗ ਲਈ ਵਰਤ ਸਕਦੇ ਹਨ। ਟੀਨਾ ਨੇ ਕਿਹਾ ਕਿ ਇਹ ਉਸ ਲਈ ਸਿੱਖਣ ਦਾ ਵੱਡਾ ਮੌਕਾ ਸੀ ਕਿਉਂਕਿ ਪਹਿਲਾਂ ਕਦੇ ਉਸ ਨੇ ਅਜਿਹਾ ਕੁਝ ਨਹੀਂ ਕੀਤਾ।

ਹੈਲਮੇਟ ਦਾ ਇਹ ਮਾਡਲ ਇਸ ਲਈ ਵਿਸ਼ੇਸ਼ ਹੈ ਕਿ ਕਿਉਂਕਿ ਇਸ ਦੇ ਉਪਰਲੇ ਪਾਸੇ ਇਕ ਉੱਭਰਿਆ ਹੋਇਆ ਗੋਲ ਹਿੱਸਾ ਹੈ ਜਿਸ ਵਿਚ ਬੱਚੇ ਦੇ ਕੇਸ (ਜੂੜਾ) ਆਰਾਮ ਨਾਲ ਆ ਸਕਦੇ ਹਨ। ਆਮ ਤੌਰ 'ਤੇ ਵਰਤੇ ਜਾਂਦੇ ਹੈਲਮੇਟ ਤੋਂ ਵੱਖ ਇਸ ਬਦਲਾਅ ਦੇ ਬਾਵਜੂਦ ਇਹ ਬਾਕੀ ਹੈਲਮੇਟਾਂ ਵਰਗੀਆਂ ਹੀ ਵਿਸ਼ੇਸ਼ਤਾਵਾਂ ਰੱਖਦਾ ਹੈ। ਇਸ ਨੂੰ ਕੌਮਾਂਤਰੀ ਟੈਸਟਿੰਗ ਕੰਪਨੀ 'ਐਸ.ਜੀ.ਐਸ' ਇਸ ਸਾਲ ਦਸੰਬਰ ਵਿਚ ਪਾਸ ਵੀ ਕਰ ਚੁੱਕੀ ਹੈ। ਜ਼ਿਕਰਯੋਗ ਹੈ ਕਿ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਦਾ ਵਿਸ਼ਾ ਪਿਛਲੇ ਸਾਲਾਂ ਦੌਰਾਨ ਕਾਫੀ ਚਰਚਾ ਵਿਚ ਰਹਿ ਚੁੱਕਾ ਹੈ। ਓਂਟਾਰੀਓ ਨੇ 2018 ਵਿਚ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਦੇ ਦਿੱਤੀ ਸੀ। ਅਲਬਰਟਾ, ਮੈਨੀਟੋਬਾ ਤੇ ਬ੍ਰਿਟਿਸ਼ ਕੋਲੰਬੀਆ ਵੀ ਅਜਿਹੀ ਛੋਟ ਦੇ ਚੁੱਕੇ ਹਨ।

## ਕੈਨੇਡਾ 'ਚ ਧੀ ਨੂੰ ਮਿਲ ਕੇ ਪਰਤੇ ਰਹੇ ਬਜ਼ੁਰਗ ਦੀ ਜਹਾਜ਼ 'ਚ ਮੌਤ

**ਨਿਹਾਲ ਸਿੰਘ ਵਾਲਾ:** ਪਿੰਡ ਮਧੇ ਕੇ ਦੇ ਨਗਿੰਦਰ ਸਿੰਘ (78) ਦੀ ਕੈਨੇਡਾ ਵਿਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਹ ਵੈਨਕੂਵਰ ਰਹਿੰਦੀ ਆਪਣੀ ਧੀ ਨੂੰ ਮਿਲਣ ਗਿਆ ਸੀ। ਸਾਬਕਾ ਫੌਜੀ ਨਗਿੰਦਰ ਸਿੰਘ 9 ਨਵੰਬਰ ਨੂੰ ਆਪਣੀ ਧੀ ਗੁਰਜੀਤ ਕੌਰ ਨੂੰ ਮਿਲਣ ਗਿਆ ਸੀ। ਉਥੋਂ ਪਿੰਡ ਮਧੇ ਕੇ ਨੂੰ ਆਉਣ ਲਈ ਹਵਾਈ ਅੱਡੇ 'ਤੇ ਆਪਣੀ ਕਾਗਜ਼ੀ ਕਾਰਵਾਈ ਮੁਕੰਮਲ ਕਰ ਕੇ ਉਹ ਜਹਾਜ਼ ਵਿਚ ਬੈਠ ਗਿਆ ਸੀ ਪਰ ਜਹਾਜ਼ ਦੇ ਉਡਾਣ ਭਰਨ ਤੋਂ ਪਹਿਲਾਂ ਨਗਿੰਦਰ ਸਿੰਘ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਉਸ ਦੀ ਹਸਪਤਾਲ ਵਿਚ ਮੌਤ ਹੋ ਗਈ। ਗੁਰਜੀਤ ਕੌਰ ਆਪਣੇ ਪਿਤਾ ਨੂੰ ਖੁਦ ਹਵਾਈ ਅੱਡੇ 'ਤੇ ਛੱਡ ਕੇ ਗਈ ਸੀ। ਪਿੰਡ ਦੇ ਸਰਪੰਚ ਪਰਮਜੀਤ ਸਿੰਘ ਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਨਗਿੰਦਰ ਸਿੰਘ ਦੀ ਪਤਨੀ ਦਾ ਵੀ ਤਿੰਨ ਕੁ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਉਸ ਦਾ ਪੁੱਤਰ ਗੁਰਬਿੰਦਰ ਸਿੰਘ ਵੀ ਵਿਦੇਸ਼ ਰਹਿੰਦਾ ਹੈ।

## ਕੈਨੇਡਾ ਵਿਚ ਜੋੜੇ ਨੇ ਨਕਲੀ ਮਾਲਕ ਬਣ ਕੇ ਕਿਸੇ ਹੋਰ ਦਾ ਘਰ ਵੇਚਿਆ

**ਵੈਨਕੂਵਰ:** ਕੈਨੇਡਾ ਵਿਚ ਇਕ ਜੋੜਾ ਨਕਲੀ ਮਾਲਕ ਬਣ ਕੇ ਅਸਲੀ ਮਾਲਕਾਂ ਦਾ ਘਰ ਵੇਚ ਕੇ ਫਰਾਰ ਹੋ ਗਿਆ ਤੇ ਪੁਲਿਸ ਉਨ੍ਹਾਂ ਦੀ ਭਾਲ ਕਰ ਰਹੀ ਹੈ। ਪੁਲਿਸ ਮਾਮਲੇ ਦੀਆਂ ਪਰਤਾਂ ਖੋਲ੍ਹਣ ਦੇ ਯਤਨ ਕਰ ਰਹੀ ਹੈ। ਕੈਨੇਡਾ ਸਰਕਾਰ ਨੇ ਸੂਬਾਈ ਰੀਅਲ ਅਸਟੇਟ ਬੋਰਡਾਂ ਨਾਲ ਅਜਿਹੇ ਫਰਾਡ ਰੋਕਣ ਲਈ ਮਸ਼ਵਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਵੇਰਵਿਆਂ ਅਨੁਸਾਰ ਓਂਟਾਰੀਓ ਦੇ ਸ਼ਹਿਰ ਈਟੋਬੀਕੋ ਵਿਚ ਪਿਛਲੇ ਸਾਲ ਕਿਸੇ ਜੋੜੇ ਨੇ ਘਰ ਖਰੀਦਿਆ ਸੀ ਤੇ ਕੁਝ ਮਹੀਨੇ ਬਾਅਦ ਉਹ ਵਪਾਰਕ ਦੌਰੇ 'ਤੇ ਵਿਦੇਸ਼ ਚਲੇ ਗਏ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਕੋਈ ਹੋਰ ਜੋੜੇ ਨੇ ਉਸ ਘਰ ਦੇ ਤਾਲੇ ਤੋੜੇ ਤੇ ਉਥੇ ਰਹਿਣ ਲੱਗ ਪਿਆ। ਇਸ ਦੌਰਾਨ ਉਨ੍ਹਾਂ ਨੇ ਅਸਲੀ ਮਾਲਕਾਂ ਵਾਲੇ ਨਾਵਾਂ ਵਾਲੇ ਪਛਾਣ ਕਾਰਡ ਬਣਵਾਏ ਤੇ ਮਾਲਕ ਵਜੋਂ ਉਹੀ ਘਰ ਵੇਚਣ ਲਾ ਦਿੱਤਾ। ਖਰੀਦਣ ਵਾਲੇ ਦੇ ਅਧਿਕਾਰਤ ਡੀਲਰ ਨੇ ਬਿਨਾਂ ਬਹੁਤੀ ਪੁੱਛ-ਪੜਤਾਲ ਦੇ ਉਹ ਘਰ ਕਿਸੇ ਨੂੰ ਦਿਵਾ ਦਿੱਤਾ। ਅਸਲ ਮਾਲਕ ਵਾਪਸ ਆਏ ਤਾਂ ਕਿਸੇ ਹੋਰ ਨੂੰ ਘਰ ਵਿਚ ਦੇਖ ਕੇ ਹੈਰਾਨ ਹੋਏ ਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਦੀ ਪੁੱਛ-ਪੜਤਾਲ ਵਿਚ ਠੱਗੀ ਦੇ ਮਾਮਲੇ ਦਾ ਭੇਤ ਖੁੱਲ੍ਹਿਆ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 500 ਪਿੰਡ ਬਣਨਗੇ ਸਮਾਰਟ: ਧਾਲੀਵਾਲ

**ਬਠਿੰਡਾ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਸੂਬੇ ਦੇ 500 ਪਿੰਡਾਂ ਨੂੰ 'ਸਮਾਰਟ ਪਿੰਡ' ਬਣਾਇਆ ਜਾਵੇਗਾ ਅਤੇ ਪੜਾਅਵਾਰ ਇਹ ਸਿਲਸਿਲਾ ਅੱਗੇ ਵੀ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ ਅਤੇ ਖੇਡਾਂ ਤੋਂ ਇਲਾਵਾ ਹੋਰ ਜਿੰਨੀਆਂ ਵੀ ਸੁੱਖ-ਸਹੂਲਤਾਂ ਸ਼ਹਿਰਾਂ 'ਚ ਮਿਲਦੀਆਂ ਹਨ, ਉਹ ਪਿੰਡਾਂ ਵਿਚ ਮਿਲਣਗੀਆਂ।

ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਐਨ.ਆਰ.ਆਈ. ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਪੰਜਾਬ ਸਰਕਾਰ ਇਸ ਨੂੰ ਤਰਜੀਹੀ ਆਧਾਰ 'ਤੇ ਦੂਰ ਕਰੇਗੀ। ਧਾਲੀਵਾਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ



ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੇ ਹਿੱਤਾਂ ਲਈ ਹਮੇਸ਼ਾ ਲੋਕਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਭ ਮਸਲੇ ਹੱਲ ਕੀਤੇ ਜਾਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਿਛਲੇ ਇਕ ਮਹੀਨੇ ਤੋਂ ਐਨ.ਆਰ.ਆਈ. ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਸੁਣ ਰਹੀ ਹੈ ਅਤੇ ਐਨ.ਆਰ.ਆਈਜ਼. ਨਾਲ ਸਬੰਧਤ ਕਰੀਬ 650 ਕੇਸ ਵੱਖ-ਵੱਖ ਜ਼ਿਲ੍ਹਿਆਂ ਦੇ ਉੱਚ ਅਧਿਕਾਰੀਆਂ ਨੂੰ ਸੌਂਪੇ ਹੋਏ ਹਨ ਜੋ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਐਨ.ਆਰ.ਆਈਜ਼. ਦੀਆਂ ਸਮੱਸਿਆਵਾਂ ਸੁਣਨ ਲਈ ਬਠਿੰਡਾ ਵਿਚ ਅਪਰੈਲ ਮਹੀਨੇ 'ਚ ਵਿਸ਼ੇਸ਼ ਕੈਂਪ ਲਾਇਆ ਜਾਵੇਗਾ।

## ਰਾਹੁਲ ਨੇ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਸ਼ੁਰੂ ਕੀਤੀ ਯਾਤਰਾ

**ਅੰਮ੍ਰਿਤਸਰ:** ਪੰਜਾਬ 'ਚ ਭਾਰਤ ਜੋੜੋ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਰਾਹੁਲ ਗਾਂਧੀ ਹਰਿਮੰਦਰ ਸਾਹਿਬ 'ਚ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਕੇਸਰੀ ਦਸਤਾਰ ਸਜਾਈ ਹੋਈ ਸੀ। ਪੁਲਿਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਹੇਠ ਉਨ੍ਹਾਂ ਨੂੰ ਇਥੇ ਲਿਆਂਦਾ ਗਿਆ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਹਰਿਮੰਦਰ ਸਾਹਿਬ ਵਿਖੇ ਪਰਿਕਰਮਾ ਕੀਤੀ ਅਤੇ ਕੀਰਤਨ ਸੁਣਿਆ। ਉਨ੍ਹਾਂ ਕੜਾਹ ਪ੍ਰਸਾਦ ਦੀ ਦੇਗ ਵੀ ਭੇਟ ਕੀਤੀ। ਵਾਪਸੀ ਵੇਲੇ ਅਕਾਲ ਤਖਤ ਦੇ ਸਨਮੁਖ ਖੜ੍ਹੇ ਹੋ ਕੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਆਗੂ ਵੀ ਸਨ।

## ਹੁਣ ਰਾਜਸਥਾਨ 'ਚ ਗੁਰਦੁਆਰਾ ਪ੍ਰਬੰਧਾਂ ਵਿਚ ਦਖਲ ਦੇ ਰਿਹੈ ਕੇਂਦਰ: ਧਾਮੀ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਮੁੱਚੇ ਪੰਥ ਨੂੰ ਪੰਥ ਵਿਰੋਧੀ ਸ਼ਕਤੀਆਂ ਖ਼ਿਲਾਫ਼ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਤਰਜ਼ 'ਤੇ ਸਰਕਾਰ ਰਾਜਸਥਾਨ 'ਚ ਵੀ ਗੁਰਦੁਆਰਾ ਪ੍ਰਬੰਧਾਂ 'ਚ ਦਖਲ ਦੇਣ ਲੱਗੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਕਿਆਸਅਰਾਈਆਂ ਦੇ ਚੱਲਦਿਆਂ ਸਿੱਖ ਭਾਈਚਾਰੇ ਨੂੰ ਸੁਚੇਤ ਕੀਤਾ ਗਿਆ ਸੀ ਕਿ ਭਾਜਪਾ ਦੀ ਸਰਕਾਰ ਭਰਾ ਮਾਰੂ ਜੰਗ ਛੇੜਨਾ ਚਾਹੁੰਦੀ ਹੈ ਅਤੇ ਸਿੱਖ ਪੰਥ ਨੂੰ ਛੋਟਾ ਕਰਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਕਦੇ ਵੀ ਸਫਲ ਨਹੀਂ ਹੋਣਗੀਆਂ। ਧਾਮੀ ਨੇ ਕਿਹਾ ਕਿ ਭਾਜਪਾ ਸਰਕਾਰ ਦਾ ਜ਼ੋਰ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਬਲਜੀਤ ਸਿੰਘ ਦਾਦੂਵਾਲ ਨੂੰ ਵੀ ਸਰਕਾਰ ਦੀ ਚਾਲ ਦੇਰ ਨਾਲ ਸਮਝ ਆਈ ਹੈ। ਪੰਥ ਵਿਰੋਧੀ ਤਾਕਤਾਂ ਖ਼ਿਲਾਫ਼ ਇਕਜੁੱਟ ਹੋਣ ਦੀ ਲੋੜ 'ਤੇ ਜੋਰ ਦਿੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਜਿਹੀਆਂ ਤਾਕਤਾਂ ਅਕਾਲ ਤਖਤ ਦੀ ਸਰਬਉੱਚਤਾ ਨੂੰ ਵੀ ਚੈਲੰਜ ਕਰਨ 'ਤੇ ਲੱਗੀਆਂ ਹੋਈਆਂ ਹਨ, ਜਿਸ ਕਰਕੇ ਸੰਗਤ ਨੂੰ ਅਜਿਹੀਆਂ ਚਾਲਾਂ ਤੋਂ ਸੁਚੇਤ ਰਹਿਣਾ ਹੋਵੇਗਾ।

## ਅਰਸ਼ਦੀਪ ਉਰਫ ਅਰਸ਼ ਡੱਲਾ ਨੂੰ ਅਤਿਵਾਦੀ ਐਲਾਨਿਆ

**ਨਵੀਂ ਦਿੱਲੀ:** ਕੇਂਦਰੀ ਗ੍ਰਿਹ ਮੰਤਰਾਲੇ ਨੇ ਪੰਜਾਬ ਵਿਚ ਮਿੱਥ ਕੇ ਹੱਤਿਆਵਾਂ ਕਰਨ, ਅਤਿਵਾਦ ਫੰਡਿੰਗ ਅਤੇ ਜਬਰੀ ਵਸੂਲੀ ਮਾਮਲੇ ਵਿਚ ਕੈਨੇਡਾ ਰਹਿੰਦੇ ਅਰਸ਼ਦੀਪ ਸਿੰਘ ਗਿੱਲ ਨੂੰ ਅਤਿਵਾਦੀ ਐਲਾਨਿਆ ਹੈ। ਗ੍ਰਿਹ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡੱਲਾ, ਜੋ ਕਿ ਲੁਧਿਆਣਾ ਵਿਖੇ ਪੈਦਾ ਹੋਇਆ ਸੀ, ਮੌਜੂਦਾ ਸਮੇਂ ਕੈਨੇਡਾ ਵਿਚ ਰਹਿੰਦਾ ਹੈ, ਵੱਡੇ ਪੱਧਰ ਉਤੇ ਨਸ਼ਿਆਂ ਤੇ ਹਥਿਆਰਾਂ ਦੀ ਸਰਹੱਦ ਪਾਰੋਂ ਹੁੰਦੀ ਤਸਕਰੀ ਵਿਚ ਸ਼ਾਮਲ ਹੈ। ਉਹ ਪਾਬੰਦੀਸ਼ੁਦਾ ਖ਼ਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ) ਨਾਲ ਜੁੜਿਆ ਹੋਇਆ ਹੈ। ਅਰਸ਼ਦੀਪ ਸਿੰਘ ਗਿੱਲ ਕੌਮੀ ਜਾਂਚ ਏਜੰਸੀ ਵੱਲੋਂ ਦਰਜ ਵੱਖ-ਵੱਖ ਮਾਮਲਿਆਂ ਵਿਚ ਦੋਸ਼ੀ ਹੈ, ਜਿਸ ਵਿਚ ਮਿੱਥ ਕੇ ਹੱਤਿਆਵਾਂ, ਅਤਿਵਾਦ ਫੰਡਿੰਗ ਲਈ ਜਬਰੀ ਵਸੂਲੀ, ਹੱਤਿਆ ਦੀ ਕੋਸ਼ਿਸ਼, ਫਿਰਕੂ ਸਦਭਾਵਨਾ ਨੂੰ ਭੰਗ ਕਰਨ ਅਤੇ ਪੰਜਾਬ ਦੇ ਲੋਕਾਂ ਵਿਚ ਦਹਿਸ਼ਤ ਪੈਦਾ ਕਰਨ ਸਮੇਤ ਕਈ ਮਾਮਲਿਆਂ ਵਿਚ ਨਾਮਜ਼ਦ ਹੈ। ਗ੍ਰਿਹ ਮੰਤਰਾਲੇ ਅਨੁਸਾਰ ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਅਰਸ਼ਦੀਪ ਅਤਿਵਾਦ 'ਚ ਸ਼ਾਮਲ ਹੈ, ਇਸ ਲਈ ਉਸ ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ 1967 ਤਹਿਤ ਅਤਿਵਾਦੀ ਐਲਾਨਿਆ ਗਿਆ ਹੈ। ਉਹ ਪਿਛਲੇ ਇਕ ਹਫਤੇ ਵਿਚ ਅਤਿਵਾਦੀ ਐਲਾਨਿਆ ਪੰਜਵਾਂ ਵਿਅਕਤੀ ਹੈ।

## ਕਰਜ਼ਾ ਧੋਖਾਧੜੀ ਮਾਮਲੇ 'ਚ ਕੋਛੜ ਜੋੜਾ ਰਿਹਾਅ

**ਮੁੰਬਈ:** ਆਈ.ਸੀ.ਆਈ.ਸੀ.ਆਈ. ਬੈਂਕ ਦੀ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ ਤੇ ਪ੍ਰਬੰਧ ਨਿਰਦੇਸ਼ਕ ਚੰਦਾ ਕੋਛੜ ਤੇ ਉਸ ਦੇ ਪਤੀ ਦੀਪਕ ਕੋਛੜ ਨੂੰ ਕਰਜ਼ਾ ਧੋਖਾਧੜੀ ਦੇ ਮਾਮਲੇ ਵਿਚ ਜ਼ਮਾਨਤ ਮਿਲਣ ਤੋਂ ਬਾਅਦ ਮੁੰਬਈ ਦੀਆਂ ਜੇਲ੍ਹਾਂ ਵਿਚੋਂ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਚੰਦਾ ਮੁੰਬਈ ਦੀ ਬਾਇਕੂਲਾ ਮਹਿਲਾ ਜੇਲ੍ਹ ਤੋਂ ਬਾਹਰ ਆਈ ਹੈ, ਜਦੋਂ ਕਿ ਉਸ ਦੇ ਪਤੀ ਨੂੰ ਆਰਥਰ ਰੋਡ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ।

## ਚੰਨੀ ਨੂੰ ਹਾਈ ਕੋਰਟ ਤੋਂ ਰਾਹਤ ਮਿਲੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵਿਧਾਨ ਸਭਾ ਚੋਣਾਂ 2022 ਸਮੇਂ ਚੋਣ ਜ਼ਾਬਤਾ ਦੀ ਉਲੰਘਣਾ ਦੇ ਮਾਮਲੇ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਰਾਹਤ ਦਿੱਤੀ ਹੈ।

ਹਾਈ ਕੋਰਟ ਨੇ ਮਾਨਸਾ ਦੀ ਅਦਾਲਤ ਵਿਚ ਚੱਲ ਰਹੇ ਕੇਸ 'ਤੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀ ਹੈ। ਚੰਨੀ ਨੂੰ 12 ਜਨਵਰੀ ਨੂੰ ਅਦਾਲਤ 'ਚ ਪੇਸ਼ ਹੋਣ ਦੇ ਆਦੇਸ਼ ਦਿੱਤੇ ਗਏ ਸਨ। ਚੋਣਾਂ ਸਮੇਂ ਫਰਵਰੀ ਮਹੀਨੇ ਚੰਨੀ ਨੇ ਮਾਨਸਾ ਤੋਂ ਕਾਂਗਰਸੀ ਉਮੀਦਵਾਰ ਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ ਸੀ। ਉਸ ਤੋਂ ਬਾਅਦ ਮਾਨਸਾ ਪੁਲਿਸ ਨੇ ਚੰਨੀ ਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਸਬੰਧੀ ਆਈ.ਪੀ.ਸੀ. ਦੀ ਧਾਰਾ 188 ਤਹਿਤ ਕੇਸ ਦਰਜ ਕੀਤਾ ਸੀ।

## ਸਿਮਰਨਜੀਤ ਸਿੰਘ ਮਾਨ ਵੱਲੋਂ ਕੇਂਦਰ 'ਤੇ ਸਿੱਖਾਂ ਨਾਲ ਵਿਤਕਰੇ ਦਾ ਦੋਸ਼

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਤੇ ਕੁਝ ਸੂਬਾ ਸਰਕਾਰਾਂ 'ਤੇ ਸਿੱਖਾਂ ਨਾਲ ਵਿਤਕਰਾ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਵਪਾਰ ਲਈ ਪਾਕਿਸਤਾਨ ਦੀ ਅਟਾਰੀ ਸਰਹੱਦ ਖੋਲ੍ਹਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਸ ਵਪਾਰ ਨਾਲ ਪੰਜਾਬ ਦੇ ਸਿੱਖ ਭਾਈਚਾਰੇ ਨੂੰ ਵਧੇਰੇ ਲਾਭ ਹੋਵੇਗਾ, ਇਸੇ ਕਰਕੇ ਕੇਂਦਰ ਵੱਲੋਂ ਇਸ ਦੀ ਖੁੱਲ੍ਹ ਨਹੀਂ ਦਿੱਤੀ ਜਾ ਰਹੀ।

ਉਨ੍ਹਾਂ 'ਭਾਰਤ ਜੋੜੋ ਯਾਤਰਾ' ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੂੰ ਤਾਂ ਕਸ਼ਮੀਰ ਜਾਣ ਤੋਂ ਦੋ ਵਾਰ ਰੋਕ ਦਿੱਤਾ ਗਿਆ ਪਰ ਹੁਣ ਰਾਹੁਲ ਗਾਂਧੀ ਬਾਰੇ ਸਾਰੇ ਚੁੱਪ ਹਨ। ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਸਿੱਖ ਹੋਣ ਕਰਕੇ ਰੋਕਿਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਸਿੱਧੂ ਮੂਸੇਵਾਲਾ ਕਤਲ ਮਾਮਲੇ ਦੀ ਜਾਂਚ ਐਨ.ਆਈ.ਏ. ਨੂੰ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕਰ ਰਹੇ ਪੰਜਾਬ ਪੁਲਿਸ ਦੇ ਅਧਿਕਾਰੀ ਡੀ.ਜੀ.ਪੀ. ਨੂੰ ਸਵਾਲ ਨਹੀਂ ਕਰ ਸਕਣਗੇ। ਇਸ ਲਈ ਨਿਰਪੱਖ ਜਾਂਚ ਲਈ ਇਹ ਮਾਮਲਾ ਐਨ.ਆਈ.ਏ. ਹਵਾਲੇ ਕੀਤੇ ਜਾਣਾ ਚਾਹੀਦਾ ਹੈ।

## ਧਰਨਿਆਂ ਨੇ ਪੰਜਾਬ ਸਰਕਾਰ ਨੂੰ ਪੈਰੋਂ ਕੱਢਿਆ

*(ਪਹਿਲੇ ਸਫੇ ਦੀ ਬਾਕੀ)*

ਨਹੀਂ ਕੀਤਾ। ਸਰਕਾਰ ਨੇ ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਨਾਲ ਇਕ ਤੋਂ ਬਾਅਦ ਇਕ ਮੀਟਿੰਗਾਂ ਜ਼ਰੂਰ ਕੀਤੀਆਂ ਪਰ ਸਾਰਿਆਂ ਲਾਰਿਆਂ-ਬੁੱਤਿਆਂ ਨਾਲ ਹੀ ਖਤਮ ਹੋਈਆਂ। ਹੁਣ ਹਾਲਾਤ ਇਹ ਬਣ ਗਏ ਹਨ ਕਿ ਅੱਕ ਕੇ ਸਾਰੀਆਂ ਧਿਰਾਂ ਨੇ ਸੰਘਰਸ਼ ਦਾ ਰਾਹ ਚੁਣ ਲਿਆ ਹੈ। ਮੌਜੂਦਾ ਹਾਲਾਤ ਦੱਸਦੇ ਹਨ ਕਿ ਆਉਣ ਵਾਲਾ ਸਮਾਂ ਸਰਕਾਰ ਲਈ ਵੱਡੀ ਸਿਰਦਰਦੀ ਖੜ੍ਹੀ ਕਰਨ ਵਾਲਾ ਬਣ ਸਕਦਾ ਹੈ। ਇਸੇ ਦੌਰਾਨ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੀ.ਸੀ.ਐਸ, ਆਈ.ਏ.ਐਸ. ਅਤੇ ਮਨਿਸਟੀਰੀਅਲ ਕਾਮਿਆਂ ਦੇ ਹੜਤਾਲ 'ਤੇ ਜਾਣ ਸਬੰਧੀ ਕਿਹਾ ਕਿ ਜਿਸ ਤਰ੍ਹਾਂ ਦੇ ਪੰਜਾਬ ਦੇ ਹਾਲਾਤ ਹਨ, ਡਰ ਹੈ ਕਿ ਕਿਤੇ ਖਾਨਾਜੰਗੀ ਨਾ ਛਿੜ ਜਾਵੇ। ਅਕਾਲੀ ਦਲ ਵੱਲੋਂ ਤਿਣਕਾ-ਤਿਣਕਾ ਕਰ ਕੇ ਜੋੜਿਆ ਆਲ੍ਹਣਾ ਖਿਲਰਨ 'ਤੇ ਆ ਗਿਆ ਹੈ।

ਪੰਜਾਬ ਦਾ ਸਾਰਾ ਢਾਂਚਾ ਹਿੱਲ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਚੋਣਾਂ ਵੇਲੇ ਡਰਾਮਾ ਕੀਤਾ ਕਿ ਇਕ ਮੌਕਾ ਦੇ ਦਿਓ, ਲੋਕਾਂ ਨੇ ਦੇ ਦਿੱਤਾ ਪਰ ਹੁਣ ਪਛਤਾ ਰਹੇ ਹਨ। ਪੰਜਾਬ ਸਰਕਾਰ ਉੱਪਰ ਦਿੱਲੀ ਦਾ ਕੰਟਰੋਲ ਹੈ। ਪੰਜਾਬ ਦੇ ਐਡਵੋਕੇਟ ਜਨਰਲ ਦਫਤਰ 'ਚ 10 ਵਕੀਲ ਦਿੱਲੀ ਦੇ ਲਾਏ ਗਏ ਹਨ।

## ਸਿੱਖ ਫੌਜੀਆਂ ਨੂੰ ਛੇਤੀ ਮਿਲਣਗੇ ਵਿਸ਼ੇਸ਼ ਹੈਲਮਟ

**ਨਵੀਂ ਦਿੱਲੀ:** ਫੌਜ 'ਚ ਸਿੱਖ ਜਵਾਨਾਂ ਨੂੰ ਛੇਤੀ ਹੀ ਵਿਸ਼ੇਸ਼ ਤੌਰ ਤੋਂ ਡਿਜ਼ਾਈਨ ਕੀਤੇ ਗਏ ਹੈਲਮੇਟ ਮਿਲਣਗੇ। ਰੱਖਿਆ ਮੰਤਰਾਲੇ ਨੇ ਐਮਰਜੈਂਸੀ ਖਰੀਦ ਪ੍ਰਕਿਰਿਆ ਤਹਿਤ 12730 ਹੈਲਮੇਟ ਖਰੀਦਣ ਲਈ ਤਜਵੀਜ਼ ਭੇਜੀ ਹੈ। ਜਵਾਨਾਂ ਲਈ 8911 ਵੱਡੇ ਅਤੇ 3819 ਵਧੇਰੇ ਵੱਡੇ ਸਵਦੇਸ਼ੀ ਹੈਲਮੇਟ ਖਰੀਦੇ ਜਾਣ ਦੀ ਤਜਵੀਜ਼ ਹੈ। ਫੌਜੀ ਮੁਹਿੰਮਾਂ ਦੌਰਾਨ ਸਿੱਖ ਜਵਾਨ ਬੁਲੇਟ ਪਰੂਫ ਪਟਕਾ ਪਹਿਨਦੇ ਹਨ ਜੋ ਸਿਰ ਦੇ ਇਕ ਹਿੱਸੇ ਨੂੰ ਹੀ ਕਵਰ ਕਰਦਾ ਹੈ। ਸੂਤਰਾਂ ਮੁਤਾਬਕ ਬੈਲਿਸਟਿਕ ਹੈਲਮੇਟ ਦੀ ਵਰਤੋਂ ਪੂਰੇ ਸਿਰ ਨੂੰ ਕਵਰ ਕਰਨ ਲਈ ਕੀਤੀ ਜਾਵੇਗੀ। ਤਜਵੀਜ਼ 'ਚ ਹੈਲਮੇਟ ਦੇ ਡਿਜ਼ਾਈਨ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਇਹ ਸਿੱਖ ਜਵਾਨਾਂ ਦੇ ਸਿਰ ਦੇ ਆਕਾਰ ਮੁਤਾਬਕ ਹੋਣਾ ਚਾਹੀਦਾ ਹੈ। ਇਸ 'ਚ ਸੰਚਾਰ ਰੇਡੀਓ ਹੈਂਡਸੈੱਟ, ਨਾਈਟ ਵਿਜ਼ਨ ਡਿਵਾਈਸ, ਐਨਕਾਂ ਤੇ ਸਾਹ ਲੈਣ ਆਦਿ ਦੀ ਸਹੂਲਤ ਹੋਣੀ ਚਾਹੀਦੀ ਹੈ। ਫੌਜ ਅਜਿਹੇ ਹੈਲਮੇਟ ਚਾਹੁੰਦੀ ਹੈ ਜਿਨ੍ਹਾਂ 'ਤੇ ਪੰਜ ਮੀਟਰ ਦੀ ਦੂਰੀ ਤੋਂ ਚਲਾਈਆਂ ਗੋਲੀਆਂ ਦਾ ਅਸਰ ਨਾ ਹੋਵੇ। ਇਸ ਦੇ ਨਾਲ ਹੀ ਮਨਫ਼ੀ 20 ਡਿਗਰੀ ਸੈਲਸੀਅਸ ਤੋਂ ਲੈ ਕੇ 45 ਡਿਗਰੀ ਸੈਲਸੀਅਸ ਤੱਕ ਦੇ ਤਾਪਮਾਨ 'ਚ ਹੈਲਮੇਟ ਦੀ ਵਰਤੋਂ ਕੀਤੀ ਜਾ ਸਕੇ।

## ਭਾਜਪਾ ਆਗੂ ਸੁੰਦਰ ਸ਼ਾਮ ਅਰੋੜਾ ਨੂੰ ਝਟਕਾ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਸਾਬਕਾ ਉਦਯੋਗ ਮੰਤਰੀ ਤੇ ਭਾਜਪਾ ਆਗੂ ਸੁੰਦਰ ਸ਼ਾਮ ਅਰੋੜਾ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕੁਝ ਪਹਿਲਾਂ ਹੀ ਉਸ ਨੂੰ ਏ.ਆਈ.ਜੀ.-ਕਮ-ਜਾਂਚ ਅਧਿਕਾਰੀ ਨੂੰ 50 ਲੱਖ ਰੁਪਏ ਦੀ ਰਿਸ਼ਵਤ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਸਾਬਕਾ ਮੰਤਰੀ ਇਸ ਸਮੇਂ ਨਿਆਇਕ ਹਿਰਾਸਤ ਅਧੀਨ ਜੇਲ੍ਹ ਵਿਚ ਬੰਦ ਹੈ। ਉਸ ਖ਼ਿਲਾਫ਼ ਵਿਜੀਲੈਂਸ ਥਾਣਾ ਮੁਹਾਲੀ ਵਿਚ ਕੇਸ ਦਰਜ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਫੌਜਾ ਸਿੰਘ ਸਰਾਰੀ ਦੀ ਵਜ਼ੀਰੀ ਖੁੱਸੀ

## ਡਾ. ਬਲਬੀਰ ਸਿੰਘ ਨੂੰ ਮਿਲੀ ਕੈਬਨਿਟ ਵਿਚ ਥਾਂ



**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਆਪਣੇ ਪਹਿਲੇ ਸਾਲ ਦੇ ਕਾਰਜਕਾਲ ਅੰਦਰ ਹੀ ਮੰਤਰੀ ਮੰਡਲ ਵਿਚ ਤੀਜਾ ਵੱਡਾ ਫੇਰਬਦਲ ਕਰ ਦਿੱਤਾ ਹੈ। ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਫੂਡ ਪ੍ਰੋਸੈਸਿੰਗ ਅਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਤੋਂ ਅਸਤੀਫਾ ਲੈਣ ਤੋਂ ਕੁਝ ਸਮੇਂ ਬਾਅਦ ਹੀ ਵਿਧਾਨ ਸਭਾ ਹਲਕਾ ਪਟਿਆਲਾ ਦਿਹਾਤੀ ਤੋਂ ਵਿਧਾਇਕ ਡਾ. ਬਲਬੀਰ ਸਿੰਘ ਨੂੰ ਕੈਬਨਿਟ ਵਿਚ ਸ਼ਾਮਲ ਕਰ ਲਿਆ। ਡਾ. ਬਲਬੀਰ ਸਿੰਘ ਨੂੰ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ 'ਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਹਲਫ਼ ਦਿਵਾਇਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੀ ਹਾਜ਼ਰ ਰਹੇ।

ਪੰਜਾਬ ਵਿਚ ਇਹ ਸਾਰਾ ਸਿਆਸੀ ਘਟਨਾਕ੍ਰਮ ਅਚਨਚੇਤ ਵਾਪਰਿਆ ਹੈ ਜਦੋਂ ਅਚਾਨਕ ਹੀ ਕੈਬਨਿਟ ਮੰਤਰੀ ਫੌਜੀ ਸਿੰਘ ਸਰਾਰੀ ਤੋਂ ਅਸਤੀਫ਼ਾ ਲੈਣ ਤੋਂ ਕੁਝ ਘੰਟਿਆਂ ਬਾਅਦ ਹੀ ਡਾ. ਬਲਬੀਰ ਸਿੰਘ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਫੌਜੀ ਸਿੰਘ ਸਰਾਰੀ ਦਾ ਆਡੀਓ ਕਲਿੱਪ ਵਾਇਰਲ ਹੋਇਆ ਸੀ, ਜਿਸ ਵਿਚ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਸਰਾਰੀ ਵੱਲੋਂ ਅਸਤੀਫ਼ਾ ਦੇਣ ਦੇ ਕਾਰਨਾਂ ਨੂੰ ਨਿੱਜੀ ਦੱਸਿਆ ਜਾ ਰਿਹਾ ਹੈ। ਸਰਾਰੀ ਦਾ ਕਹਿਣਾ ਹੈ ਕਿ ਉਹ ਪਾਰਟੀ ਦੇ ਵਫ਼ਾਦਾਰ ਸਿਪਾਹੀ ਹਨ ਤੇ ਇਸੇ ਤਰ੍ਹਾਂ ਕੰਮ ਕਰਦੇ ਰਹਿਣਗੇ।

ਸੂਬਾ ਸਰਕਾਰ ਨੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਤੋਂ ਸਾਰੇ ਵਿਭਾਗ ਲੈ ਕੇ ਡਾ. ਬਲਬੀਰ ਸਿੰਘ ਨੂੰ ਸੌਂਪ ਦਿੱਤੇ ਹਨ। ਹੁਣ ਡਾ. ਬਲਬੀਰ ਸਿੰਘ ਕੋਲ ਸਿਹਤ ਅਤੇ ਪਰਿਵਾਰ ਭਲਾਈ, ਸਿਹਤ ਸਿੱਖਿਆ ਤੇ ਖੋਜ ਅਤੇ ਚੋਣਾਂ ਦਿੱਤੀਆਂ ਗਈਆਂ ਹਨ। ਜਦਕਿ ਕੈਬਨਿਟ ਮੰਤਰੀ ਚੇਤਨ ਸਿੰਘ ਜੌੜੇ ਮਾਜਰਾ ਨੂੰ ਫੌਜਾ ਸਿੰਘ ਸਰਾਰੀ ਵਾਲੇ ਵਿਭਾਗਾਂ ਫੂਡ ਪ੍ਰੋਸੈਸਿੰਗ, ਬਾਗਬਾਨੀ ਦੇ ਨਾਲ-ਨਾਲ ਆਜ਼ਾਦੀ ਘੁਲਾਟੀਏ ਅਤੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਹੈ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ 19 ਮਾਰਚ 2022 ਨੂੰ ਵਿਧਾਨ ਸਭਾ ਹਲਕਾ ਦਿੜ੍ਹਬਾ ਤੋਂ ਵਿਧਾਇਕ ਹਰਪਾਲ ਸਿੰਘ ਚੀਮਾ, ਮਲੋਟ ਤੋਂ ਵਿਧਾਇਕ ਡਾ. ਬਲਜੀਤ ਕੌਰ, ਜੰਡਿਆਲਾ ਤੋਂ ਵਿਧਾਇਕ ਹਰਭਜਨ ਸਿੰਘ ਈ.ਟੀ.ਓ, ਮਾਨਸਾ ਤੋਂ ਵਿਧਾਇਕ ਡਾ. ਵਿਜੈ ਸਿੰਗਲਾ, ਭੋਆ ਤੋਂ ਵਿਧਾਇਕ ਲਾਲ ਚੰਦ, ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ, ਅਜਨਾਲਾ ਤੋਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਪੱਟੀ ਤੋਂ ਵਿਧਾਇਕ ਲਾਲਜੀਤ ਸਿੰਘ ਭੁੱਲਰ, ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਬਤੌਰ ਕੈਬਨਿਟ ਮੰਤਰੀ ਸਹੁੰ ਚੁੱਕੀ ਸੀ। ਉਸ ਤੋਂ ਬਾਅਦ ਕੈਬਨਿਟ ਵਿੱਚ ਵਾਧਾ ਕਰਦਿਆਂ ਡਾ. ਇੰਦਰਬੀਰ ਨਿੱਝਰ, ਅਮਨ ਅਰੋੜਾ, ਚੇਤਨ ਜੌੜਾ ਮਾਜਰਾ ਅਤੇ ਅਨਮੋਲ ਗਗਨ ਮਾਨ ਨੂੰ ਸ਼ਾਮਲ ਕੀਤਾ ਗਿਆ। ਇਸ ਤੋਂ ਬਾਅਦ ਪਾਰਟੀ ਨੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਕਰਦਿਆਂ ਸਿਹਤ ਮੰਤਰੀ ਦੇ ਅਹੁਦੇ 'ਤੇ ਤਾਇਨਾਤ ਡਾ. ਵਿਜੈ ਸਿੰਗਲਾ ਨੂੰ ਕੈਬਨਿਟ ਵਿਚੋਂ ਬਾਹਰ ਕਰ ਦਿੱਤਾ ਸੀ ਤੇ ਹੁਣ ਫੌਜਾ ਸਿੰਘ ਸਰਾਰੀ ਨੇ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

### ਮੁੱਖ ਮੰਤਰੀ ਸਣੇ ਕਈ ਵਜ਼ੀਰਾਂ ਦੇ ਵਿਭਾਗ ਬਦਲੇ

**ਚੰਡੀਗੜ੍ਹ:** ਪੰਜਾਬ ਕੈਬਨਿਟ ਵਿਚ ਡਾ. ਬਲਬੀਰ ਸਿੰਘ ਦੇ ਸ਼ਾਮਲ ਹੋਣ ਦੇ ਨਾਲ ਹੀ ਮੁੱਖ ਮੰਤਰੀ ਸਣੇ ਅੱਧਾ ਦਰਜਨ ਮੰਤਰੀਆਂ ਦੇ ਵਿਭਾਗਾਂ ਵਿਚ ਫੇਰਬਦਲ ਕੀਤਾ ਗਿਆ ਹੈ। ਇਸ ਫੇਰਬਦਲ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਕੋਲ ਜਨਰਲ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਸੋਨਲ, ਵਿਜੀਲੈਂਸ, ਸਹਿਕਾਰਤਾ, ਇੰਡਸਟਰੀਜ਼ ਤੇ ਕਾਮਰਸ, ਰੁਜ਼ਗਾਰ ਪੈਦਾਵਾਰ ਤੇ ਸਿਖਲਾਈ, ਜੇਲ੍ਹਾਂ, ਕਾਨੂੰਨੀ ਮਾਮਲੇ ਤੇ ਹਵਾਬਾਜ਼ੀ ਵਿਭਾਗ ਰਹਿ ਗਏ ਹਨ। ਗੁਰਮੀਤ ਸਿੰਘ ਮੀਤ ਹੇਅਰ ਨੂੰ ਪ੍ਰਸ਼ਾਸਕੀ ਸੁਧਾਰ, ਜਲ ਸਰੋਤ, ਮਾਈਨਿੰਗ, ਵਿਗਿਆਨ ਤਕਨੀਕ ਤੇ ਵਾਤਾਵਰਣ, ਖੇਡਾਂ ਤੇ ਯੂਥ ਸੇਵਾਵਾਂ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਕੋਲ ਤਕਨੀਕੀ ਸਿੱਖਿਆ ਤੇ ਇੰਡਸਟਰੀਅਲ ਟ੍ਰੇਨਿੰਗ, ਉਚੇਰੀ ਸਿੱਖਿਆ ਤੇ ਸਕੂਲ ਸਿੱਖਿਆ, ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਨੂੰ ਆਜ਼ਾਦੀ ਘੁਲਾਟੀਏ, ਰੱਖਿਆ ਸੇਵਾਵਾਂ ਮਾਮਲੇ, ਫੂਡ ਪ੍ਰੋਸੈਸਿੰਗ ਤੇ ਬਾਗਬਾਨੀ ਵਿਭਾਗ ਦਿੱਤਾ ਗਿਆ ਹੈ। ਅਨਮੋਲ ਗਗਨ ਮਾਨ ਨੂੰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਇਨਵੈਸਟਮੈਂਟ ਪ੍ਰਮੋਸ਼ਨ, ਕਿਰਤ, ਸ਼ਿਕਾਇਤ ਨਿਵਾਰਣ ਤੇ ਪ੍ਰਾਹੁਣਾਚਾਰੀ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਹੈ।

### ਪਟਿਆਲਾ ਨੂੰ ਮਿਲੇ ਦੋ ਵਜ਼ੀਰ

**ਪਟਿਆਲਾ:** ਪਟਿਆਲਾ ਦਿਹਾਤੀ ਤੋਂ ਵਿਧਾਇਕ ਡਾ. ਬਲਬੀਰ ਸਿੰਘ ਦੇ ਮੰਤਰੀ ਬਣਨ ਨਾਲ ਜ਼ਿਲ੍ਹੇ 'ਚ ਮੰਤਰੀਆਂ ਦੀ ਗਿਣਤੀ ਦੋ ਹੋ ਗਈ ਹੈ। ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ ਪਹਿਲਾਂ ਹੀ ਮੰਤਰੀ ਹਨ। ਡਾ. ਬਲਬੀਰ ਨੂੰ ਮਿਲਿਆ ਸਿਹਤ ਵਿਭਾਗ ਪਹਿਲਾਂ ਜੌੜਾ ਮਾਜਰਾ ਕੋਲ ਸੀ। ਸ੍ਰੀ ਜੌੜਾ ਮਾਜਰਾ ਨੂੰ ਹੁਣ ਫੌਜਾ ਸਿੰਘ ਸਰਾਰੀ ਵਾਲਾ ਮਹਿਕਮਾ ਦੇ ਦਿੱਤਾ ਹੈ, ਜਿਨ੍ਹਾਂ ਨੇ ਕੈਬਨਿਟ ਤੋਂ ਅਸਤੀਫਾ ਦਿੱਤਾ ਹੈ। ਇਸ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਹਰਾਉਣ ਵਾਲੇ ਪਟਿਆਲਾ ਸ਼ਹਿਰੀ ਹਲਕੇ ਦੇ ਵਿਧਾਇਕ ਅਜੀਤਪਾਲ ਕੋਹਲੀ ਦੇ ਮੰਤਰੀ ਬਣਨ ਦੀਆਂ ਉਮੀਦਾਂ 'ਤੇ ਇਕ ਵਾਰ ਫਿਰ ਪਾਣੀ ਫਿਰ ਗਿਆ ਹੈ।

## ਹਲਵਾਰਾ 'ਚ ਹਵਾਈ ਅੱਡੇ ਦੇ ਨਿਰਮਾਣ ਵਿਚ ਤੇਜੀ ਲਿਆਉਣ ਦਾ ਹੁਕਮ



**ਗੁਰੂਸਰ ਸੁਧਾਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਟਰਮੀਨਲ ਨਿਰਮਾਣ ਕੰਮਾਂ ਦੀ ਨਿਗਰਾਨੀ ਕਰਨ ਵਾਲੇ ਅਧਿਕਾਰੀਆਂ ਨੂੰ ਸਮਾਂਬੱਧ ਢੰਗ ਨਾਲ ਪ੍ਰੋਜੈਕਟ ਮੁਕੰਮਲ ਕਰਨ ਲਈ ਕੰਮ ਵਿਚ ਤੇਜੀ ਲਿਆਉਣ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਿਵਲ ਹਵਾਈ ਟਰਮੀਨਲ ਦੇ ਕੰਮ ਨੂੰ ਜਲਦੀ ਮੁਕੰਮਲ ਕਰਨ ਲਈ ਪਹਿਲਾਂ ਹੀ 50 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਹਵਾਈ ਨਕਸ਼ੇ 'ਤੇ ਪੰਜਾਬ ਹੋਰ ਅੱਗੇ ਵਧੇਗਾ ਅਤੇ ਇਸ ਨਾਲ ਯਾਤਰੀਆਂ ਦੇ ਸਮੇਂ, ਪੈਸੇ ਅਤੇ ਊਰਜਾ ਦੀ ਬੱਚਤ ਵੀ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਇਸ ਪ੍ਰੋਜੈਕਟ ਨੂੰ ਫੌਰੀ ਮੁਕੰਮਲ ਕਰਨਾ ਸਮੇਂ ਦੀ ਲੋੜ ਹੈ।

# ਮੈਰਿਟ 'ਚ ਆਉਣ ਵਾਲੇ ਸਰਕਾਰੀ ਵਿਦਿਆਰਥੀਆਂ ਨੂੰ ਮੁਫਤ ਹਵਾਈ ਝੂਟਾ

**ਚੰਡੀਗੜ੍ਹ:** ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਐਲਾਨ ਕੀਤਾ ਸੀ ਕਿ ਜਦ ਵੀ ਇਸ ਸਕੂਲ ਦਾ ਵਿਦਿਆਰਥੀ ਬੋਰਡ ਦੀ ਮੈਰਿਟ ਲਿਸਟ ਵਿਚ ਆਵੇਗਾ ਤਾਂ ਉਹ ਉਸ ਨੂੰ ਆਪਣੇ ਪੱਲਿਓਂ ਭਾਰਤ ਵਿਚ ਕਿਤੇ ਵੀ ਹਵਾਈ ਜਹਾਜ਼ ਦੀ ਉਡਾਣ ਮੁਫ਼ਤ ਮੁਹੱਈਆ ਕਰਵਾਉਣਗੇ।

ਉਨ੍ਹਾਂ ਇਹ ਐਲਾਨ ਤਾਂ ਕੀਤਾ ਸੀ ਕਿਉਂਕਿ ਇਸ ਸਕੂਲ ਦੇ ਵਿਦਿਆਰਥੀ ਕਿੰਨੇ ਸਾਲ ਬੀਤਣ ਦੇ ਬਾਵਜੂਦ ਮੈਰਿਟ ਲਿਸਟ ਵਿਚ ਨਹੀਂ ਆਏ ਸਨ ਤੇ ਇਥੋਂ ਦੇ ਜ਼ਿਆਦਾਤਰ ਵਿਦਿਆਰਥੀ ਗਰੀਬ ਤਬਕੇ ਨਾਲ ਸਬੰਧਤ ਸਨ। ਫਿਰੋਜ਼ਪੁਰ ਦੇ ਜੀਰਾ ਵਿਚ ਸ਼ਹੀਦ ਗੁਰਦਾਸ ਰਾਮ ਯਾਦਗਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਦੇ ਇਸ ਪ੍ਰੇਰਨਾਦਾਇਕ ਸੁਨੇਹਾ ਜਰੀਏ ਹੀ ਵਿਦਿਆਰਥੀਆਂ ਨੇ ਵੱਡਾ ਮਾਅਰਕਾ ਮਾਰ ਦਿੱਤਾ ਹੈ। ਇਥੋਂ ਦੇ ਚਾਰ ਵਿਦਿਆਰਥੀ 12 ਸਾਲਾਂ ਦੇ ਵਕਫ਼ੇ ਬਾਅਦ ਸਟੇਟ ਬੋਰਡ ਇਮਤਿਹਾਨਾਂ ਦੀ ਮੈਰਿਟ ਸੂਚੀ ਵਿਚ ਸ਼ਾਮਲ ਹੋਏ ਹਨ। ਇਸ ਤੋਂ ਬਾਅਦ ਪ੍ਰਿੰਸੀਪਲ ਨੇ ਹਵਾਈ ਯਾਤਰਾ ਦਾ ਵਾਅਦਾ ਪੂਰਾ ਕਰ ਦਿੱਤਾ ਹੈ। ਪ੍ਰਿੰਸੀਪਲ ਰਾਕੇਸ਼ ਸ਼ਰਮਾ ਅਨੁਸਾਰ ਇਸ ਸਕੂਲ ਦੇ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀ ਪਿਛਲੇ 12 ਸਾਲਾਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ ਦੀ ਮੈਰਿਟ ਸੂਚੀ ਵਿਚ ਥਾਂ ਨਹੀਂ ਬਣਾ ਰਹੇ ਸਨ। ਉਨ੍ਹਾਂ ਸਕੂਲ ਦੀ ਪ੍ਰਾਰਥਨਾ ਸਭਾ ਵਿਚ ਐਲਾਨ ਕੀਤਾ ਕਿ ਜੇਕਰ 10ਵੀਂ ਜਾਂ 12ਵੀਂ ਜਮਾਤ ਦਾ ਕੋਈ ਵੀ ਵਿਦਿਆਰਥੀ ਬੋਰਡ ਪ੍ਰੀਖਿਆਵਾਂ ਵਿਚ ਮੈਰਿਟ ਸਥਾਨ ਹਾਸਲ ਕਰਦਾ ਹੈ ਤਾਂ ਉਹ ਦੇਸ਼ ਵਿਚ ਆਪਣੀ ਪਸੰਦ ਦੀ ਕਿਸੇ ਵੀ ਮੰਜ਼ਿਲ ਲਈ ਹਵਾਈ ਯਾਤਰਾ ਮੁਫ਼ਤ ਕਰ ਸਕਦਾ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਇਸ ਸਕੂਲ ਦੇ ਦੋ ਹੋਰ ਵਿਦਿਆਰਥੀ ਹੁਣ ਜਨਵਰੀ ਦੇ ਆਖਰੀ ਹਫਤੇ ਹਵਾਈ ਉਡਾਣ ਰਾਹੀਂ ਅੰਮ੍ਰਿਤਸਰ ਤੋਂ ਦਿੱਲੀ ਜਾਣਗੇ। ਇਹ ਵਿਦਿਆਰਥੀ ਰਾਸ਼ਟਰਪਤੀ ਭਵਨ, ਲਾਲ ਕਿਲ੍ਹਾ ਅਤੇ ਹੋਰ ਥਾਵਾਂ ਦਾ ਦੌਰਾ ਕਰਨਗੇ।

# ਸ਼੍ਰੋਮਣੀ ਕਮੇਟੀ ਖਿਲਾਫ ਕਾਰਵਾਈ ਲਈ ਜਥੇਦਾਰ ਨੂੰ ਪੱਤਰ

**ਅੰਮ੍ਰਿਤਸਰ:** ਦਿੱਲੀ ਕਮੇਟੀ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਕ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਚ ਹੋਣ ਵਾਲੇ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਲਈ ਆਪਣਾ ਚੈਨਲ ਸ਼ੁਰੂ ਕਰਨ ਤੇ ਮੌਜੂਦਾ ਚੈਨਲ ਰਾਹੀਂ ਹੋ ਰਹੇ ਪ੍ਰਸਾਰਨ ਨੂੰ ਬੰਦ ਕਰਨ ਸਬੰਧੀ ਅਕਾਲ ਤਖਤ ਸਾਹਿਬ ਵੱਲੋਂ ਦਿੱਤੇ ਗਏ ਆਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਇਸ ਦੇ ਨਾਲ ਹੀ ਉਨ੍ਹਾਂ ਪੰਥ ਵਿਰੋਧੀ ਗਤੀਵਿਧੀਆਂ ਕਰਨ ਦੇ ਦੋਸ਼ ਹੇਠ ਦਿੱਲੀ ਦੇ ਸਰਨਾ ਭਰਾਵਾਂ ਖ਼ਿਲਾਫ਼ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਦਿੱਲੀ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਹੋਰ ਮੈਂਬਰਾਂ ਨੇ ਇਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਇਕ ਪੱਤਰ ਸੌਂਪਿਆ ਹੈ। ਸ੍ਰੀ ਕਾਹਲੋਂ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਵੇਲੇ ਮੌਜੂਦਾ ਚੈਨਲ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਨੂੰ ਤੁਰਤ ਹਟਾਇਆ ਜਾਵੇ। ਉਨ੍ਹਾਂ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਕਰਾਰਨਾਮੇ ਮੁਤਾਬਕ ਉਕਤ ਚੈਨਲ ਨੇ ਸ਼੍ਰੋਮਣੀ ਕਮੇਟੀ ਦਾ ਕਰੋੜਾਂ ਰੁਪਏ ਦਾ ਬਕਾਇਆ ਵੀ ਦੇਣਾ ਹੈ। ਦੂਜੇ ਪਾਸੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਿੱਲੀ ਕਮੇਟੀ ਦੇ ਆਗੂਆਂ ਵੱਲੋਂ ਲਾਏ ਗਏ ਦੋਸ਼ਾਂ ਨੂੰ ਰੱਦ ਕੀਤਾ ਹੈ।

# ਸਰਾਰੀ ਦੇ ਅਸਤੀਫੇ ਪਿੱਛੋਂ ਵੀ ਨਾ ਛੁੱਟਿਆ ਖਹਿੜਾ, ਵਿਰੋਧੀ ਧਿਰਾਂ ਗ੍ਰਿਫਤਾਰੀ 'ਤੇ ਅੜੀਆਂ





**ਚੰਡੀਗੜ੍ਹ:** ਫੌਜਾ ਸਿੰਘ ਸਰਾਰੀ ਦੇ ਅਸਤੀਫੇ ਤੋਂ ਬਾਅਦ ਵੀ ਪੰਜਾਬ ਸਰਕਾਰ ਦੀਆਂ ਮੁਸ਼ਕਲਾਂ ਘਟਦੀਆਂ ਨਜ਼ਰ ਨਹੀਂ ਆ ਰਹੀਆਂ। ਪੰਜਾਬ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਫੌਜਾ ਸਿੰਘ ਸਰਾਰੀ ਦੇ ਅਸਤੀਫੇ ਨੂੰ ਡਰਾਮਾ ਕਰਾਰ ਦਿੰਦਿਆਂ ਸਾਬਕਾ ਮੰਤਰੀ ਨੂੰ ਤੁਰਤ ਗ੍ਰਿਫਤਾਰ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕੈਬਨਿਟ ਵਿਚੋਂ ਅਸਤੀਫ਼ਾ ਦੇ ਦਿੱਤਾ ਹੈ ਤੇ ਹੁਣ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਤੀਫਾ ਦੇ ਦੇਣ ਨਾਲ ਭ੍ਰਿਸ਼ਟਾਚਾਰ ਦੇ ਲੱਗੇ ਦੋਸ਼ ਖਤਮ ਨਹੀਂ ਹੋ ਜਾਂਦੇ। ਸ੍ਰੀ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਕਿ ਕਿਸ ਕਾਰਨ ਕਰ ਕੇ ਉਹ ਲੰਬੇ ਸਮੇਂ ਤੱਕ ਸਰਾਰੀ ਨੂੰ ਬਚਾਉਂਦੇ ਰਹੇ। ਇਸੇ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਵੱਲੋਂ ਪਹਿਲੇ ਦਿਨ ਤੋਂ ਫੌਜਾ ਸਿੰਘ ਸਰਾਰੀ ਕਾਂਗਰਸ ਦੇ ਮੁੱਦੇ 'ਤੇ ਆਵਾਜ਼ ਚੁੱਕੀ ਜਾ ਰਹੀ ਸੀ, ਪਰ ਮੁੱਖ ਮੰਤਰੀ ਭਗਵੰਤ ਮਾਨ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਚੋਣਾਂ ਕਰਕੇ ਬੋਲਣ ਲਈ ਤਿਆਰ ਨਹੀਂ ਸਨ ਕਿਉਂਕਿ ਉਸ ਵੇਲੇ ਕਿਸੇ 'ਆਪ' ਆਗੂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਪਾਰਟੀ ਤੋਂ ਬਾਹਰ ਕਰਨ ਦਾ ਸਿੱਧਾ ਅਸਰ ਚੋਣ ਪ੍ਰਚਾਰ 'ਤੇ ਪੈਣਾ ਸੀ। ਇਸ ਕਰਕੇ 'ਆਪ' ਨੇ ਆਪਣੇ ਮੰਤਰੀ ਨੂੰ ਬਚਾਉਣ ਦੀ ਬਾਹਰ ਨਹੀਂ ਕੀਤਾ। ਸ੍ਰੀ ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਕਾਂਗਰਸੀ ਮੰਤਰੀਆਂ ਖ਼ਿਲਾਫ਼ ਕੇਸ ਦਰਜ ਕਰਨ 'ਤੇ ਲੱਗੀ ਹੋਈ ਹੈ, ਜਦਕਿ ਸਭ ਤੋਂ ਪਹਿਲਾਂ 'ਆਪ' ਨੂੰ ਫੌਜਾ ਸਿੰਘ ਸਰਾਰੀ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਕਰਨੀ ਚਾਹੀਦੀ ਹੈ।

ਦੂਜੇ ਪਾਸੇ ਅਕਾਲੀ ਦਲ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਤੋਂ ਮੰਦਭਾਗਾ ਕੀ ਹੋ ਸਕਦਾ ਹੈ ਕਿ ਮੁੱਖ ਮੰਤਰੀ ਵੱਲੋਂ ਫਿਰੌਤੀਆਂ ਵਸੂਲਣ ਦੀ ਆਡੀਓ ਟੇਪ ਸਾਹਮਣੇ ਆਉਣ ਤੋਂ ਬਾਅਦ ਮਹੀਨਿਆਂ ਬੱਧੀ ਫੌਜਾ ਸਿੰਘ ਸਰਾਰੀ ਨਾਲ ਹਿੱਸੇਦਾਰੀ ਪਾਈ ਰੱਖਣ ਮਗਰੋਂ ਉਨ੍ਹਾਂ ਤੋਂ ਅਸਤੀਫਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਹੁਣ ਇਸ ਗੱਲ 'ਤੇ ਭਰੋਸਾ ਨਹੀਂ ਕਿ ਇਸ ਮਾਮਲੇ ਵਿੱਚ ਸੂਬਾ ਸਰਕਾਰ ਨਿਆਂ ਕਰੇਗੀ, ਇਸ ਲਈ ਇਸ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ 'ਆਪ' ਵੱਲੋਂ ਵਿਜੈ ਸਿੰਗਲਾ ਨੂੰ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਹੁਣ ਤੱਕ ਉਸ ਦਾ ਬਚਾਅ ਕਰਦੇ ਰਹੇ ਹਨ। ਮਜੀਠੀਆ ਨੇ ਕਿਹਾ ਕਿ 'ਆਪ' ਹੋਰਨਾਂ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਆਪਣੇ ਅੰਦਰਲੇ ਭ੍ਰਿਸ਼ਟਾਚਾਰ ਨੂੰ ਖਤਮ ਕਰੇ।

### ਸਮੇਂ ਤੋਂ ਪਹਿਲਾਂ ਹੀ ਡਿੱਗ ਜਾਵੇਗੀ ਸਰਕਾਰ: ਬਿੱਟੂ



**ਲੁਧਿਆਣਾ:** ਸੰਸਦ ਮੈਂਬਰ ਰਵਨੀਤ ਬਿੱਟੂ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੇ ਅਸਤੀਫੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਨੌਵੀਂ ਗੇਂਦ 'ਤੇ ਹੀ 'ਆਪ' ਸਰਕਾਰ ਨੂੰ ਦੂਜੀ ਵਿਕਟ ਵੀ ਡਿੱਗ ਗਈ ਹੈ। ਭਗਵੰਤ ਮਾਨ ਸਰਕਾਰ ਦੇ ਨੌਂ ਮਹੀਨਿਆਂ ਦਾ ਕਾਰਜਕਾਲ ਦੌਰਾਨ ਦੂਜੇ ਮੰਤਰੀ ਨੂੰ ਭ੍ਰਿਸ਼ਟਾਚਾਰ ਕਰਕੇ ਅਸਤੀਫਾ ਦੇਣਾ ਪਿਆ ਹੈ। ਇਸ ਤੋਂ ਪਹਿਲਾਂ ਵਿਜੈ ਸਿੰਗਲਾ ਤੋਂ ਵੀ ਭ੍ਰਿਸ਼ਟਾਚਾਰ ਕਰਕੇ ਹੀ ਅਸਤੀਫਾ ਲਿਆ ਗਿਆ ਸੀ। ਰਵਨੀਤ ਬਿੱਟੂ ਨੇ ਕਿਹਾ ਕਿ ਹਾਲਾਤ ਕਹਿ ਰਹੇ ਹਨ ਕਿ 'ਆਪ' ਸਰਕਾਰ ਦਾ ਕਾਰਜਕਾਲ ਟੀ-20 ਮੈਚ ਤੋਂ ਵੀ ਛੋਟਾ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਇਹ ਸਰਕਾਰ ਪੰਜ ਸਾਲ ਦਾ ਕਾਰਜਕਾਲ ਪੂਰਾ ਨਹੀਂ ਕਰੇਗੀ।

### ਸਰਾਰੀ ਦਾ ਅਸਤੀਫਾ ਭਾਜਪਾ ਦੀ ਜਿੱਤ: ਅਸ਼ਵਨੀ ਸ਼ਰਮਾ

ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੰਤਰੀ ਫੌਜਾ ਸਿੰਘ ਸਰਾਰੀ ਦੇ ਅਸਤੀਫੇ ਨੂੰ ਪਾਰਟੀ ਦੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸ਼ੁਰੂ ਤੋਂ ਹੀ ਕਹਿੰਦੀ ਆ ਰਹੀ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸਰਾਰੀ ਦੀ ਆਡੀਓ ਦੀ ਜਾਂਚ ਹੋਣੀ ਚਾਹੀਦੀ ਹੈ, ਪਰ ਭਗਵੰਤ ਮਾਨ ਸਰਕਾਰ ਨੇ ਆਪਣੇ ਮੰਤਰੀ ਨੂੰ ਬਚਾਉਣ ਲਈ ਛੇ ਮਹੀਨੇ ਦਾ ਸਮਾਂ ਲਿਆ ਅਤੇ ਹੁਣ ਜਦੋਂ ਸਿਆਸੀ ਦਬਾਅ ਵਧਿਆ ਤਾਂ ਉਸ 'ਤੋਂ ਅਸਤੀਫਾ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਛੇ ਮਹੀਨਿਆਂ ਦੌਰਾਨ ਫੌਜਾ ਸਿੰਘ ਸਰਾਰੀ ਨੇ ਹੋਰ ਕੀ-ਕੀ ਕੀਤਾ ਹੈ, ਇਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ।

# ਧਨ, ਤਨ ਤੇ ਮਨ ਨਾਲ ਸੇਵਾ ਕਰੇ ਸੰਗਤ: ਡਾ. ਦਵਿੰਦਰ ਸਿੰਘ

## ਬੜੂ ਸਾਹਿਬ ਕਲਗੀਧਰ ਸੁਸਾਇਟੀ ਨੇ ਗੁਰਦੁਆਰਾ ਪੈਲਾਟਾਈਨ ਵਿਖੇ ਫੰਡ ਰੇਜ਼ਿੰਗ ਪ੍ਰੋਗਰਾਮ ਕਰਵਾਇਆ

**ਸ਼ਿਕਾਗੋ:** ਬੜੂ ਸਾਹਿਬ ਕਲਗੀਧਰ ਸੁਸਾਇਟੀ ਵਲੋਂ **ਗੁਰਦੁਆਰਾ ਪੈਲਾਟਾਈਨ ਵਿਖੇ** ਫੰਡ ਇਕੱਠਾ ਕਰਨ ਲਈ ਕਰਵਾਏ ਸਮਾਗਮ ਦੌਰਾਨ ਡਾ. ਦਵਿੰਦਰ ਸਿੰਘ, ਜੋ 1991 ਤੋਂ ਬੜੂ ਸਾਹਿਬ ਨਾਲ ਜੁੜੇ ਹੋਏ ਹਨ, ਲੰਘੀ 31 ਦਸੰਬਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਆਏ ਅਤੇ



ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਦੱਸਣਯੋਗ ਹੈ ਕਿ ਡਾ. ਦਵਿੰਦਰ ਸਿੰਘ ਡਾਕਟਰੀ ਦਾ ਪੇਸ਼ਾ ਤਿਆਗ ਕੇ ਹੁਣ ਸਦਾ ਲਈ ਬੜੂ ਸਾਹਿਬ ਵਿਚ ਨਿਸ਼ਕਾਮ ਸੇਵਾ ਕਰ ਰਹੇ ਹਨ।

ਇਸ ਮੌਕੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਕਿਹਾ ਕਿ ਪਿਛਲੇ ਦਿਨੀਂ ਬੜੂ ਸਾਹਿਬ ਦੇ ਇਲਾਕੇ ਵਿਚ ਹੜ੍ਹ ਆ ਗਏ ਸਨ, ਜਿਸ ਕਰਕੇ ਬੜੂ ਸਾਹਿਬ ਦਾ ਕਰੋੜਾਂ ਦਾ ਨੁਕਸਾਨ ਹੋ ਗਿਆ ਹੈ। ਸੰਗਤ ਜਿੰਨਾ ਵੀ ਯੋਗਦਾਨ ਪਾ ਸਕਦੀ ਹੈ ਪਾਵੇ ਤਾਂ ਕਿ ਇਸ ਨੁਕਸਾਨ ਦੀ ਪੂਰਤੀ ਕੀਤੀ ਜਾ ਸਕੇ। ਉਨ੍ਹਾਂ ਡਾ. ਦਵਿੰਦਰ ਸਿੰਘ ਬਾਰੇ ਦੱਸਿਆ ਕਿ ਉਹ ਤੇ ਉਨ੍ਹਾਂ ਦੀ ਪਤਨੀ ਦੋਵੇਂ ਡਾਕਟਰ ਹਨ ਤੇ ਉਨ੍ਹਾਂ ਆਪਣਾ ਸਾਰਾ ਜੀਵਨ ਬੜੂ ਸਾਹਿਬ ਦੀ ਸੇਵਾ ਵਿਚ ਲਾ ਦਿੱਤਾ ਹੈ।

ਡਾ. ਦਵਿੰਦਰ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਮਹਾਪੁਰਖਾਂ ਵਲੋਂ ਚਲਾਏ ਪਰੋਪਕਾਰੀ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਾਬਾ ਇਕਬਾਲ ਸਿੰਘ ਜੀ ਨੇ ਅਧਿਆਤਮਕ ਤਾਮੀਲ ਤੇ ਇਲਮ ਸੰਤ ਤੇਜਾ ਸਿੰਘ ਜੀ ਕੋਲੋਂ ਲਿਆ ਸੀ। ਬਾਬਾ ਇਕਬਾਲ ਸਿੰਘ ਕਹਿੰਦੇ ਸਨ ਕਿ ਤੇਜਾ ਸਿੰਘ ਜੀ ਅਧਿਆਤਮਕ ਦੇ ਗੁੱਝੇ ਸਵਾਲ ਬੜੇ ਸਰਲ ਤਰੀਕੇ ਨਾਲ ਸਮਝਾ ਦਿੰਦੇ ਸਨ। ਡਾ. ਇਕਬਾਲ ਸਿੰਘ ਕਹਿੰਦੇ ਸਨ ਕਿ ਅਧਿਆਤਮਕ ਬਹੁਤ ਹੀ ਸਰਲ ਹੈ। ਇਕ ਲਾਈਨ ਵਿਚ ਹੀ ਗੱਲ ਸਮਝਾ ਦਿੱਤੀ ਕਿ ਅਧਿਆਤਮਕ ਜੀਵਨ ਜੀਊਣਾ ਹੈ ਤਾਂ ਹਉਮੈ ਨੂੰ ਕਾਬੂ ਕਰ ਲਵੋ। ਹਉਮੈ ਪੰਜ ਤਰ੍ਹਾਂ ਨਾਲ ਸਾਹਮਣੇ ਆਉਂਦੀ ਹੈ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਹਉਮੈ ਦੇ ਸੱਪ ਨੂੰ ਕਾਬੂ ਕਰ ਲਉ। ਜੇ ਇਹ ਬਾਹਰ ਨਿਕਲੇਗਾ, ਡੰਗ ਮਾਰੇਗਾ ਤਾਂ ਪੂਰਾ ਜੀਵਨ ਹੀ ਵਿਅਰਥ ਹੋ ਜਾਏਗਾ। ਇਸ ਨੂੰ ਕਾਬੂ ਕਰਨ ਦੇ ਦੋ ਤਰੀਕੇ ਮਹਾਪੁਰਖਾਂ ਨੇ ਦੱਸੇ ਹਨ। ਹਉਮੈ ਨੂੰ ਖਤਮ ਕਰਨ ਲਈ ਸਿੱਖੀ ਦੇ ਦੋ ਥੰਮ੍ਹ ਹਨ, ਸਿਮਰਨ ਤੇ ਸੇਵਾ, ਦੋਨੋਂ ਹੀ ਨਾਲ ਨਾਲ ਚਲਾਉਣੇ ਹਨ। ਕਈ ਕਹਿੰਦੇ ਹਨ ਸਿਮਰਨ ਜ਼ਰੂਰੀ ਹੈ, ਸੇਵਾ ਦੀ ਕੋਈ ਲੋੜ ਨਹੀਂ ਪਰ ਸਿਮਰਨ ਤੇ ਸੇਵਾ ਸਿੱਖੀ ਦੇ ਦੋ ਧੁਰੇ ਹਨ। ਸਿੱਖ ਫਿਲਾਸਫੀ ਦੇ ਅਧਿਆਤਮਕ ਦੇ ਦੋ ਤਰੀਕੇ ਹਨ। ਇਹ ਦੋਵੇਂ ਇਕੱਠੇ ਹੀ ਜ਼ਿੰਦਗੀ ਵਿਚ ਲਾਗੂ ਕਰਨੇ ਹਨ।

ਸਿਮਰਨ ਕਰਨਾ ਹੈ ਤਾਂ ਹਜ਼ੂਰੀ ਵਿਚ ਕਰਨਾ ਹੈ, ਪ੍ਰੇਮ ਨਾਲ ਕਰਨਾ ਹੈ। ਮੈਂ ਤੇ ਹੰਕਾਰ ਤੋਂ ਪਰ੍ਹੇ ਹਟ ਕੇ ਸਿਮਰਨ ਕਰਨਾ ਹੈ। ਜੇ ਮੈਂ ਖਤਮ ਨਹੀਂ ਹੋਵੇਗੀ ਤਾਂ ਸਿਮਰਨ ਅਧੂਰਾ ਰਹੇਗਾ। ਅਸੀਂ ਸਮਾਧੀ ਲਾਈ ਹੈ ਸਿਮਰਨ ਕਰ ਰਹੇ ਹਾਂ, ਜੇ ਮਨ ਭਟਕੇਗਾ ਤਾਂ ਸਿਮਰਨ ਦਾ ਲਾਭ ਨਹੀਂ, ਸਗੋਂ ਹਉਮੈ ਵਿਚ ਹੋਰ ਵਾਧਾ ਹੋ ਜਾਏਗਾ। ਇਸ ਦਾ ਇਲਾਜ ਹੈ ਕਿ ਨਾਲ ਸੇਵਾ ਵੀ ਕਰਨੀ ਹੈ। ਸੰਤ ਅਤਰ ਸਿੰਘ ਮਸਤੂਆਣਾ ਵਾਲੇ ਕਹਿੰਦੇ ਸਨ ਕਿ ਸੇਵਾ ਬਿਨਾਂ ਮਨ ਵਿਚ ਗਰੀਬੀ ਨਹੀਂ ਆ ਸਕਦੀ ਭਾਵੇਂ ਸਿਮਰਨ ਵਿਚ ਕਿੰਨਾ ਵੀ ਅਭਿਆਸੀ ਹੋਵੇ, ਜਿਨ੍ਹਾਂ ਵਿਚ ਮਨ ਵਿਚ ਗਰੀਬੀ, ਪ੍ਰੇਮ ਨਹੀਂ ਆਉਂਦਾ ਅਧਿਆਤਮਕ ਬਲ ਵਿਚ ਵਾਧਾ ਨਹੀਂ ਹੋਵੇਗਾ ਕਿਉਂਕਿ ਮੈਂ ਜਾਂ ਹਉਮੈ ਖਤਮ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਸੇਵਾ ਤਿੰਨ ਤਰ੍ਹਾਂ ਦੀ ਹੁੰਦੀ ਹੈ, ਪਹਿਲੀ ਧਨ ਦੀ ਸੇਵਾ, ਹਰ ਗੁਰਸਿੱਖ ਦਾ ਫਰਜ਼ ਹੈ ਦਸਵੰਧ ਕੱਢਣਾ। ਜੇ ਦਸਵੰਧ ਨਹੀਂ ਕੱਢਦਾ ਤਾਂ ਉਸ 'ਤੇ ਮਾਇਆ ਦੀ ਪਕੜ ਰਹੇਗੀ।

ਦੂਸਰੀ ਸੇਵਾ ਤਨ ਦੀ ਹੈ। ਤੁਹਾਡੇ ਕੋਲ ਜੋ ਵੀ ਕਾਬਲੀਅਤ ਹੈ ਜਾਂ ਕਿਸੇ ਵੀ ਕਿੱਤੇ ਵਿਚ ਤਜਰਬੇਕਾਰ ਹੋ, ਤਾਂ ਤੁਸੀਂ ਆਪਣੇ ਫੀਲਡ ਰਾਹੀਂ ਗਿਆਨ ਸਾਂਝਾ ਕਰ ਸਕਦੇ ਹੋ। ਉਸ ਨਾਲ ਸਰੀਰਕ ਤੌਰ 'ਤੇ ਸੇਵਾ ਕਰਨੀ ਹੈ। ਆਪਣੇ ਦਿਨ ਦੇ ਸਮੇਂ ਦਾ ਦਸਵੰਧ ਹਰ ਰੋਜ਼ ਮਨੁੱਖਤਾ ਦੀ ਸੇਵਾ ਵਿਚ ਲਾਈਏ। ਘੱਟੋ ਘੱਟ ਢਾਈ ਘੰਟੇ ਦਿਨ ਦੇ ਸੇਵਾ ਵਿਚ ਲਾਈਏ ਤੇ ਇਹ ਸੇਵਾ ਬਿਨਾਂ ਕਾਮਨਾ, ਬਿਨਾਂ ਲਾਲਚ ਦੇ, ਨਿਸ਼ਕਾਮ ਕਰਨੀ ਹੈ। ਜੇ ਸੇਵਾ ਕਰ ਕੇ ਜਤਾ ਦਿੱਤਾ ਕਿ ਸੇਵਾ ਕੀਤੀ ਹੈ ਤਾਂ ਸਮਝੋ ਅਸੀਂ ਆਪਣੇ ਹਉਮੈ ਨੂੰ ਹੀ ਪੱਠੇ ਪਾ ਰਹੇ ਹਾਂ।

ਤੀਸਰੀ ਸੇਵਾ ਮਨ ਦੀ ਹੈ, ਹਰ ਰੋਜ਼ ਸੇਵਾ ਸਿਮਰਨ ਕਰਨਾ ਹੈ। ਹਉਮੈ ਨੂੰ ਖਤਮ ਕਰਨਾ ਹੈ। ਜੇ ਮਨ ਅੰਦਰੋਂ 'ਮੈਂ' ਨਿਕਲੇਗੀ ਤਾਂ ਮਨ ਅੰਦਰ ਨਾਮ ਸਿਮਰਨ ਵਸੇਗਾ। ਹਉਮੈ ਦੀਆਂ ਵਿਸ਼ਾਲ ਲਹਿਰਾਂ ਨੂੰ ਪਛਾੜ ਕੇ ਆਪਣੇ ਆਪ ਦੀ ਵੱਖਰੀ ਪਛਾਣ ਬਣਾਉਣੀ ਹੈ। ਨਾਮ ਸਿਮਰਨ ਨਾਲ ਜੁੜਨਾ ਹੈ। ਜ਼ਿੰਦਗੀ ਦਾ ਦਸਵੰਧ ਸਿਮਰਨ ਤੇ





ਸੇਵਾ ਵਿਚ ਲਾਉਣਾ ਹੈ।

ਉਨ੍ਹਾਂ ਦੱਸਿਆ ਕਿ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਨੇ ਉਸ ਵੇਲੇ ਸਮਝ ਲਿਆ ਕਿ ਆਉਣ ਵਾਲਾ ਸਮਾਂ ਸਾਇੰਸ ਦਾ ਸਮਾਂ ਹੈ ਤੇ ਸਾਇੰਸ ਦੀ ਪੜ੍ਹਾਈ ਨੂੰ ਅਧਿਆਤਮਕ ਨਾਲ ਜੋੜਨ ਦੀ ਲੋੜ ਹੈ। ਸਮੇਂ ਦੀ ਲੋੜ ਹੈ ਬੱਚਿਆਂ ਨੂੰ ਸਾਇੰਸ ਦੇ ਨਾਲ ਅਧਿਆਤਮਕ ਸਿੱਖਿਆ ਵੀ ਦਿੱਤੀ ਜਾਵੇ। ਉਨ੍ਹਾਂ ਨੇ ਅਦੁੱਤੀ ਐਜੂਕੇਸ਼ਨ ਨੂੰ ਜਨਮ ਦਿੱਤਾ ਜਿਸ ਵਿਚ ਵਿਦਿਆਰਥੀ ਦੀ ਪੜ੍ਹਾਈ ਦੀ ਬੁਨਿਆਦ ਪੱਕੀ ਕਰਨ ਲਈ ਦੁਨਿਆਵੀ ਪੜ੍ਹਾਈ ਦੇ ਨਾਲ ਅਧਿਆਤਮਕ ਪੜ੍ਹਾਈ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ 1904 ਵਿਚ ਇਕ ਪੱਛੜੇ ਇਲਾਕੇ ਮਸਤੂਆਣਾ ਵਿਚ ਲੜਕੀਆਂ ਦਾ ਪਹਿਲਾ ਸਕੂਲ ਖੋਲ੍ਹਿਆ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਬੱਚੀਆਂ ਪੜ੍ਹ ਗਈਆਂ ਤਾਂ ਪਰਿਵਾਰ ਨੂੰ ਚੰਗੇ ਤਰੀਕੇ ਨਾਲ ਸੰਭਾਲਣਗੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੋਚ ਬਦਲ ਜਾਏਗੀ।

ਅਧਿਆਤਮਕ ਸਿੱਖਿਆ ਨਾਲ ਵਿਦਿਆਰਥੀਆਂ ਵਿਚ ਦਯਾ, ਸੰਤੋਖ ਤੇ ਸਬਰ ਆ ਜਾਏਗਾ ਤੇ ਦੁਨਿਆਵੀ ਪੜ੍ਹਾਈ ਵਿਚ ਵੀ ਵਿਦਿਆਰਥੀ ਅੱਗੇ ਹੋਵੇਗਾ। ਇਸੇ ਲਈ ਉਸ ਵੇਲੇ ਸੰਤ ਅਤਰ ਸਿੰਘ ਨੇ ਸੰਤ ਤੇਜਾ ਸਿੰਘ ਨੂੰ ਇੰਗਲੈਂਡ ਦੀ ਕੈਂਬਰਿਜ ਤੇ ਅਮਰੀਕਾ ਵਿਚ ਹਾਰਵਰਡ ਯੂਨੀਵਰਸਿਟੀ ਵਿਚੋਂ ਉਚ ਸਿੱਖਿਆ ਲੈਣ ਲਈ ਭੇਜਿਆ ਤਾਂ ਕਿ ਕੁਆਲਿਟੀ ਐਜੂਕੇਸ਼ਨ ਬੱਚਿਆਂ ਤੱਕ ਪਹੁੰਚ ਸਕੇ।

ਉਨ੍ਹਾਂ ਦੱਸਿਆ ਕਿ ਹੁਣ ਕਲਗੀਧਰ ਟਰੱਸਟ ਦੇ ਸਕੂਲਾਂ ਦੀ ਗਿਣਤੀ ਵਧ ਕੇ 129 ਤਕ ਪਹੁੰਚ ਚੁੱਕੀ ਹੈ, ਜਿਨ੍ਹਾਂ ਵਿਚ 6450 ਪਿੰਡਾਂ ਵਿਚੋਂ 70,000 ਬੱਚੇ ਪੜ੍ਹ ਰਹੇ ਹਨ। ਇਸ ਤੋਂ ਇਲਾਵਾ ਸੰਸਥਾ ਦੀਆਂ ਤਿੰਨ ਯੂਨੀਵਰਸਿਟੀਆਂ ਹਨ। 7000 ਬੱਚੇ ਮੁਫਤ ਪੜ੍ਹ ਰਹੇ ਹਨ, 15 ਹਜ਼ਾਰ ਅਸਿਸਟੈਡ ਐਜੂਕੇਸ਼ਨ ਲੈ ਰਹੇ ਹਨ। 70000 ਸਕਾਲਰਸ਼ਿਪ ਲੈ ਰਹੇ ਹਨ। ਇਹ ਸਭ ਸੰਗਤਾਂ ਹੀ ਸਪਾਂਸਰ ਕਰਦੀਆਂ ਹਨ। ਉਨ੍ਹਾਂ ਸੰਗਤ ਦਾ ਧੰਨਵਾਦ ਕੀਤਾ।

ਇਸ ਤੋਂ ਇਲਾਵਾ ਵਿਮੈੱਨ ਐਂਪਾਵਰਮੈਂਟ ਪ੍ਰੋਗਰਾਮ ਅਧੀਨ ਔਰਤ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਬੱਚੀਆਂ ਬੜੂ ਸਾਹਿਬ ਵਿਚ 4-6 ਸਾਲ ਵਿਚ ਪੜ੍ਹਾਈ ਪੂਰੀ ਕਰਦੀਆਂ ਹਨ। ਫਿਰ ਉਨ੍ਹਾਂ ਨੂੰ ਪਿੰਡਾਂ ਵਿਚ ਅਧਿਆਪਕ ਦੀ ਪੋਸਟ ਦਿੱਤੀ ਜਾਂਦੀ ਹੈ। ਕੇਂਦਰਾਂ ਵਿਚ ਨਸ਼ਾ ਛੁਡਾਊ ਪ੍ਰੋਗਰਾਮ ਚੱਲ ਰਹੇ ਹਨ। ਨਸ਼ਾ ਛੁਡਾਊ ਕੇਂਦਰ ਵਿਚ 6000 ਮਰੀਜ਼ ਇਲਾਜ ਕਰਵਾ ਰਹੇ ਹਨ। ਹਰ ਮਰੀਜ਼ 'ਤੇ 4000 ਡਾਲਰ ਦਾ ਖਰਚਾ ਹੈ।



ਉਨ੍ਹਾਂ ਕਿਹਾ ਕਿ ਜਿਸ ਮਜ਼ਹਬ ਦੇ ਬੱਚੇ ਸੰਭਲ ਜਾਣ, ਉਹ ਮਜ਼ਹਬ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ। ਇਸ ਲਈ ਆਓ ਪੰਥ ਦੇ ਬੱਚੇ ਸੰਭਾਲੀਏ। ਉਨ੍ਹਾਂ ਮਿਸਾਲ ਦਿੰਦਿਆਂ ਕਿਹਾ ਕਿ ਯਹੂਦੀਆਂ ਵਾਂਗ ਸਿੱਖ ਐਜੂਕੇਸ਼ਨ ਫੰਡ ਦੀ ਸਥਾਪਨਾ ਕਰ ਕੇ ਐਲਾਨ ਕਰੀਏ ਕਿ ਪੰਥ ਦਾ ਕੋਈ ਵੀ ਬੱਚਾ ਪੈਸੇ ਦੀ ਘਾਟ ਕਰਕੇ ਸਿੱਖਿਆ ਤੋਂ ਵਾਂਝਾ ਨਾ ਰਹੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਡਾ. ਦਵਿੰਦਰ ਸਿੰਘ ਨੂੰ ਸਿਰੋਪਾ ਭੇਟ ਕੀਤਾ ਗਿਆ।

ਸੰਸਥਾ ਨਾਲ ਸ਼ੁਰੂ ਤੋਂ ਜੁੜੇ ਰਵੀਦੀਪ ਮੁਕਤਾ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਗੁਰੂ ਘਰ ਪੈਲਾਟਾਈਨ ਦੀਆਂ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਸੰਨ 1994 ਤੋਂ ਲੈ ਕੇ ਹੁਣ ਤਕ ਬੜੂ ਸਾਹਿਬ, ਕਲਗੀਧਰ ਟਰੱਸਟ ਦੀ ਹਰ ਖੇਤਰ ਵਿਚ ਇਖਲਾਕੀ ਮਦਦ ਕੀਤੀ ਤੇ ਆਰਥਿਕ ਪੱਖੋਂ ਵੀ ਵੱਡਾ ਯੋਗਦਾਨ ਪਾਇਆ ਹੈ। ਮੇਜਰ ਗੁਰਚਰਨ ਸਿੰਘ ਝੱਜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਉਨ੍ਹਾਂ ਦੱਸਿਆ ਕਿ ਝੱਜ ਸਾਹਿਬ ਨੇ ਪਿਛਲੇ 35 ਸਾਲਾਂ ਤੋਂ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੂੰ ਭਰਵਾਂ ਸਹਿਯੋਗ ਦਿੱਤਾ ਹੈ। ਮੁਕਤਾ ਨੇ ਗੁਰਚਰਨ ਸਿੰਘ ਝੱਜ ਪਰਿਵਾਰ, ਜੈ ਦੇਵ (ਸੱਤੀ) ਭੱਠਲ, ਮਨਦੀਪ ਸਿੰਘ ਪੰਨੂ ਪਰਿਵਾਰ ਤੇ ਹੋਰ ਸਾਰੀ ਦਾਨੀ ਸੰਗਤ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਮੇਜਰ ਗੁਰਚਰਨ ਸਿੰਘ ਝੱਜ ਨੇ ਅਕਾਲ ਅਕੈਡਮੀ ਲਈ ਜ਼ਮੀਨ ਖਰੀਦ ਕੇ ਦਿੱਤੀ ਸੀ, ਜਿਸ ਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ।

ਰਵੀਦੀਪ ਮੁਕਤਾ ਨੇ ਦੱਸਿਆ ਕਿ ਜਿਹੜੇ ਬੱਚੇ ਪੜ੍ਹਾਈ ਦੀ ਫੀਸ ਨਹੀਂ ਦੇ ਸਕਦੇ, ਉਨ੍ਹਾਂ ਦੀ ਫੀਸ ਦਾ ਪ੍ਰਬੰਧ ਸਪਾਂਸਰ ਕਰਦੇ ਹਨ। ਜੇ ਸੰਗਤ ਇਕ ਜਾਂ ਵੱਧ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਰਲ-ਮਿਲ ਕੇ ਲੈ ਲਵੇ ਤਾਂ ਉਹ ਹੋਰ ਵੱਧ ਬੱਚੇ ਇਸ 'ਸਪਾਂਸਰ ਪ੍ਰੋਗਰਾਮ' ਅਧੀਨ ਸ਼ਾਮਲ ਕਰ ਸਕਦੇ ਹਨ। ਜੇ ਕੋਈ ਕਿਸੇ ਬੱਚੇ ਨੂੰ ਸਪਾਂਸਰ ਕਰਦਾ ਹੈ ਤਾਂ ਉਸਦੀ ਸਾਰੀ ਪੜ੍ਹਾਈ ਦੀ ਰਿਪੋਰਟ ਉਸ ਦਾਨੀ ਸੱਜਣ ਨੂੰ ਈ-ਮੇਲ ਰਾਹੀਂ ਭੇਜੀ ਜਾਂਦੀ ਹੈ। ਇਹ ਸੰਸਥਾ ਇਥੇ ਵੀ 501 ਸੀ ਨਾਲ ਰਜਿਸਟਰ ਹੈ। ਉਨ੍ਹਾਂ ਕਿਹਾ ਕਿ ਆਓ ਬਾਬਾ ਇਕਬਾਲ ਸਿੰਘ ਦੇ ਸੰਦੇਸ਼ 'ਬੱਚਾ ਪੜ੍ਹਾਓ, ਪੰਜਾਬ ਬਚਾਓ' ਵਿਚ ਹਿੱਸਾ ਪਾਈਏ।

**(ਬਾਕੀ ਅਗਲੇ ਸਫੇ 'ਤੇ)**

# ਮੇਜਰ ਗੁਰਚਰਨ ਸਿੰਘ ਝੱਜ ਵਲੋਂ ਸੰਗਤ ਦਾ ਧੰਨਵਾਦ

*(ਪਿਛਲੇ ਸਫੇ ਦੀ ਬਾਕੀ)*

ਲੰਘੇ ਐਤਵਾਰ ਮੇਜਰ ਗੁਰਚਰਨ ਸਿੰਘ ਝੱਜ ਨੇ ਬੜੂ ਸਾਹਿਬ ਕਲਗੀਧਰ ਸੁਸਾਇਟੀ ਨੂੰ ਦਿਲ ਖੋਲ੍ਹ ਕੇ ਦਾਨ ਦੇਣ 'ਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 31 ਦਸੰਬਰ ਨੂੰ ਬੜੂ ਸਾਹਿਬ ਤੋਂ ਡਾ. ਦਵਿੰਦਰ ਸਿੰਘ ਫੰਡ ਇਕੱਠਾ ਕਰਨ ਲਈ ਗੁਰਦੁਆਰਾ ਪੈਲਾਟਾਈਨ ਵਿਖੇ ਆਏ ਸਨ। ਸ਼ਿਕਾਗੋ ਦੀ ਸੰਗਤ ਹਮੇਸ਼ਾ ਹੀ ਆਪਣਾ ਤਿਲ ਫੁੱਲ ਜ਼ਰੂਰ ਪਾਉਂਦੀ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਗੁਰਦੁਆਰਾ ਪੈਲਾਟਾਈਨ ਦੀ ਸੰਗਤ ਨੇ ਸਾਰੇ ਅਮਰੀਕਾ ਦੀਆਂ ਸਟੇਟਾਂ ਨਾਲੋਂ ਵੱਧ ਫੰਡ ਮੁਹੱਈਆ ਕਰਵਾਇਆ ਹੈ। ਸ. ਝੱਜ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਹੁਣ ਤਕ 1 ਲੱਖ 5 ਹਜ਼ਾਰ ਡਾਲਰ ਇਕੱਠੇ ਹੋਏ ਹਨ। ਕਈ ਦਾਨੀ ਸੱਜਣ ਨਹੀਂ ਪਹੁੰਚ ਸਕੇ ਪਰ 4000 ਡਾਲਰ ਹੋਰ ਯੋਗਦਾਨ ਭੇਜਿਆ ਹੈ। ਉਨ੍ਹਾਂ ਨੇ ਸੰਸਥਾ ਬੜੂ ਸਾਹਿਬ, ਡਾ. ਦਵਿੰਦਰ ਸਿੰਘ ਤੇ ਆਪਣੇ ਵਲੋਂ ਸੰਗਤ ਤੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਉਹ ਲਗਪਗ 35 ਸਾਲਾਂ ਤੋਂ ਇਸ ਸੰਸਥਾ ਨਾਲ ਜੁੜੇ ਹੋਏ ਹਨ ਹਨ, ਜਦੋਂ ਅਜੇ ਅਕੈਡਮੀਆਂ ਬਣਾਉਣ ਦਾ ਕੰਮ ਸ਼ੁਰੂ ਹੀ ਹੋਇਆ ਸੀ। ਅੱਜ 129 ਅਕੈਡਮੀਆਂ ਤੇ 2 ਯੂਨੀਵਰਸਿਟੀਆਂ ਬਣ ਚੁੱਕੀਆਂ ਹਨ। ਲੜਕੀਆਂ ਨੂੰ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ, ਬੜੂ ਸਾਹਿਬ ਇਹ ਕੰਮ ਕਰ ਰਿਹਾ ਹੈ। ਬੜੂ ਸਾਹਿਬ ਵਲੋਂ 129 ਸਕੂਲ ਤੇ 2 ਯੂਨੀਵਰਸਿਟੀਆਂ ਨੂੰ ਚਲਾਉਣਾ ਸੌਖਾ ਕੰਮ ਨਹੀਂ। ਇਕ ਅਦਾਰੇ ਨੂੰ ਛੱਡ ਕੇ ਬਾਕੀ ਸਾਰੇ ਸਕੂਲ ਹੀ ਪਿੰਡਾਂ ਵਿਚ ਹਨ, ਜਿੱਥੇ 70 ਹਜ਼ਾਰ ਬੱਚਾ ਪੜ੍ਹ ਰਿਹਾ ਹੈ। ਇਕ ਬੱਚੇ ਦੀ ਪੜ੍ਹਾਈ 'ਤੇ ਸਾਲ ਵਿਚ 500 ਡਾਲਰ ਖਰਚਾ ਆਉਂਦਾ ਹੈ, ਜਿਸ ਵਿਚ ਬੱਚੇ ਦੀ ਯੂਨੀਫਾਰਮ, ਟਰਾਂਸਪੋਰਟ, ਕਿਤਾਬਾਂ, ਸਕੂਲ ਤੇ ਟਿਊਸ਼ਨ ਫੀਸ ਸ਼ਾਮਲ ਹੈ। ਜੇ ਕੋਈ 4000 ਡਾਲਰ ਸਪਾਂਸਰ ਕਰਦਾ ਹੈ ਤਾਂ ਉਸ ਨਾਲ ਇਕ ਬੱਚੇ ਦੀ ਪੂਰੀ ਪੜ੍ਹਾਈ, ਜਿਸ ਵਿਚ ਮੁਢਲੀ ਸਿੱਖਿਆ ਤੋਂ ਲੈ ਕੇ 14 ਸਾਲ ਤਕ ਦੀ ਪੜ੍ਹਾਈ ਸ਼ਾਮਲ ਹੈ, ਹੋ ਜਾਂਦੀ ਹੈ। ਇਸ ਤਰ੍ਹਾਂ ਜੇ ਇਕ ਬੱਚਾ ਆਪਣੀ ਪੜ੍ਹਾਈ ਪੂਰੀ ਕਰ ਲੈਂਦਾ ਹੈ ਤਾਂ ਉਸੇ ਫੰਡ ਨਾਲ ਨਵਾਂ ਦਾਖਲ ਹੋਇਆ ਬੱਚਾ ਸਿੱਖਿਆ ਲੈ ਸਕਦਾ ਹੈ। ਇਹ ਬੜੀ ਚੰਗੀ ਸਕੀਮ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਕਈ ਹੋਰ ਵੀ ਪੈਸੇ ਇਕੱਠੇ ਕਰਨ ਆਉਂਦੇ



ਹਨ ਪਰ ਬੜੂ ਸਾਹਿਬ ਤੇ ਪਿੰਗਲਾਵਾੜਾ ਸੰਸਥਾ ਮਨੁੱਖਤਾ ਦੀ ਉਤਮ ਸੇਵਾ ਕਰ ਰਹੀਆਂ ਹਨ।

ਸੋ ਝੱਜ ਨੇ ਕਿਹਾ, 'ਮੈਂ ਗੁਰਦੁਆਰਾ ਪੈਲਾਟਾਈਨ ਨਾਲ 1973 ਤੋਂ ਜੁੜਿਆ ਹੋਇਆ ਹਾਂ। ਉਸ ਵੇਲੇ ਬਹੁਤ ਥੋੜ੍ਹੀ ਸੰਗਤ ਹੁੰਦੀ ਸੀ। ਅਸੀਂ ਸਾਰਿਆਂ ਨੇ ਮਿਲ ਕੇ ਗੁਰਦੁਆਰਾ ਸਾਹਿਬ ਖੋਲ੍ਹਣ ਦਾ ਵਿਚਾਰ ਬਣਾਇਆ ਪਰ ਫੰਡਾਂ ਦੀ ਕਮੀ ਹੋਣ ਕਾਰਨ ਮੁਸ਼ਕਿਲਾਂ ਆ ਰਹੀਆਂ ਸਨ। ਪੱਕੇ ਤੌਰ 'ਤੇ ਬਣਾਉਣ ਲਈ ਗੁਰਦੁਆਰਾ ਸਾਹਿਬ ਦੀ ਇਹ ਹੁਣ ਵਾਲੀ ਜ਼ਮੀਨ ਖਰੀਦ ਕੇ ਗੁਰਦੁਆਰਾ ਸ਼ੁਰੂ ਕਰ ਦਿੱਤਾ। ਬੀਬੀ ਭਗਵੰਤ ਕੌਰ ਤੇ ਹੋਰਨਾਂ ਨੇ ਵੀ ਰਲ ਕੇ ਕੋਸ਼ਿਸ਼ ਸ਼ੁਰੂ ਕੀਤੀ। ਉਸ ਵੇਲੇ 200 ਦੇ ਕਰੀਬ ਸੰਗਤ ਨਵੀਂ ਸੀ, ਇਸ ਲਈ ਬੈਂਕ ਤੋਂ ਲੋਨ ਨਹੀਂ ਮਿਲ ਰਿਹਾ ਸੀ ਤੇ ਅਸੀਂ ਦਸਤਾਵੇਜ਼ ਸਾਈਨ ਕਰ ਕੇ ਦਿੱਤੇ ਕਿ ਕਿਸੇ ਤਰ੍ਹਾਂ ਦੀ ਡਿਫਾਲਟ ਲਈ ਅਸੀਂ ਜ਼ਿੰਮੇਵਾਰ ਹੋਵਾਂਗੇ। 14 ਏਕੜ ਵਿਚ ਵਸਿਆ ਅੱਜ ਇਹ ਮਿੱਡਵੈਸਟ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ। ਹੁਣ 25-26 ਸਾਲਾਂ ਬਾਅਦ ਕਾਫੀ ਮੁਰੰਮਤ ਹੋਣ ਵਾਲੀ ਹੈ। ਸੰਗਤਾਂ ਨੂੰ ਬੋਰਡ ਵਲੋਂ ਇਨ੍ਹਾਂ ਪ੍ਰੋਜੈਕਟਾਂ ਦੇ ਵੇਰਵੇ ਬਾਰੇ ਲੈਟਰ ਵੀ ਮਿਲੇ ਹੋਣਗੇ। 6-7 ਲੱਖ ਡਾਲਰ ਦਾ ਖਰਚਾ ਹੈ। ਇਸ ਲਈ ਆਪਣੇ ਦਸਵੰਧ ਵਿਚੋਂ ਇਸ ਕਾਰਜ ਲਈ ਹਿੱਸਾ ਕੱਢ ਕੇ ਪਾਓ।'

ਉਨ੍ਹਾਂ ਕਿਹਾ ਕਿ ਇੱਥੇ ਇਕ ਹੋਰ ਗੁੰਬਦ ਥੱਲੇ ਪਿਆ ਹੈ, ਜਿਸ ਬਾਰੇ ਕੁਝ ਲੋਕਾਂ ਦਾ ਕਹਿਣਾ ਸੀ ਕਿ ਠੇਕੇਦਾਰ ਨੂੰ ਪੈਸੇ ਨਾ ਮਿਲਣ ਕਾਰਨ ਉਸ ਨੇ ਇਹ ਕੰਮ ਮੁਕੰਮਲ ਨਹੀਂ ਸੀ ਕੀਤਾ ਪਰ ਝੱਜ ਸਾਹਿਬ ਨੇ ਸੰਗਤ ਨੂੰ ਸਪੱਸ਼ਟ ਕਰਦਿਆਂ ਦੱਸਿਆ ਕਿ ਜਿਹੜਾ ਇਹ ਗੁੰਬਦ ਲਾਇਆ ਗਿਆ ਹੈ ਉਸ ਦੀ ਸੇਵਾ ਉਨ੍ਹਾਂ ਦੇ ਪਰਿਵਾਰ ਨੇ ਲਈ ਸੀ। ਉਸ ਦਾ ਠੇਕੇਦਾਰ ਵੀ ਆਪਣੇ ਭਾਈਚਾਰੇ ਵਿਚੋਂ ਹੀ ਸੀ। ਉਸ ਸਮੇਂ ਠੇਕੇਦਾਰ ਕਹਿਣ ਲੱਗਾ ਕਿ ਉਸ ਕੋਲ ਪੈਸੇ ਨਹੀਂ ਹਨ ਸੋ ਅਸੀਂ ਉਸ 'ਤੇ ਭਰੋਸਾ ਕਰ ਕੇ 1 ਲੱਖ 50 ਹਜ਼ਾਰ ਡਾਲਰ ਦੇ ਦਿੱਤੇ, ਜਿਸ ਦੇ ਸਾਰੇ ਕਾਗਜ਼-ਪੱਤਰ ਉਨ੍ਹਾਂ ਕੋਲ ਪਏ ਹਨ, ਤੇ ਜੇ ਸੰਗਤ ਦਾ ਕੋਈ ਮੈਂਬਰ ਇਹ ਡਾਕੂਮੈਂਟ ਦੇਖਣਾ ਚਾਹੁੰਦਾ ਹੈ ਤਾਂ ਉਨ੍ਹਾਂ ਕੋਲੋਂ ਦੇਖ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੈਸੇ ਦੇਣ ਦੇ ਬਾਵਜੂਦ ਠੇਕੇਦਾਰ ਨੇ ਕੰਮ ਠੀਕ ਨਹੀਂ ਕੀਤਾ ਤੇ ਪੂਰਾ ਵੀ ਨਹੀਂ ਕੀਤਾ, ਜਿਸ ਕਰਕੇ ਬਿਲਡਿੰਗ ਦਾ ਹਿੱਸਾ ਲੀਕ ਕਰ ਗਿਆ। ਹੁਣ ਬਿਲਡਿੰਗ ਵਿਚ ਰਿਪੇਅਰ ਹੋਣ ਵਾਲੇ ਕਈ ਕੰਮ ਹਨ। ਇਸ ਲਈ ਸੰਗਤ ਨੂੰ ਬੇਨਤੀ ਹੈ ਕਿ ਜਿੰਨੀ ਵੀ ਆਰਥਿਕ ਮਦਦ ਕਰ ਸਕਦੇ ਹੋ ਕਰੋ ਤਾਂ ਕਿ ਇਹ ਸਭ ਠੀਕ ਕਰਵਾਇਆ ਜਾ ਸਕੇ।

ਸ. ਝੱਜ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 5 ਜਨਵਰੀ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣਾ ਚੰਗੀ ਗੱਲ ਹੈ। ਹਰ ਸਾਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਤਰੀਕ 'ਤੇ ਹੀ ਗੁਰਪੁਰਬ ਆਵੇਗਾ। ਉਨ੍ਹਾਂ ਨੇ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਪ੍ਰੋਜੈਕਟਾਂ ਵਿਚ ਯੋਗਦਾਨ ਪਾਉਣ ਦੀ ਮੁੜ ਅਪੀਲ ਕੀਤੀ।

# ਮੋਨਿਕਾ ਸਿੰਘ ਨੇ ਅਮਰੀਕਾ ਵਿਚ ਪਹਿਲੀ ਸਿੱਖ ਮਹਿਲਾ ਜੱਜ ਵਜੋਂ ਸਹੁੰ ਚੁੱਕੀ

**ਹਿਊਸਟਨ:** ਭਾਰਤੀ ਮੂਲ ਦੀ ਸਿੱਖ ਮਹਿਲਾ ਮਨਪ੍ਰੀਤ ਮੋਨਿਕਾ ਸਿੰਘ ਨੇ ਅਮਰੀਕਾ ਦੇ ਲਾਅ ਨੰਬਰ 4 ਵਿਚ ਹੈਰਿਸ ਕਾਊਂਟੀ ਸਿਵਲ ਕੋਰਟ ਵਿਚ ਇਕ ਜੱਜ ਦੇ ਰੂਪ ਵਿਚ ਸਹੁੰ ਚੁੱਕੀ ਅਤੇ ਅਹੁਦਾ ਸੰਭਾਲਿਆ। ਮੋਨਿਕਾ ਸਿੰਘ ਅਜਿਹੀ ਪਹਿਲੀ ਅਮਰੀਕੀ ਸਿੱਖ ਔਰਤ ਹੈ ਜੋ ਅਮਰੀਕਾ ਵਿਚ ਜੱਜ ਦੇ ਰੂਪ ਵਿਚ ਚੁਣੀ ਗਈ ਹੈ। ਮੋਨਿਕਾ ਦਾ ਕਹਿਣਾ ਹੈ ਕਿ ਇਕ ਜੱਜ ਦੇ ਰੂਪ ਵਿਚ ਮੇਰਾ ਚੁਣਿਆ ਜਾਣਾ ਸਿੱਖ ਭਾਈਚਾਰੇ ਲਈ ਬਹੁਤ ਅਹਿਮੀਅਤ ਰੱਖਦਾ ਹੈ।

ਮੋਨਿਕਾ ਦਾ ਜਨਮ ਅਤੇ ਪਾਲਣ ਪੋਸ਼ਣ ਹਿਊਸਟਨ ਵਿਚ ਹੋਇਆ ਸੀ ਅਤੇ ਹੁਣ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਬੇਲਾਇਰ ਵਿਚ ਰਹਿੰਦੀ ਹੈ। ਜਾਣਕਾਰੀ ਅਨੁਸਾਰ ਮੋਨਿਕਾ ਸਿੰਘ ਦੇ ਪਿਤਾ 1970 ਵਿਚ ਅਮਰੀਕਾ ਚਲੇ ਗਏ ਸਨ ਅਤੇ ਉਥੇ ਹੀ ਮੋਨਿਕਾ ਸਿੰਘ ਦਾ ਜਨਮ ਹੋਇਆ ਤੇ ਪੜ੍ਹਾਈ ਲਿਖਾਈ ਹੋਈ। ਮੋਨਿਕਾ ਸਿੰਘ ਕੋਲ 20 ਸਾਲ ਤੋਂ ਵੱਧ ਕੰਮ ਦਾ ਤਜਰਬਾ ਹੈ ਅਤੇ ਇਸ ਦੌਰਾਨ ਉਹ ਕਈ ਅਹੁਦਿਆਂ ਉਪਰ ਰਹੀ। ਅਮਰੀਕਾ ਵਿਚ ਅੰਦਾਜ਼ਨ 500,000 ਸਿੱਖ ਹਨ, ਜਿਨ੍ਹਾਂ ਵਿਚੋਂ 20,000 ਹਿਊਸਟਨ ਖੇਤਰ ਵਿਚ ਰਹਿੰਦੇ ਹਨ। ਮੋਨਿਕਾ ਦਾ ਕਹਿਣਾ ਹੈ ਕਿ ਜੱਜ ਵਜੋਂ ਉਨ੍ਹਾਂ ਦੀ ਚੋਣ ਸਿੱਖ ਭਾਈਚਾਰੇ ਲਈ ਬਹੁਤ ਮਾਇਨੇ ਰੱਖਦੀ ਹੈ। ਮਨਪ੍ਰੀਤ ਦੇ ਪਿਤਾ ਇਕ ਆਰਕੀਟੈਕਟ ਹਨ। 1970 ਦੇ ਦਹਾਕੇ ਦੇ ਸ਼ੁਰੂ ਵਿਚ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਮਰੀਕਾ ਚਲੇ ਗਏ। ਉਹ ਦੱਸਦੀ ਹੈ ਕਿ ਉਸ ਸਮੇਂ ਦੌਰਾਨ ਮੇਰੇ ਪਿਤਾ ਨੂੰ ਦਸਤਾਰਧਾਰੀ ਸਿੱਖ ਹੋਣ ਕਾਰਨ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਸਮੇਂ ਪਰਵਾਸੀਆਂ ਕੋਲ ਵਿਤਕਰੇ ਵਿਰੁੱਧ ਆਵਾਜ਼ ਉਠਾਉਣ ਲਈ ਕੋਈ ਪਲੇਟਫਾਰਮ ਨਹੀਂ ਸੀ। ਮੋਨਿਕਾ ਦਾ ਕਹਿਣਾ ਹੈ ਕਿ ਹੁਣ ਸਮਾਂ ਬਦਲ ਗਿਆ ਹੈ। ਮੇਰੇ ਭਰਾ ਨੂੰ ਵੀ ਸਕੂਲ ਵਿਚ ਧੱਕੇਸ਼ਾਹੀ ਕੀਤੀ ਗਈ ਸੀ, ਪਰ ਹੁਣ ਸਾਰੇ ਜਾਣਦੇ ਹਨ ਕਿ ਅਸੀਂ ਆਪਣੀ ਆਵਾਜ਼ ਉਠਾ ਸਕਦੇ ਹਾਂ। ਹਾਲਾਂਕਿ ਇਹ (ਭੇਦਭਾਵ) ਅਸਲ ਵਿਚ ਅਜੇ ਖਤਮ ਨਹੀਂ ਹੋਇਆ ਹੈ, ਅਸੀਂ ਸਾਰੇ ਅਜੇ ਵੀ ਕਿਸੇ ਨਾ ਕਿਸੇ ਪੱਧਰ ਦੇ ਵਿਤਕਰੇ ਵਿਚੋਂ ਲੰਘਦੇ ਹਾਂ।



# 'ਸਿਰਜਣਾ ਦੇ ਆਰ ਪਾਰ' ਪ੍ਰੋਗਰਾਮ ਵਿਚ ਡਾ. ਸੁਰਜੀਤ ਪਾਤਰ ਨੇ ਭਰੀ ਹਾਜ਼ਰੀ

**ਸਰੀ:** ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਸਾਂਝੇ ਯਤਨਾਂ ਨਾਲ ਮਹੀਨਾਵਾਰ 'ਸਿਰਜਣਾ ਦੇ ਆਰ ਪਾਰ' ਅੰਤਰਰਾਸ਼ਟਰੀ ਆਨਲਾਈਨ ਪ੍ਰੋਗਰਾਮ ਵਿਚ ਸਾਲ 2023 ਦੇ ਪਹਿਲੇ ਦਿਨ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।

ਇਹ ਜਾਣਕਾਰੀ ਦਿੰਦਿਆਂ ਪ੍ਰੋ. ਕੁਲਜੀਤ ਕੌਰ ਅਤੇ ਰਮਿੰਦਰ ਵਾਲੀਆ ਨੇ ਦੱਸਿਆ ਕਿ ਪ੍ਰੋਗਰਾਮ ਦੇ ਆਗਾਜ਼ ਵਿਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਅਸੀਂ ਬੜੇ ਖ਼ੁਸ਼ਕਿਸਮਤ ਹਾਂ ਕਿ ਨਵਾਂ ਸਾਲ ਡਾ. ਸੁਰਜੀਤ ਪਾਤਰ ਨਾਲ ਮਨਾ ਰਹੇ ਹਾਂ। ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਨੇ ਇਸ ਨੂੰ ਨਵੇਂ ਸਾਲ ਦੀ ਚੰਗੀ ਸ਼ੁਰੂਆਤ ਕਹਿੰਦਿਆਂ ਪਾਤਰ ਸਾਹਿਬ ਨੂੰ ਯੁੱਗ ਕਵੀ ਅਤੇ ਪੰਜਾਬੀ ਸਾਹਿਤ ਦਾ ਮਾਣ ਦੱਸਿਆ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਪ੍ਰਧਾਨ ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪਾਤਰ ਸਾਹਿਬ ਦੀ ਗ਼ਜ਼ਲ 'ਅਸਾਡੀ ਤੁਹਾਡੀ ਮੁਲਾਕਾਤ ਹੋਈ, ਜਿਵੇਂ ਬਲਦੇ ਜੰਗਲ 'ਤੇ ਬਰਸਾਤ ਹੋਈ' ਗਾ ਕੇ ਸਭ ਦਾ ਮਨ ਮੋਹ ਲਿਆ। ਉਨ੍ਹਾਂ ਨੇ ਪਾਤਰ ਸਾਹਿਬ ਦੀ ਸ਼ਾਇਰੀ ਨੂੰ ਹਰ ਉਮਰ, ਹਰ ਵਰਗ ਲਈ ਪ੍ਰੇਰਨਾਦਾਇਕ ਮੰਨਿਆ। ਸੁਰਜੀਤ ਪਾਤਰ ਦੀ ਜ਼ਿੰਦਗੀ, ਸ਼ਾਇਰੀ ਅਤੇ ਸਿਰਜਣਾਤਮਕ ਪਲਾਂ ਦੇ ਅਨੁਭਵ ਸਬੰਧੀ ਗੱਲਬਾਤ ਪ੍ਰੋ. ਕੁਲਜੀਤ ਕੌਰ ਨੇ ਬੜੇ ਦਿਲਚਸਪ ਅੰਦਾਜ਼ ਵਿਚ ਕੀਤੀ। ਉਨ੍ਹਾਂ ਪਾਤਰ ਸਾਹਿਬ ਦੇ



ਸਮੁੱਚੇ ਜੀਵਨ ਸਬੰਧੀ ਇਕ ਕਵਿਤਾ ਤੋਂ ਸ਼ੁਰੂਆਤ ਕਰਦਿਆਂ ਲੋਕ ਮਨਾਂ ਵਿਚ ਘਰ ਕਰ ਗਈਆਂ ਪਾਤਰ ਸਾਹਿਬ ਦੀਆਂ ਕੁਝ ਤੁਕਾਂ-

'ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ<br>
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ'<br>
'ਲੱਗੀ ਜੇ ਤੇਰੇ ਕਾਲਜੇ ਜੇ ਛੁਰੀ ਨਹੀਂ,<br>
ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ'<br>
'ਇੱਕ ਕੈਦ 'ਚੋਂ ਦੂਜੀ ਕੈਦ 'ਚ ਪੈ ਗਈ ਏਂ<br>
ਕੀ ਖੱਟਿਆ ਮਹਿੰਦੀ ਲਾ ਕੇ ਵੱਟਣਾ ਮਲ ਕੇ'

ਸੁਣਾ ਕੇ ਗੱਲਬਾਤ ਦਾ ਸਿਲਸਿਲਾ ਆਰੰਭ ਕੀਤਾ। ਸੁਰਜੀਤ ਪਾਤਰ ਨੇ ਸਭ ਦਰਸ਼ਕਾਂ ਨੂੰ ਨਵੇਂ ਵਰ੍ਹੇ ਦੀ ਵਧਾਈ ਦਿੰਦਿਆਂ ਆਪਣੇ ਕਾਵਿਕ ਸਫ਼ਰ ਦੇ ਆਰੰਭਲੇ ਦਿਨਾਂ ਵਿਚ ਆਪਣੇ ਮਾਤਾ ਪਿਤਾ ਤੋਂ ਮਿਲੇ ਪਿਆਰ, ਮਾਰਗ ਦਰਸ਼ਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਸਕੂਲੀ ਦਿਨਾਂ ਵਿਚ ਕਾਵਿ ਰਚਨਾ ਕਰਨ ਅਤੇ ਕਾਲਜ ਵਿਚ ਡਾ. ਸੁਰਜੀਤ ਸਿੰਘ ਸੇਠੀ ਵੱਲੋਂ ਦਿੱਤੇ ਉਤਸ਼ਾਹ ਬਾਰੇ ਦੱਸਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਹਾਸਲ ਕਰ ਕੇ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਖੇ ਨੌਕਰੀ ਕਰਨ ਅਤੇ ਆਪਣੀਆਂ ਕਾਵਿ ਪੁਸਤਕਾਂ ਬਿਰਖ ਅਰਜ਼ ਕਰੇ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਹਵਾ ਵਿਚ ਲਿਖੇ ਹਰਫ਼, ਸੂਰਜ ਮੰਦਰ ਦੀਆਂ ਪੌੜੀਆਂ, ਸਦੀ ਦੀਆਂ ਤਰਕਾਲਾਂ, ਚੰਨ ਸੂਰਜ ਦੀ ਵਹਿੰਗੀ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਉਨ੍ਹਾਂ ਆਪਣੇ ਕਾਵਿ ਨਾਇਕ ਵਿਚ ਪਿਆਰ, ਸੁਹਜ ਅਤੇ ਪ੍ਰਗਤੀ ਦੇ ਜਜ਼ਬੇ ਬਾਰੇ ਦੱਸਿਆ। ਰਾਜਸੀ ਚੇਤਨਾ ਵਾਲੇ ਕੁਝ ਕਾਵਿ ਰੂਪ ਸਾਂਝੇ ਕੀਤੇ। ਉਨ੍ਹਾਂ ਨੇ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ' ਗ਼ਜ਼ਲ ਗਾ ਕੇ ਸੁਣਾਈ। ਆਪਣੀ ਨਿੱਜੀ ਜ਼ਿੰਦਗੀ ਦੇ ਕੁਝ ਰੌਚਕ ਅਤੇ ਪ੍ਰੇਰਨਾਦਾਇਕ ਪਲ ਸਾਂਝੇ ਕਰਦਿਆਂ ਉਨ੍ਹਾਂ ਆਪਣੇ ਪੁੱਤਰ ਮਨਰਾਜ ਪਾਤਰ ਦੀ ਸੰਗੀਤਕ ਲਗਨ ਬਾਰੇ ਦੱਸਿਆ। ਇਸ ਦੌਰਾਨ ਮਨਰਾਜ ਪਾਤਰ ਵੱਲੋਂ ਰਿਕਾਰਡ ਕੀਤਾ ਗੀਤ 'ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ' ਸਭ ਨੇ ਸੁਣਿਆ ਅਤੇ ਮਾਣਿਆ।

ਪ੍ਰਸਿੱਧ ਪੰਜਾਬੀ ਲੇਖਿਕਾ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਸਰਪ੍ਰਸਤ ਸੁਰਜੀਤ ਕੌਰ ਟੋਰਾਂਟੋ ਨੇ ਸੁਰਜੀਤ ਪਾਤਰ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀ ਸਾਹਿਤਕ ਦੇਣ ਅਤੇ ਸੁਭਾਅ ਵਿਚਲੀ ਸਹਿਜਤਾ ਅਤੇ ਸੰਵੇਦਨਾ ਬਾਰੇ ਗੱਲ ਕੀਤੀ। ਉਨ੍ਹਾਂ ਦੀਆਂ ਲਿਖਤਾਂ ਨੂੰ ਵਿਦਿਆਰਥੀਆਂ ਅੰਦਰ ਨਵੀਂ ਚੇਤਨਾ ਪੈਦਾ ਕਰਨ ਵਾਲੀਆਂ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਹਰ ਪਾਠਕ ਵਰਗ ਨੇ ਹਰਮਨ ਪਿਆਰੇ ਕਵੀ ਪ੍ਰਵਾਨ ਕੀਤਾ ਹੈ। ਪਿਆਰਾ ਸਿੰਘ ਕੁੱਦੋਵਾਲ (ਮੁੱਖ ਸਲਾਹਕਾਰ ਅੰਤਰਰਾਸ਼ਟਰੀ ਸਾਹਿਤਕ ਸਾਂਝਾ) ਨੇ ਨਵੇਂ ਵਰ੍ਹੇ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਪਾਤਰ ਸਾਹਿਬ ਦਾ ਦਿਲੀ ਧੰਨਵਾਦ ਕੀਤਾ। ਉਨ੍ਹਾਂ ਅਮਰੀਕਾ ਵਿਚ ਪਾਤਰ ਸਾਹਿਬ ਨਾਲ ਜੁੜੀਆਂ ਸਾਹਿਤਕ ਯਾਦਾਂ ਸਾਂਝੀਆਂ ਕੀਤੀਆਂ ਅਤੇ ਕਿਹਾ ਸੁਰਜੀਤ ਪਾਤਰ ਪੰਜਾਬੀ ਕਾਵਿ ਨੂੰ ਵਿਸ਼ਵ ਪੱਧਰ ਦੀ ਕਵਿਤਾ ਦੇ ਹਾਣੀ ਬਣਾਉਣ ਵਾਲੇ ਮਹਾਂ ਕਵੀ ਹਨ। ਇਸ ਪ੍ਰੋਗਰਾਮ ਵਿਚ ਓਂਟਾਰੀਓ ਫਰੈਂਡਜ਼ ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ ਨੇ ਪਾਤਰ ਸਾਹਿਬ, ਅੰਤਰਰਾਸ਼ਟਰੀ ਸਾਹਿਤਕ ਸਾਂਝਾ ਅਤੇ ਪੰਜਾਬ ਸਾਹਿਤ ਅਕਾਦਮੀ ਦੀ ਟੀਮ ਨੂੰ ਇਸ ਯਤਨ ਲਈ ਵਧਾਈ ਦਿੱਤੀ। ਪ੍ਰੋ. ਜਾਗੀਰ ਸਿੰਘ ਕਾਹਲੋਂ, ਡਾ. ਰਵਿੰਦਰ ਭਾਟੀਆ, ਹਰਦਿਆਲ ਸਿੰਘ ਝੀਤਾ, ਪ੍ਰਿੰਸੀਪਲ ਅਰਮਾਨ ਪ੍ਰੀਤ, ਜੋਤੀ ਮਾਂਗਟ, ਸਤਿੰਦਰ ਕੌਰ ਕਾਹਲੋਂ, ਰਾਜਬੀਰ ਗਰੇਵਾਲ, ਨਿਰਵੈਰ ਸਿੰਘ ਅਰੋੜਾ ਆਦਿ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਦੇਸ਼ ਵਿਦੇਸ਼ ਤੋਂ ਇਸ ਪ੍ਰੋਗਰਾਮ ਵਿਚ ਭਾਗ ਲਿਆ। ਮਾਡਰੇਟਰ ਪ੍ਰੋ. ਕੁਲਜੀਤ ਕੌਰ ਦਾ ਰੂਬਰੂ ਕਰਨ ਦਾ ਅੰਦਾਜ਼ ਬਹੁਤ ਖ਼ੂਬਸੂਰਤ ਤੇ ਵਿਲੱਖਣ ਰਿਹਾ।




Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

# ਪੰਜਾਬ ਵਿਚ ਅਫਸਰਸ਼ਾਹੀ ਨੇ ਬਗਾਵਤ ਦਾ ਝੰਡਾ ਚੁੱਕਿਆ

**ਚੰਡੀਗੜ੍ਹ:** ਪੰਜਾਬ ਦੀ ਅਫਸਰਸ਼ਾਹੀ ਸਰਕਾਰ ਖ਼ਿਲਾਫ਼ ਬਗਾਵਤ ਦੇ ਰਾਹ ਪੈ ਗਈ ਹੈ। ਵਿਜੀਲੈਂਸ ਬਿਊਰੋ ਵੱਲੋਂ ਪੀ.ਸੀ.ਐੱਸ. ਨਰਿੰਦਰ ਸਿੰਘ ਧਾਲੀਵਾਲ ਤੇ ਆਈ.ਏ.ਐਸ. ਅਧਿਕਾਰੀ ਨੀਲਿਮਾ ਖ਼ਿਲਾਫ਼ ਕੀਤੀ ਕਾਰਵਾਈ ਸੂਬਾ ਸਰਕਾਰ ਲਈ ਮੁਸੀਬਤ ਬਣ ਗਈ ਹੈ। ਵਿਜੀਲੈਂਸ ਦੀ ਕਾਰਵਾਈ ਵਿਰੁੱਧ ਆਈ.ਏ.ਐੱਸ. ਤੇ ਪੀ.ਸੀ.ਐੱਸ. ਜਥੇਬੰਦੀ ਵੱਲੋਂ ਸਮੂਹਿਕ ਛੁੱਟੀ ਉਤੇ ਜਾਣ ਬਾਅਦ ਜ਼ਿਲ੍ਹਾ ਮਾਲ ਅਫਸਰਾਂ, ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ, ਸਬ ਰਜਿਸਟਰਾਰ, ਜੁਆਇੰਟ ਸਬ ਰਜਿਸਟਰਾਰ, ਡੀ.ਸੀ. ਦਫਤਰ ਕਾਮਿਆਂ, ਪਟਵਾਰੀਆਂ ਅਤੇ ਕਾਨੂੰਗੋਆਂ ਵੱਲੋਂ ਵੀ ਸਮੂਹਿਕ ਛੁੱਟੀ ਉੱਤੇ ਜਾਣ ਨਾਲ ਸੂਬਾ ਭਰ 'ਚ ਮਾਲ ਵਿਭਾਗ ਦਾ ਕੰਮ ਠੱਪ ਹੋ ਗਿਆ ਹੈ।

ਹੜਤਾਲ ਕਾਰਨ ਜਿਥੇ ਆਮ ਲੋਕਾਂ ਦੇ ਕੰਮ ਰੁਕ ਗਏ ਹਨ, ਉਥੇ ਸਰਕਾਰ ਦੇ ਹੋਰ ਬਹੁਤ ਹੀ ਮਹੱਤਵਪੂਰਨ ਕੰਮ ਵੀ ਲਟਕ ਗਏ ਹਨ। ਦੱਸ ਦਈਏ ਕਿ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਆਈ.ਏ.ਐਸ. ਅਧਿਕਾਰੀ ਨੀਲਿਮਾ ਖ਼ਿਲਾਫ਼ ਕੇਸ ਦਰਜ ਕੀਤੇ ਜਾਣ ਤੋਂ ਸੂਬੇ ਦੀ ਅਫ਼ਸਰਸ਼ਾਹੀ ਵਿਚ ਖ਼ੌਫ਼ ਦਾ ਮਾਹੌਲ ਬਣ ਗਿਆ ਹੈ। ਬੇਸ਼ੱਕ 2008 ਬੈਚ ਦੀ ਆਈ.ਏ.ਐੱਸ. ਅਧਿਕਾਰੀ ਨੀਲਿਮਾ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ ਪਰ ਨੌਕਰਸ਼ਾਹੀ ਵਿਚ ਇਸ ਕਾਰਵਾਈ ਮਗਰੋਂ ਚਰਚਾ ਸ਼ੁਰੂ ਹੋ ਗਈ ਹੈ। 'ਆਪ' ਸਰਕਾਰ ਵੱਲੋਂ ਪਹਿਲਾਂ ਆਈ.ਏ.ਐੱਸ. ਅਧਿਕਾਰੀ ਸੰਜੇ ਪੋਪਲੀ 'ਤੇ ਕੇਸ ਦਰਜ ਕੀਤਾ ਗਿਆ ਸੀ ਅਤੇ ਉਸ ਮਗਰੋਂ ਸੰਜੇ ਪੋਪਲੀ ਨੂੰ



ਗ੍ਰਿਫ਼ਤਾਰ ਵੀ ਕਰ ਲਿਆ ਗਿਆ ਸੀ।

ਮਹਿਲਾ ਅਧਿਕਾਰੀ ਨੀਲਿਮਾ ਦੂਸਰੀ ਆਈ.ਏ.ਐਸ. ਅਧਿਕਾਰੀ ਹੈ ਜਿਸ 'ਤੇ ਵਿਜੀਲੈਂਸ ਨੇ ਕੇਸ ਦਰਜ ਕੀਤਾ ਹੈ। ਆਈ.ਏ.ਐਸ. ਨੀਲਿਮਾ ਖ਼ਿਲਾਫ਼ ਕਾਰਵਾਈ ਤੋਂ ਪਿੱਛੋਂ ਆਈ.ਏ.ਐਸ. ਅਫ਼ਸਰਾਂ ਦੀ ਐਸੋਸੀਏਸ਼ਨ ਹਰਕਤ ਵਿਚ ਆ ਗਈ ਹੈ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੇ 10 ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਕਾਰਪੋਰੇਸ਼ਨ ਨੇ ਇਕ ਸਨਅਤੀ ਪਲਾਟ ਨੂੰ ਇਕ ਡਿਵੈਲਪਰ ਕੰਪਨੀ ਨੂੰ ਤਬਦੀਲ ਕਰਕੇ ਪਲਾਟ ਕੱਟ ਕੇ ਟਾਊਨਸ਼ਿਪ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਅਧਿਕਾਰੀ ਨੀਲਿਮਾ ਉਸ ਵਕਤ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੀ ਐਮ.ਡੀ. ਸੀ। ਵਿਜੀਲੈਂਸ ਨੇ ਇਸ ਮਾਮਲੇ ਵਿਚ ਸੱਤ ਅਧਿਕਾਰੀ ਗ੍ਰਿਫ਼ਤਾਰ ਵੀ ਕਰ ਲਏ ਹਨ। ਆਈ.ਏ.ਐਸ. ਲਾਬੀ ਨੀਲਿਮਾ ਖ਼ਿਲਾਫ਼ ਕਾਰਵਾਈ ਨੂੰ ਲੈ ਕੇ ਸਰਕਾਰ ਨਾਲ ਨਾਰਾਜ਼ ਹੋ ਗਈ ਹੈ। ਕਈ ਅਧਿਕਾਰੀਆਂ ਨੇ ਇਸ ਐਫ.ਆਈ.ਆਰ. 'ਤੇ ਉਂਗਲ ਵੀ ਖੜ੍ਹੀ ਕੀਤੀ ਹੈ। ਅਧਿਕਾਰੀ ਸਵਾਲ ਕਰ ਰਹੇ ਹਨ ਕਿ ਮਹਿਲਾ ਅਧਿਕਾਰੀ ਖ਼ਿਲਾਫ਼ ਪੜਤਾਲ ਅਤੇ ਕੇਸ ਦਰਜ ਕਰਨ ਤੋਂ ਪਹਿਲਾਂ ਭ੍ਰਿਸ਼ਟਾਚਾਰ ਰੋਕੂ (ਸੋਧ) ਐਕਟ ਦੀ ਧਾਰਾ 17 ਏ ਤਹਿਤ ਇਜਾਜ਼ਤ ਜ਼ਰੂਰੀ ਸੀ। ਵਿਜੀਲੈਂਸ ਦੇ ਉੱਚ ਅਧਿਕਾਰੀ ਆਖਦੇ ਹਨ ਕਿ ਇਸ ਮਾਮਲੇ ਵਿਚ ਪ੍ਰਵਾਨਗੀ ਲੈਣ ਦੀ ਕੋਈ ਜ਼ਰੂਰਤ ਨਹੀਂ ਸੀ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਉਕਤ ਘਪਲੇ ਨਾਲ ਸਬੰਧਤ ਰਿਕਾਰਡ ਦੀ ਮੰਗ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਕੋਲੋਂ ਕੀਤੀ ਸੀ ਪਰ ਰਿਕਾਰਡ ਕਾਫੀ ਦੇਰੀ ਨਾਲ ਸੌਂਪਿਆ ਗਿਆ। ਵਿਜੀਲੈਂਸ ਮੁਖੀ ਵੱਲੋਂ ਇਹ ਮਾਮਲਾ ਮੁੱਖ ਸਕੱਤਰ ਕੋਲ ਵੀ ਉਠਾਇਆ ਗਿਆ ਸੀ। ਮੁੱਖ ਸਕੱਤਰ ਨੇ ਵਿਭਾਗ ਨੂੰ ਸਬੰਧਤ ਫਾਈਲਾਂ ਜਾਂਚ ਏਜੰਸੀ ਨੂੰ ਸੌਂਪਣ ਦੀ ਹਦਾਇਤ ਵੀ ਕੀਤੀ ਸੀ। ਪ੍ਰਸ਼ਾਸਨਿਕ ਹਲਕਿਆਂ 'ਚ ਇਹ ਵੀ ਚਰਚਾ ਹੈ ਕਿ 'ਆਪ' ਸਰਕਾਰ ਉੱਚ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਨੂੰ ਲੈ ਕੇ ਸਭ ਨੂੰ ਇਕੋ ਨਜ਼ਰਾਂ ਨਾਲ ਨਹੀਂ ਦੇਖ ਰਹੀ। ਹਲਕਿਆਂ 'ਚ ਕਿਹਾ ਜਾ ਰਿਹਾ ਹੈ ਕਿ ਜਿਨ੍ਹਾਂ ਅਧਿਕਾਰੀਆਂ 'ਤੇ ਪੜਤਾਲਾਂ ਵਿਚ ਉਂਗਲ ਉੱਠੀ ਹੈ, ਉਨ੍ਹਾਂ ਖ਼ਿਲਾਫ਼ ਕਾਰਵਾਈ ਤੋਂ ਸਰਕਾਰ ਨੇ ਚੁੱਪ ਵੱਟ ਲਈ ਹੈ। ਪੰਜਾਬ ਦੇ ਹੋਰ ਆਈ.ਏ.ਐਸ. ਅਧਿਕਾਰੀ ਵੀ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਰਡਾਰ 'ਤੇ ਵੀ ਹਨ।

ਈ.ਡੀ. ਦੀ ਟੀਮ ਨੇ ਆਈ.ਏ.ਐਸ. ਅਧਿਕਾਰੀ ਵਰੁਣ ਰੂਜ਼ਮ ਦੀ ਰਿਹਾਇਸ਼ 'ਤੇ ਛਾਪਾ ਵੀ ਮਾਰਿਆ ਸੀ ਅਤੇ ਇਸੇ ਤਰ੍ਹਾਂ ਸੀਨੀਅਰ ਆਈ.ਏ.ਐਸ. ਅਧਿਕਾਰੀ ਕੇਏਪੀ ਸਿਨਹਾ ਤੋਂ ਵੀ ਇਕ ਮਾਮਲੇ 'ਚ ਈਡੀ ਦੇ ਅਧਿਕਾਰੀਆਂ ਨੇ ਪੁੱਛ-ਪੜਤਾਲ ਕੀਤੀ ਸੀ।

## ਮਹਿਲਾ ਆਈ.ਏ.ਐਸ. ਅਫਸਰ ਦੀ ਗ੍ਰਿਫਤਾਰੀ ਦੇ ਹੁਕਮ

**ਚੰਡੀਗੜ੍ਹ:** ਕੌਮੀ ਕਮਿਸ਼ਨ ਫਾਰ ਸ਼ਡਿਊਲਡ ਕਾਸਟ (ਕੌਮੀ ਐਸ.ਸੀ. ਕਮਿਸ਼ਨ) ਦੇ ਕੋਰਟ ਅਫਸਰ ਨੇ ਪੰਜਾਬ ਦੇ ਪ੍ਰਿੰਸੀਪਲ ਸਕੱਤਰ (ਸਕੂਲ ਸਿੱਖਿਆ) ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਦਿਆਂ ਸੂਬੇ ਦੇ ਡੀ.ਜੀ.ਪੀ. ਨੂੰ ਹੁਕਮ ਦਿੱਤੇ ਹਨ ਕਿ ਆਈ.ਏ.ਐਸ. ਅਧਿਕਾਰੀ ਜਸਪ੍ਰੀਤ ਕੌਰ ਤਲਵਾੜ ਨੂੰ ਗ੍ਰਿਫਤਾਰ ਕਰਕੇ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦੀ ਨਵੀਂ ਦਿੱਲੀ ਕਮਿਸ਼ਨ ਹੈੱਡਕੁਆਰਟਰ ਸਥਿਤ ਅਦਾਲਤ ਵਿਚ 17 ਜਨਵਰੀ ਨੂੰ ਸਵੇਰੇ 11 ਵਜੇ ਪੇਸ਼ ਕੀਤਾ ਜਾਵੇ। ਕਮਿਸ਼ਨ ਅਨੁਸਾਰ ਸਾਲ 2010 ਵਿਚ ਜੂਨੀਅਰ ਅਤੇ ਜਨਰਲ ਕੈਟਾਗਰੀ ਦੇ ਪ੍ਰਿੰਸੀਪਲਾਂ ਨੂੰ ਸਿੱਖਿਆ ਅਧਿਕਾਰੀ/ਪ੍ਰਿੰਸੀਪਲ ਵਜੋਂ ਨਿਯੁਕਤ ਕਰਨ ਦੇ ਮਾਮਲੇ ਵਿਚ ਸੁਣਵਾਈ ਲਈ ਸੰਮਨ ਦੀ ਤਾਮੀਲ ਹੋਣ ਦੇ ਬਾਵਜੂਦ ਪ੍ਰਿੰਸੀਪਲ ਸਕੱਤਰ (ਸਕੂਲ ਸਿੱਖਿਆ) ਜਸਪ੍ਰੀਤ ਤਲਵਾੜ ਸੁਣਵਾਈ ਦੌਰਾਨ ਹਾਜ਼ਰ ਨਹੀਂ ਹੋਏ ਸਨ।

# ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਤੋਂ ਪਰਵਾਸੀ ਭਾਰਤੀ ਦੁਖੀ: ਬਲਕੌਰ ਸਿੰਘ



**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਵਿਦੇਸ਼ਾਂ 'ਚ ਵੱਸਦੇ ਪਰਵਾਸੀ ਭਾਰਤੀਆਂ ਨੂੰ ਸਭ ਤੋਂ ਵੱਧ ਚਿੰਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਵੇਖ ਕੇ ਚਿਰਾਂ ਤੋਂ ਵਿਦੇਸ਼ਾਂ 'ਚ ਰਹਿ ਰਹੇ ਲੋਕਾਂ ਨੂੰ ਸੂਬੇ ਵਿਚ ਫਿਰ ਕਾਲੇ ਬੱਦਲ ਮੰਡਰਾਉਂਦੇ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਵੱਲੋਂ ਮੰਗੀਆਂ ਜਾ ਰਹੀਆਂ ਫਿਰੌਤੀਆਂ ਅਤੇ ਲਗਾਤਾਰ ਹੋ ਰਹੇ ਕਤਲਾਂ ਕਾਰਨ ਪਰਵਾਸੀ ਭਾਰਤੀ ਹੁਣ ਪੰਜਾਬ ਆਉਣ ਤੋਂ ਡਰਨ ਲੱਗੇ ਹਨ।

ਉਹ 16 ਦਿਨਾਂ ਬਾਅਦ ਬਰਤਾਨੀਆ ਦੇ ਦੌਰੇ ਤੋਂ ਪਰਤਣ ਮਗਰੋਂ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਪਿੰਡ ਮੂਸਾ ਵਿਚ ਸੰਬੋਧਨ ਕਰ ਰਹੇ ਸਨ। ਉਨ੍ਹਾਂ ਗੈਂਗਸਟਰਾਂ ਵੱਲੋਂ ਨਾਬਾਲਗਾਂ ਨੂੰ ਗਲਤ ਕੰਮ ਕਰਨ ਲਈ ਲੁਭਾਉਣ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿਸ ਸਰਕਾਰ ਨੂੰ ਚੁਣ ਕੇ ਭੇਜਿਆ ਹੈ, ਉਹ ਵੀ ਕਤਲੋ-ਗਾਰਤ 'ਤੇ ਚੁੱਪ ਧਾਰੀ ਬੈਠੀ ਹੈ। ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਲਾਰੈਂਸ ਬਿਸ਼ਨੋਈ ਖ਼ਿਲਾਫ਼ 100 ਕੇਸ ਦਰਜ ਹਨ, ਪਰ ਅੱਜ ਤੱਕ ਉਨ੍ਹਾਂ ਨੂੰ ਇਕ ਵੀ ਕੇਸ ਵਿਚ ਸਜ਼ਾ ਨਹੀਂ ਹੋਈ ਅਤੇ ਨਾ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵਰਤੇ ਜਾ ਰਹੇ ਨਸ਼ੇ ਅਤੇ ਬਾਹਰੋਂ ਆ ਰਹੇ ਹਥਿਆਰਾਂ ਨੂੰ ਵਿਦੇਸ਼ੀ ਸ਼ਕਤੀਆਂ 'ਤੇ ਥੋਪਣਾ ਹੁਣ ਹਾਸੋਹੀਣਾ ਜਾਪਣ ਲੱਗਿਆ ਹੈ।

# ਸੀਤ ਲਹਿਰ ਨੇ ਠਾਰਿਆ ਪੰਜਾਬ, 20 ਸਾਲਾਂ ਦਾ ਰਿਕਾਰਡ ਟੁੱਟਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੀ ਠੰਢ ਨੇ ਪਿਛਲੇ 20 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਦੋਵਾਂ ਸੂਬਿਆਂ ਵਿਚ ਸੰਘਣੀ ਧੁੰਦ ਪਈ ਤੇ ਸੀਤ ਲਹਿਰ ਦਾ ਕਹਿਰ ਜਾਰੀ ਹੈ, ਜਿਸ ਨੇ ਆਮ ਜਨਜੀਵਨ ਪ੍ਰਭਾਵਿਤ ਕੀਤਾ।



ਇਸ ਦੇ ਨਾਲ ਹੀ ਸੰਘਣੀ ਧੁੰਦ ਕਰਕੇ ਦਿਸਣ ਹੱਦ ਆਮ ਦੇ ਮੁਕਾਬਲੇ ਬਹੁਤ ਘੱਟ ਰਹੀ ਹੈ, ਜਿਸ ਕਰਕੇ ਲੋਕਾਂ ਨੂੰ ਵਾਹਨ ਚਲਾਉਣ ਸਮੇਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਵਿਚ ਗੁਰਦਾਸਪੁਰ ਸਭ ਤੋਂ ਠੰਢਾ ਸ਼ਹਿਰ ਰਿਹਾ ਹੈ, ਜਿੱਥੇ ਘੱਟੋ-ਘੱਟ ਤਾਪਮਾਨ 2.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਪੰਜਾਬ ਦੇ ਅੱਧਾ ਦਰਜਨ ਜ਼ਿਲ੍ਹਿਆਂ ਵਿਚ ਤਾਪਮਾਨ 11 ਡਿਗਰੀ ਸੈਲਸੀਅਸ ਤੋਂ ਹੇਠਾਂ ਰਿਹਾ। ਮੌਸਮ ਵਿਭਾਗ ਅਨੁਸਾਰ ਇਸ ਸਾਲ ਠੰਢ ਨੇ ਪਿਛਲੇ 20 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਤੋਂ ਪਹਿਲਾਂ ਸਾਲ 2003 ਵਿਚ ਅਜਿਹਾ ਮੌਸਮ ਰਿਹਾ ਸੀ, ਜਦੋਂ ਸੂਬੇ ਦੇ ਅੱਧਾ ਦਰਜਨ ਤੋਂ ਵੱਧ ਜ਼ਿਲ੍ਹਿਆਂ ਵਿਚ ਵੱਧ ਤੋਂ ਵੱਧ ਤਾਪਮਾਨ 8 ਤੋਂ 11 ਡਿਗਰੀ ਸੈਲਸੀਅਸ ਵਿਚਾਲੇ ਦਰਜ ਕੀਤਾ ਗਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਸਾਲ 2023 ਦੇ ਪਹਿਲੇ ਹਫ਼ਤੇ 'ਚ ਸੂਬੇ ਦੇ ਅੱਧਾ ਦਰਜਨ ਜ਼ਿਲ੍ਹਿਆਂ 'ਚ ਤਾਪਮਾਨ 11 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਭਾਰਤੀ ਮੌਸਮ ਵਿਭਾਗ ਦੇ ਡਾਇਰੈਕਟਰ ਮਨਮੋਹਨ ਸਿੰਘ ਨੇ ਕੀਤੀ ਹੈ। ਪੰਜਾਬ ਅਤੇ ਹਰਿਆਣਾ ਦੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿਚ ਵੀ ਪਿਛਲੇ ਦਿਨਾਂ ਤੋਂ ਹੋ ਰਹੀ ਬਰਫ਼ਬਾਰੀ ਦਾ ਅਸਰ ਮੈਦਾਨੀ ਇਲਾਕਿਆਂ ਵਿਚ ਦਿਸਣ ਲੱਗਾ ਹੈ। ਪਹਾੜੀ ਰਾਜ ਵਿਚ ਠੰਢੀਆਂ ਹਵਾਵਾਂ ਨੇ ਲੋਕਾਂ ਨੂੰ ਕੰਬਣੀ ਛੇੜ ਦਿੱਤੀ ਹੈ ਜਦੋਂ ਕਿ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਹਿਮਾਚਲ ਪ੍ਰਦੇਸ਼ ਦੀਆਂ ਉੱਚੀਆਂ ਟੀਸੀਆਂ 'ਤੇ ਹੋਰ ਬਰਫ਼ਬਾਰੀ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਭਾਗ ਤੋਂ ਮਿਲੀ ਰਿਪੋਰਟ ਅਨੁਸਾਰ ਪੰਜਾਬ ਵਿਚ ਗੁਰਦਾਸਪੁਰ ਸਭ ਤੋਂ ਠੰਢਾ ਸ਼ਹਿਰ ਰਿਹਾ ਹੈ, ਜਿੱਥੇ ਘੱਟ ਤੋਂ ਘੱਟ ਤਾਪਮਾਨ 2.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ, ਜੋ ਕਿ ਆਮ ਦੇ ਬਰਾਬਰ ਰਿਹਾ ਹੈ। ਇਸੇ ਤਰ੍ਹਾਂ ਨਵਾਂ ਸ਼ਹਿਰ ਵਿਚ 4.1 ਡਿਗਰੀ ਸੈਲਸੀਅਸ, ਬਠਿੰਡਾ ਵਿਚ 4.6 ਡਿਗਰੀ, ਲੁਧਿਆਣਾ 5 ਡਿਗਰੀ, ਅੰਮ੍ਰਿਤਸਰ ਤੇ ਹੁਸ਼ਿਆਰਪੁਰ 'ਚ 5.9, ਪਟਿਆਲਾ 6, ਪਠਾਨਕੋਟ 6.8, ਫਰੀਦਕੋਟ 6.5, ਬਰਨਾਲਾ 6.3 ਤੇ ਮੁਹਾਲੀ ਵਿੱਚ 6.8 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਆਂਢੀ ਸੂਬੇ ਹਰਿਆਣਾ ਵਿਚ ਮਹਿੰਦਰਗੜ੍ਹ ਸਭ ਤੋਂ ਠੰਢਾ ਸ਼ਹਿਰ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 3.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

# ਭਗਵੰਤ ਮਾਨ ਦੇ ਗੋਲਕ ਬਾਰੇ ਬਿਆਨ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਖਫਾ

**ਰੂਪਨਗਰ:** ਜ਼ਿਲ੍ਹਾ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗੁਰਦੁਆਰਿਆਂ ਦੀ ਗੋਲਕ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਸਬੰਧੀ ਦਿੱਤੇ ਗਏ ਬਿਆਨ ਦਾ ਮਾਮਲਾ ਭਖ ਗਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ।

ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਮੁੱਖ ਮੰਤਰੀ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਉਸ ਖ਼ਿਲਾਫ਼ ਮਾਣਹਾਨੀ ਦਾ ਮਾਮਲਾ ਦਾਇਰ ਕਰਨ ਦੀ ਤਿਆਰੀ ਕਰ ਲਈ ਹੈ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪੰਜਾਬ ਭਰ 'ਚ ਡਿਪਟੀ ਕਮਿਸ਼ਨਰਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਪੱਤਰ ਸੌਂਪੇ ਹਨ, ਜਿਨ੍ਹਾਂ ਵਿਚ ਮੁੱਖ ਮੰਤਰੀ ਨੂੰ ਇਤਰਾਜ਼ਯੋਗ ਬਿਆਨ ਖ਼ਿਲਾਫ਼ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਆਪਣੇ ਪੱਤਰ ਵਿਚ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਜਾਂ ਤਾਂ ਤੁਰਤ ਜਨਤਕ ਮੁਆਫ਼ੀ ਮੰਗਣ, ਨਹੀਂ ਤਾਂ ਮਾਣਹਾਨੀ ਦੇ ਮੁਕੱਦਮੇ ਲਈ ਤਿਆਰ



ਰਹਿਣ। ਦੱਸਣਯੋਗ ਹੈ ਕਿ ਮੁੱਖ ਮੰਤਰੀ ਵਲੋਂ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਚ ਪਹਿਲੀ ਜਨਵਰੀ ਨੂੰ ਇਕ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਬਿਆਨਬਾਜ਼ੀ ਕੀਤੀ ਗਈ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੂੰ ਇਹ ਪੱਤਰ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਸਮੇਤ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਤੇ ਹੋਰ ਅਧਿਕਾਰੀਆਂ ਵੱਲੋਂ ਸੌਂਪਿਆ ਗਿਆ।

ਉਨ੍ਹਾਂ ਮੁੱਖ ਮੰਤਰੀ ਨੂੰ ਆਪਣੇ ਵਿਵਾਦਿਤ ਬਿਆਨ ਲਈ ਮੁਆਫੀ ਮੰਗਣ ਲਈ ਕਿਹਾ। ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਤੇ ਅਜਮੇਰ ਸਿੰਘ ਖੇੜਾ ਨੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਸਮੇਤ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੂੰ ਮੰਗ ਪੱਤਰ ਸੌਂਪਿਆ, ਜਿਸ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੇ ਬਿਆਨ ਲਈ ਮੁਆਫੀ ਮੰਗਣ ਲਈ ਕਿਹਾ ਗਿਆ ਹੈ।

ਮੀਟਿੰਗ ਤੋਂ ਬਾਅਦ ਇਨ੍ਹਾਂ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਹੈ ਜਿਸ ਦਾ ਪ੍ਰਧਾਨ ਅਤੇ ਮੈਂਬਰ ਕੋਈ ਵੀ ਤਨਖਾਹ ਜਾਂ ਭੱਤਾ ਨਹੀਂ ਲੈ ਰਹੇ, ਬਲਕਿ ਸ਼੍ਰੋਮਣੀ ਕਮੇਟੀ ਮੈਂਬਰ ਸੰਗਤ ਦੀ ਸੇਵਾ ਲਈ ਆਪਣੀ ਜੇਬ ਵਿਚੋਂ ਖਰਚਾ ਕਰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਘਰਾਂ ਦੀਆਂ ਗੋਲਕਾਂ ਦੀ ਗਿਣਤੀ ਹੁੰਦੀ ਹੈ ਤਾਂ ਗਿਣਤੀ ਵਾਲੇ ਸਥਾਨ 'ਤੇ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੁੰਦੇ ਹਨ ਅਤੇ ਐਸ.ਜੀ.ਪੀ.ਸੀ. ਇੰਸਪੈਕਟਰਾਂ ਦੀ ਹਾਜ਼ਰੀ ਵਿਚ ਗਿਣਤੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੋਲਕਾਂ ਸਬੰਧੀ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਸਬੰਧੀ ਬਿਆਨ ਦਿੱਤਾ ਹੈ, ਉਹ ਮੰਦਭਾਗਾ ਹੈ।

## ਭਗਵੰਤ ਮਾਨ 'ਤੇ ਸਿੱਖੀ ਨੂੰ ਢਾਅ ਲਾਉਣ ਦੇ ਦੋਸ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸੰਗਤ ਵੱਲੋਂ ਸ਼ਰਧਾ ਨਾਲ ਗੁਰੂ ਘਰ ਵਿਚ ਮੱਥਾ ਟੇਕਣ ਉਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਅੰਗ ਕਰਨਾ ਉਸ ਦੀ ਧਰਮ ਪ੍ਰਤੀ ਘਿਰਣਾ ਭਰੀ ਸੋਚ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਰਾਜਨੀਤੀ ਕਰਦਿਆਂ ਧਰਮ ਦੀਆਂ ਮਾਨਤਾਵਾਂ ਨੂੰ ਗਹਿਰੀ ਸੱਟ ਮਾਰ ਰਹੇ ਹਨ ਤੇ ਉਨ੍ਹਾਂ ਦੀ ਇਹੀ ਸੱਚਾਈ ਹੈ ਕਿ ਉਸ ਦੇ ਮਨ ਅੰਦਰ ਧਰਮ ਦਾ ਕੋਈ ਸਤਿਕਾਰ ਨਹੀਂ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸ਼੍ਰੋਮਣੀ ਕਮੇਟੀ ਅਤੇ ਸਿੱਖੀ ਨੂੰ ਢਾਅ ਲਗਾਉਣ ਦੇ ਰਾਹ ਉਤੇ ਚੱਲ ਰਹੇ ਹਨ ਤੇ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ।

# ਠੰਢ ਵਿਚ ਜ਼ੀਰੋ ਬਿੱਲਾਂ ਦਾ ਲਾਹਾ ਲੈਣ ਲੱਗੇ ਪੰਜਾਬੀ

## ਬਿਜਲੀ ਦੀ ਮੰਗ ਤੇ ਖਪਤ ਦੇ ਸਾਰੇ ਰਿਕਾਰਡ ਟੁੱਟੇ



**ਚੰਡੀਗੜ੍ਹ:** ਇਸ ਵਾਰ ਸਰਦੀ ਦੇ ਮੌਸਮ 'ਚ ਬਿਜਲੀ ਦੀ ਮੰਗ ਤੇ ਖਪਤ ਦੇ ਸਾਰੇ ਰਿਕਾਰਡ ਟੁੱਟ ਗਏ ਹਨ। ਆਮ ਤੌਰ ਉਤੇ ਠੰਢ ਦੇ ਦਿਨਾਂ 'ਚ ਬਿਜਲੀ ਦੀ ਮੰਗ ਕਾਫੀ ਘਟ ਜਾਂਦੀ ਹੈ ਪਰ ਇਸ ਵਾਰ 'ਜ਼ੀਰੋ ਬਿੱਲਾਂ' ਦਾ ਲਾਹਾ ਲੈਣ ਲਈ ਘਰੇਲੂ ਬਿਜਲੀ ਦੀ ਮੰਗ ਤੇ ਖਪਤ ਅਸਮਾਨੀ ਚੜ੍ਹੀ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਲੰਘੀ 4 ਜਨਵਰੀ ਨੂੰ ਪੰਜਾਬ ਵਿਚ ਬਿਜਲੀ ਦੀ ਮੰਗ 8736 ਮੈਗਾਵਾਟ ਨੂੰ ਛੂਹ ਗਈ ਹੈ ਜਦਕਿ ਪਿਛਲੇ ਵਰ੍ਹੇ ਇਹੋ ਮੰਗ ਸਿਰਫ਼ 6321 ਮੈਗਾਵਾਟ ਸੀ। ਇਕੋ ਦਿਨ 'ਚ ਬਿਜਲੀ ਦੀ ਮੰਗ 'ਚ 36 ਫ਼ੀਸਦੀ ਦਾ ਵਾਧਾ ਹੋਇਆ ਹੈ। ਜਨਵਰੀ ਦੇ ਪਹਿਲੇ ਚਾਰ ਦਿਨਾਂ 'ਚ ਬਿਜਲੀ ਦੀ ਮੰਗ 'ਚ 24 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਬਿਜਲੀ ਦੀ ਖਪਤ ਵਿਚ 21 ਫ਼ੀਸਦੀ ਦਾ ਵਾਧਾ ਹੋਇਆ ਹੈ। 22 ਦਸੰਬਰ ਤੋਂ ਬਿਜਲੀ ਦੀ ਮੰਗ ਤੇ ਖਪਤ ਨੇ ਰਫਤਾਰ ਫੜੀ ਹੈ। ਜਿਉਂ ਜਿਉਂ ਠੰਢ ਵੱਧ ਰਹੀ ਹੈ, ਉਵੇਂ ਉਵੇਂ ਹੀ ਖਪਤ 'ਚ ਵਾਧਾ ਹੋ ਰਿਹਾ ਹੈ। ਮਾਹਿਰ ਦੱਸਦੇ ਹਨ ਕਿ ਆਮ ਘਰਾਂ 'ਚ ਸਰਦੀ ਦੇ ਮੌਸਮ ਦੌਰਾਨ ਬਿਜਲੀ ਦੀ ਖਪਤ ਔਸਤਨ 200 ਯੂਨਿਟਾਂ ਹੀ ਰਹਿ ਜਾਂਦੀ ਸੀ। ਹੁਣ 'ਆਪ' ਸਰਕਾਰ ਨੇ 300 ਯੂਨਿਟਾਂ ਦੀ ਮੁਆਫ਼ੀ ਦਿੱਤੀ ਹੋਈ ਹੈ। ਇਹ ਪਹਿਲਾ ਸਰਦੀ ਦਾ ਮੌਸਮ ਹੈ ਜਿਸ ਵਿਚ ਬਿਜਲੀ ਦੀ ਖਪਤ ਵਧੀ ਹੈ। ਦਸੰਬਰ ਮਹੀਨੇ ਵਿਚ ਬਿਜਲੀ ਦੀ ਔਸਤਨ ਖਪਤ 4 ਫ਼ੀਸਦੀ ਵਧੀ ਸੀ ਜੋ ਕਿ ਜਨਵਰੀ 'ਚ 21 ਫ਼ੀਸਦੀ ਹੋ ਗਈ ਹੈ। ਪਾਵਰਕੌਮ ਨੂੰ ਬਿਜਲੀ ਦੀ ਮੰਗ ਦੀ ਪੂਰਤੀ ਲਈ ਸਰਦੀ ਦੇ ਮੌਸਮ 'ਚ ਸਰਕਾਰੀ ਅਤੇ ਪ੍ਰਾਈਵੇਟ ਤਾਪ ਬਿਜਲੀ ਘਰ ਚਲਾਉਣੇ ਪੈ ਰਹੇ ਹਨ। ਪਹਿਲਾਂ ਸਰਦੀ ਦੇ ਮੌਸਮ ਵਿਚ ਕੁਝ ਕੁ ਯੂਨਿਟ ਚਲਾਉਣ ਨਾਲ ਕੰਮ ਚੱਲ ਜਾਂਦਾ ਸੀ। ਇਸ ਵੇਲੇ ਰੋਪੜ ਥਰਮਲ ਦੇ ਚਾਰ ਯੂਨਿਟ, ਲਹਿਰਾ ਮੁਹੱਬਤ ਥਰਮਲ ਦੇ ਤਿੰਨ ਯੂਨਿਟ, ਤਲਵੰਡੀ ਸਾਬੋ ਤਾਪ ਬਿਜਲੀ ਘਰ ਦੇ ਤਿੰਨ ਯੂਨਿਟ, ਰਾਜਪੁਰਾ ਥਰਮਲ ਦੇ ਦੋ ਯੂਨਿਟ ਅਤੇ ਗੋਇੰਦਵਾਲ ਥਰਮਲ ਦਾ ਇੱਕ ਯੂਨਿਟ ਚੱਲ ਰਿਹਾ ਹੈ। ਫੀਲਡ ਅਧਿਕਾਰੀ ਦੱਸਦੇ ਹਨ ਕਿ 'ਜ਼ੀਰੋ ਬਿੱਲ' ਦੀ ਮੌਜ ਕਰਕੇ ਲੋਕ ਰੂਮ ਹੀਟਰ ਚਲਾ ਰਹੇ ਹਨ ਅਤੇ ਖਾਣਾ ਵੀ ਹੀਟਰਾਂ 'ਤੇ ਬਣਾ ਰਹੇ ਹਨ। ਪਾਵਰਕੌਮ ਦਾ ਸਬਸਿਡੀ ਬਿੱਲ ਹੋਰ ਭਾਰਾ ਹੋਵੇਗਾ ਅਤੇ ਕੇਂਦਰੀ ਐਕਸਚੇਂਜ ਵਿਚ ਬਿਜਲੀ ਦੀਆਂ ਦਰਾਂ ਵੀ ਵੱਧ ਗਈਆਂ ਹਨ। ਪੰਜਾਬ ਵਿਚ ਸਵੇਰ ਤੇ ਸ਼ਾਮ ਵਕਤ ਬਿਜਲੀ ਦਾ ਲੋਡ ਜ਼ਿਆਦਾ ਹੁੰਦਾ ਹੈ। ਐਕਸਚੇਂਜ 'ਚੋਂ ਬਿਜਲੀ ਔਸਤਨ 7 ਰੁਪਏ ਪ੍ਰਤੀ ਯੂਨਿਟ ਮਿਲ ਰਹੀ ਹੈ ਜਦਕਿ ਸਵੇਰ ਵਕਤ ਰੇਟ 12 ਰੁਪਏ ਪ੍ਰਤੀ ਯੂਨਿਟ ਤੱਕ ਚਲਾ ਜਾਂਦਾ ਹੈ। ਇਕ ਪਾਸੇ ਬਿਜਲੀ ਮੰਤਰੀ 90 ਫ਼ੀਸਦੀ ਘਰਾਂ ਨੂੰ ਜ਼ੀਰੋ ਬਿੱਲ ਆਉਣ ਦੀ ਖ਼ੁਸ਼ੀ ਜ਼ਾਹਿਰ ਕਰ ਰਹੇ ਹਨ ਤੇ ਦੂਸਰੇ ਪਾਸੇ ਪਾਵਰਕੌਮ ਦੀ ਖਪਤ ਵਿਚ ਵਾਧੇ ਨੇ ਜਾਨ ਸੁੱਕਣੀ ਪਾ ਦਿੱਤੀ ਹੈ।

### ਬਿਜਲੀ ਬੰਦ ਹੋਣ ਤੋਂ ਪਹਿਲਾਂ ਐਸ.ਐਮ.ਐਸ. ਭੇਜਣ ਦੀ ਸੇਵਾ ਸ਼ੁਰੂ

**ਚੰਡੀਗੜ੍ਹ:** ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਬਿਜਲੀ ਬੰਦ ਹੋਣ ਤੋਂ ਪਹਿਲਾਂ ਉਸ ਦੀ ਜਾਣਕਾਰੀ ਐਸ.ਐਮ.ਐਸ. ਰਾਹੀਂ ਖਪਤਕਾਰਾਂ ਨੂੰ ਦੇਣ ਦੀ ਸ਼ੁਰੂਆਤ ਕੀਤੀ ਗਈ। ਬਿਜਲੀ ਮੰਤਰੀ ਨੇ ਕਿਹਾ ਇਸ ਤੋਂ ਪਹਿਲਾਂ ਇਹ ਸੇਵਾ ਬਟਾਲਾ, ਅੰਮ੍ਰਿਤਸਰ ਸ਼ਹਿਰੀ ਅਤੇ ਲੁਧਿਆਣਾ ਵਿਚ ਦਿੱਤੀ ਜਾ ਰਹੀ ਹੈ। ਇਸ ਸੇਵਾ ਨੂੰ ਪਾਇਲਟ ਪ੍ਰੋਜੈਕਟ ਵਜੋਂ ਬਟਾਲਾ ਵਿਚ ਸ਼ੁਰੂ ਕੀਤਾ ਗਿਆ ਸੀ। ਬਿਜਲੀ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ ਇਸ ਸੇਵਾ ਨੂੰ ਲਾਗੂ ਕਰਨ ਲਈ ਪੀ.ਐਸ.ਪੀ.ਸੀ.ਐਲ. ਦੀ ਨਵੀਨਤਾ ਟੀਮ ਪਿਛਲੇ ਕਾਫੀ ਸਮੇਂ ਤੋਂ ਤਿਆਰੀ ਕਰ ਰਹੀ ਸੀ।

## 'ਆਪ' ਨੀਤੀਆਂ ਕਾਰਨ ਹਾਲਾਤ ਵਿਗੜੇ: ਚੰਨੀ



**ਮੋਰਿੰਡਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ 'ਆਪ' ਦੀਆਂ ਨੀਤੀਆਂ ਨੂੰ ਜਲਦੀ ਹੀ ਲੋਕ ਨਕਾਰ ਦੇਣਗੇ ਕਿਉਂਕਿ ਸੂਬਾ ਸਰਕਾਰ ਬਦਲਾ ਲਊ ਕਾਰਵਾਈ ਹੇਠ ਕੰਮ ਕਰ ਰਹੀ ਹੈ ਤੇ ਪੰਜਾਬ ਵਾਸੀ ਇਸ ਦਾ ਜਲਦੀ ਹੀ ਨਿਤਾਰਾ ਕਰਨਗੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਮੋਹ 'ਆਪ' ਸਰਕਾਰ ਤੋਂ ਭੰਗ ਹੁੰਦਾ ਜਾ ਰਿਹਾ ਹੈ। ਸ੍ਰੀ ਚੰਨੀ ਨੇ ਮੌਜੂਦਾ ਸਰਕਾਰ 'ਤੇ ਪੰਜਾਬ ਦੇ ਹਾਲਾਤ ਖਰਾਬ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਰਾਜਸੀ ਵਿਰੋਧੀਆਂ ਦੀ ਕਿਰਦਾਰਕੁਸ਼ੀ ਵਿਚ ਜੁਟੀ ਹੋਈ ਹੈ। ਸ੍ਰੀ ਚੰਨੀ ਨੇ ਆਪਣੀ ਮੋਰਿੰਡਾ ਰਿਹਾਇਸ਼ 'ਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਭਾਰਤ ਜੋੜੋ ਯਾਤਰਾ ਦੇ ਸਵਾਗਤ ਲਈ ਕਾਂਗਰਸੀ ਆਗੂਆਂ ਅਤੇ ਵਰਕਰਾਂ ਦੀ ਮੀਟਿੰਗ ਕੀਤੀ।

# ਮੂਸੇਵਾਲਾ ਕਤਲ: ਸੀ.ਆਈ.ਏ. ਇੰਚਾਰਜ ਸਣੇ ਦਸ ਖਿਲਾਫ ਚਾਰਜਸ਼ੀਟ ਦਾਖਲ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਮਾਨਸਾ ਪੁਲਿਸ ਦੀ ਹਿਰਾਸਤ ਵਿਚੋਂ ਗੈਂਗਸਟਰ ਦੀਪਕ ਟੀਨੂੰ ਦੇ ਫਰਾਰ ਹੋਣ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਗੈਂਗਸਟਰ ਦੀ ਮਦਦ ਕਰਨ ਵਾਲੇ ਬਰਖ਼ਾਸਤ ਸੀ.ਆਈ.ਏ. ਇੰਚਾਰਜ ਸਬ-ਇੰਸਪੈਕਟਰ ਪ੍ਰਿਤਪਾਲ ਸਿੰਘ ਸਮੇਤ 10 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਹੈ।

ਸਿੱਧੂ ਮੂਸੇਵਾਲਾ ਕਤਲ ਦਾ ਇਕ ਮੁਲਜ਼ਮ ਦੀਪਕ ਟੀਨੂੰ ਪਹਿਲੀ ਅਕਤੂਬਰ ਨੂੰ ਮਾਨਸਾ ਪੁਲਿਸ ਦੀ ਅਪਰਾਧ ਜਾਂਚ ਏਜੰਸੀ (ਸੀ.ਆਈ.ਏ.) ਯੂਨਿਟ ਦੀ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ। ਇਸ ਮਗਰੋਂ ਪੰਜਾਬ ਪੁਲਿਸ ਨੇ ਯੂਨਿਟ ਇੰਚਾਰਜ ਸਬ-ਇੰਸਪੈਕਟਰ ਪ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਕੇ ਬਰਖ਼ਾਸਤ ਕਰ ਦਿੱਤਾ ਸੀ, ਜੋ ਮੂਸੇਵਾਲਾ ਕਤਲ ਕੇਸ ਦੀ ਜਾਂਚ ਕਰ ਰਹੀ ਐਸ.ਆਈ.ਟੀ. ਦੇ ਮੈਂਬਰ ਵੀ ਸਨ। ਪੁਲਿਸ ਨੇ ਦਾਅਵਾ ਕੀਤਾ ਕਿ ਪ੍ਰਿਤਪਾਲ, ਟੀਨੂੰ ਨੂੰ ਭਜਾਉਣ ਦੀ ਸਾਜ਼ਿਸ਼ ਦਾ ਹਿੱਸਾ ਸੀ। ਪੁਲਿਸ ਨੇ ਬਰਖ਼ਾਸਤ ਐਸ.ਆਈ. ਪ੍ਰਿਤਪਾਲ ਸਿੰਘ, ਦੀਪਕ ਟੀਨੂੰ, ਜਤਿੰਦਰ ਕੌਰ ਜੋਤੀ, ਕੁਲਦੀਪ ਸਿੰਘ ਉਰਫ ਕੋਹਲੀ, ਰਾਜਵੀਰ ਕਜਾਮਾ, ਰਜਿੰਦਰ ਸਿੰਘ ਗੋਰਾ, ਬਿੱਟੂ ਸਿੰਘ, ਸਰਬਜੋਤ ਸਿੰਘ, ਚਿਰਾਗ ਅਤੇ ਸੁਨੀਲ ਲੋਹੀਆ ਖ਼ਿਲਾਫ਼ ਧਾਰਾ 222, 224, 225ਏ, 120ਬੀ ਤਹਿਤ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ ਅਤੇ ਇਸ ਵਿਚ ਆਈ.ਪੀ.ਸੀ. ਦੀ 216 ਅਤੇ ਆਰਮਜ਼ ਐਕਟ ਦੀ ਧਾਰਾ 25 ਸ਼ਾਮਲ ਕੀਤੀ ਗਈ ਹੈ। ਚਾਰਜਸ਼ੀਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪ੍ਰਿਤਪਾਲ ਟੀਨੂੰ ਨੂੰ ਇਕ ਨਿੱਜੀ ਕਾਰ 'ਚ ਮਾਨਸਾ ਸ਼ਹਿਰ ਵਿਚ ਜ਼ਿਲ੍ਹਾ ਪ੍ਰਸ਼ਾਸਨ ਦੇ ਹਾਊਸਿੰਗ ਕੰਪਲੈਕਸ ਸਥਿਤ ਉਸ ਦੀ ਸਰਕਾਰੀ ਰਿਹਾਇਸ਼ 'ਤੇ ਲੈ ਗਿਆ ਸੀ। ਇਸ ਮਗਰੋਂ ਦੀਪਕ ਟੀਨੂੰ ਹੋਰ ਵਿਅਕਤੀਆਂ ਦੀ ਮਦਦ ਨਾਲ ਉਸ ਦੀ ਰਿਹਾਇਸ਼ ਤੋਂ ਫਰਾਰ ਹੋ ਗਿਆ। ਪੁਲਿਸ ਅਨੁਸਾਰ ਦੀਪਕ ਟੀਨੂੰ ਮੂਸੇਵਾਲਾ ਕਤਲ ਕੇਸ ਵਿਚ ਚਾਰਜਸ਼ੀਟ ਕੀਤੇ ਗਏ 24 ਮੁਲਜ਼ਮਾਂ ਵਿਚੋਂ ਇਕ ਹੈ। ਚਾਰਜਸ਼ੀਟ ਮੁਤਾਬਕ ਟੀਨੂੰ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਦਾ ਸਹਿਯੋਗੀ ਹੈ। ਪੁਲਿਸ ਨੇ ਚਾਰਜਸ਼ੀਟ ਵਿਚ ਕਿਹਾ ਕਿ ਟੀਨੂੰ ਨੇ ਬਿਸ਼ਨੋਈ ਨੂੰ ਗੈਂਗਸਟਰ ਗੋਲਡੀ ਬਰਾੜ ਨਾਲ ਜੋੜਨ 'ਚ ਅਹਿਮ ਭੂਮਿਕਾ ਨਿਭਾਈ ਸੀ, ਜੋ ਉਸ ਸਮੇਂ ਕੈਨੇਡਾ ਵਿਚ ਸੀ। ਮੂਸੇਵਾਲਾ ਦੇ ਕਤਲ ਦੀ ਯੋਜਨਾ ਬਣਾਉਣ ਅਤੇ ਇਸ ਨੂੰ ਅੰਜਾਮ ਦੇਣ ਲਈ ਮੋਬਾਈਲ ਫੋਨਾਂ ਰਾਹੀਂ ਯੋਜਨਾ ਬਣਾਈ ਸੀ।

# ਸਰਕਾਰੀ ਇਮਾਰਤਾਂ 'ਤੇ ਸੋਲਰ ਪੈਨਲ ਲਾਉਣ ਦੀ ਮੁਹਿੰਮ ਭਖਾਈ



**ਚੰਡੀਗੜ੍ਹ:** ਪੰਜਾਬ ਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਨੂੰ ਸੋਲਰ ਫੋਟੋਵੋਲਟੇਇਕ (ਪੀ.ਵੀ.) ਪੈਨਲਾਂ ਨਾਲ ਲੈਸ ਕਰਨ ਲਈ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਐਨ.ਓ.ਸੀ. ਜਾਰੀ ਕਰਨ ਦੀ ਪ੍ਰਕਿਰਿਆ ਵਿਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

ਇਥੇ ਪੇਡਾ ਭਵਨ ਵਿਖੇ ਇਸ ਪ੍ਰੋਜੈਕਟ ਦੀ ਸਮੀਖਿਆ ਲਈ ਸਾਰੇ ਵਿਭਾਗਾਂ ਦੇ ਮੁਖੀਆਂ ਨਾਲ ਵੀਡੀਓ ਕਾਨਫਰੰਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਰੋੜਾ ਨੇ ਸਬੰਧਤ ਵਿਭਾਗਾਂ ਨੂੰ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨਾਲ ਤਾਲਮੇਲ ਕਰਨ ਲਈ ਆਪਣੇ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਨੂੰ ਨੋਡਲ ਅਫਸਰ ਵਜੋਂ ਨਿਯੁਕਤ ਕਰਨ ਲਈ ਕਿਹਾ ਤਾਂ ਜੋ ਵਿਭਾਗਾਂ ਦੀਆਂ ਇਮਾਰਤਾਂ ਨੂੰ ਸੋਲਰਾਈਜ ਕਰਨ ਦੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ। ਵੀਡੀਓ ਕਾਨਫਰੰਸ ਵਿਚ ਮੰਤਰੀ ਨੇ ਦੱਸਿਆ ਕਿ ਇਹ ਅਹਿਮ ਪ੍ਰੋਜੈਕਟ ਰੀਨਿਊਏਬਲ ਐਨਰਜੀ ਸਰਵਿਸਿਜ਼ ਕੰਪਨੀ (ਰੇਸਕੋ) ਮੋਡ ਅਧੀਨ ਲਾਗੂ ਜਾਵੇਗਾ। ਉਨ੍ਹਾਂ ਦੱਸਿਆ ਕਿ ਪੇਡਾ ਵੱਲੋਂ ਪਹਿਲਾਂ ਹੀ ਵੱਖ-ਵੱਖ ਸਰਕਾਰੀ ਇਮਾਰਤਾਂ ਦੀਆਂ ਛੱਤਾਂ ਉਤੇ 88 ਮੈਗਾਵਾਟ ਦੀ ਕੁੱਲ ਸਮਰੱਥਾ ਵਾਲੇ ਸੋਲਰ ਪੀਵੀ ਲਗਾਏ ਜਾ ਚੁੱਕੇ ਹਨ, ਜੋ ਸਫਲਤਾਪੂਰਵਕ ਸਾਫ-ਸੁਥਰੀ ਅਤੇ ਗਰੀਨ ਊਰਜਾ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ ਇਹ ਪ੍ਰੋਜੈਕਟ ਸਬੰਧਤ ਵਿਭਾਗਾਂ ਦੇ ਬਿਜਲੀ ਬਿੱਲਾਂ ਦੇ ਵਿੱਤੀ ਬੋਝ ਨੂੰ ਤਕਰੀਬਨ 40 ਤੋਂ 50 ਫ਼ੀਸਦੀ ਘਟਾ ਦੇਣਗੇ ਤੇ ਬੱਚਤ ਵਾਲੀ ਰਕਮ ਲੋਕ ਭਲਾਈ ਦੇ ਕਾਰਜਾਂ ਉਤੇ ਖਰਚ ਕੀਤੀ ਜਾਵੇਗੀ। ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ-ਕਮ-ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ. ਵੇਣੂ ਪ੍ਰਸਾਦ ਨੇ ਕਿਹਾ ਕਿ ਸਾਰੇ ਵਿਭਾਗਾਂ ਨੂੰ ਇਸ ਕ੍ਰਾਂਤੀਕਾਰੀ ਕਦਮ ਲਈ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਸਿੱਧੇ ਅਤੇ ਅਸਿੱਧੇ ਰੁਜ਼ਗਾਰ ਦੇ ਹਜ਼ਾਰਾਂ ਮੌਕੇ ਪੈਦਾ ਕਰਨ ਵਿਚ ਮਦਦ ਮਿਲੇਗੀ। ਇਸ ਦੇ ਨਾਲ ਹੀ ਇਹ ਜ਼ਿਆਦਾ ਲੋਡ ਵਾਲੇ ਬਿਜਲੀ ਵੰਡ ਨੈੱਟਵਰਕ ਨੂੰ ਰਾਹਤ ਪ੍ਰਦਾਨ ਕਰਕੇ ਬਿਜਲੀ ਘਾਟੇ ਨੂੰ ਪੂਰਾ ਕਰਨ ਵਿਚ ਵੀ ਮਦਦਗਾਰ ਸਾਬਤ ਹੋਵੇਗਾ।

## ਵਰਜੀਨੀਆ 'ਚ 6 ਸਾਲ ਦੇ ਬੱਚੇ ਨੇ ਆਪਣੀ ਅਧਿਆਪਕਾ ਨੂੰ ਮਾਰੀ ਗੋਲੀ

**ਨੋਰਫੋਕ:** ਅਮਰੀਕਾ ਦੇ ਵਰਜੀਨੀਆ ਵਿਚ ਛੇ ਸਾਲਾ ਲੜਕੇ ਨੇ ਆਪਣੇ ਸਕੂਲ ਵਿਚ ਅਧਿਆਪਕਾ ਨੂੰ ਗੋਲੀ ਮਾਰ ਦਿੱਤੀ। ਪਹਿਲੀ ਜਮਾਤ ਵਿਚ ਪੜ੍ਹਦੇ ਇਸ ਵਿਦਿਆਰਥੀ ਦਾ ਅਧਿਆਪਕ ਨਾਲ ਝਗੜਾ ਹੋ ਗਿਆ ਸੀ। ਨਿਊਪੋਰਟ ਨਿਊਜ਼ ਸਿਟੀ ਪੁਲਿਸ ਅਤੇ ਸਕੂਲ ਪ੍ਰਬੰਧਨ ਨੇ ਇਹ ਜਾਣਕਾਰੀ ਦਿੱਤੀ। ਹਾਲਾਂਕਿ, ਰਿਚਨੇਕ ਐਲੀਮੈਂਟਰੀ ਸਕੂਲ ਵਿਚ ਗੋਲੀਬਾਰੀ ਦੀ ਘਟਨਾ ਵਿਚ ਕੋਈ ਵਿਦਿਆਰਥੀ ਜ਼ਖ਼ਮੀ ਨਹੀਂ ਹੋਇਆ। ਨਿਊਪੋਰਟ ਨਿਊਜ਼ ਦੇ ਪੁਲਿਸ ਮੁਖੀ ਸਟੀਵ ਡਰਿਉ ਨੇ ਕਿਹਾ ਕਿ ਅਧਿਆਪਕਾ, ਜਿਸ ਦੀ ਉਮਰ 30 ਸਾਲ ਹੈ, ਗੋਲੀਬਾਰੀ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ। ਹਾਲਾਂਕਿ ਬਾਅਦ ਦੁਪਹਿਰ ਤੱਕ ਉਨ੍ਹਾਂ ਦੀ ਹਾਲਤ ਵਿਚ ਸੁਧਾਰ ਹੋਇਆ।

# ਸਟਾਫ ਦੀ ਘਾਟ ਕਾਰਨ ਕਬਾੜ ਬਣਨ ਲੱਗੀਆਂ ਰੋਡਵੇਜ਼ ਦੀਆਂ ਲਾਰੀਆਂ

**ਚੰਡੀਗੜ੍ਹ:** ਟਰਾਂਸਪੋਰਟ ਵਿਭਾਗ ਵੱਲੋਂ ਡਰਾਈਵਰਾਂ ਤੇ ਕੰਡਕਟਰਾਂ ਦੀ ਰੈਗੂਲਰ ਭਰਤੀ ਨਾ ਕਰਨ ਕਰ ਕੇ ਪੰਜਾਬ ਰੋਡਵੇਜ਼ ਦੀਆਂ 600 ਦੇ ਕਰੀਬ ਬੱਸਾਂ ਕਬਾੜ ਬਣਨ ਦੀ ਕਗਾਰ ਉਤੇ ਹਨ। ਵਿਭਾਗ ਦੀ ਇਸ ਅਣਦੇਖੀ ਕਰਕੇ ਸਟਾਫ ਦੋ-ਦੋ ਦਿਨ ਬਾਅਦ ਬੱਸਾਂ ਬਦਲ-ਬਦਲ ਕੇ ਚਲਾ ਰਿਹਾ ਹੈ। ਭਰਤੀ ਨਾ ਹੋਣ ਕਰਕੇ ਇਨ੍ਹਾਂ ਬੱਸਾਂ ਨੂੰ ਚਲਾਉਣ ਲਈ ਸਟਾਫ ਹੀ ਨਹੀਂ ਹੈ। ਡਿਪੂਆਂ ਵਿਚ ਖੜ੍ਹੀਆਂ ਇਨ੍ਹਾਂ ਬੱਸਾਂ ਦੀਆਂ ਬੈਟਰੀਆਂ ਤੇ ਟਾਇਰ ਖਰਾਬ ਹੋ ਰਹੇ ਹਨ। ਇਸ ਤੋਂ ਇਲਾਵਾ ਬੱਸਾਂ ਦੀਆਂ ਖਿੜਕੀਆਂ ਅਤੇ ਸ਼ੀਸ਼ੇ ਜਾਮ ਹੋ ਚੁੱਕੇ ਹਨ।

ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਟਰਾਂਸਪੋਰਟ ਵਿਭਾਗ ਦੇ ਉੱਚ ਅਧਿਕਾਰੀ ਹੀ ਇਨ੍ਹਾਂ ਬੱਸਾਂ ਨੂੰ ਚਲਾਉਣ ਲਈ ਦਿਲਚਸਪੀ ਨਹੀਂ ਦਿਖਾ ਰਹੇ। ਬੱਸਾਂ ਵਿਚ ਲੱਗੇ ਹੋਏ ਵੀ.ਟੀ.ਐਸ. (ਵਹੀਕਲ ਟਰੈਕਿੰਗ ਸਿਸਟਮ) ਦਾ ਪ੍ਰਤੀ ਬੱਸ ਪ੍ਰਾਈਵੇਟ ਆਈ.ਟੀ. ਕੰਪਨੀ ਨੂੰ ਲੱਖਾਂ ਰੁਪਏ ਦੇਣੇ ਪੈ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਹੋਰਨਾਂ ਰਾਜਾਂ ਦੀਆਂ ਬੱਸਾਂ ਪੰਜਾਬ ਵਿਚੋਂ ਸਵਾਰੀਆਂ ਲਿਜਾ ਰਹੀਆਂ ਹਨ ਪਰ ਸਟਾਫ ਦੀ ਭਰਤੀ ਨਾ ਹੋਣ ਕਰਕੇ ਪੰਜਾਬ ਦੇ ਟਰਾਂਸਪੋਰਟ ਵਿਭਾਗ ਦੀਆਂ ਆਪਣੀਆਂ ਬੱਸਾਂ ਡਿਪੂਆਂ ਵਿਚ ਹੀ ਬੰਦ ਹਨ।

# ਪੰਜਾਬ ਕੈਬਨਿਟ ਨੇ ਕੇਂਦਰ ਦੀ ਵਾਹਨ ਸਕਰੈਪ ਨੀਤੀ ਉਤੇ ਮੋਹਰ ਲਾਈ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਵਾਹਨਾਂ ਦੇ ਪ੍ਰਦੂਸ਼ਣ ਦੇ ਮੱਦੇਨਜ਼ਰ ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇਅ ਮੰਤਰਾਲੇ ਵੱਲੋਂ ਨਵੇਂ ਵਾਹਨਾਂ ਦੀ ਰਜਿਸਟ੍ਰੇਸ਼ਨ ਬਾਰੇ ਲਾਗੂ ਕੀਤੀ ਸਕਰੈਪਿੰਗ ਨੀਤੀ ਦੇ ਸੰਦਰਭ ਵਿਚ ਨਵੀਆਂ ਗੱਡੀਆਂ ਦੀ ਖਰੀਦ ਮੌਕੇ ਛੋਟ ਦੇਣ ਦਾ ਫੈਸਲਾ ਕੀਤਾ ਹੈ।

ਇਸ ਤਹਿਤ ਮੋਟਰ ਵਹੀਕਲ ਟੈਕਸ ਵਿਚ ਟਰਾਂਸਪੋਰਟ ਵਾਹਨ ਮਾਲਕਾਂ ਨੂੰ 15 ਫੀਸਦੀ ਅਤੇ ਨਾਨ-ਟਰਾਂਸਪੋਰਟ ਵਾਹਨ ਮਾਲਕਾਂ ਨੂੰ 25 ਫੀਸਦੀ ਤੱਕ ਛੋਟ ਮਿਲੇਗੀ। ਮੰਤਰੀ ਮੰਡਲ ਨੇ ਨਾਲ ਹੀ ਮਿਲਕਫੈੱਡ ਅਤੇ ਇਸ ਨਾਲ ਸਬੰਧਤ ਮਿਲਕ ਯੂਨੀਅਨਾਂ ਵਿਚ ਗਰੁੱਪ ਸੀ ਤੇ ਡੀ ਦੀਆਂ 500 ਅਸਾਮੀਆਂ ਦੀ ਸਿੱਧੀ ਭਰਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਕਈ ਹੋਰ ਵੀ ਅਹਿਮ ਫੈਸਲੇ ਲਏ ਗਏ।

ਕੈਬਨਿਟ ਨੇ ਸਰਕਾਰੀ ਸਕੂਲਾਂ ਦੀ ਵਧੀਆ ਸਾਂਭ-ਸੰਭਾਲ ਲਈ ਮੰਤਰੀ ਮੰਡਲ ਨੇ ਸੂਬਾ ਪੱਧਰ ਉਤੇ ਸਕੀਮ ਨੂੰ ਲਾਗੂ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਉਚਾ ਚੁੱਕਿਆ ਜਾਵੇ। ਇਸ ਸਕੀਮ ਤਹਿਤ ਸਕੂਲ ਕੈਂਪਸ ਦੀ ਸਾਫ-ਸਫਾਈ, ਸੁਰੱਖਿਆ ਅਤੇ ਸੁਚਾਰੂ ਪ੍ਰਸ਼ਾਸਨ ਚਲਾਉਣ ਲਈ ਫੰਡ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣਗੇ।



ਪੰਜਾਬ ਮੰਤਰੀ ਮੰਡਲ ਵੱਲੋਂ ਐਲਾਨੀ ਨਵੀਂ ਸਕਰੈਪਿੰਗ ਪਾਲਿਸੀ ਅਧੀਨ ਟਰਾਂਸਪੋਰਟ ਗੱਡੀਆਂ ਦੇ ਮਾਲਕ ਗੱਡੀ ਦੀ ਰਜਿਸਟ੍ਰੇਸ਼ਨ ਤੋਂ 8 ਸਾਲ ਤੱਕ ਅਤੇ ਨਾਨ-ਟਰਾਂਸਪੋਰਟ ਗੱਡੀਆਂ ਦੇ ਮਾਲਕ 15 ਸਾਲ ਤੱਕ ਸਕੀਮ ਦਾ ਲਾਭ ਲੈ ਸਕਦੇ ਹਨ। ਇਸ ਤਹਿਤ ਜਿਸ ਵੇਲੇ ਗੱਡੀ ਨੂੰ ਸਕਰੈਪ ਕੀਤਾ ਜਾਵੇਗਾ ਤਾਂ ਇਸ ਬਾਰੇ ਸਕਰੈਪਰ ਵੱਲੋਂ ਹੀ ਗੱਡੀ ਦੀ ਖਰੀਦ ਕੀਤੀ ਜਾਵੇਗੀ। ਉਪਰੰਤ ਸਕਰੈਪਰ ਵੱਲੋਂ ਵਾਹਨ ਦੇ ਮਾਲਕ ਨੂੰ ਸਰਟੀਫਿਕੇਟ ਆਫ ਡਿਪਾਜ਼ਿਟ (ਵਾਹਨ ਜਮ੍ਹਾਂ ਕਰਵਾਉਣ ਦਾ ਸਰਟੀਫਿਕੇਟ) ਜਾਰੀ ਕੀਤਾ ਜਾਵੇਗਾ ਜਿਸ ਨੂੰ ਗੱਡੀ ਮਾਲਕ ਵੱਲੋਂ ਸਬੰਧਤ ਲਾਇਸੈਂਸਿੰਗ ਅਥਾਰਟੀ ਕੋਲੋਂ ਜਮ੍ਹਾਂ ਕਰਵਾਉਣ ਉਤੇ ਨਵੀਂ ਗੱਡੀ ਦੀ ਰਜਿਸਟ੍ਰੇਸ਼ਨ ਦੇ ਮੋਟਰ ਵਹੀਕਲ ਟੈਕਸ ਵਿਚ ਬਣਦੀ ਛੋਟ ਦਿੱਤੀ ਜਾਵੇਗੀ।

ਮੰਤਰੀ ਮੰਡਲ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੰਜਾਬ ਹੈਲਥ ਐਂਡ ਫੈਮਿਲੀ ਵੈਲਫੇਅਰ ਟੈਕਨੀਕਲ (ਗਰੁੱਪ-ਬੀ) ਸਰਵਿਸ ਰੂਲਜ਼-2018 ਵਿਚ ਸਿਸਟਰ ਟਿਊਟਰ ਦੀ ਅਸਾਮੀ ਲਈ ਸਿੱਧੀ ਭਰਤੀ ਅਤੇ ਪਦ-ਉਨਤੀ ਲਈ ਵਿਦਿਅਕ ਯੋਗਤਾ ਵਿਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਕੈਬਨਿਟ ਦੇ ਫੈਸਲੇ ਮੁਤਾਬਕ ਸਿਸਟਰ ਟਿਊਟਰ ਦੀ ਅਸਾਮੀ ਲਈ ਸਿੱਧੀ ਭਰਤੀ ਵਾਸਤੇ ਵਿਦਿਅਕ ਯੋਗਤਾ ਐਮ.ਐਸ.ਸੀ (ਨਰਸਿੰਗ) ਹੋਵੇਗੀ। ਇਸੇ ਤਰ੍ਹਾਂ ਸਿਸਟਰ ਟਿਊਟਰ ਵਜੋਂ ਪਦ-ਉਨਤੀ ਲਈ ਵਿਦਿਅਕ ਯੋਗਤਾ ਬੀ.ਐਸ.ਸੀ. (ਨਰਸਿੰਗ) ਦੇ ਨਾਲ ਸਟਾਫ ਨਰਸ (ਗਰੁੱਪ-ਸੀ) ਵਜੋਂ ਘੱਟੋ-ਘੱਟ 10 ਸਾਲ ਦਾ ਤਜਰਬਾ ਹੋਣਾ ਜ਼ਰੂਰੀ ਹੋਵੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 14 ਜਨਵਰੀ 2023*

# ਸਿਆਸੀ ਘੇਰਾ

ਪੰਜਾਬ ਵਿਚ ਇੱਕ ਪਾਸੇ ਅੰਤਾਂ ਦੀ ਠੰਢ ਪੈ ਰਹੀ ਹੈ ਤੇ ਦੂਜੇ ਪਾਸੇ ਸਿਆਸੀ ਪਿੜ ਪੂਰਾਭਖਿਆ ਹੋਇਆ ਹੈ। ਜ਼ੀਰਾ ਨੇੜੇ ਸ਼ਰਾਬ ਫੈਕਟਰੀ ਦੇ ਫੈਲਾਏ ਪ੍ਰਦੂਸ਼ਣ ਖਿਲਾਫ ਕਿਸਾਨ ਅੰਦੋਲਨ ਆਏ ਦਿਨ ਤਿੱਖਾ ਅਤੇ ਵਿਸ਼ਾਲ ਹੋ ਰਿਹਾ ਹੈ। ਇਹ ਅੰਦੋਲਨ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਲਈ ਚੱਲੇ ਮਿਸਾਲੀ ਕਿਸਾਨ ਅੰਦੋਲਨ ਵਾਲਾ ਰੂਪ ਧਾਰ ਰਿਹਾ ਹੈ। ਦੂਜੇ, ਪੰਜਾਬ ਸਰਕਾਰ ਅਤੇ ਅਫਸਰਾਂ ਤੇ ਮੁਲਾਜ਼ਮਾਂ ਵਿਚ 'ਸਭ ਅੱਛਾ ਨਹੀਂ' ਦੀਆਂ ਕਨਸੋਆਂ ਪੈ ਰਹੀਆਂ ਹਨ। ਕੁਝ ਸਿਵਲ ਅਧਿਕਾਰੀਆਂ ਖਿਲਾਫ ਵਿਜੀਲੈਂਸ ਕਾਰਵਾਈ ਤੋਂ ਬਾਅਦ ਸਮੁੱਚਾ ਪ੍ਰਸ਼ਾਸਨ ਇਕ ਤਰ੍ਹਾਂ ਨਾਲ ਡਾਵਾਂਡੋਲ ਹੋ ਗਿਆ ਜਾਪਦਾ ਹੈ। ਤੀਜੇ, ਵੱਖ-ਵੱਖ ਜਥੇਬੰਦੀਆਂ ਅਤੇ ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਪਹਿਲਾਂ ਹੀ ਸਰਕਾਰ ਖਿਲਾਫ ਮੈਦਾਨ ਵਿਚ ਨਿੱਤਰੇ ਹੋਏ ਹਨ। ਚੌਥੇ, ਸਿੱਖ ਜਥੇਬੰਦੀਆਂ ਨੇ ਵੀ ਵੀ ਪੱਕਾ ਧਰਨਾ ਲਾ ਲਿਆ ਹੈ ਜਿਨ੍ਹਾਂ ਦੀਆਂ ਮੁੱਖ ਮੰਗਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ, ਪਾਵਨ ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਗੋਲੀ ਕਾਂਡ ਆਦਿ ਹਨ।ਹੁਣ ਸਰਕਾਰ ਅਤੇ ਸਰਕਾਰ ਚਲਾ ਰਹੀ ਪਾਰਟੀ ਆਮ ਆਦਮੀ ਪਾਰਟੀ, ਦੇ ਵੱਖ-ਵੱਖ ਆਗੂਆਂ ਨੂੰ ਹਰ ਪਾਸਿਉਂ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਸਲ ਵਿਚ ਆਮ ਆਦਮੀ ਪਾਰਟੀ ਨੇ ਹੁਣ ਤੱਕ ਕੇਂਦਰ ਵਿਚਲੀ ਨਰਿੰਦਰ ਮੋਦੀ ਸਰਕਾਰ ਦੀ ਤਰਜ਼ 'ਤੇ ਮੀਡੀਆ ਕੰਟਰੋਲ ਰਾਹੀਂ ਆਪਣੀ ਭੱਲ ਬਣਾਉਣ ਦਾ ਯਤਨ ਕੀਤਾ ਹੈ। ਮੀਡੀਆ ਰਾਹੀਂ ਆਪਣੀ ਸਰਕਾਰ ਦੇ ਪ੍ਰਚਾਰ 'ਤੇ ਲੱਖਾਂ ਰੁਪਏ ਇਸ਼ਤਿਹਾਰਾਂ 'ਤੇ ਲਾਏ ਗਏ ਪਰ ਸਰਕਾਰ ਦੇ ਆਮ ਕੰਮਾਂ-ਕਾਰਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਇਸ ਕਰ ਕੇ ਕਾਮਯਾਬ ਕੀਤਾ ਸੀ ਤਾਂ ਕਿ ਰਵਾਇਤੀ ਪਾਰਟੀ ਦੇ ਸ਼ੋਸ਼ਣ ਤੋਂ ਬਚਿਆ ਜਾ ਸਕੇ। ਪੰਜਾਬ ਦੇ ਸਿਆਸੀ ਪਿੜ ਵਿਚ ਇਨ੍ਹਾਂ ਰਵਾਇਤੀ ਪਾਰਟੀਆਂ ਜਿਨ੍ਹਾਂ ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਆਦਿ ਸ਼ਾਮਿਲ ਹਨ, ਦੀ ਥਾਂ 'ਤੇ ਕਿਸੇ ਤੀਜੇ ਬਦਲ ਦੀ ਆਵਾਜ਼ ਗਾਹੇ-ਬਗਾਹੇ ਉਠਦੀ ਰਹੀ ਹੈ ਪਰ ਕਿਸੇ ਇਕ ਪਾਰਟੀ ਨੂੰ ਇਸ ਪਾਸੇ ਕਮਾਯਾਬੀ ਨਹੀਂ ਮਿਲੀ। ਫਿਰ 2014 ਵਾਲੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਆਮ ਆਦਮੀ ਪਾਰਟੀ ਪੰਜਾਬ ਦੀਆਂ ਕੁੱਲ 13 ਵਿਚੋਂ 4 ਸੀਟਾਂ ਜਿੱਤ ਗਈ ਤਾਂ ਲੋਕਾਂ ਨੇ ਵੀ ਅਤੇ ਬੁੱਧੀਜੀਵੀਆਂ ਨੇ ਵੀ ਤੀਜੇ ਬਦਲ ਵਜੋਂ ਇਸ ਪਾਰਟੀ ਵੱਲ ਦੇਖਣਾ ਸ਼ੁਰੂ ਕਰ ਦਿੱਤਾ। 2014 ਵਾਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ 2017 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦਾ ਪੂਰਾ ਜ਼ੋਰ ਸਰਕਾਰ ਕਾਇਮ ਕਰਨ 'ਤੇ ਲੱਗ ਗਿਆ ਪਰ ਇਸ ਨੂੰ ਕਾਮਯਾਬੀ ਹਾਸਲ ਨਹੀਂ ਹੋਈ। ਉਂਝ, ਇਹ ਮੁੱਖ ਵਿਰੋਧੀ ਧਿਰ ਜ਼ਰੂਰ ਬਣ ਗਈ। ਇਹ ਵੱਖਰੀ ਗੱਲ ਹੈ ਕਿ ਵਿਰੋਧੀ ਧਿਰ ਵਜੋਂ ਇਸ ਦੀ ਭੂਮਿਕਾ 'ਤੇ ਸਦਾ ਹੀ ਸਵਾਲ ਉਠਦੇ ਰਹੇ। ਉਸ ਵਕਤ ਵੀ ਅਕਸਰ ਕਾਨਾਫੂਸੀ ਹੁੰਦੀ ਰਹੀ ਕਿ ਪਾਰਟੀ ਹਾਈ ਕਮਾਂਡ, ਪੰਜਾਬ ਵਿਚ ਠੁੱਕਦਾਰ ਲੀਡਰਸ਼ਿਪ ਕਾਇਮ ਕਰਨ ਦੀ ਥਾਂ ਸਾਰਾ ਸਿਸਟਮ ਦਿੱਲੀ ਤੋਂ ਹੀ ਚਲਾ ਰਹੀ ਹੈ। ਆਪਣੇ ਹੀ ਲੀਡਰਾਂ ਉਤੇ ਬੇਯਕੀਨੀ ਨੇ ਪਾਰਟੀ ਨੂੰ ਉਹ ਹੁਲਾਰਾ ਨਹੀਂ ਦਿੱਤਾ ਜਿਸ ਤਰ੍ਹਾਂ ਦੀ ਆਸ ਕੀਤੀ ਜਾ ਰਹੀ ਸੀ।

ਪਿਛਲੇ ਸਾਲ ਦੇ ਸ਼ੁਰੂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼ੁਰੂ-ਸ਼ੁਰੂ ਵਿਚ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਆਸਾਰ ਬਹੁਤੇ ਨਹੀਂ ਸਨ ਜਾਪਦੇਪਰ ਪੰਜਾਬ ਦੇ ਵੋਟਰ ਜਿਸ ਤਰ੍ਹਾਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਦਰਕਿਨਾਰ ਕਰ ਰਹੇ ਸਨ, ਉਸ ਨੇ ਆਮ ਆਦਮੀ ਪਾਰਟੀ ਨੂੰ ਸੂਬੇ ਅੰਦਰ ਵੱਡੀ ਧਿਰ ਵਜੋਂ ਉਭਰਨ ਦੇ ਸਮੀਕਰਨ ਬਣਾ ਦਿੱਤੇ। ਸਿੱਟੇ ਵਜੋਂ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੇ ਬੇਮਿਸਾਲ ਜਿੱਤ ਹਾਸਲ ਕੀਤੀ ਅਤੇ ਆਪਣੀ ਸਰਕਾਰ ਬਣਾ ਲਈ ਪਰ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਜਿਸ ਢੰਗ ਨਾਲ ਸਰਕਾਰ ਚਲਾਉਣੀ ਸ਼ੁਰੂ ਕੀਤੀ, ਉਸ ਨੇ ਆਮ ਲੋਕਾਂ ਦੇ ਮਨਾਂ ਅੰਦਰ ਸਵਾਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ। ਰਵਇਤੀ ਪਾਰਟੀਆਂ ਦੀ ਨਾਲਾਇਕੀਆਂ ਤੋਂ ਅੱਕੇ ਹੋਏ ਲੋਕ ਨਵੀਂ ਸਰਕਾਰ ਤੋਂ ਤੁਰੰਤ ਨਤੀਜਿਆਂ ਦੀ ਆਸ ਲਾਈ ਬੈਠੇ ਸਨ ਜੋ ਸੰਭਵ ਨਹੀਂ ਹੋ ਸਕਿਆ। ਇਸ ਦੇ ਨਾਲ ਹੀ ਪੰਜਾਬ ਦੇ ਮਾਮਲਿਆਂ ਵਿਚ ਕੇਂਦਰੀ ਲੀਡਰਸ਼ਿਪ ਦੇ ਨਿੱਤ ਵਧਦੇ ਦਖਲ ਨੇ ਸਰਕਾਰ ਦੀ ਗੱਡੀ ਲੀਹ ਉਤੇ ਚੜ੍ਹਨ ਹੀ ਨਾ ਦਿੱਤੀ। ਇਸ਼ਤਿਹਾਰਾਂ ਰਾਹੀਂ ਐਲਾਨ ਤਾਂ ਬਥੇਰੇ ਕੀਤੇ ਗਏ ਪਰ ਜ਼ਮੀਨੀ ਪੱਧਰ 'ਤੇ ਕੁਝ ਵੀ ਨਾ ਕੀਤਾ। ਇਸੇ ਪਹੁੰਚ ਦਾ ਹੀ ਨਤੀਜਾ ਹੈ ਕਿ ਅੱਜ ਪੰਜਾਬ ਦਾ ਹਰ ਵਰਗ ਸਰਕਾਰ ਦੇ ਖਿਲਾਫ ਹੋ ਗਿਆ ਜਾਪਦਾ ਹੈ ਅਤੇਜ਼ੀਰਾ ਫੈਕਟਰੀ ਦਾ ਮਾਮਲਾ ਇੰਨਾ ਜ਼ਿਆਦਾ ਵਧ ਗਿਆ ਹੈ। ਲਗਾਤਾਰ ਧਰਨੇ ਉਤੇ ਬੈਠੇ ਕਿਸਾਨਾਂ ਦੀ ਕਿਸੇ ਨੇ ਸਾਰ ਹੀ ਨਾਲਈ। ਇਨ੍ਹਾਂ ਤੱਥਾਂ ਨੇ ਭਗਵੰਤ ਮਾਨ ਨੂੰ ਕਮਜ਼ੋਰ ਮੁੱਖ ਮੰਤਰੀ ਤਾਂ ਸਾਬਤ ਕੀਤਾ ਹੀ ਹੈ, ਲੋਕਾਂ ਦੀ ਆਸ ਹੁਣ ਬੜੀ ਤੇਜ਼ੀ ਨਾਲ ਨਿਰਾਸ਼ਾ ਵਿਚ ਬਦਲ ਰਹੀ ਹੈ। ਪੰਜਾਬ ਇਸ ਵਕਤ ਬੇਰੁਜ਼ਗਾਰੀ, ਸਿਹਤ ਤੇ ਸਿੱਖਿਆ, ਨਸ਼ਿਆਂ ਤੇ ਅਜਿਹੇ ਕੁਝ ਹੋਰ ਮੁੱਦਿਆਂ ਨਾਲ ਬਹੁਤ ਬੁਰੀ ਤਰ੍ਹਾਂ ਦੋ-ਚਾਰ ਹੋ ਰਿਹਾ ਹੈ। ਸਰਕਾਰ ਜਿੰਨਾ ਚਿਰ ਇਨ੍ਹਾਂ ਮਸਲਿਆਂ ਨੂੰ ਸਮਝ ਕੇ ਇਨ੍ਹਾਂ ਦੇ ਹੱਲ ਲਈ ਕੋਈ ਨੀਤੀ ਅਖਤਿਆਰ ਨਹੀਂ ਕਰਦੀ, ਆਮ ਲੋਕਾਂ ਨੂੰ ਇਸੇ ਤਰ੍ਹਾਂ ਨਪੀੜੇ ਜਾਣ ਤੋਂ ਕੋਈ ਰਾਹਤ ਨਹੀਂ ਮਿਲੇਗੀ। ਉਪਰੋਂ ਸੂਬੇ ਦੀ ਆਰਥਿਕਤਾ ਦਿਨ-ਬਦਿਨ ਪੇਤਲੀ ਪੈ ਰਹੀ ਹੈ। ਜੇ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਵੱਲ ਹੀ ਧਿਆਨ ਨਹੀਂ ਦੇ ਰਹੀ ਤਾਂ ਪੰਜਾਬ ਨੂੰ ਦਰਪੇਸ਼ ਵਡੇਰੇ ਮੁੱਦਿਆਂ ਨਾਲ ਕਿਵੇਂ ਨਜਿੱਠੇਗੀ, ਇਹ ਅਜਿਹਾ ਸਵਾਲ ਹੈ ਜੋ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅੱਗੇ ਮੂੰਹ ਅੱਡੀ ਖੜ੍ਹਾ ਹੈ। ਇਸ ਸਵਾਲ ਨੂੰ ਸੰਬੋਧਨ ਹੋਏ ਬਗੈਰ ਅਗਲਾ ਕਦਮ ਉਠਾਇਆ ਨਹੀਂ ਜਾ ਸਕਦਾ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀ ਗੱਲ ਸੁਣੇ ਅਤੇ ਲੋੜ ਅਨੁਸਾਰ ਕਾਰਵਾਈ ਕਰੇ; ਨਹੀਂ ਤਾਂ ਆਉਣ ਵਾਲਾ ਸਮਾਂ ਸਰਕਾਰ ਦੇ ਪੈਰ ਉਖਾੜਨ ਵਾਲਾ ਵੀ ਸਾਬਤ ਹੋ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਧੁੰਦ ਬਨਾਮ ਅਗਿਆਨਤਾ*

ਧੁੰਦ ਮੌਸਮੀ ਪੈ ਰਹੀ ਏ ਬਹੁਤ ਗੂੜ੍ਹੀ, ਜਨ-ਜੀਵਨ ਏ ਹਾਲੋਂ ਬੇਹਾਲ ਹੋਇਆ।
ਸੜਕਾਂ ਉੱਤੇ ਵੀ ਗੱਡੀਆਂ ਤੁਰਨ ਹੌਲੀ, ਦੂਰ-ਨੇੜੇ ਨੂੰ ਜਾਣਾ ਮੁਹਾਲ ਹੋਇਆ।
ਕਰੀਆਂ ਛੁੱਟੀਆਂ ਬੰਦ ਸਕੂਲ ਹੋ ਗਏ, ਤਾਣਾ-ਬਾਣਾ ਹੀ ਜਾਪੇ ਬੇਤਾਲ ਹੋਇਆ।
ਸਾਰਾ ਦਿਨ ਹੀ ਸੂਰਜ ਨਹੀਂ ਚੜ੍ਹਨ ਦਿੰਦੀ, ਛਾਈ ਗਹਿਰ ਨੂੰ ਏਨਾ ਮਲਾਲ ਹੋਇਆ।
ਇਨ੍ਹਾਂ ਦਿਨਾਂ ਤੋਂ ਲੈ ਲਈਏ ਸਬਕ ਯਾਰੋ, ਹੈ ਮਿਸਾਲ ਵਿਚ ਗੱਲ ਸਮਾਨਤਾ ਦੀ।
ਬਣਨਾ ਜ਼ਿੰਦਗੀ ਵਾਲਾ ਵੀ ਹਾਲ ਏਹੋ, ਰਹੀ ਸਿਰ 'ਚ ਜੇ ਧੁੰਦ ਅਗਿਆਨਤਾ ਦੀ !

# ਵਿਦੇਸ਼ੀ ਯੂਨੀਵਰਸਿਟੀਆਂ ਖੁਲ੍ਹਵਾਉਣ ਦੇ ਮਾਇਨੇ

***ਵਿਦੇਸ਼ੀ ਯੂਨੀਵਰਸਿਟੀਆਂ ਦੇ ਭਾਰਤ ਵਿਚ ਕੈਂਪਸ ਬਣਾਉਣ ਦੀ ਵਕਾਲਤ ਕਰਨ ਵਾਲਿਆਂ ਦੀ ਦਲੀਲ ਇਹ ਹੈ ਕਿ ਜੇ ਭਾਰਤ ਵਿਚ ਹੀ ਵਿਦੇਸ਼ੀ ਯੂਨੀਵਰਸਿਟੀਆਂ ਦੇ ਕੈਂਪਸ ਬਣ ਜਾਣ ਤਾਂ ਉਹ ਵਿਦਿਆਰਥੀ ਤੇ ਫੀਸਾਂ, ਫੰਡਾਂ ਦੇ ਰੂਪ ਵਿਚ ਜਾਣ ਵਾਲੀ ਪੂੰਜੀ ਰੁਕ ਸਕਦੀ ਹੈ। ਹਕੀਕਤ ਇਹ ਹੈ ਕਿ ਲੱਖਾਂ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਨਹੀਂ ਜਾਂਦੇ ਬਲਕਿ ਪੜ੍ਹਾਈ ਵਿਦੇਸ਼ ਜਾਣ ਦਾ ਮਹਿਜ਼ ਜ਼ਰੀਆ ਹੈ।***

ਕੇਂਦਰ ਸਰਕਾਰ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆਪਣੇ ਕੈਂਪਸ ਸਥਾਪਤ ਕਰਨ ਦਾ ਰਾਹ ਖੋਲ੍ਹ ਰਹੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਜਾਰੀ ਕੀਤੇ ਨਿਯਮਾਂ ਦੇ ਡਰਾਫਟ ਤੋਂ ਲੱਗਦਾ ਹੈ ਕਿ ਇਹ ਪ੍ਰਕਿਰਿਆ ਸਿਰੇ ਲੱਗਣ ਵਾਲੀ ਹੈ। ਵੈਸੇ ਤਾਂ ਕੇਂਦਰੀ ਮੰਤਰੀ ਮੰਡਲ ਨੇ 2020 ਵਿਚ ਨਵੀਂ ਕੌਮੀ ਸਿੱਖਿਆ ਨੀਤੀ ਨੂੰ ਮਨਜ਼ੂਰੀ ਦੇਣ ਸਮੇਂ ਹੀ ਵਿਦੇਸ਼ੀ ਸੰਸਥਾਵਾਂ ਨੂੰ ਭਾਰਤ 'ਚ ਕੈਂਪਸ ਸਥਾਪਤ ਕਰਨ ਦਾ ਰਾਹ ਖੋਲ੍ਹ ਦਿੱਤਾ ਸੀ, ਹੁਣ ਤਾਂ ਇਸ ਨੂੰ ਯੂ.ਜੀ.ਸੀ. ਰਾਹੀਂ ਅਮਲੀ ਜਾਮਾ ਹੀ ਪਹਿਨਾਇਆ ਜਾ ਰਿਹਾ ਹੈ।

ਵਿਦੇਸ਼ੀ ਯੂਨੀਵਰਸਿਟੀਆਂ ਨੂੰ ਖੁੱਲ੍ਹ ਦੇਣ ਦੀ ਬੁਨਿਆਦ ਜਿਸ ਵਿਵਾਦਤ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਵਿਚ ਪਈ ਹੈ, ਉਸ ਨੂੰ ਤਿਆਰ ਕਰਨ ਵਿਚ ਆਰ.ਐਸ.ਐਸ. ਦੇ ਕੁਝ ਆਗੂਆਂ ਦਾ ਅਹਿਮ ਰੋਲ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਕਿਸੇ ਸਮੇਂ ਭਾਜਪਾ ਵਿਦੇਸ਼ੀ ਸਿੱਖਿਆ ਸੰਸਥਾਵਾਂ ਦੇ ਭਾਰਤ ਵਿਚ ਦਾਖਲੇ ਦਾ ਸਖਤ ਵਿਰੋਧ ਕਰਦੀ ਸੀ। 2010 ਵਿਚ ਯੂ.ਪੀ.ਏ.-2 ਸਰਕਾਰ ਉੱਚ ਸਿੱਖਿਆ ਵਿਚ ਵਿਦੇਸ਼ੀ ਸਿੱਖਿਆ ਸੰਸਥਾਵਾਂ ਦੇ ਦਾਖਲੇ ਸਬੰਧੀ ਬਿਲ ਰਾਜ ਸਭਾ ਵਿਚ ਲੈ ਕੇ ਆਈ ਸੀ ਤਾਂ ਇਸ ਬਿਲ ਵਿਰੋਧ ਕਰਨ ਵਾਲੀਆਂ ਧਿਰਾਂ ਵਿਚ ਭਾਜਪਾ ਸ਼ਾਮਲ ਸੀ। ਹੁਣ ਜਦ ਯੂ-ਟਰਨ ਮਾਰ ਕੇ ਭਾਰਤ ਦੀ ਸੱਤਾ ਧਿਰ ਵਿਦੇਸ਼ੀ ਸਿੱਖਿਆ ਸੰਸਥਾਵਾਂ ਲਈ ਬੂਹਾ ਖੋਲ੍ਹ ਰਹੀ ਹੈ ਤਾਂ ਮੁੱਖ ਵਿਰੋਧੀ ਧਿਰ ਕਾਂਗਰਸ ਦਾ ਵੀ ਨੀਤੀਗਤ ਤੌਰ 'ਤੇ ਕੋਈ ਬਹੁਤਾ ਫਰਕ ਨਹੀਂ ਹੈ ਬਲਕਿ ਸਿਰਫ ਕਹਿਣ ਜਾਂ ਦਿਖਾਉਣ ਲਈ ਹੀ ਵਿਰੋਧ ਹੈ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਯੂ.ਜੀ.ਸੀ. ਦੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਕੈਂਪਸ ਸਥਾਪਤ ਕਰਨ ਦੀ ਖੱਲ੍ਹ ਦੇਣ ਸਬੰਧੀ ਬਣਾਏ ਖਰੜੇ ਅਨੁਸਾਰ, ਵਿਦੇਸ਼ੀ ਯੂਨੀਵਰਸਿਟੀਆਂ ਨੂੰ ਇਹ ਖੁੱਲ੍ਹ ਦਿੱਤੀ ਜਾ ਰਹੀ ਹੈ ਕਿ ਉਹ ਭਾਰਤ ਵਿਚੋਂ ਕੀਤੀ ਆਪਣੀ ਕਮਾਈ ਸਿੱਧੀ ਵਿਦੇਸ਼ ਭੇਜ ਸਕਦੀਆਂ ਹਨ। ਭਾਰਤ ਵਿਚ ਕੈਂਪਸ ਸਥਾਪਤ ਕਰਨ ਵਾਲੀਆਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਇਹ ਖੱਲ੍ਹ ਦਿੱਤੀ ਜਾ ਰਹੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਦਾਖਲਾ ਪ੍ਰਕਿਰਿਆ ਅਤੇ ਫੀਸਾਂ ਬਾਰੇ ਫੈਸਲਾ ਲੈ ਸਕਦੀਆਂ ਹਨ। ਉਂਝ, ਵਿਦੇਸ਼ੀ ਯੂਨੀਵਰਸਿਟੀਆਂ ਨੂੰ ਦਾਖਲਾ ਪ੍ਰਕਿਰਿਆ ਅਤੇ ਫੀਸਾਂ ਬਾਰੇ ਫੈਸਲਾ ਲੈਣ ਦਾ ਅਧਿਕਾਰ ਦੇਣ ਦਾ ਨਤੀਜਾ ਇਹ ਹੋਵੇਗਾ ਕਿ ਇਹਨਾਂ ਸੰਸਥਾਵਾਂ ਵਿਚ ਸਿਰਫ ਅਮੀਰ ਘਰਾਂ ਦੇ ਬੱਚੇ ਹੀ ਦਾਖਲਾ ਲੈ ਸਕਣਗੇ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਪਹੁੰਚ ਤੋਂ ਇਹ ਬਾਹਰ ਹੋਣਗੀਆਂ। ਕਾਂਗਰਸ ਸਰਕਾਰ ਵੱਲੋਂ ਕਈ ਸਾਲ ਪਹਿਲਾਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਲਿਆਂਦੀ ਗਈ 'ਵਿਸ਼ੇਸ਼ ਆਰਥਿਕ ਜ਼ੋਨ' ਵਾਲੀ ਨੀਤੀ ਦੀ ਤਰ੍ਹਾਂ ਭਾਰਤ ਦੀ ਧਰਤੀ 'ਤੇ ਵਿਦੇਸ਼ੀ ਯੂਨੀਵਰਸਿਟੀ ਦਾ ਅਜਿਹਾ ਕੈਂਪਸ ਹੋਵੇਗਾ ਜਿੱਥੇ ਦਾਖਲੇ, ਫੀਸਾਂ, ਕੋਰਸਾਂ, ਪ੍ਰੀਖਿਆਵਾਂ ਸਬੰਧੀ ਨਿਯਮ ਤੇ ਸ਼ਰਤਾਂ ਯੂ.ਜੀ.ਸੀ. ਦੀਆਂ ਨਹੀਂ ਬਲਕਿ ਵਿਦੇਸ਼ੀ ਸਿੱਖਿਆ ਸੰਸਥਾਂ ਦੀਆਂ ਚੱਲਣਗੀਆਂ।

ਵਿਦੇਸ਼ੀ ਯੂਨੀਵਰਸਿਟੀਆਂ ਦੇ ਭਾਰਤ ਵਿਚ ਕੈਂਪਸ ਸਥਾਪਤ ਕਰਨ ਦੀ ਵਕਾਲਤ ਕਰਨ ਵਾਲਿਆਂ ਦੀ ਸਭ ਤੋਂ ਵੱਡੀ ਦਲੀਲ ਇਹ ਹੈ ਕਿ ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ; ਜੇ ਭਾਰਤ ਵਿਚ ਹੀ ਵਿਦੇਸ਼ੀ ਯੂਨੀਵਰਸਿਟੀਆਂ ਦੇ ਕੈਂਪਸ ਸਥਾਪਤ ਹੋ ਜਾਣ ਤਾਂ ਉਹ ਵਿਦਿਆਰਥੀ ਅਤੇ ਫੀਸਾਂ, ਫੰਡਾਂ ਦੇ ਰੂਪ ਵਿਚ ਜਾਣ ਵਾਲੀ ਪੂੰਜੀ ਰੁਕ ਸਕਦੀ ਹੈ ਪਰ ਇਸ ਤਰ੍ਹਾਂ ਦੀ ਦਲੀਲ ਲੋਕਾਂ ਅਤੇ ਸਮਾਜ ਤੋਂ ਟੁੱਟੇ ਹੋਏ ਵਿਅਕਤੀ ਹੀ ਪੇਸ਼ ਕਰ ਸਕਦੇ ਹਨ ਕਿਉਂਕਿ ਹਕੀਕਤ ਇਹ ਹੈ ਕਿ ਲੱਖਾਂ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਨਹੀਂ ਜਾਂਦੇ ਬਲਕਿ ਪੜ੍ਹਾਈ ਵਿਦੇਸ਼ ਜਾਣ ਦਾ ਮਹਿਜ਼ ਜ਼ਰੀਆ ਹੈ। ਪੰਜਾਬ ਸਮੇਤ ਭਾਰਤ ਵਿਚ ਫੈਲੀ ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਅਨਿਸ਼ਚਿਤ ਭਵਿੱਖ ਕਾਰਨ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਵਿਦੇਸ਼ ਜਾਂਦੇ ਹਨ। ਇਹਨਾਂ ਨੌਜਵਾਨਾਂ ਨੂੰ ਦੇਸ਼ ਵਿਚ ਨੌਕਰੀਆਂ ਦੇ ਮੌਕੇ ਪੈਦਾ ਕਰਕੇ ਤੇ ਦੇਸ਼ ਦੇ ਆਰਥਿਕ, ਸਮਾਜਿਕ, ਰਾਜਨੀਤਕ ਹਾਲਾਤ ਠੀਕ ਕਰ ਕੇ ਤਾਂ ਵਿਦੇਸ਼ ਜਾਣ ਤੋਂ ਤਾਂ ਰੋਕਿਆ ਜਾ ਸਕਦਾ ਹੈ ਲੇਕਿਨ ਮੌਜੂਦਾ ਹਾਲਾਤ ਵਿਚ ਇਸ ਤਰ੍ਹਾਂ ਦੀ ਦਲੀਲ ਪੇਸ਼ ਕਰਨ ਦਾ ਅਸਰ ਉਲਟਾ



ਹੋਵੇਗਾ। ਇਸ ਤਰ੍ਹਾਂ ਵਕਤੀ ਤੌਰ 'ਤੇ ਤਾਂ ਪੈਸਾ ਵਿਦੇਸ਼ ਜਾਣ ਤੋਂ ਘਟ ਸਕਦਾ ਹੈ ਪਰ ਲੰਮੇ ਸਮੇਂ ਲਈ ਨੁਕਸਾਨਦੇਹ ਹੋਵੇਗਾ ਕਿਉਂਕਿ ਵਿਦੇਸ਼ੀ ਯੂਨੀਵਰਸਿਟੀਆਂ ਆਪਣੇ ਹਿਸਾਬ ਨਾਲ ਪੜ੍ਹਾ ਕੇ ਇੱਥੋਂ ਆਪਣੇ ਦੇਸ਼ 'ਮੁਲਾਜ਼ਮ' ਲੈ ਜਾਇਆ ਕਰਨਗੀਆ। ਪਿਛਲੇ ਸਾਲ ਲੱਗਭੱਗ 4.50 ਲੱਖ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਗਏ ਸਨ ਤੇ ਮੰਨ ਲਓ ਹਰ ਵਿਦਿਆਰਥੀ ਔਸਤਨ 15 ਲੱਖ ਰੁਪਿਆ ਫੀਸਾਂ, ਫੰਡਾਂ ਤੇ ਜੇਬ ਖਰਚ ਲਈ ਨਾਲ ਲੈ ਗਿਆ ਹੋਵੇਗਾ ਤਾਂ ਭਾਰਤ ਤੋਂ ਸੈਂਕੜੇ ਕਰੋੜ ਰੁਪਏ ਦੀ ਪੂੰਜੀ ਵਿਦੇਸ਼ ਚਲੀ ਗਈ ਪਰ ਸਵਾਲ ਇਹ ਹੈ ਕਿ 4.50 ਲੱਖ ਵਿਦਿਆਰਥੀਆਂ ਵਿਚੋਂ ਪੜ੍ਹਾਈ ਪੂਰੀ ਕਰਕੇ ਵਾਪਸ ਕਿੰਨੇ ਮੁੜਨਗੇ?

ਵਿਦੇਸ਼ੀ ਯੂਨੀਵਰਸਿਟੀਆਂ ਸਾਡੇ ਇਤਿਹਾਸ, ਸੱਭਿਆਚਾਰ, ਵਿਰਸੇ, ਭਾਸ਼ਾ ਨਾਲ ਜੁੜੇ ਕੋਰਸਾਂ ਦੀ ਥਾਂ ਕੌਮਾਂਤਰੀ ਮੰਡੀ ਦੇ ਹਿਸਾਬ ਨਾਲ ਕੋਰਸਾਂ ਨੂੰ ਪਹਿਲ ਦੇਣਗੀਆਂ। ਕੌਮਾਂਤਰੀ ਮੰਡੀ ਦਾ ਅਸਰ ਤਾਂ ਸਾਡੇ ਪਹਿਲਾਂ ਹੀ ਇਸ ਕਦਰ ਭਾਰੂ ਨਜ਼ਰ ਆ ਰਿਹਾ ਹੈ। ਅੰਗਰੇਜ਼ੀ ਦਾ ਬੋਲ-ਬਾਲਾ ਹੈ। ਇਹਨਾਂ ਵਰਸਿਟੀਆਂ ਨਾਲ ਇਹ ਪ੍ਰਭਾਵ ਹੋਰ ਵਧੇਗਾ।

ਸਾਰੇ ਮਸਲੇ ਦੀ ਬਨਿਆਦ ਇੱਕੋ ਥਾਂ ਟਿਕੀ ਹੋਈ ਹੈ ਕਿ ਕੀ ਸਿੱਖਿਆ ਵਪਾਰ ਦਾ ਸਾਧਨ ਹੈ। ਸਾਡੇ ਇਤਿਹਾਸ ਜਾਂ ਲੋਕ ਪੱਖੀ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ, ਸਿੱਖਿਆ ਵਪਾਰ ਦਾ ਸਾਧਨ ਨਹੀਂ। ਨਿੱਜੀ ਸੰਸਥਾਵਾਂ/ਵਿਅਕਤੀ ਸਿੱਖਿਆ ਦੇ ਖੇਤਰ ਵਿਚ ਸਿਰਫ ਵਪਾਰ ਲਈ ਆਉਂਦੇ ਹਨ। ਸਾਡੇ ਦੇਸ਼ ਅੰਦਰ ਉਚੇਰੀ ਸਿੱਖਿਆ ਦੇ ਖੇਤਰ 'ਚ ਨਿੱਜੀ ਸੰਸਥਾਵਾਂ ਦਾ ਦਬਦਬਾ ਪਹਿਲਾਂ ਹੀ ਬਹੁਤ ਜ਼ਿਆਦਾ ਹੈ। ਪੰਜਾਬ ਵਿਚ ਖੁੱਲ੍ਹੀ ਪਹਿਲੀ ਨਿੱਜੀ ਯੂਨੀਵਰਸਿਟੀ (ਲਵਲੀ ਪ੍ਰੋਫੈਸਨਲ ਯੂਨੀਵਰਸਿਟੀ, ਜਲੰਧਰ) ਨੇ ਪੰਜਾਬ ਵਿਚ ਸਿੱਖਿਆ ਮੁਹੱਈਆ ਕਰਵਾਉਣ ਦੇ ਮਾਇਨੇ ਹੀ ਬਦਲ ਕੇ ਰੱਖ ਦਿੱਤੇ ਹਨ। ਕਿਸੇ ਵਿਦਿਅਕ ਸੰਸਥਾ ਦਾ ਕੰਮ ਸੋਹਣੀ ਜਿਹੀ ਬਿਲਡਿੰਗ ਉਸਾਰ ਕੇ ਸਾਰਾ ਸਾਲ ਰੱਟੇ ਮਰਵਾ-ਮਰਵਾ ਕਰਵਾਈਆਂ ਪ੍ਰੀਖਿਆਵਾਂ ਬਾਅਦ ਮਹਿਜ਼ ਡਿਗਰੀ ਦੇਣਾ ਨਹੀਂ ਹੁੰਦਾ ਬਲਕਿ ਵਿਦਿਆਰਥੀ ਦਾ ਸਰਬਪੱਖੀ ਵਿਕਾਸ ਕਰਵਾਉਂਦਿਆ ਵਾਜਿਬ ਮਾਹੌਲ ਦੇਣਾ ਹੁੰਦਾ ਹੈ ਜੋ ਸਿਰਫ ਤੇ ਸਿਰਫ ਸਰਕਾਰੀ ਸਿੱਖਿਆ ਸੰਸਥਾਵਾਂ ਵਿਚ ਹੀ ਸਿਰਜਿਆ ਜਾ ਸਕਦਾ ਹੈ।

ਸਾਡੀਆਂ ਵੱਡੀ ਗਿਣਤੀ ਯੂਨੀਵਰਸਿਟੀਆਂ ਅਧਿਆਪਕਾਂ ਸਮੇਤ ਸਾਰੇ ਤਰ੍ਹਾਂ ਦੀਆਂ ਖਾਲੀ ਅਸਾਮੀਆਂ ਅਤੇ ਫੰਡਾਂ ਦੀ ਕਮੀ ਨਾਲ ਜੂਝ ਰਹੀਆਂ ਹਨ; ਸੋ ਸਾਡੀਆਂ ਇਹਨਾਂ ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲੇ ਵੱਡੀ ਗਿਣਤੀ ਆਮ ਘਰਾਂ ਦੇ ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀਆਂ ਦੇ ਫੋਕੀ ਚਕਾਚੌਂਧ ਵਾਲੇ ਕੈਂਪਸਾਂ ਤੇ ਅਮਲੇ ਸਾਹਮਣੇ ਅਸਹਿਜ ਮਹਿਸੂਸ ਕਰਨਗੇ। ਸਰਕਾਰ ਦੀ ਇਹ ਕਾਰਵਾਈ 'ਸਭ ਲਈ ਬਰਾਬਰ ਸਿੱਖਿਆ ਦੇ ਮੌਕੇ' ਦੀ ਭਾਵਨਾ ਵਿਰੋਧੀ ਕਾਰਵਾਈ ਹੋਵੇਗੀ।

ਪਹਿਲਾਂ ਅੰਦਰਖਾਤੇ ਦੋਹਰੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਗਈ; ਭਾਵ, ਗਰੀਬਾਂ ਲਈ ਸਰਕਾਰੀ ਸਕੂਲ ਤੇ ਅਮੀਰਾਂ ਲਈ ਮਹਿੰਗੇ ਕਾਨਵੈਂਟ ਸਕੂਲ ਤੇ ਹੁਣ ਨਿੱਜੀਕਰਨ ਦੇ ਇਸ ਦੌਰ ਵਿਚ ਸਰਕਾਰੀ ਫੰਡਾਂ ਨਾਲ ਚੱਲਣ ਵਾਲੀਆਂ ਯੂਨੀਵਰਸਿਟੀਆਂ ਅਤੇ ਉਹਨਾਂ ਵਿਚ ਪੜ੍ਹਨ ਵਾਲੇ ਗਰੀਬ ਵਿਦਿਆਰਥੀ ਵੀ ਸਰਕਾਰ ਨੂੰ ਬੋਝ ਲੱਗਣ ਲੱਗੇ ਹਨ ਤੇ ਸਰਕਾਰਾਂ ਇਸ ਸਭ ਤੋਂ ਖਹਿੜਾ ਛਡਵਾਉਣ ਲਈ ਵਿਦੇਸ਼ੀ ਯੂਨੀਵਰਸਿਟੀਆਂ ਦੀ ਹੀ ਇਜਾਰੇਦਾਰੀ ਸਥਾਪਤ ਕਰਨ ਲੱਗੀਆਂ ਹਨ।

ਪਿਛਲੇ ਸਮੇਂ ਤੋਂ ਸਾਡੇ ਦੇਸ਼ ਦੀਆਂ ਵਿਦਿਅਕ ਸੰਸਥਾਵਾਂ ਵਿਚ ਤਾਨਾਸ਼ਾਹ ਮਾਹੌਲ ਸਿਰਜਿਆ ਜਾ ਰਿਹਾ ਹੈ। ਕਈ ਨਿੱਜੀ ਸੰਸਥਾਵਾਂ ਵਿਚ ਪ੍ਰਬੰਧਕਾਂ ਦੀ ਦਖਲਅੰਦਾਜ਼ੀ ਨਾਲ ਫਿਰਕੂ ਜਥੇਬੰਦੀਆਂ ਨੂੰ ਪ੍ਰਫੁੱਲਿਤ ਕੀਤਾ ਗਿਆ ਹੈ। ਵਿਦੇਸ਼ੀ ਯੂਨੀਵਰਸਿਟੀਆਂ ਨੂੰ ਇਸ ਤਰ੍ਹਾਂ ਦੀ ਖੁੱਲ੍ਹ ਦੇਣਾ ਸਰਕਾਰ ਦੀ ਦਲਿਤ, ਗਰੀਬ ਤੇ ਘੱਟ ਗਿਣਤੀਆਂ ਵਿਰੋਧੀ ਕਾਰਵਾਈ ਹੈ।

ਵਿਦੇਸ਼ੀ ਯੂਨੀਵਰਸਿਟੀਆਂ ਦੀ ਦਖਲ ਅੰਦਾਜ਼ੀ ਦੀ ਥਾਂ ਸਰਕਾਰ ਨੂੰ ਖੁਦ ਸਿੱਖਿਆ ਦੇ ਖੇਤਰ ਨੂੰ ਸਭ ਤੋਂ ਵੱਧ ਤਰਜੀਹੀ ਖੇਤਰ ਮੰਨਦਿਆਂ ਇਸ ਖੇਤਰ ਵਿਚ ਬੱਜ਼ਟ ਦਾ ਵੱਡਾ ਹਿੱਸਾ ਖਰਚ ਕਰਨਾ ਚਾਹੀਦਾ ਹੈ। ਪਿਛਲੀਆਂ ਸਰਕਾਰਾਂ ਵਾਂਗ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਜਟ ਦਾ 3 ਫੀਸਦ ਤੋਂ ਘੱਟ ਹਿੱਸਾ ਸਿੱਖਿਆ ਲਈ ਰੱਖਦੀ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖਿਆ ਸਰਕਾਰ ਦੀ ਤਰਜੀਹ ਨਹੀਂ ਹੈ।

ਭਾਰਤੀ ਸਿੱਖਿਆ ਪ੍ਰਣਾਲੀ ਮੁੱਖ ਰੂਪ ਵਿਚ ਲਾਰਡ ਮੈਕਾਲੇ ਦੀ ਦੇਣ ਹੈ ਕਿਉਂਕਿ ਅੰਗਰੇਜ ਹਕੂਮਤ ਸਮੇਂ ਪ੍ਰਾਚੀਨ ਭਾਰਤੀ ਸਿੱਖਿਆ ਦੇ ਸੰਕਲਪਾਂ ਨੂੰ ਮੋੜਾ ਦਿੰਦਿਆਂ ਅੰਗਰੇਜ਼ ਅਫਸਰ ਲਾਰਡ ਮੈਕਾਲੇ ਨੇ ਅਜਿਹੀ ਸਿੱਖਿਆ ਪ੍ਰਣਾਲੀ ਨੂੰ ਲਿਆਂਦਾ ਸੀ ਜਿਸ ਨਾਲ ਅੰਗਰੇਜ਼ ਹਕੂਮਤ ਨੂੰ ਆਪਣਾ ਪ੍ਰਬੰਧ ਚਲਾਉਣ ਲਈ ਲੋੜੀਂਦੇ ਕਰਮਚਾਰੀਆਂ ਦੇ ਰੂਪ ਵਿਚ 'ਕਲਰਕਾਂ' ਦੀ ਫੌਜ ਤਿਆਰ ਕੀਤੀ ਜਾ ਸਕੇ। ਲਾਰਡ ਮੈਕਾਲੇ ਦੀ ਸਿੱਖਿਆ ਪ੍ਰਣਾਲੀ ਦਾ ਮੰਤਵ ਸਪੱਸ਼ਟ ਸੀ ਕਿ ਮਨੁੱਖੀ ਕਦਰਾਂ ਕੀਮਤਾਂ ਤੋਂ ਕੋਰਾ ਅਜਿਹਾ ਵਰਗ ਪੈਦਾ ਕਰਨਾ ਜਿਸ ਦਾ ਵਿਹਾਰ ਤੇ ਸੋਚਣ ਢੰਗ ਮਕੈਨੀਕਲ ਤਰੀਕੇ ਵਾਲਾ ਹੋਵੇ ਅਤੇ ਉਹ ਅੰਗਰੇਜ਼ ਹਕੂਮਤ ਦੀ ਸੇਵਾ ਵਿਚ ਭੁਗਤਦਾ ਹੋਵੇ। 1947 ਦੀ ਸੱਤਾ ਤਬਦੀਲੀ ਤੋਂ ਬਾਅਦ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਅਨੇਕਾਂ ਵਾਰ ਸੋਧਾਂ ਕੀਤੀਆਂ ਪਰ ਇਸ ਦਾ ਬੁਨਿਆਦੀ ਰੂਪ ਪਹਿਲਾਂ ਵਾਲਾ ਹੀ ਬਰਕਰਾਰ ਰਿਹਾ। ਹੁਣ ਭਾਜਪਾ ਹਕੂਮਤ ਮੁੜ ਸਿੱਖਿਆ ਦੇ ਖੇਤਰ ਵਿਚ ਵਿਦੇਸ਼ੀ ਸੰਸਥਾਵਾਂ ਲਈ ਰਾਹ ਖੋਲ੍ਹ ਕੇ ਮਨਮਰਜ਼ੀ ਦੇ ਨਿਯਮਾਂ ਦੀ ਖੁੱਲ੍ਹ ਦੇ ਰਹੀ ਹੈ। ਵਿਦੇਸ਼ੀ ਕਾਰਪੋਰੇਟ ਘਰਾਣਿਆਂ ਲਈ ਭਾਰਤੀ ਧਰਤੀ 'ਤੇ ਵਿਦੇਸ਼ੀ ਲੋੜਾਂ ਅਨੁਸਾਰ 'ਪੁਰਜ਼ੇ' ਤਿਆਰ ਕਰਨ ਦੀ ਖੁੱਲ੍ਹ ਦੇਣਾ ਕਿਸੇ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ ਹੈ।

ਭਾਰਤੀ ਸੰਸਕ੍ਰਿਤੀ ਦਾ ਝੰਡਾਬਰਦਾਰ ਕਹਾਉਣ ਵਾਲਾ ਸੰਘ ਪਰਿਵਾਰ ਸਿੱਖਿਆ ਦੇ ਖੇਤਰ ਵਿਚ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਰਾਹ ਮੋਕਲਾ ਕਰਨ ਲਈ ਰੈਡ ਕਾਰਪਿਟ ਵਿਛਾ ਰਿਹਾ ਹੈ, ਵਿਰੋਧੀ ਧਿਰ ਦੀ ਸੋਚ ਵਿਚ ਵੀ ਬੁਨਿਆਦੀ ਤੌਰ 'ਤੇ ਕੋਈ ਫਰਕ ਨਜ਼ਰ ਨਹੀਂ ਆ ਰਿਹਾ ਤਾਂ ਲੋਕ ਪੱਖੀ ਵਿਅਕਤੀਆਂ, ਸਿੱਖਿਆ ਮਾਹਿਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਕਾਰਵਾਈ ਦਾ ਪਰਦਾਚਾਕ ਕਰਨ।

# ਮਨੁੱਖੀ ਹੱਕ ਬਨਾਮ ਰੇਲਵੇ ਦਾ 'ਆਧੁਨਿਕੀਕਰਨ'

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

5 ਜਨਵਰੀ 2023 ਨੂੰ ਸੁਪਰੀਮ ਕੋਰਟ ਨੇ ਉੱਤਰਾਖੰਡ ਹਾਈ ਕੋਰਟ ਦੇ 20 ਦਸੰਬਰ 2022 ਦੇ ਆਦੇਸ਼ ਉੱਪਰ ਰੋਕ ਲਗਾ ਦਿੱਤੀ ਜਿਸ ਵਿਚ ਭਾਰਤੀ ਰੇਲਵੇ ਅਤੇ ਹਲਦਵਾਨੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਬਨਫੂਲਪੁਰਾ ਇਲਾਕੇ ਦੇ 50 ਹਜ਼ਾਰ ਲੋਕਾਂ ਨੂੰ ਉੱਥੋਂ ਹਟਾਉਣ ਲਈ ਨੀਮ-ਫ਼ੌਜੀ ਤਾਕਤਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਸੀ। ਇਨ੍ਹਾਂ ਬਾਸ਼ਿੰਦਿਆਂ ਜੋ ਮੁੱਖ ਤੌਰ 'ਤੇ ਗ਼ਰੀਬ ਮਿਹਨਤਕਸ਼ ਮੁਸਲਮਾਨ ਹਨ, ਨੂੰ ਰੇਲਵੇ ਦੀ ਜ਼ਮੀਨ ਉੱਪਰ ਨਜਾਇਜ਼ ਕਾਬਜ਼ ਦੱਸਿਆ ਜਾ ਰਿਹਾ ਹੈ। ਹਾਈਕੋਰਟ ਦੇ ਆਦੇਸ਼ 'ਤੇ 4365 ਪਰਿਵਾਰਾਂ ਨੂੰ ਬੇਦਖ਼ਲੀ ਦੇ ਨੋਟਿਸ ਜਾਰੀ ਕੀਤੇ ਗਏ ਸਨ। ਆਰ.ਐੱਸ.ਐੱਸ.-ਭਾਜਪਾ ਸਮਝਦੀ ਹੈ ਕਿ ਪਿਛਲੇ ਅੱਠ ਸਾਲਾਂ ਤੋਂ ਉਨ੍ਹਾਂ ਦੇ ਭਗਵੇਂ ਰਾਜ ਵੱਲੋਂ ਸਿਰਜੇ ਮੁਸਲਿਮ ਵਿਰੋਧੀ ਬਿਰਤਾਂਤ ਦੇ ਮਾਹੌਲ ਵਿਚ ਇਨ੍ਹਾਂ ਲੋਕਾਂ ਨੂੰ ਨਜਾਇਜ਼ ਕਹਿ ਕੇ ਐਨੇ ਵੱਡੇ ਪੈਮਾਨੇ 'ਤੇ ਸੌਖਿਆਂ ਹੀ ਉਜਾੜਿਆ ਜਾ ਸਕਦਾ ਹੈ। 20 ਦਸੰਬਰ 2022 ਨੂੰ ਉਤਰਾਖੰਡ ਹਾਈਕੋਰਟ ਦੇ ਬੈਂਚ ਨੇ ਇਨ੍ਹਾਂ ਘਰਾਂ ਨੂੰ ਨੀਮ-ਫ਼ੌਜੀ ਤਾਕਤ ਵਰਤ ਕੇ ਹਟਾਉਣ ਦਾ ਆਦੇਸ਼ ਦਿੱਤਾ ਸੀ ਜਿਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਇਹ ਲੋਕ ਕੜਾਕੇ ਦੀ ਠੰਢ 'ਚ ਹਾਈਕੋਰਟ ਦੇ ਇਕਤਰਫ਼ਾ ਹੁਕਮ ਵਿਰੁੱਧ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਕੁਝ ਬਾਸ਼ਿੰਦਿਆਂ ਨੇ ਉਜਾੜਾ ਰੋਕਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ।

ਸੁਪਰੀਮ ਕੋਰਟ ਨੇ ਕਿਹਾ ਕਿ 50 ਹਜ਼ਾਰ ਲੋਕਾਂ ਨੂੰ 7 ਦਿਨਾਂ 'ਚ ਉਜਾੜਨ ਲਈ ਅਰਧ ਸੈਨਿਕ ਬਲਾਂ ਨੂੰ ਲਗਾਉਣ ਦਾ ਹੁਕਮ ਦੇਣਾ ਸਹੀ ਨਹੀਂ ਹੈ। ਬੈਂਚ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ ਕੋਈ ਮਾਲਕੀ ਹੱਕ ਨਹੀਂ ਹੈ ਪਰ ਉਹ ਸਾਲਾਂ ਤੋਂ ਉੱਥੇ ਰਹਿ ਰਹੇ ਹਨ, ਉਨ੍ਹਾਂ ਦਾ ਮੁੜ ਵਸੇਬਾ ਕਰਨ ਦੀ ਜ਼ਰੂਰਤ ਹੈ। ਉੱਥੇ ਰਹਿ ਰਹੇ ਲੋਕਾਂ ਦਾ ਕਹਿਣਾ ਹੈ ਕਿ ਉਹ ਬਹੁਤ ਸਾਲਾਂ ਤੋਂ ਉੱਥੇ ਰਹਿ ਰਹੇ ਹਨ ਅਤੇ ਉਨ੍ਹਾਂ ਕੋਲ ਸਰਕਾਰੀ ਅਧਿਕਾਰੀਆਂ ਤੋਂ ਮਾਨਤਾ ਪ੍ਰਾਪਤ ਦਸਤਾਵੇਜ਼ ਵੀ ਹਨ। ਬਹੁਤ ਸਾਰੇ ਲੋਕਾਂ ਕੋਲ ਇਸ ਜਗ੍ਹਾ ਉੱਪਰ 1947 ਤੋਂ ਪਹਿਲਾਂ ਦਾ ਕਬਜ਼ਾ ਹੈ ਪਰ ਰੇਲਵੇ ਵਿਭਾਗ ਦਾ ਦਾਅਵਾ ਹੈ ਕਿ 4365 ਪਰਿਵਾਰ 29 ਏਕੜ ਜ਼ਮੀਨ ਉੱਪਰ ਨਜਾਇਜ਼ ਕਾਬਜ਼ ਹਨ ਅਤੇ ਇਹ ਜ਼ਮੀਨ ਰੇਲਵੇ ਦੀ ਹੈ।

ਬੇਸ਼ੱਕ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਲੋਕਾਂ ਨੂੰ ਆਰਜ਼ੀ ਰਾਹਤ ਮਿਲੀ ਹੈ ਪਰ ਇਸ ਨਾਲ ਉਜਾੜੇ ਦਾ ਖ਼ਤਰਾ ਹਮੇਸ਼ਾ ਲਈ ਦੂਰ ਨਹੀਂ ਹੋਇਆ ਹੈ। ਚੰਗੇ ਭੋਜਨ ਦਾ ਹੱਕ, ਤਨ ਢੱਕਣ ਲਈ ਕੱਪੜੇ ਦਾ ਹੱਕ, ਜ਼ਿੰਦਗੀ ਲਈ ਅਨੁਕੂਲ ਵਾਤਾਵਰਨ ਦਾ ਹੱਕ ਅਤੇ ਰੈਣ-ਬਸੇਰੇ ਦਾ ਹੱਕ ਇਹ ਜ਼ਿੰਦਗੀ ਦੇ ਹੱਕ ਦਾ ਹਿੱਸਾ ਹੈ ਅਤੇ ਹਾਈਕੋਰਟ ਦਾ ਹੁਕਮ ਰਿਹਾਇਸ਼ ਦੇ ਮਨੁੱਖੀ ਹੱਕ ਉੱਪਰ ਸਿੱਧਾ ਹਮਲਾ ਹੈ। ਮਾਮਲੇ ਦੀ ਸੁਣਵਾਈ 7 ਫਰਵਰੀ ਨੂੰ ਹੋਵੇਗੀ ਜਿਸ ਵਿਚ ਸਟੇਟ ਅਤੇ ਰੇਲਵੇ ਵਿਭਾਗ ਨੂੰ ਮਸਲੇ ਦਾ 'ਵਿਹਾਰਕ ਹੱਲ' ਲੱਭਣ ਲਈ ਕਿਹਾ ਗਿਆ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਆਖ਼ਿਰਕਾਰ 'ਵਿਹਾਰਕ ਹੱਲ' ਕੀ ਲੱਭਿਆ ਜਾਂਦਾ ਹੈ।

ਇਨ੍ਹਾਂ ਕਥਿਤ ਨਜਾਇਜ਼ ਕਾਬਜ਼ਕਾਰਾਂ ਕੋਲ ਇਸ ਜਗ੍ਹਾ ਦੇ ਪਟੇ ਹਨ ਅਤੇ ਕੁਝ ਨੇ ਨੀਲਾਮੀ ਰਾਹੀਂ ਜਗ੍ਹਾ ਖ਼ਰੀਦ ਕੇ ਉੱਥੇ ਰਹਿਣਾ ਸ਼ੁਰੂ ਕੀਤਾ। 1947 ਦੀ ਵੰਡ ਸਮੇਂ ਪਾਕਿਸਤਾਨ ਛੱਡ ਜਾਣ ਵਾਲਿਆਂ ਦੇ ਘਰ ਸਰਕਾਰ ਵੱਲੋਂ ਨੀਲਾਮ ਕੀਤੇ ਗਏ ਜੋ ਉਨ੍ਹਾਂ ਨੇ ਖ਼ਰੀਦ ਲਏ। ਦਰਅਸਲ ਭਗਤੇ ਵਾਲੀ ਜਗ੍ਹਾ ਨਜ਼ੂਲ ਜ਼ਮੀਨ ਹੈ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਅਨੁਸਾਰ ਅੰਗਰੇਜ਼ੀ ਰਾਜ ਨੇ ਉੱਤਰਾਖੰਡ ਦੇ ਪਹਾੜੀ ਭਵਾਰ ਖੇਤਰ ਵਿਚ ਜ਼ਮੀਨ ਐਕੁਆਇਰ ਕੀਤੀ, ਇਸਦਾ ਨਾਮ ਹਲਦਵਾਨੀ ਖ਼ਾਸ ਰੱਖਿਆ ਗਿਆ। 1800 ਦੇ ਦਹਾਕੇ ਦੇ ਅੱਧ 'ਚ ਦੂਰ-ਦਰਾਜ਼ ਖੇਤਰਾਂ ਦੇ ਵਸਨੀਕਾਂ ਨੂੰ ਇੱਥੇ ਲਿਆ ਕੇ ਵਸਾਇਆ ਗਿਆ। 1859 ਵਿਚ ਉਪਰੋਕਤ ਰੇਲਵੇ ਲਾਈਨ ਬਣਾਉਣ ਲਈ ਜ਼ਮੀਨ ਲਈ ਗਈ ਸੀ ਜੋ 1880 ਤੱਕ ਮੁਕੰਮਲ ਹੋ ਗਈ ਸੀ। ਉਸ ਸਮੇਂ ਦੀਆਂ ਅਖ਼ਬਾਰੀ ਰਿਪੋਰਟਾਂ ਅਨੁਸਾਰ ਅੰਗਰੇਜ਼ ਅਧਿਕਾਰੀਆਂ ਵੱਲੋਂ 1896 ਵਿਚ ਪਿਸ਼ੌਰਾਗੜ੍ਹ ਦੇ ਦਾਨ ਸਿੰਘ ਨਾਮਕ ਇਕ ਵਪਾਰੀ ਨੂੰ ਇਨ੍ਹਾਂ ਜ਼ਮੀਨਾਂ ਦੇ ਟੁਕੜੇ ਦੇ ਦਿੱਤੇ ਗਏ ਜਿਸ ਨੇ ਅੱਗੇ ਇਹ ਵੱਖ-ਵੱਖ ਲੋਕਾਂ ਨੂੰ ਵੇਚ ਦਿੱਤੇ। 1907 ਵਿਚ ਅੰਗਰੇਜ਼ ਅਧਿਕਾਰੀਆਂ ਨੇ ਸਥਾਨਕ ਮਿਊਂਸਪਲ ਅਥਾਰਟੀਜ਼ ਨੂੰ ਇਹ ਜ਼ਮੀਨ 'ਨਜ਼ੂਲ ਜ਼ਮੀਨ' ਵਜੋਂ ਸੌਂਪ ਦਿੱਤੀ। ਇਹ ਮੌਜੂਦਾ ਲੜਾਈ ਦਾ ਮੁੱਖ ਨੁਕਤਾ ਹੈ।

9 ਨਵੰਬਰ 2000 ਨੂੰ ਵੱਖਰਾ ਉਤਰਾਖੰਡ ਰਾਜ ਬਣਾਇਆ ਗਿਆ ਅਤੇ 2007 'ਚ ਉਤਰਾਖੰਡ ਬਾਰ ਐਸੋਸੀਏਸ਼ਨ ਦੇ ਇਕ ਮੈਂਬਰ ਜੋ ਉਤਰਾਖੰਡ ਹਾਈਕੋਰਟ ਬਣਨ 'ਤੇ ਅਲਾਹਾਬਾਦ ਤੋਂ ਨੈਨੀਤਾਲ ਆ ਗਿਆ ਸੀ, ਨੇ ਮੰਗ ਕੀਤੀ ਕਿ ਕਾਠਗੋਦਾਮ ਅਤੇ ਅਲਾਹਾਬਾਦ ਦਰਮਿਆਨ ਰੇਲਵੇ ਸਰਵਿਸ ਸ਼ੁਰੂ ਕੀਤੀ ਜਾਵੇ। ਮੰਗ ਇਹ ਕਹਿ ਕੇ ਰੱਦ ਕਰ ਦਿੱਤੀ ਗਈ ਕਿ ਹਲਦਵਾਨੀ ਰੇਲਵੇ ਸਟੇਸ਼ਨ ਕੋਲ ਨਵੀਂ ਰੇਲਗੱਡੀ ਚਲਾਉਣ ਲਈ ਜਗ੍ਹਾ ਨਹੀਂ ਹੈ। ਉਦੋਂ ਪਹਿਲੀ ਵਾਰ ਕਥਿਤ ਨਜਾਇਜ਼ ਕਬਜ਼ਿਆਂ ਦਾ ਮੁੱਦਾ ਉੱਠਿਆ। ਉਤਰਾਖੰਡ ਸਰਕਾਰ ਦਾ ਕਹਿਣਾ ਹੈ ਕਿ ਵੋਟਾਂ ਲੈਣ ਲਈ ਪਿਛਲੀਆਂ ਸਰਕਾਰਾਂ (ਯਾਨੀ ਕਾਂਗਰਸ ਤੇ ਸਮਾਜਵਾਦੀ ਪਾਰਟੀ ਦੀਆਂ ਸਰਕਾਰਾਂ) ਵੱਲੋਂ ਇਨ੍ਹਾਂ ਲੋਕਾਂ (ਮੁਸਲਮਾਨਾਂ) ਦੇ ਇਸ ਜ਼ਮੀਨ ਉੱਪਰ ਨਜਾਇਜ਼ ਕਬਜ਼ੇ ਕਰਵਾ ਦਿੱਤੇ ਗਏ; ਕਿ ਹੁਣ ਰੇਲਵੇ ਸਟੇਸ਼ਨ ਦਾ ਵਿਸਤਾਰ ਕਰਨ ਲਈ ਨਜਾਇਜ਼ ਕਬਜ਼ੇ ਹਟਾਉਣੇ ਜ਼ਰੂਰੀ ਹਨ। ਹੋ ਸਕਦਾ ਹੈ ਕਿ ਕੁਝ ਲੋਕਾਂ ਵੱਲੋਂ ਅਜਿਹੀਆਂ ਥਾਵਾਂ ਉੱਪਰ ਨਜਾਇਜ਼ ਕਬਜ਼ੇ ਕਰ ਕੇ ਘਰ ਬਣਾਏ ਗਏ ਹੋਣ ਪਰ ਜੇ ਸੱਤ-ਅੱਠ ਦਹਾਕੇ ਬਾਅਦ ਰੇਲਵੇ ਵਿਭਾਗ ਕਥਿਤ ਨਜਾਇਜ਼ ਕਬਜ਼ੇ ਛੁਡਾਉਣ ਲਈ ਜਾਗਿਆ ਹੈ ਤਾਂ ਇਸ ਦੇ ਪਿੱਛੇ ਹੋਰ ਏਜੰਡਾ ਹੈ।



ਇੰਞ, ਹਲਦਵਾਨੀ ਰੇਲਵੇ ਸਟੇਸ਼ਨ ਲਾਗੇ ਦੇ ਬਨਫੂਲਪੁਰਾ ਦੀ ਭਗਤੇ ਵਾਲੀ ਜ਼ਮੀਨ ਬਣ ਗਈ। ਪਹਿਲਾਂ ਇਹ ਦਾਅਵਾ ਕੀਤਾ ਗਿਆ ਕਿ 29 ਏਕੜ ਜ਼ਮੀਨ ਰੇਲਵੇ ਦੀ ਹੈ ਅਤੇ ਹੁਣ ਕਿਹਾ ਜਾ ਰਿਹਾ ਹੈ ਕਿ 78 ਏਕੜ ਜ਼ਮੀਨ ਰੇਲਵੇ ਦੀ ਹੈ। ਜਦੋਂ ਇੱਥੇ ਸਰਕਾਰੀ ਡਿਸਪੈਂਸਰੀਆਂ, ਸਕੂਲ, ਕਾਲਜ, ਪੀ.ਡਬਲਿਊ.ਡੀ. ਦੀਆਂ ਸੜਕਾਂ, ਸਿੰਜਾਈ ਵਿਭਾਗ ਦੀਆਂ ਨਹਿਰਾਂ ਆਦਿ ਬਣੇ ਉਦੋਂ ਇਨ੍ਹਾਂ ਨੂੰ ਸਰਕਾਰੀ ਮਨਜ਼ੂਰੀ ਦਿੱਤੀ ਗਈ। ਇੱਥੇ ਪੰਜ ਮਿਡਲ ਅਤੇ ਪ੍ਰਾਇਮਰੀ ਸਕੂਲ, ਅੱਧੀ ਦਰਜਨ ਤੋਂ ਵਧੇਰੇ ਪ੍ਰਾਈਵੇਟ ਸਕੂਲ, ਤਿੰਨ ਮੰਦਰ, 11 ਛੋਟੀਆਂ ਵੱਡੀਆਂ ਮਸਜਿਦਾਂ ਅਤੇ ਦੋ ਪਾਣੀ ਦੀਆਂ ਸਰਕਾਰੀ ਟੈਂਕੀਆਂ ਬਣੀਆਂ ਹੋਈਆਂ ਹਨ। ਇਹ ਸਭ ਨਗਰ ਪਾਲਿਕਾ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਇਹ ਲੋਕ ਬਾਕਾਇਦਾ ਹਾਊਸ ਟੈਕਸ ਦਿੰਦੇ ਹਨ ਅਤੇ ਉਨ੍ਹਾਂ ਦੇ ਨਾਮ ਸ਼ਹਿਰ ਦੀ ਨਗਰਪਾਲਿਕਾ ਦੇ ਹਾਊਸ ਟੈਕਸ ਦੇਣ ਵਾਲਿਆਂ ਦੇ ਰਿਕਾਰਡ ਵਿਚ ਦਰਜ ਹਨ। ਇੱਥੇ ਰਹਿਣ ਵਾਲੇ ਲੋਕਾਂ ਨੂੰ ਬਿਜਲੀ ਵਿਭਾਗ ਅਤੇ ਹੋਰ ਵਿਭਾਗਾਂ ਦੇ ਬਾਕਾਇਦਾ ਬਿੱਲ ਆਉਂਦੇ ਹਨ। ਇਨ੍ਹਾਂ ਕੋਲ ਗੈਸ, ਪੀਣ ਵਾਲੇ ਪਾਣੀ ਦੇ ਕੁਨੈਕਸ਼ਨ ਹਨ; ਆਧਾਰ ਕਾਰਡ ਬਣੇ ਹੋਏ ਹਨ ਪਰ ਜਦੋਂ ਹਕੂਮਤ ਅਤੇ ਸਟੇਟ ਇਰਾਦਾ ਧਾਰ ਲਵੇ ਕਿ ਜਗ੍ਹਾ ਖ਼ਾਲੀ ਕਰਵਾਉਣੀ ਹੀ ਹੈ ਤਾਂ ਕਾਨੂੰਨੀ ਦਸਤਾਵੇਜ਼ ਅਤੇ ਮਨੁੱਖੀ ਹਕੂਕ ਉਨ੍ਹਾਂ ਲਈ ਕੀ ਮਾਇਨੇ ਰੱਖਦੇ ਹਨ?

ਇੱਥੇ ਵੀ ਉਹੀ 'ਵਿਕਾਸ' ਦੀ ਘਸੀ-ਪਿਟੀ ਦਲੀਲ ਪੇਸ਼ ਕੀਤੀ ਜਾ ਰਹੀ ਹੈ ਜੋ ਲੋਕਾਂ ਨੂੰ ਉਜਾੜ ਕੇ ਜ਼ਮੀਨਾਂ ਖੋਹਣ ਲਈ ਹਰ ਜਗ੍ਹਾ ਦਿੱਤੀ ਜਾਂਦੀ ਹੈ। ਪਹਿਲਾਂ ਆਮ ਲੋਕਾਂ 'ਚ ਇਹ ਧਾਰਨਾ ਬਣਾਈ ਜਾਂਦੀ ਹੈ ਕਿ ਉੱਥੇ ਰਹਿਣ ਵਾਲੇ ਨਜਾਇਜ਼ ਕਬਜ਼ਾਕਾਰ ਹਨ ਅਤੇ 'ਵਿਕਾਸ' ਲਈ ਨਜਾਇਜ਼ ਕਬਜ਼ੇ ਹਟਾਉਣੇ ਜ਼ਰੂਰੀ ਹਨ। ਜਲੰਧਰ ਦੇ ਲਤੀਫ਼ਪੁਰਾ ਵਿਚ ਵੀ ਇੰਪਰੂਵਮੈਂਟ ਟਰੱਸਟ ਅਨੁਸਾਰ ਦਹਾਕਿਆਂ ਤੋਂ ਰਹਿ ਰਹੇ ਲੋਕਾਂ ਦੇ ਘਰ ਢਾਹ ਕੇ ਉੱਥੇ ਚੌੜੀ ਸੜਕ ਬਣਾਉਣਾ 'ਵਿਕਾਸ' ਹੈ ਜਿਸ ਵਿੱਚੋਂ ਲੋਕ ਅਤੇ ਮਨੁੱਖੀ ਹਕੂਕ ਮਨਫ਼ੀ ਹਨ। ਬਨਫੂਲਪੁਰਾ ਦੇ 4365 ਪਰਿਵਾਰ ਖ਼ੁਸ਼ਕਿਸਮਤ ਹਨ ਕਿ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਸਿਰ ਉੱਪਰ ਛੱਤ ਦੇ ਮਨੁੱਖੀ ਹੱਕ ਨੂੰ ਸਵੀਕਾਰ ਤਾਂ ਕੀਤਾ। ਲਤੀਫ਼ਪੁਰਾ ਦੇ ਬਾਸ਼ਿੰਦਿਆਂ ਦਾ ਇਹ ਹੱਕ ਸੁਪਰੀਮ ਕੋਰਟ ਕੋਲੋਂ ਹਾਈਕੋਰਟ ਦੇ ਆਦੇਸ਼ ਨੂੰ ਲਾਗੂ ਕਰਾਉਣ ਦਾ ਹੁਕਮ ਕਾਨੂੰਨੀ ਹੇਰਾਫੇਰੀ ਰਾਹੀਂ ਜਾਰੀ ਕਰਵਾ ਕੇ ਖੋਹਿਆ ਗਿਆ। ਹੁਣ ਕਥਿਤ ਮੁੜ-ਵਸੇਬੇ ਦੇ ਨਾਂ ਹੇਠ ਬੇਹੱਦ ਖ਼ਸਤਾ ਹਾਲਤ ਫਲੈਟ ਦੇ ਕੇ ਉਨ੍ਹਾਂ ਨੂੰ ਵਰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਹਕੀਕਤ ਇਹ ਹੈ ਕਿ ਵਿਕਾਸ ਦੇ ਨਾਂ ਹੇਠ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦਾ ਸੰਬੰਧ ਵਡਮੁੱਲੀਆਂ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੇ ਏਜੰਡੇ ਨਾਲ ਹੈ। ਇਸ ਨੂੰ ਆਦਿਵਾਸੀ ਵਸੋਂ ਵਾਲੇ ਜੰਗਲੀ-ਪਹਾੜੀਆਂ ਇਲਾਕਿਆਂ ਤੋਂ ਲੈ ਕੇ ਸਮੁੰਦਰੀ ਕੰਢਿਆਂ ਅਤੇ ਮਹਾਂਨਗਰਾਂ ਦੀਆਂ ਝੁੱਗੀਆਂ-ਝੌਂਪੜੀਆਂ ਤੱਕ ਪੂਰੇ ਮੁਲਕ ਵਿਚ ਦੇਖਿਆ ਜਾ ਸਕਦਾ ਹੈ। ਇਹ ਗੱਲ ਸਮਝਣੀ ਮੁਸ਼ਕਿਲ ਨਹੀਂ ਹੈ ਕਿ ਰੇਲਵੇ ਦਾ ਨਿੱਜੀਕਰਨ ਕਰਨ ਦੇ ਰਾਹ ਤੁਰੀ ਹਕੂਮਤ ਉਨ੍ਹਾਂ ਜ਼ਮੀਨਾਂ ਨੂੰ ਖ਼ਾਲੀ ਕਰਾਉਣ ਲਈ ਐਨੀ ਤਾਹੂ ਕਿਉਂ ਹੈ ਜਿੱਥੇ ਲੋਕ 1947 ਤੋਂ ਵੀ ਪਹਿਲਾਂ ਤੋਂ ਰਹਿ ਰਹੇ ਹਨ। ਦਰਅਸਲ, ਆਰ.ਐੱਸ.ਐੱਸ.-ਭਾਜਪਾ ਹਕੂਮਤ ਰੇਲਵੇ, ਏਅਰਪੋਰਟਾਂ ਤੇ ਸਮੁੰਦਰੀ ਬੰਦਰਗਾਹਾਂ ਦੀਆਂ ਮੁੱਲਵਾਨ ਜਾਇਦਾਦਾਂ ਸਮੇਤ ਪੂਰਾ ਬੁਨਿਆਦੀ ਢਾਂਚਾ ਕਾਰਪੋਰੇਟਾਂ ਨੂੰ ਸੌਂਪਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ।

ਪਹਿਲੀ ਜੁਲਾਈ 2020 ਨੂੰ ਰੇਲਵੇ ਮੰਤਰਾਲੇ ਨੇ ਐਲਾਨ ਕੀਤਾ ਕਿ 109 ਰੇਲਵੇ ਰੂਟਾਂ (ਪੇਅਰ ਆਫ਼ ਰੂਟ) ਉੱਪਰ 151 ਰੇਲ ਗੱਡੀਆਂ ਨਿੱਜੀ ਓਪਰੇਟਰਾਂ ਵੱਲੋਂ ਚਲਾਈਆਂ ਜਾਣਗੀਆਂ। ਨਿੱਜੀ ਖੇਤਰ ਇੱਥੇ 30 ਹਜ਼ਾਰ ਕਰੋੜ ਰੁਪਏ ਪੂੰਜੀ-ਨਿਵੇਸ਼ ਕਰੇਗਾ। ਸਿਰਫ਼ ਡਰਾਈਵਰ ਅਤੇ ਗਾਰਡ ਸਰਕਾਰੀ ਹੋਣਗੇ; ਬਾਕੀ ਸਾਰਾ ਅਮਲਾ ਉਸ ਰੇਲ ਗੱਡੀ ਨੂੰ ਚਲਾਉਣ ਵਾਲੀ ਕੰਪਨੀ ਦਾ ਹੋਵੇਗਾ। ਇਹ ਰੇਲ ਗੱਡੀਆਂ ਅਪਰੈਲ 2023 ਤੋਂ ਚਲਾਏ ਜਾਣ ਦਾ ਟੀਚਾ ਰੱਖਿਆ ਗਿਆ। ਕਿਰਾਇਆ ਕੰਪਨੀ ਤੈਅ ਕਰੇਗੀ ਅਤੇ ਇਹ ਰੇਲਾਂ ਉਸੇ ਤਰਜ਼ 'ਤੇ ਚਲਾਈਆਂ ਜਾਣਗੀਆਂ ਜਿਵੇਂ ਨਿੱਜੀ ਏਅਰਲਾਈਨਾਂ ਕੰਮ ਕਰਦੀਆਂ ਹਨ। ਏਅਰਪੋਰਟਾਂ ਵਾਂਗ ਰੇਲਵੇ ਸਟੇਸ਼ਨਾਂ ਦਾ ਸੰਚਾਲਨ ਵੀ ਨਿੱਜੀ ਓਪਰੇਟਰ ਕਰਨਗੇ।

ਇਹ ਸਭ ਕੁਝ ਭਾਵੇਂ ਆਧੁਨਿਕੀਕਰਨ ਕਰਨ ਦੇ ਨਾਂ ਹੇਠ ਕੀਤਾ ਜਾ ਰਿਹਾ ਹੈ ਪਰ ਪਬਲਿਕ ਸਰਵਿਸ ਨੂੰ ਮੁਨਾਫ਼ੇ ਕਮਾਉਣ ਵਾਲੇ ਕਾਰਪੋਰੇਟਾਂ ਨੂੰ ਸੌਂਪਣ ਦੀ ਤਿਆਰੀ ਤੋਂ ਇਸ ਦੇ ਅਸਲ ਮਨਸ਼ਿਆਂ ਨੂੰ ਸਮਝਣਾ ਮੁਸ਼ਕਿਲ ਨਹੀਂ ਹੈ। ਦੁਨੀਆ ਦਾ ਚੌਥਾ ਸਭ ਤੋਂ ਵੱਡਾ ਨੈਟਵਰਕ, ਇੰਡੀਅਨ ਰੇਲਵੇ, ਨਿੱਜੀਕਰਨ ਦੇ ਏਜੰਡੇ 'ਤੇ ਹੈ ਅਤੇ ਇਸ ਕੋਲ ਵਿਸ਼ਾਲ ਜ਼ਮੀਨਾਂ ਹਨ। ਸਰਕਾਰ ਬਣੇ-ਬਣਾਏ ਵਿਸ਼ਾਲ ਢਾਂਚੇ ਦੇ ਨਾਲ-ਨਾਲ ਆਧੁਨਿਕ ਤਕਨੀਕ ਉੱਪਰ ਸਰਕਾਰੀ ਪੈਸਾ ਖ਼ਰਚਕੇ ਇਸ ਨੂੰ ਆਪਣੇ ਲੰਗੋਟੀਏ ਕਾਰਪੋਰੇਟਾਂ ਨੂੰ ਸੁਪਰ ਮੁਨਾਫ਼ੇ ਦੇਣ ਵਾਲੇ ਨਵੇਂ ਖੇਤਰ ਵਜੋਂ ਦੇਣਾ ਚਾਹੁੰਦੀ ਹੈ। ਰੇਲਵੇ ਦੀਆਂ 13000 ਯਾਤਰੀ ਗੱਡੀਆਂ ਵਿੱਚੋਂ 151 ਰੇਲ ਗੱਡੀਆਂ ਤਾਂ ਮਹਿਜ਼ ਨਿੱਕੀ ਜਹੀ ਸ਼ੁਰੂਆਤ ਹੈ। ਪ੍ਰੋਡਕਸ਼ਨਾਂ ਇਕਾਈਆਂ ਅਤੇ ਇਸ ਨਾਲ ਜੁੜੀਆਂ ਵਰਕਸ਼ਾਪਾਂ ਵੀ ਸਿਲਸਿਲੇਵਾਰ ਤਰੀਕੇ ਨਾਲ ਨਿੱਜੀਕਰਨ ਦੇ ਨਿਸ਼ਾਨੇ 'ਤੇ ਹਨ। ਦਿੱਲੀ, ਮੁੰਬਈ, ਚੇਨਈ, ਅਹਿਮਦਾਬਾਦ, ਲਖਨਊ ਅਤੇ ਇਰਾਕੁਲਮ ਵਰਗੇ ਸਭ ਤੋਂ ਵੱਡੇ ਰੇਲਵੇ ਸਟੇਸ਼ਨਾਂ ਸਮੇਤ 300 ਰੇਲਵੇ ਸਟੇਸ਼ਨਾਂ ਦਾ ਨਿੱਜੀਕਰਨ ਕਰਨ ਦੀ ਤਿਆਰੀ ਹੈ। ਪਹਿਲੇ ਪੜਾਅ 'ਚ 46 ਸਟੇਸ਼ਨਾਂ ਦੇ ਆਧੁਨਿਕੀਕਰਨ ਲਈ ਸਾਢੇ ਸਤਾਰਾਂ ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ। ਇਸ ਸਬੰਧ 'ਚ 'ਹਾਈਬ੍ਰਿਡ ਪੀਪੀਪੀ' ਦਾ ਖ਼ਾਸ ਮਾਡਲ ਅਖ਼ਤਿਆਰ ਕੀਤਾ ਗਿਆ ਹੈ। ਇਸ ਤਹਿਤ ਰੇਲਵੇ ਵਿਭਾਗ ਸਿਰਫ਼ ਸਟੇਸ਼ਨ ਦੇ ਕੋਰ ਖੇਤਰ ਵਿਚ ਆਧੁਨਿਕੀਕਰਨ ਉੱਪਰ ਪੈਸਾ ਖ਼ਰਚੇਗਾ। ਉਸਾਰੀ ਹੋਣ 'ਤੇ ਉਨ੍ਹਾਂ ਸਟੇਸ਼ਨਾਂ ਦੇ ਰੱਖ-ਰਖਾਅ ਲਈ ਅਤੇ ਜੁੜਵੇਂ ਖੇਤਰਾਂ ਵਿਚ ਵਧੇਰੇ ਰੀਅਲ ਇਸਟੇਟ ਨੂੰ ਵਿਕਸਤ ਕਰਨ ਲਈ ਨਿੱਜੀ ਨਿਵੇਸ਼ਕਾਰਾਂ ਨੂੰ ਬੋਲੀ ਦੇਣ ਲਈ ਕਿਹਾ ਜਾਵੇਗਾ। ਰੇਲਵੇ ਸਟੇਸ਼ਨਾਂ ਦਾ ਵਿਸਤਾਰ ਅਤੇ ਆਧੁਨਿਕੀਕਰਨ ਨਾਲ ਲੱਗਦੇ ਇਲਾਕਿਆਂ ਦੀਆਂ ਜ਼ਮੀਨਾਂ ਲੈ ਕੇ ਹੀ ਕੀਤਾ ਜਾ ਸਕਦਾ ਹੈ ਜੋ ਜ਼ਮੀਨਾਂ ਆਖ਼ਿਰਕਾਰ ਕਿਸੇ ਨਾ ਕਿਸੇ ਰੂਪ 'ਚ ਕਾਰਪੋਰੇਟ ਕਾਰੋਬਾਰੀਆਂ ਦੇ ਹੱਥਾਂ 'ਚ ਚਲੀਆਂ ਜਾਣਗੀਆਂ। ਕਾਨੂੰਨੀ ਤੌਰ 'ਤੇ ਜ਼ਮੀਨਾਂ ਐਕਵਾਇਰ ਕਰਨਾ ਸੌਖਾ ਨਹੀਂ ਹੈ, ਸੌਖਾ ਢੰਗ ਹੈ ਉੱਥੇ ਵਸੇ ਲੋਕਾਂ ਨੂੰ ਗ਼ੈਰਕਾਨੂੰਨੀ ਕਾਬਜ਼ ਕਰਾਰ ਦੇ ਕੇ ਬੁਲਡੋਜ਼ਰ ਚਲਾ ਦੇਣਾ। ਇਹੀ ਕੁਝ ਹਲਦਵਾਨੀ ਵਿਚ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ 'ਚ ਹੋਰ ਥਾਵਾਂ ਉੱਪਰ ਵੀ ਹੋਵੇਗਾ।

# ਬੰਗਲਾਦੇਸ਼ 'ਚ ਤਬਦੀਲੀ ਦੀ ਕਹਾਣੀ

ਸ਼ਿਆਮ ਸਰਨ

ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੀ ਕਰੀਬ ਇਕ ਦਹਾਕੇ ਬਾਅਦ ਹਾਲੀਆ ਫੇਰੀ ਦੌਰਾਨ ਮੈਨੂੰ ਇਸ ਮੁਲਕ ਵੱਲੋਂ ਹਾਸਲ ਕੀਤੀ ਸ਼ਾਨਦਾਰ ਤਬਦੀਲੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਕੁਝ ਇਲਾਕਿਆਂ ਨੂੰ ਵਿਆਪਕ ਉਸਾਰੀ ਸਥਾਨਾਂ ਵਿਚ ਬਦਲ ਦਿੱਤਾ ਗਿਆ ਸੀ। ਰਾਜਧਾਨੀ ਚਾਰੇ ਦਿਸ਼ਾਵਾਂ ਵਿਚ ਫੈਲ ਰਹੀ ਹੈ। ਇਹ ਵਰਤਾਰਾ ਭਾਰਤ ਦੇ ਤੇਜ਼ੀ ਨਾਲ ਵਧ-ਫੁੱਲ ਰਹੇ ਕੁਝ ਸ਼ਹਿਰਾਂ ਤੋਂ ਵੱਖਰਾ ਨਹੀਂ ਹੈ। ਬੇਸ਼ੱਕ ਚਿੰਤਾਵਾਂ ਵੀ ਹਨ। ਬੰਗਲਾਦੇਸ਼ ਨੇ ਭਾਵੇਂ ਭਾਰਤ ਨੂੰ ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿਚ ਪਛਾੜ ਦਿੱਤਾ ਹੋਵੇ ਜਿਹੜੀ 2021 ਵਿਚ ਭਾਰਤ ਦੀ ਪ੍ਰਤੀ ਜੀਅ ਆਮਦਨ 2277.43 ਡਾਲਰ ਦੇ ਮੁਕਾਬਲੇ 2503.04 ਡਾਲਰ ਸੀ, ਤਾਂ ਵੀ ਇਸ ਦਾ ਅਰਥਚਾਰਾ ਕਮਜ਼ੋਰ ਹੈ। ਇਸ ਦੀ ਜੀ.ਡੀ.ਪੀ. ਮੁੱਖ ਤੌਰ 'ਤੇ ਮਹਿਜ਼ ਇਕੋ-ਇਕ ਕੱਪੜਾ/ਲਿਬਾਸ ਸਨਅਤ ਉਤੇ ਨਿਰਭਰ ਹੈ ਜਿਸ ਦਾ ਇਸ ਦੀਆਂ ਕੁੱਲ ਬਰਾਮਦਾਂ ਵਿਚ 80 ਫ਼ੀਸਦੀ ਹਿੱਸਾ ਹੈ। ਇਸ ਦੀ ਬਰਾਮਦਕਾਰ ਵਜੋਂ ਵੱਡੀ ਕਾਮਯਾਬੀ ਹੀ ਇਸ ਦੀ ਕਮਜ਼ੋਰੀ ਵੀ ਹੈ ਕਿਉਂਕਿ ਇਹ ਕੌਮਾਂਤਰੀ ਬਾਜ਼ਾਰ ਦੀਆਂ ਅਸਥਿਰਤਾਵਾਂ ਦੇ ਮਾਤਹਿਤ ਹੈ।

2021 ਅਤੇ 2022 ਦੌਰਾਨ ਆਲਮੀ ਮਹਾਮਾਰੀ ਦੇ ਅੜਿੱਕਿਆਂ ਤੋਂ ਅਸਰਅੰਦਾਜ਼ ਹੋਣ ਦੇ ਬਾਵਜੂਦ ਇਸ ਸਾਲ ਦੇ ਸ਼ੁਰੂ ਵਿਚ ਇਸ ਸਨਅਤ ਨੇ ਜ਼ੋਰਦਾਰ ਵਾਪਸੀ ਕੀਤੀ ਪਰ ਹੁਣ ਯੂਕਰੇਨ ਜੰਗ ਕਾਰਨ ਬਾਲਣ ਦੀਆਂ ਵਧਦੀਆਂ ਕੀਮਤਾਂ, ਪੱਛਮੀ ਬਾਜ਼ਾਰਾਂ ਵਿਚ ਮੰਗ ਦੇ ਘਟਣ ਅਤੇ ਸਪਲਾਈ ਲੜੀਆਂ ਵਿਚ ਪਏ ਵਿਘਨ ਕਾਰਨ ਸਨਅਤ ਦੁਬਾਰਾ ਸੰਕਟ ਵਿਚ ਘਿਰ ਗਈ ਹੈ। ਮੁਲਕ ਦੀ ਦੂਜੀ ਅਹਿਮ ਆਮਦਨ 1.30 ਕਰੋੜ ਬੰਗਲਾਦੇਸ਼ੀ ਪਰਵਾਸੀਆਂ ਵੱਲੋਂ ਭੇਜੀ ਜਾਣ ਵਾਲੀ ਕਮਾਈ ਤੋਂ ਹੁੰਦੀ ਹੈ ਪਰ ਇਹ 2021 ਦੇ 22 ਅਰਬ ਡਾਲਰ ਦੇ ਮੁਕਾਬਲੇ ਕੇ ਇਸ ਸਾਲ ਅੰਦਾਜ਼ਨ 21 ਅਰਬ ਡਾਲਰ ਰਹਿ ਗਈ ਹੈ। ਇਨ੍ਹਾਂ ਉਲਟ ਹਾਲਾਤ ਦੇ ਬਾਵਜੂਦ ਬੰਗਲਾਦੇਸ਼ ਦੇ ਅਰਥਚਾਰੇ ਨੇ ਉਸ ਦੌਰ ਤੋਂ ਅਗਾਂਹ ਬੜਾ ਲੰਬਾ ਪੈਂਡਾ ਤੈਅ ਕਰ ਲਿਆ ਹੈ ਜਦੋਂ 1972 ਵਿਚ ਹੈਨਰੀ ਕਿਸਿੰਜਰ ਨੇ ਇਸ ਨੂੰ 'ਕੌਮਾਂਤਰੀ ਬਾਸਕਿਟ ਕੇਸ' (ਕੰਗਾਲ ਮੁਲਕ) ਕਰਾਰ ਦਿੱਤਾ ਸੀ।

ਇਸ ਮਾਮਲੇ ਵਿਚ ਬੰਗਲਾਦੇਸ਼ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਵੱਲੋਂ ਮਨੁੱਖੀ ਵਿਕਾਸ ਸੂਚਕ ਅੰਕ ਵਿਚ ਮਾਰੀਆਂ ਮੱਲਾਂ ਹਨ। ਇਹ ਇਸ ਸੰਬੰਧੀ 191 ਮੁਲਕਾਂ ਦੀ ਸੂਚੀ ਵਿਚ ਭਾਰਤ ਤੋਂ ਰਤਾ ਅਗਾਂਹ 129ਵੇਂ ਨੰਬਰ ਉਤੇ ਹੈ, ਭਾਰਤ ਇਸ ਤੋਂ ਪਿੱਛੇ 131ਵੇਂ ਸਥਾਨ ਉਤੇ ਹੈ। ਇਹ ਲਿੰਗ ਬਰਾਬਰੀ ਦੇ ਮਾਮਲੇ ਵਿਚ ਕਾਫ਼ੀ ਅੱਗੇ ਹੈ। ਇਸ ਦੀ ਜਣੇਪਾ ਸਮਰੱਥਾ ਹੁਣ ਘਟ ਕੇ 1.99 ਉਤੇ ਆ ਚੁੱਕੀ ਹੈ ਜੋ 2013 ਵਿਚ 2.19 ਸੀ ਅਤੇ 1969 (ਜਦੋਂ ਇਹ ਪਾਕਿਸਤਾਨ ਦਾ ਹਿੱਸਾ ਸੀ) ਵਿਚ 6.95 ਸੀ। ਜ਼ੱਚਾ ਮੌਤ ਦਰ 2010 ਦੀ 258 ਫ਼ੀਸਦ ਤੋਂ ਘਟ ਕੇ 170 ਫ਼ੀਸਦੀ ਉਤੇ ਆ ਗਈ ਹੈ। ਮਹਿਲਾ ਸਾਖਰਤਾ ਦਰ 15 ਤੋਂ 24 ਉਮਰ ਜੁੱਟ ਵਿਚ ਇਕ ਦਹਾਕਾ ਪਹਿਲਾਂ ਦੇ 86.93 ਫ਼ੀਸਦੀ ਤੋਂ ਵਧ ਕੇ 95.86 ਫ਼ੀਸਦੀ ਤੱਕ ਪੁੱਜ ਗਈ ਹੈ ਅਤੇ ਇਸ ਤੋਂ ਵੀ ਵੱਡੀ ਗੱਲ ਇਹ ਕਿ ਇਹ ਦਰ ਇਸੇ ਉਮਰ ਵਰਗ ਵਿਚ ਮਰਦਾਂ ਦੇ ਮੁਕਾਬਲੇ 3 ਫ਼ੀਸਦੀ ਵੱਧ ਹੈ। ਮੁਲਕ ਦੀ ਕੁੱਲ ਕਿਰਤ ਸ਼ਕਤੀ ਵਿਚ ਔਰਤਾਂ ਦਾ ਹਿੱਸਾ 46 ਫ਼ੀਸਦ ਹੈ, ਜਦੋਂਕਿ ਭਾਰਤ ਵਿਚ ਇਹ ਦਰ ਮਹਿਜ਼ 28 ਫ਼ੀਸਦ ਹੈ ਤੇ ਉਹ ਵੀ ਘਟ ਰਹੀ ਹੈ। ਲਿਬਾਸ ਸਨਅਤ ਵਿਚ ਲੱਗੀ ਹੋਈ ਕਿਰਤ ਸ਼ਕਤੀ ਦਾ ਬੜਾ ਵੱਡਾ ਹਿੱਸਾ 80 ਫ਼ੀਸਦੀ ਤੋਂ ਵੱਧ ਔਰਤਾਂ ਹਨ ਪਰ ਤੁਸੀਂ ਹੋਟਲਾਂ, ਰੈਸਤਰਾਂ ਅਤੇ ਹਵਾਈ ਅੱਡਿਆਂ ਉਤੇ ਵੀ ਵੱਡੀ ਗਿਣਤੀ ਔਰਤਾਂ ਨੂੰ ਕੰਮ ਕਰਦਿਆਂ ਦੇਖ ਸਕਦੇ ਹੋ। ਬੰਗਲਾਦੇਸ਼ ਵੱਲੋਂ ਲਿੰਗ ਬਰਾਬਰੀ ਅਤੇ ਔਰਤਾਂ ਦੀ ਮਜ਼ਬੂਤੀ ਦੇ ਮਾਮਲੇ ਵਿਚ ਹਾਸਲ ਕੀਤੀ ਗਈ ਕਾਮਯਾਬੀ ਭਾਰਤ ਸਮੇਤ ਦੂਜੇ ਦੱਖਣੀ ਏਸ਼ਿਆਈ ਮੁਲਕਾਂ ਦੀ ਹਾਲਤ ਨਾਲੋਂ ਬਿਲਕੁਲ ਉਲਟ ਹੈ।

ਭਾਰਤ ਅੱਜ ਬੰਗਲਾਦੇਸ਼ ਨੂੰ ਬਿਜਲੀ ਦਾ ਵੱਡਾ ਬਰਾਮਦਕਾਰ ਵੀ ਬਣ ਚੁੱਕਾ ਹੈ। ਇਸ ਵਕਤ ਭਾਰਤ ਤੋਂ ਬੰਗਲਾਦੇਸ਼ ਨੂੰ 1160 ਮੈਗਾਵਾਟ ਬਿਜਲੀ ਸਪਲਾਈ ਕੀਤੀ ਜਾਂਦੀ ਹੈ ਅਤੇ ਇਸ ਵਿਚ ਹੋਰ 1500 ਮੈਗਾਵਾਟ ਦਾ ਇਜ਼ਾਫ਼ਾ ਕਰਨ ਉਤੇ ਵੀ ਵਿਚਾਰ ਕੀਤੀ ਜਾ ਰਹੀ ਹੈ। ਹਾਲ ਹੀ ਵਿਚ ਅਡਾਨੀ ਨੇ ਐਲਾਨ ਕੀਤਾ ਹੈ ਕਿ ਉਹ ਝਾਰਖੰਡ ਦੇ ਗੋਡਾ ਵਿਚ ਬੰਗਲਾਦੇਸ਼ ਲਈ ਸਮਰਪਿਤ ਟਰਾਂਸਮਿਸ਼ਨ ਲਾਈਨ ਵਾਲਾ ਕੋਲਾ ਆਧਾਰਿਤ 1600 ਮੈਗਾਵਾਟ ਦਾ ਬਿਜਲੀ ਪਲਾਂਟ ਉਸਾਰ ਰਹੇ ਹਨ।

ਦੱਖਣੀ ਏਸ਼ੀਆ ਵਿਚ ਬੰਗਲਾਦੇਸ਼ ਭਾਰਤ ਦਾ ਸਭ ਤੋਂ ਵੱਡਾ ਤਜਾਰਤੀ ਭਾਈਵਾਲ ਹੈ ਜਿਸ ਨਾਲ ਭਾਰਤ ਦਾ 16.2 ਅਰਬ ਡਾਲਰ ਦੀਆਂ ਬਰਾਮਦਾਂ ਅਤੇ 2 ਅਰਬ ਡਾਲਰ ਦੀਆਂ ਦਰਾਮਦਾਂ ਦਾ ਵਪਾਰਕ ਲੈਣ-ਦੇਣ ਹੈ। ਇਸ ਦੌਰਾਨ ਜਿਸ ਗੱਲ ਉਤੇ ਸਭ ਤੋਂ ਜ਼ਿਆਦਾ ਚਿੰਤਾ ਜ਼ਾਹਰ ਕੀਤੀ ਗਈ, ਉਹ ਸੀ ਭਾਰਤੀ ਸਿਆਸੀ ਵਿਖਿਆਨ ਵਿਚ ਫ਼ਿਰਕੂ ਭਾਵਨਾਵਾਂ ਦੇ ਭੜਕਾਵੇ ਪ੍ਰਤੀ ਬੰਗਲਾਦੇਸ਼ ਵਿਚ ਵੱਡੇ ਪੱਧਰ 'ਤੇ ਪਾਇਆ ਜਾਂਦਾ ਨਾਂਹਪੱਖੀ ਪ੍ਰਤੀਕਰਮ।

ਮੈਨੂੰ ਰਾਜਧਾਨੀ ਦੇ ਬਾਹਰਵਾਰ ਸਥਿਤ ਲਿਬਰੇਸ਼ਨ ਮਿਊਜ਼ੀਅਮ ਦੇਖਣ ਦਾ ਮੌਕਾ ਮਿਲਿਆ। ਇਸ ਵਿਚ ਰੱਖੀਆਂ ਗਈਆਂ ਵਸਤਾਂ/ਦਸਤਾਵੇਜ਼ ਆਦਿ ਪ੍ਰਾਚੀਨ ਕਾਲ ਤੋਂ ਬੰਗਲਾਦੇਸ਼ ਦੇ ਇਤਿਹਾਸ ਦੀ ਥਾਹ ਪਾਉਂਦੇ ਹਨ ਜਿਨ੍ਹਾਂ ਵਿਚ ਇਸ ਦੀ ਹਿੰਦੂ ਤੇ ਬੋਧੀ ਵਿਰਾਸਤ ਨੂੰ ਤਸਲੀਮ ਕੀਤਾ ਗਿਆ ਹੈ। ਇਕ ਪੂਰੀ ਗੈਲਰੀ ਮੁਲਕ ਦੀ ਆਜ਼ਾਦੀ ਦੀ ਜੰਗ ਨੂੰ ਸਮਰਪਿਤ ਹੈ ਅਤੇ ਉੱਥੇ ਦਿਖਾਈਆਂ ਗਈਆਂ ਪਾਕਿਸਤਾਨੀ ਫ਼ੌਜਾਂ ਵੱਲੋਂ ਮਰਦਾਂ, ਔਰਤਾਂ ਤੇ ਬੱਚਿਆਂ ਉੱਤੇ ਢਾਹੇ ਗਏ ਜ਼ੁਲਮਾਂ ਦੀਆਂ ਤਸਵੀਰਾਂ ਹਿਲਾ ਕੇ ਰੱਖ ਦੇਣ ਵਾਲੀਆਂ ਹਨ। ਜੰਗ ਵਿਚ ਭਾਰਤ ਦੇ ਰੋਲ ਨੂੰ ਵੀ ਪੂਰੀ ਤਰ੍ਹਾਂ ਸਵਿਕਾਰਿਆ ਗਿਆ ਹੈ, ਖ਼ਾਸਕਰ ਇੰਦਰਾ ਗਾਂਧੀ ਦੀ ਭੂਮਿਕਾ ਨੂੰ। ਇਸ ਵਿਚ ਪ੍ਰਦਰਸ਼ਿਤ ਚੀਜ਼ਾਂ ਰਾਹੀਂ ਮੁਲਕ ਦੇ ਧਰਮ ਨਿਰਪੱਖ ਖ਼ਾਸੇ ਉਤੇ ਜ਼ੋਰ ਦਿੱਤਾ ਗਿਆ ਹੈ। ਇਸ ਵਿਚ ਇਕ ਲਾਇਬਰੇਰੀ ਅਤੇ ਖੋਜ ਸੈਕਸ਼ਨ ਵੀ ਹੈ, ਜਿੱਥੇ ਜੰਗ ਨਾਲ ਸਬੰਧਤ ਦਸਤਾਵੇਜ਼ਾਂ ਤੇ ਤਸਵੀਰਾਂ ਅਤੇ ਵਿਅਕਤੀਆਂ ਤੇ ਪਰਿਵਾਰਾਂ ਦੇ ਵਿਅਕਤੀਗਤ ਰਿਕਾਰਡ ਨੂੰ ਸਰਗਰਮੀ ਨਾਲ ਤਲਾਸ਼ਿਆ ਤੇ ਇਕੱਤਰ ਕੀਤਾ ਜਾਂਦਾ ਹੈ ਤੇ ਉਨ੍ਹਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਬਰਸੀ 'ਤੇ ਵਿਸ਼ੇਸ਼

# ਖ਼ਾਲੀ ਬੋਤਲ ਭਰਿਆ ਦਿਲ

***ਲਿਖਣ ਦੇ ਮਾਮਲੇ ਵਿਚ ਕੋਈ ਵੀ ਸਆਦਤ ਹਸਨ ਮੰਟੋ ਦਾ ਸਾਨੀ ਨਹੀਂ ਸੀ। ਉਸ ਦੀਆਂ ਲਿਖਤਾਂ ਦੀਆਂ ਸੂਖਮ ਗੱਲਾਂ ਬਹੁਤ ਤਿੱਖਾ ਵਿਅੰਗ ਕਰਦੀਆਂ ਪਾਠਕ ਦਾ ਧਿਆਨ ਖਿੱਚਦੀਆਂ ਹਨ। ਆਪਣੀਆਂ ਰਚਨਾਵਾਂ ਵਾਂਗ ਮੰਟੋ ਦਾ ਜੀਵਨ ਵੀ ਬਹੁਤ ਵਿਲੱਖਣ ਅਤੇ ਨਿਆਰਾ ਸੀ। ਮਸ਼ਹੂਰ ਉਰਦੂ ਲਿਖਾਰੀ ਕ੍ਰਿਸ਼ਨ ਚੰਦਰ ਨੇ ਇਸ ਰੇਖਾ ਚਿੱਤਰ ਵਿਚ ਮੰਟੋ ਦੇ ਜੀਵਨ ਬਾਰੇ ਬੜੀਆਂ ਦਿਲਚਸਪ ਗੱਲਾਂ ਕੀਤੀਆਂ ਹਨ।***

**ਕ੍ਰਿਸ਼ਨ ਚੰਦਰ**
**ਅਨੁਵਾਦ - ਮਹਿੰਦਰ ਬੇਦੀ**


ਇਕ ਅਨੋਖੀ ਘਟਨਾ ਵਾਪਰੀ ਹੈ-ਮੰਟੋ ਮਰ ਗਿਆ ਹੈ। ਉਂਜ ਤਾਂ ਉਹ ਇਕ ਅਰਸੇ ਦਾ ਮਰ ਰਿਹਾ ਸੀ-ਕਦੀ ਸੁਣਿਆਂ, ਉਹ ਪਾਗਲਖਾਨੇ ਵਿਚ ਹੈ; ਕਦੀ ਸੁਣਿਆਂ, ਉਹ ਵਧੇਰੇ ਸ਼ਰਾਬ ਪੀ ਜਾਣ ਕਾਰਣ ਹਸਪਤਾਲ ਵਿਚ ਪਿਆ ਹੈ; ਕਦੀ ਸੁਣਿਆਂ, ਉਸਦੇ ਯਾਰ-ਮਿੱਤਰ ਵੀ ਉਸਦਾ ਸਾਥ ਛੱਡ ਗਏ ਨੇ; ਕਦੀ ਸੁਣਿਆਂ, ਉਹ ਤੇ ਉਸਦੇ ਬੀਵੀ-ਬੱਚੇ ਭੁੱਖਾਂ ਕੱਟ ਰਹੇ ਨੇ। ਬਹੁਤ ਸਾਰੀਆਂ ਗੱਲਾਂ ਸੁਣੀਆਂ; ਹਮੇਸ਼ਾ ਮਾੜੀਆਂ ਗੱਲਾਂ ਸੁਣੀਆਂ, ਹਮੇਸ਼ਾ ਬੁਰੀਆਂ ਲੱਗੀਆਂ...ਪਰ ਵਿਸ਼ਵਾਸ ਨਹੀਂ ਆਇਆ; ਕਿਉਂਕਿ ਉਦੋਂ ਵੀ ਉਸਦੀਆਂ ਕਹਾਣੀਆਂ ਲਗਾਤਾਰ ਛਪ ਰਹੀਆਂ ਸਨ। ਚੰਗੀਆਂ ਕਹਾਣੀਆਂ ਵੀ ਤੇ 'ਮਾੜੀਆਂ' ਕਹਾਣੀਆਂ ਵੀ। ਜਿਨ੍ਹਾਂ ਨੂੰ ਪੜ੍ਹ ਕੇ ਮੰਟੋ ਦਾ ਮੂੰਹ ਵਲੂੰਧਰ ਦੇਣ ਨੂੰ ਦਿਲ ਕਰਦਾ ਸੀ ਤੇ ਅਜਿਹੀਆਂ ਕਹਾਣੀਆਂ ਵੀ ਜਿਨ੍ਹਾਂ ਨੂੰ ਪੜ੍ਹ ਕੇ ਉਸਦਾ ਮੂੰਹ-ਚੁੰਮ ਲੈਣ ਨੂੰ ਜੀਅ ਕਰਦਾ ਸੀ। ਇਹ ਕਹਾਣੀਆਂ ਮੰਟੋ ਦੇ ਠੀਕ-ਠਾਕ ਹੋਣ ਦਾ ਸਬੂਤ ਸਨ। ਮੈਂ ਸਮਝਦਾ ਸਾਂ, ਉਸ ਦੀਆਂ ਕਹਾਣੀਆਂ ਛਪ ਰਹੀਆਂ ਨੇ। ਸੋ ਮੰਟੋ ਖੁਸ਼ ਹੈ। ਕੀ ਹੋਇਆ ਜੇ ਉਹ ਸ਼ਰਾਬ ਪੀ ਰਿਹਾ ਹੈ? ਕੀ ਸ਼ਰਾਬ ਪੀਣਾ ਸਿਰਫ ਵੱਡੇ ਲੇਖਕਾਂ ਤੀਕ ਹੀ ਸੀਮਿਤ ਹੈ? ਕੀ ਹੋਇਆ ਜੇ ਉਹ ਭੁੱਖਾਂ ਕੱਟ ਰਿਹਾ ਹੈ? ਇਸ ਛੋਟੇ ਮਹਾਦੀਪ ਦੀ ਤਿੰਨ ਚੌਥਾਈ ਆਬਾਦੀ ਨੇ ਹਮੇਸ਼ਾ ਹੀ ਭੁੱਖਾਂ ਕੱਟੀਆਂ ਨੇ। ਕੀ ਹੋਇਆ ਜੇ ਉਹ ਪਾਗਲਖਾਨੇ ਚਲਾ ਗਿਆ? ਇਸ ਪਾਗਲ ਤੇ ਮਜਨੂੰ ਸਮਾਜ ਵਿਚ ਮੰਟੋ ਵਰਗੇ ਹੋਸ਼ਮੰਦ ਬੰਦੇ ਦਾ ਪਾਗਲਖਾਨੇ ਪਹੁੰਚ ਜਾਣਾ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ, ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਉਹ ਅੱਜ ਤੋਂ ਬੜਾ ਚਿਰ ਪਹਿਲਾਂ ਪਾਗਲਖਾਨੇ ਕਿਉਂ ਨਹੀਂ ਸੀ ਪਹੁੰਚ ਗਿਆ? ਮੈਨੂੰ ਇਨ੍ਹਾਂ ਸਾਰੀਆਂ ਗੱਲਾਂ ਦੀ ਨਾ ਤਾਂ ਕੋਈ ਹੈਰਾਨੀ ਹੋਈ, ਨਾ ਅਚੰਭਾ। ਮੰਟੋ ਕਹਾਣੀਆਂ ਲਿਖ ਰਿਹਾ ਹੈ-ਮੰਟੋ ਠੀਕ-ਠਾਕ ਹੈ-ਰੱਬ ਉਸਦੀ ਕਲਮ ਵਿਚ ਹੋਰ ਜ਼ਹਿਰ ਭਰ ਦੇਵੇ।

ਪਰ ਅੱਜ ਜਦੋਂ ਰੇਡੀ" ਪਾਕਿਸਤਾਨ ਨੇ ਇਹ ਖ਼ਬਰ ਸੁਣਾਈ, ਕਿ 'ਮੰਟੋ ਧੜਕਨ ਬੰਦ ਹੋ ਜਾਣ ਕਰਕੇ ਚੱਲ ਵੱਸਿਆ' ਤਾਂ ਦਿਲ ਤੇ ਦਿਮਾਗ ਚਲਦੇ-ਚਲਦੇ ਛਿਣ ਕੁ ਲਈ ਰੁਕ ਗਏ। ਦੂਜੇ ਛਿਣ ਇਹ ਵਿਸ਼ਵਾਸ ਹੀ ਨਹੀਂ ਹੋਇਆ। ਦਿਲ ਤੇ ਦਿਮਾਗ, ਦੋਵਾਂ, ਇਹ ਮੰਨਿਆਂ ਹੀ ਨਹੀਂ ਕਿ ਇੰਜ ਵੀ ਹੋ ਸਕਦਾ ਹੈ-ਛਿਣ ਭਰ ਲਈ ਮੰਟੋ ਦਾ ਚਿਹਰਾ ਮੇਰੀਆਂ ਨਜ਼ਰਾਂ ਸਾਹਵੇਂ ਅਟਕ ਗਿਆ। ਉਸਦਾ ਦਗ-ਦਗ ਕਰਦਾ ਚੌੜਾ-ਮੱਥਾ, ਗੱਲ-ਗੱਲ ਉੱਤੇ ਉਸਦੀ ਤਿੱਖੀ ਮੁਸਕਰਾਹਟ ਤੇ ਲਾਂਬੂ ਵਾਂਗ ਭੜ-ਭੜ ਬਲਦਾ ਉਸਦਾ ਦਿਲ-ਕੀ ਕਦੀ ਬੁਝ ਸਕਦਾ ਹੈ? ਪਰ ਦੂਜੇ ਛਿਣ ਵਿਸ਼ਵਾਸ ਕਰਨਾ ਪਿਆ-ਰੇਡੀ" ਤੇ ਪੱਤਰਕਾਰਾਂ ਨੇ ਰਲ ਕੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਸੀ ਕਿ ਮੰਟੋ ਮਰ ਗਿਆ ਹੈ। ਅੱਜ ਤੋਂ ਬਾਅਦ ਉਹ ਨਵੀਆਂ ਕਹਾਣੀਆਂ ਨਹੀਂ ਲਿਖੇਗਾ। ਅੱਜ ਤੋਂ ਪਿੱਛੋਂ ਉਸਦੀ ਰਾਜ਼ੀ-ਖ਼ੁਸ਼ੀ ਦਾ ਕੋਈ ਖ਼ਤ ਨਹੀਂ ਆਵੇਗਾ!

ਅੱਜ ਸਰਦੀ ਬੜੀ ਹੈ ਤੇ ਆਸਮਾਨ ਉੱਤੇ ਹਲਕੇ ਹਲਕੇ ਬੱਦਲ ਛਾਏ ਹੋਏ ਨੇ ਪਰ ਇਸ ਵਾਤਾਵਰਨ ਵਿਚ ਮੀਂਹ ਦੀ ਇਕ ਬੂੰਦ ਵੀ ਨਹੀਂ। ਮੇਰੀ ਅੱਖ ਵਿਚ ਵੀ ਹੰਝੂਆਂ ਦਾ ਇਕ ਕਤਰਾ ਤਕ ਨਹੀਂ। ਮੰਟੋ ਨੂੰ ਰੋਣ-ਰੁਆਉਣ ਤੋਂ ਬੜੀ ਨਫ਼ਰਤ ਸੀ। ਅੱਜ ਮੈਂ ਉਸਦੀ ਯਾਦ ਵਿਚ ਹੰਝੂ ਵਹਾਅ ਕੇ ਉਸਨੂੰ ਪ੍ਰੇਸ਼ਾਨ ਨਹੀਂ ਕਰਾਂਗਾ। ਚੁੱਪਚਾਪ ਮੈਂ ਆਪਣਾ ਕੋਟ ਪਾ ਲੈਂਦਾ ਹਾਂ ਤੇ ਘਰੋਂ ਬਾਹਰ ਨਿਕਲ ਜਾਂਦਾ ਹਾਂ।

ਬੜਾ ਅਦਭੁਤ ਸੰਜੋਗ ਹੈ ਕਿ ਜਿਸ ਦਿਨ ਮੰਟੋ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ, ਉਸ ਦਿਨ ਮੈਂ ਦਿੱਲੀ ਵਿਚ ਸਾਂ। ਜਿਸ ਦਿਨ ਉਹ ਮਰਿਆ ਹੈ, ਉਸ ਦਿਨ ਵੀ ਮੈਂ ਇੱਥੇ ਹਾਜ਼ਰ ਹਾਂ। ਉਸੇ ਘਰ ਵਿਚ ਹਾਂ ਜਿਸ ਵਿਚ ਅੱਜ ਤੋਂ ਚੌਦਾਂ ਵਰ੍ਹੇ ਪਹਿਲਾਂ ਉਹ ਮੇਰੇ ਨਾਲ ਪੰਦਰਾਂ ਦਿਨ ਰਿਹਾ ਸੀ। ਘਰ ਦੇ ਬਾਹਰ ਉਹੀ ਬਿਜਲੀ ਦਾ ਖੰਭਾ ਹੈ, ਜਿਸ ਹੇਠ ਅਸੀਂ ਪਹਿਲੀ ਵੇਰ ਗਲੇ ਮਿਲੇ ਸਾਂ। ਇਹ ਉਹੀ ਅੰਡਰ ਹਿੱਲ ਰੋਡ ਹੈ, ਜਿੱਥੇ ਆਲ ਇੰਡੀਆ ਰੇਡੀ" ਦਾ ਪੁਰਾਣਾ ਦਫ਼ਤਰ ਸੀ, ਜਿੱਥੇ ਅਸੀਂ ਦੋਵੇਂ ਕੰਮ ਕਰਦੇ ਹੁੰਦੇ ਸਾਂ। ਇਹ ਮੇਡੇਨ ਹੋਟਲ ਦਾ ਬਾਰ ਹੈ। ਇਹ ਮੋਰੀ ਗੇਟ ਦੇ ਪ੍ਰਧਾਨ ਦਾ ਘਰ ਹੈ। ਇਹ ਜਾਮਾ ਮਸਜਿਦ ਦੀਆਂ ਪੌੜੀਆਂ ਨੇ; ਜਿੰਨਾ ਉੱਤੇ ਬੈਠ ਕੇ ਅਸੀਂ ਕਬਾਬ ਖਾਂਦੇ ਹੁੰਦੇ ਸਾਂ। ਇਹ ਉਰਦੂ ਬਾਜ਼ਾਰ ਹੈ। ਸਭ ਕੁਝ ਉਹੀ ਹੈ; ਓਵੇਂ ਦਾ ਜਿਵੇਂ। ਹਰ ਜਗ੍ਹਾ ਓਵੇਂ ਕੰਮਕਾਜ ਹੋ ਰਹੇ ਨੇ। ਆਲ ਇੰਡੀਆ ਰੇਡੀ" ਵੀ ਖੁੱਲ੍ਹਾ ਹੈ, ਮੇਡੇਨ ਹੋਟਲ ਦਾ ਬਾਰ ਵੀ ਤੇ ਉਰਦੂ ਬਾਜ਼ਾਰ ਵੀ; ਕਿਉਂਕਿ ਮੰਟੋ ਇਕ ਮਾਮੂਲੀ ਆਦਮੀ ਸੀ। ਉਹ ਇਕ ਗਰੀਬ ਕਹਾਣੀਕਾਰ ਸੀ। ਉਹ ਕੋਈ ਮੰਤਰੀ ਨਹੀਂ ਸੀ, ਜਿਹੜਾ ਉਸਦੀ ਸ਼ਾਨ ਵਿਚ ਝੰਡੇ ਝੁਕ ਜਾਂਦੇ। ਉਹ ਕੋਈ ਸੱਟੇਬਾਜ ਜਾਂ ਬਲੈਕ ਮਾਰਕੀਟਰ ਵੀ ਨਹੀਂ ਸੀ, ਜਿਸ ਲਈ ਕੋਈ ਬਾਜ਼ਾਰ ਬੰਦ ਹੁੰਦਾ। ਉਹ ਕੋਈ ਅਭਿਨੇਤਾ ਵੀ ਨਹੀਂ ਸੀ, ਜਿਸ ਲਈ ਸਕੂਲ ਤੇ ਕਾਲਜ ਬੰਦ ਹੋ ਜਾਂਦੇ। ਉਹ ਇਕ ਗਰੀਬ ਸਤਾਈ ਹੋਈ ਭਾਸ਼ਾ ਦਾ, ਗਰੀਬ ਤੇ ਸਤਾਇਆ ਹੋਇਆ ਲੇਖਕ ਸੀ। ਉਹ ਮੋਚੀਆਂ, ਵੇਸਵਾਵਾਂ ਤੇ ਤਾਂਗੇ ਵਾਲਿਆਂ ਦਾ ਪਿਆਰਾ ਲੇਖਕ ਸੀ। ਅਜਿਹੇ ਲੇਖਕ ਲਈ ਕੌਣ ਰੋਏਗਾ...? ਕੌਣ ਆਪਣਾ ਕਾਰੋਬਾਰ ਬੰਦ ਕਰੇਗਾ...? ਇਸ ਲਈ ਆਲ ਇੰਡੀਆ ਰੇਡੀ" ਖੁੱਲ੍ਹਾ ਹੈ; ਜਿਸ ਨੇ ਸੈਂਕੜੇ ਵਾਰੀ ਉਸ ਦੀਆਂ ਕਹਾਣੀਆਂ ਦੇ ਆਵਾਜ-ਨਾਟਕ ਬਰਾਡਕਾਸਟ ਕੀਤੇ ਨੇ। ਉਰਦੂ ਬਾਜ਼ਾਰ ਵੀ ਖੁੱਲ੍ਹਾ ਹੈ; ਜਿਸ ਨੇ ਉਸਦੀਆਂ ਹਜ਼ਾਰਾਂ ਕਿਤਾਬਾਂ ਵੇਚੀਆਂ ਨੇ ਤੇ ਅੱਜ ਵੀ ਵੇਚ ਰਹੇ ਹੋਣਗੇ। ਅੱਜ ਮੈਂ ਉਨ੍ਹਾਂ ਲੇਖਕਾਂ ਨੂੰ ਵੀ ਠਹਾਕੇ ਲਾ ਕੇ ਹੱਸਦੇ ਦੇਖ ਰਿਹਾ ਹਾਂ, ਜਿਨ੍ਹਾਂ ਮੰਟੋ ਤੋਂ ਹਜ਼ਾਰਾਂ ਰੁਪਏ ਦੀ ਸ਼ਰਾਬ ਪੀਤੀ ਹੈ। ਮੰਟੋ ਮਰ ਗਿਆ ਤਾਂ ਕੀ ਹੋਇਆ? ਵਪਾਰ ਵਪਾਰ ਹੈ ! ਇਕ ਪਲ ਲਈ ਵੀ ਕੰਮ ਨਹੀਂ ਰੁਕਣਾ ਚਾਹੀਦਾ।...ਜਿਸਨੇ ਸਾਨੂੰ ਸਾਰੀ ਜ਼ਿੰਦਗੀ ਦੇ ਦਿੱਤੀ, ਉਸਨੂੰ ਅਸੀਂ ਆਪਣਾ ਇਕ ਛਿਣ ਵੀ ਨਹੀਂ ਦੇ ਸਕਦੇ। ਸਿਰ ਝੁਕਾਅ ਕੇ ਆਪਣੇ ਦਿਲਾਂ ਵਿਚ ਇਕ ਛਿਣ ਲਈ ਵੀ ਉਸਦੀ ਯਾਦ ਤਾਜ਼ਾ ਨਹੀਂ ਕਰ ਸਕਦੇ। ਧੰਨਵਾਦ ਦੇ ਨਾਲ, ਖ਼ੁਸ਼ਾਮਦ ਦੇ ਨਾਲ ਹਮਦਰਦੀ ਦੇ ਨਾਲ ਉਸਦੀ ਤੜਫਦੀ ਹੋਈ ਆਤਮਾ ਲਈ ਜਿਸਨੇ ਹੱਤਕ, ਨਯਾ ਕਾਨੂੰਨ, ਖੋਲ ਦੋ, ਟੋਬਾ ਟੇਕ ਸਿੰਘ ਜਿਹੀਆਂ ਦਰਜਨਾਂ ਬੇਮਿਸਾਲ ਤੇ ਅਮਰ ਕਹਾਣੀਆਂ ਲਿਖੀਆਂ ਨੇ। ਜਿਸ ਨੇ ਸਮਾਜ ਦੀਆਂ ਅੰਦਰਲੀਆਂ ਤੈਹਾਂ ਵਿਚ ਘੁਸ ਕੇ ਪਿਸੇ ਹੋਏ, ਕੁਚਲੇ ਹੋਏ, ਸਮਾਜ ਦੀਆਂ ਠੋਕਰਾਂ ਨਾਲ ਵਿਗੜੇ ਹੋਏ ਪਾਤਰਾਂ ਨੂੰ ਆਪਣੀ ਕਲਮਕਾਰੀ ਨਾਲ ਇੱਜ਼ਤ ਮਾਣ ਦਿੱਤਾ ਹੈ। ਜਿਹੜਾ ਅਸਲੀਅਤ ਤੇ ਕਲਾਤਮਿਕਤਾ ਲਈ ਗੋਰਕੀ ਦੇ 'ਲੋਅਰ ਡੈਪਥਸ' ਦੇ ਪਾਤਰਾਂ ਦੀ ਯਾਦ ਦਿਵਾਂਦਾ ਹੈ। ਫ਼ਰਕ ਸਿਰਫ ਏਨਾ ਹੈ ਕਿ ਉਨ੍ਹਾਂ ਲੋਕਾਂ ਨੇ ਗੋਰਕੀ ਲਈ ਅਜਾਇਬ ਘਰ ਬਣਵਾਏ, ਮੂਰਤੀਆਂ ਬਣਵਾਈਆਂ, ਸ਼ਹਿਰ ਬਣਵਾਏ ਤੇ ਅਸੀਂ ਮੰਟੋ ਉਪਰ ਮੁਕੱਦਮੇ ਚਲਾਏ, ਉਸਨੂੰ ਭੁੱਖਾ ਮਾਰਿਆ, ਉਸਨੂੰ ਪਾਗਲਖਾਨੇ ਪਹੁੰਚਾਇਆ, ਉਸਨੂੰ ਹਸਪਤਾਲਾਂ ਵਿਚ ਸਾੜਿਆ ਤੇ ਅਖ਼ੀਰ ਵਿਚ ਉਸਨੂੰ ਇੱਥੋਂ ਤਕ ਮਜਬੂਰ ਕਰ ਦਿੱਤਾ ਕਿ ਉਹ ਕਿਸੇ ਇਨਸਾਨ ਨੂੰ ਨਹੀਂ, ਸ਼ਰਾਬ ਦੀ ਬੋਤਲ ਨੂੰ ਆਪਣਾ ਦੋਸਤ ਸਮਝਣ ਉੱਤੇ ਮਜਬੂਰ ਹੋ ਜਾਵੇ।

ਇਹ ਕੋਈ ਨਵੀਂ ਗੱਲ ਨਹੀਂ। ਅਸੀਂ ਗ਼ਾਲਿਬ ਨਾਲ ਵੀ ਇਵੇਂ ਕੀਤਾ ਸੀ। ਪ੍ਰੇਮ ਚੰਦ ਨਾਲ ਇਹੋ ਕੀਤਾ ਸੀ। ਹਸਰਤ ਨਾਲ ਇੰਜ ਹੀ ਕੀਤਾ ਸੀ। ਮੰਟੋ ਨਾਲ ਵੀ ਇਹੀ ਵਰਤਾਅ ਕਰਾਂਗੇ, ਕਿਉਂਕਿ ਮੰਟੋ ਕੋਈ ਉਨ੍ਹਾਂ ਨਾਲੋਂ ਵੱਡਾ ਵਿਦਵਾਨ ਤਾਂ ਸੀ ਨਹੀਂ...ਜਿਸ ਲਈ ਅਸੀਂ ਆਪਣੀ ਪੰਜ ਹਜ਼ਾਰ ਵਰ੍ਹੇ ਪੁਰਾਣੀ ਸੰਸਕ੍ਰਿਤੀ ਨੂੰ ਤੋੜ ਦੇਈਏ। ਅਸੀਂ ਇਨਸਾਨਾਂ ਦੇ ਨਹੀਂ ਮਕਬਰਿਆਂ (ਮੜ੍ਹੀਆਂ-ਮਜਾਰਾਂ) ਦੇ ਪੁਜਾਰੀ ਹਾਂ। ਦਿੱਲੀ ਵਿਚ ਮਿਰਜਾ ਗ਼ਾਲਿਬ ਦੀ ਫ਼ਿਲਮ ਚੱਲ ਰਹੀ ਹੈ। ਇਸ ਫ਼ਿਲਮ ਦੀ ਕਹਾਣੀ ਇਸੇ ਦਿੱਲੀ ਦੇ ਮੋਰੀ ਗੇਟ ਕੋਲ ਬੈਠ ਕੇ ਮੰਟੋ ਨੇ ਲਿਖੀ ਸੀ। ਇਕ ਦਿਨ ਅਸੀਂ ਮੰਟੋ ਦੀ ਤਸਵੀਰ (ਫ਼ਿਲਮ) ਵੀ ਬਣਾਵਾਂਗੇ ਤੇ ਇਸ ਤੋਂ ਲੱਖਾਂ ਰੁਪਏ ਕਮਾਵਾਂਗੇ, ਜਿਵੇਂ ਅੱਜ ਅਸੀਂ ਮੰਟੋ ਦੀਆਂ ਕਿਤਾਬਾਂ ਦੇ ਕਈ ਕਈ ਨਕਲੀ ਐਡੀਸ਼ਨ ਹਿੰਦੁਸਤਾਨ ਵਿਚ ਛਾਪ ਕੇ ਹਜ਼ਾਰਾਂ ਰੁਪਏ ਕਮਾਅ ਰਹੇ ਹਾਂ। ਉਹ ਰੁਪਏ ਜਿਨ੍ਹਾਂ ਦੀ ਮੰਟੋ ਨੂੰ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਥੁੜ ਰਹੀ ਹੈ, ਉਹ ਰੁਪਏ ਅੱਜ ਵੀ ਉਸਦੀ ਪਤਨੀ ਤੇ ਬੱਚੇ ਨੂੰ ਮੁਸੀਬਤਾਂ ਤੇ ਨਮੋਸ਼ੀ ਤੋਂ ਬਚਾਅ ਸਕਦੇ ਨੇ। ਪਰ ਅਸੀਂ ਅਜਿਹੀ ਗਲਤੀ ਨਹੀਂ ਕਰਾਂਗੇ। ਜੇ ਅਸੀਂ ਅਕਾਲ ਦੇ ਦਿਨਾਂ ਵਿਚ ਚੌਲਾਂ ਦੇ ਰੇਟ ਵਧਾ ਕੇ ਇਨਸਾਨਾਂ ਦੇ ਖ਼ੂਨ ਤੋਂ ਆਪਣਾ ਮੁਨਾਫਾ ਵਧਾਅ ਸਕਦੇ ਹਾਂ, ਤਾਂ ਕੀ ਇਸ ਮੁਨਾਫੇ ਲਈ ਇਕ ਗਰੀਬ ਲੇਖਕ ਦੀ ਜੇਬ ਨਹੀਂ ਕਤਰ ਸਕਦੇ...ਮੰਟੋ ਨੇ ਜਦ 'ਜੇਬਕਤਰਾ' ਲਿਖੀ ਸੀ, ਉਸ ਸਮੇਂ ਉਸਨੂੰ ਨਹੀਂ ਸੀ ਪਤਾ ਕਿ ਇਕ ਦਿਨ ਜੇਬਕਤਰਿਆਂ ਦੀ ਪੂਰੀ ਦੀ ਪੂਰੀ ਟੋਲੀ ਨਾਲ ਉਸਦਾ ਵਾਸਤਾ ਪਵੇਗਾ।



ਮੰਟੋ ਇਕ ਬਹੁਤ ਵੱਡੀ ਗਾਲ੍ਹ ਸੀ। ਇਸਦਾ ਕੋਈ ਦੋਸਤ ਅਜਿਹਾ ਨਹੀਂ ਸੀ, ਜਿਸਨੂੰ ਇਸ ਨੇ ਕੋਈ ਗਾਲ੍ਹ ਨਾ ਕੱਢੀ ਹੋਵੇ! ਕੋਈ ਅਜਿਹਾ ਪ੍ਰਕਾਸ਼ਕ ਵੀ ਨਹੀਂ ਸੀ, ਜਿਸ ਨਾਲ ਇਸ ਨੇ ਲੜਾਈ ਮੁੱਲ ਨਾ ਲਈ ਹੋਵੇ। ਕੋਈ ਮਾਲਕ ਅਜਿਹਾ ਨਹੀਂ, ਜਿਸਦੀ ਇਸ ਨੇ ਬੇਇੱਜ਼ਤੀ ਨਾ ਕੀਤੀ ਹੋਵੇ! ਪ੍ਰਤੱਖ ਤੌਰ 'ਤੇ ਉਹ ਪ੍ਰਗਤੀਵਾਦੀਆਂ ਤੋਂ ਖੁਸ਼ ਨਹੀਂ ਸੀ, ਨਾ ਗੈਰ-ਪ੍ਰਗਤੀਵਾਦੀਆਂ 'ਤੇ। ਨਾ ਪਾਕਿਸਤਾਨ ਉੱਤੇ ਖੁਸ਼ ਸੀ, ਨਾ ਹਿੰਦੁਸਤਾਨ ਉੱਤੇ। ਨਾ ਅੰਕਲ ਸ਼ਾਮ 'ਤੇ ਨਾ ਰੂਸ 'ਤੇ-ਪਤਾ ਨਹੀਂ, ਉਸਦੀ ਤੜਫਦੀ ਹੋਈ ਬੇਚੈਨ ਆਤਮਾ ਕੀ ਚਾਹੁੰਦੀ ਸੀ? ਉਸਦੀ ਜ਼ਬਾਨ ਬੜੀ ਕੁਸੈਲੀ ਸੀ-ਗੱਲ ਕਰਨ ਦਾ ਢੰਗ-ਤਰੀਕਾ ਤਿੱਖਾ ਤੇ ਤੀਰ ਵਾਂਗ ਚੁਭਵਾਂ ਤੇ ਬੇਰਹਿਮ...ਪਰ ਤੁਸੀਂ ਉਸਦੀ ਗਾਲ੍ਹ ਨੂੰ, ਉਸਦੀ ਕੁਸੈਲੀ ਗੱਲਬਾਤ ਨੂੰ, ਉਸਦੇ ਤੇਜ਼, ਨੁਕੀਲੇ ਕੰਡਿਆਂ ਵਰਗੇ ਸ਼ਬਦਾਂ ਨੂੰ ਜ਼ਰਾ ਠਰੰਮੇ ਨਾਲ ਚੱਖੋ-ਅੰਦਰੋਂ ਜ਼ਿੰਦਗੀ ਦਾ ਮਿਠਾ-ਮਿਠਾ ਰਸ ਟਪਕਦਾ ਲਭੇਗਾ। ਇਸਦੀ ਨਫ਼ਰਤ ਵਿਚ ਪਿਆਰ ਸੀ; ਨੰਗੇਪਨ ਉਪਰ ਪਰਦਾ ਇੰਜ ਪਾ ਦੇਂਦਾ ਸੀ ਕਿ ਤਨ ਵੇਚਣ ਵਾਲੀਆਂ ਵੇਸਵਾਵਾਂ ਦੇ ਪੱਲੇ ਵੀ ਸ਼ਰਮ ਹਯਾ ਦੀ ਲਾਲੀ ਦੀ ਚਮਕ ਨਾਲ ਭਰੇ ਜਾਪਦੇ ਸਨ-ਜਿਹੜੇ ਉਸਦੇ ਸਾਹਿਤ ਦੀ ਪਵਿੱਤਰਤਾ ਦਾ ਐਲਾਨ ਕਰਦੇ ਨੇ। ਮੰਟੋ ਨਾਲ ਜ਼ਿੰਦਗੀ ਨੇ ਇਨਸਾਫ ਨਹੀਂ ਕੀਤਾ, ਪਰ ਇਤਿਹਾਸ ਜ਼ਰੂਰ ਉਸ ਨਾਲ ਨਿਆਂ ਕਰੇਗਾ।

ਮੰਟੋ ਤਾਂ ਬਿਆਲੀ ਵਿਚ ਹੀ ਮਰ ਗਿਆ ਸੀ...ਪਰ ਅਜੇ ਇਸ ਦੇ ਕੁਝ ਕਹਿਣ ਤੇ ਸੁਣਨ ਦੇ ਦਿਨ ਰਹਿੰਦੇ ਸਨ; ਅਜੇ ਜ਼ਿੰਦਗੀ ਦੇ ਕੌੜੇ ਤਜ਼ਰਬਿਆਂ ਨੇ, ਵਰਤਮਾਨ ਸਮਾਜ ਦੀ ਕਠੋਰਤਾ ਨੇ, ਮੁਸੀਬਤ ਭਰੀ ਜ਼ਿੰਦਗੀ ਦੇ ਛਿਣਾ ਵਿਚ, ਇਸ ਦੇ ਟੁੱਟੇ-ਤਿੜਕੇ ਵਿਅਕਤੀਤਵ ਦੇ ਕਰੋਧ ਤੇ ਵਿਰੋਧ ਦੇ ਜ਼ਖ਼ਮਾਂ ਨੇ ਉਸ ਤੋਂ 'ਟੋਬਾ ਟੇਕ ਸਿੰਘ' ਵਰਗੀਆਂ ਕਈ ਹੋਰ ਕਹਾਣੀਆਂ ਲਿਖਵਾਉਣੀਆਂ ਸਨ। ਦੁੱਖ ਮੰਟੋ ਦੀ ਮੌਤ ਦਾ ਨਹੀਂ-ਮੌਤ ਤਾਂ ਹਰੇਕ ਨੂੰ ਆਉਣੀ ਹੈ, ਮੈਨੂੰ ਵੀ ਤੇ ਤੁਹਾਨੂੰ ਵੀ-ਦੁੱਖ ਤਾਂ ਇਸ ਗੱਲ ਦਾ ਹੈ ਕਿ ਉਹਨੇ ਸਾਹਿਤ ਨੂੰ ਜਿਹੜੇ ਹੀਰੇ, ਪੰਨੇ ਤੇ ਜਵਾਹਰਾਤ ਦੇਣੇ ਸੀ, ਉਹ ਹੁਣ ਨਹੀਓਂ ਮਿਲਣੇ। ਉਹ ਸਿਰਫ ਮੰਟੋ ਹੀ ਦੇ ਸਕਦਾ ਸੀ। ਉਰਦੂ ਸਾਹਿਤ ਵਿਚ ਚੰਗੇ ਚੰਗੇ ਕਹਾਣੀਕਾਰ ਹੈਨ ਤੇ ਪੈਦਾ ਹੋਣਗੇ; ਪਰ ਮੰਟੋ ਦੁਬਾਰਾ ਨਹੀਓਂ ਪੈਦਾ ਹੋਣਾ। ਹੁਣ ਕੋਈ ਉਸਦੀ ਜਗ੍ਹਾ ਪੂਰ ਨਹੀਂ ਕਰ ਸਕੇਗਾ। ਇਹ ਗੱਲ ਮੈਂ ਵੀ ਜਾਣਦਾ ਹਾਂ ਤੇ ਰਾਜਿੰਦਰ ਸਿੰਘ ਬੇਦੀ ਵੀ, ਇਸਮਤ ਚੁਗਤਾਈ ਵੀ ਤੇ ਖ਼ਵਾਜਾ ਅਹਿਮਦ ਅੱਬਾਸ ਵੀ ਤੇ ਉਪਿੰਦਰ ਨਾਥ ਅਸ਼ਕ ਵੀ। ਅਸੀਂ ਸਾਰੇ ਲੋਕ ਉਸਨੂੰ ਚਾਹੁਣ ਵਾਲੇ, ਉਸ ਨਾਲ ਝਗੜਾ ਕਰਨ ਵਾਲੇ, ਉਸਨੂੰ ਪਿਆਰ ਕਰਨ ਵਾਲੇ, ਉਸ ਨਾਲ ਨਫ਼ਰਤ ਕਰਨ ਵਾਲੇ, ਉਸਦੇ ਸਾਥੀ ਤੇ ਹਮਸਫ਼ਰ ਸਾਂ ਤੇ ਅੱਜ ਜਦ ਉਹ ਸਾਡੇ ਵਿਚਕਾਰ ਨਹੀਂ ਹੈ, ਸਾਡੇ ਵਿਚੋਂ ਹਰੇਕ ਨੇ ਉਸਦੀ ਮੌਤ ਦੇ ਜਨਾਜੇ ਨੂੰ ਆਪਣੇ ਮੋਢਿਆਂ ਉੱਤੇ ਮਹਿਸੂਸ ਕੀਤਾ ਹੈ। ਅੱਜ ਸਾਡੇ ਵਿਚੋਂ ਹਰੇਕ ਦੀ ਜ਼ਿੰਦਗੀ ਦਾ ਇਕ ਹਿੱਸਾ ਮਰ ਗਿਆ ਹੈ, ਉਸਦੀ ਪੂਰਤੀ ਕਦੰਤ ਨਹੀਂ ਹੋ ਸਕਣੀ। ਅੱਜ ਸਾਡੇ ਵਿਚੋਂ ਹਰੇਕ ਜਣਾ ਮੰਟੋ ਦੇ ਨਜ਼ਦੀਕ ਹੈ ਤੇ ਇਕ ਦੂਜੇ ਨਾਲੋਂ ਵਧ। ਅਜਿਹੇ ਸਮੇਂ, ਜੇ ਅਸੀਂ ਇਹ ਫੈਸਲਾ ਕਰ ਲਈਏ ਕਿ ਅਸੀਂ ਮੰਟੋ ਦੀਆਂ ਜ਼ਿੰਮੇਵਾਰੀਆਂ ਨੂੰ ਰਲ ਕੇ ਪੂਰਾ ਕਰਾਂਗੇ ਤਾਂ ਉਸਦੀ ਆਤਮਾ ਬੇਚੈਨ ਨਹੀਂ ਰਹੇਗੀ।

ਅੱਜ ਤੋਂ ਚੌਦਾਂ ਸਾਲ ਪਹਿਲਾਂ ਮੈਂ ਤੇ ਮੰਟੋ ਨੇ ਰਲ ਕੇ ਇਕ ਕਹਾਣੀ ਲਿਖੀ ਸੀ, 'ਵਣਜਾਰਾ'। ਮੰਟੋ ਨੇ ਅੱਜ ਤਕ ਕਿਸੇ ਦੂਜੇ ਲੇਖਕ ਨਾਲ ਰਲ ਕੇ ਕੋਈ ਕਹਾਣੀ ਨਹੀਂ ਲਿਖੀ, ਨਾ ਉਸ ਤੋਂ ਪਹਿਲਾਂ ਨਾ ਉਸ ਤੋਂ ਬਾਅਦ। ਉਹ ਦਿਨ, ਕੜਾਕੇ ਦੀ ਸਰਦੀ ਦੇ ਸਨ। ਮੇਰਾ ਸੂਟ ਬੇਕਾਰ ਹੋ ਕੇ ਲਟਕ ਗਿਆ ਸੀ ਤੇ ਮੰਟੋ ਦਾ ਸੂਟ ਵੀ ਲਿੱਸੜ ਜਿਹਾ ਹੋਇਆ ਪਿਆ ਸੀ। ਮੰਟੋ ਮੇਰੇ ਕੋਲ ਆਇਆ ਤੇ ਬੋਲਿਆ, 'ਕ੍ਰਿਸ਼ਨ ਨਵਾਂ ਸੂਟ ਚਾਹੀਦੈ...'

ਮੈਂ ਕਿਹਾ, 'ਹਾਂ।'

'ਤਾਂ ਚੱਲ ਮੇਰੇ ਨਾਲ...'

'ਕਿੱਥੇ?'

'ਬਸ, ਬਹੁਤੀ ਬਕਵਾਸ ਨਾ ਕਰ, ਚੱਲ ਚੱਲੀਏ...'

ਅਸੀਂ ਦੋਵੇਂ ਇਕ ਫ਼ਿਲਮ ਡਿਸਟ੍ਰੀਬਿਊਟਰ ਕੋਲ ਚਲੇ ਗਏ। ਮੈਂ ਉਥੇ ਕੁਝ ਬੋਲਦਾ ਤਾਂ ਸੱਚਮੁੱਚ ਬਕਵਾਸ ਹੀ ਕਰਦਾ, ਇਸ ਲਈ ਚੁੱਪ ਹੀ ਰਿਹਾ। ਡਿਸਟ੍ਰੀਬਿਊਟਰ, ਫ਼ਿਲਮ ਪ੍ਰੋਡਕਸ਼ਨ ਦੇ ਮੈਦਾਨ ਵਿਚ ਆਉਣਾ ਚਾਹੁੰਦਾ ਸੀ। ਮੰਟੋ ਨੇ ਪੰਦਰਾਂ-ਵੀਹ ਮਿੰਟਾਂ ਦੀ ਗੱਲਬਾਤ ਵਿਚ ਹੀ ਉਸਨੂੰ ਕਹਾਣੀ ਵੇਚ ਦਿੱਤੀ ਤੇ ਉਸ ਤੋਂ ਪੰਜ ਸੌ ਰੁਪਏ ਨਕਦ ਲੈ ਲਏ। ਬਾਹਰ ਆ ਕੇ ਉਸਨੇ ਢਾਈ ਸੌ ਮੈਨੂੰ ਦੇ ਦਿੱਤੇ ਤੇ ਢਾਈ ਸੌ ਆਪ ਰੱਖ ਲਏ। ਅਸਾਂ ਦੋਹਾਂ ਨੇ ਆਪਣੇ ਆਪਣੇ ਸੂਟ ਦਾ ਵਧੀਆ ਕਪੜਾ ਖਰੀਦਿਆ ਤੇ ਅਬਦੁਲ ਗਨੀ ਟੇਲਰ ਮਾਸਟਰ ਦੀ ਦੁਕਾਨ 'ਤੇ ਜਾ ਪਹੁੰਚੇ ਤੇ ਉਸਨੂੰ ਸੂਟ ਜਲਦੀ ਸਿਊਂ ਦੇਣ ਦੀ ਹਦਾਇਤ ਕੀਤੀ। ਫੇਰ ਸੂਟ ਤਿਆਰ ਹੋ ਗਏ। ਪਾ ਵੀ ਲਏ ਗਏ। ਪਰ ਸੂਟਾਂ ਦਾ ਕਪੜਾ ਦਰਜੀ ਨੂੰ ਦੇਣ ਤੇ ਸਿਵਾਉਣ ਵਿਚਕਾਰ, ਜਿੰਨਾ ਸਮਾਂ ਲੰਘਿਆ, ਉਸ ਵਿਚ ਅਸੀਂ ਬਾਕੀ ਦੇ ਰੁਪਏ ਘੋਲ ਕੇ ਪੀ ਗਏ। ਇਸ ਲਈ ਅਬਦੁਲ ਗਨੀ ਨਾਲ ਉਧਾਰ ਕਰਨਾ ਪਿਆ। ਉਸਨੇ ਸਾਨੂੰ ਸੂਟ ਪਾਉਣ ਲਈ ਦੇ ਦਿੱਤੇ। ਪਰ ਕਈ ਮਹੀਨਿਆਂ ਤਕ ਅਸੀਂ ਉਸਦਾ ਉਧਾਰ ਨਹੀਂ ਸੀ ਲਾਹ ਸਕੇ।

ਇਕ ਦਿਨ ਮੰਟੋ ਤੇ ਮੈਂ ਕਸ਼ਮੀਰੀ ਗੇਟ ਕੋਲੋਂ ਲੰਘ ਰਹੇ ਸਾਂ ਕਿ ਮਾਸਟਰ ਅਬਦੁਲ ਗਨੀ ਨੇ ਸਾਨੂੰ ਆ ਘੇਰਿਆ। ਮੈਂ ਸੋਚਿਆ, ਅੱਜ ਭਰਪੂਰ ਬੇਇੱਜ਼ਤੀ ਹੋਵੇਗੀ। ਮਾਸਟਰ ਅਬਦੁਲ ਗਨੀ ਨੇ ਮੰਟੋ ਨੂੰ ਕਾਲਰ ਤੋਂ ਫੜ੍ਹ ਕੇ ਕਿਹਾ, 'ਓਹ, 'ਹੱਤਕ' ਤੂੰ ਲਿਖੀ ਐ?'

ਮੰਟੋ ਨੇ ਕਿਹਾ, 'ਹਾਂ,ਲਿਖੀ ਐ, ਫੇਰ? ਜੇ ਤੈਥੋਂ ਸੂਟ ਉਧਾਰ ਸਿਵਾਅ ਲਿਆ ਤਾਂ ਇਸਦਾ ਇਹ ਮਤਲਬ ਨਹੀਂ, ਕਿ ਤੂੰ ਮੇਰੀ ਕਹਾਣੀ ਦਾ ਚੰਗਾ ਸਮਾਲੋਚਕ ਵੀ ਬਣ ਗਿਐਂ। ਅਹਿ ਕਾਲਰ ਛੱਡ।' ਅਬਦੁਲ ਗਨੀ ਦੇ ਚਿਹਰੇ 'ਤੇ ਇਕ ਅਜੀਬ ਜਿਹੀ ਮੁਸਕਰਾਹਟ ਆਈ। ਉਸਨੇ ਮੰਟੋ ਦਾ ਕਾਲਰ ਛੱਡ ਦਿੱਤਾ ਤੇ ਉਸ ਵੱਲ ਅਜੀਬ ਜਿਹੀਆਂ ਨਜ਼ਰਾਂ ਨਾਲ ਦੇਖ ਕੇ ਕਹਿਣ ਲੱਗਾ, 'ਜਾਹ ਤੇਰੇ ਉਧਾਰ ਦੇ ਪੈਸੇ ਮਾਫ ਕੀਤੇ।'

ਫੇਰ ਉਹ ਮੁੜਿਆ ਤੇ ਤੁਰ ਗਿਆ। ਕੁਝ ਛਿਣ, ਮੰਟੋ ਚੁੱਪਚਾਪ ਖੜ੍ਹਾ ਰਿਹਾ। ਉਹ ਉਸ ਤਾਰੀਫ ਤੋਂ ਬਿਲਕੁਲ ਖੁਸ਼ ਨਹੀਂ ਸੀ ਹੋਇਆ...ਸਗੋਂ ਦੁੱਖ ਤੇ ਗੁੱਸੇ ਵਿਚ ਭਰਿਆ ਨਜ਼ਰ ਆਉਣ ਲੱਗ ਪਿਆ ਸੀ। 'ਸਾਲਾ ਮੇਰਾ, ਕੀ ਸਮਝਦੈ ਆਪਣੇ ਆਪ ਨੂੰ-ਮੈਨੂੰ ਪ੍ਰੇਸ਼ਾਨ ਕਰ ਦਵੇਗਾ, ਮੈਂ ਉਸਦੀ ਪਾਈ-ਪਾਈ ਲਾਹ ਦਿਆਂਗਾ। ਸਾਲਾ ਸਮਝਦੈ, ਹੱਤਕ ਮੇਰੀ ਚੰਗੀ ਕਹਾਣੀ ਏ। ਹੱਤਕ-ਹੱਤਕ ਤਾਂ ਮੇਰੀ ਸਭ ਨਾਲੋਂ ਚੰਗੀ ਕਹਾਣੀ ਹੈ।'

ਪਰ ਨਾ ਮੈਂ, ਤੇ ਨਾ ਹੀ ਮੰਟੋ ਨੇ ਹੀ ਅਬਦੁਲ ਗਨੀ ਦੇ ਪੈਸੇ ਦਿੱਤੇ...ਤੇ ਨਾ ਹੀ ਉਸਨੇ ਸਾਥੋਂ ਕਦੀ ਮੰਗੇ। ਅੱਜ ਜਦ ਮੈਨੂੰ ਇਹ ਘਟਨਾ ਯਾਦ ਆਈ ਤਾਂ ਮੈਂ ਤੁਰੰਤ ਹੀ ਅਬਦੁਲ ਗਨੀ ਨੂੰ ਮਿਲਣ ਲਈ ਕਸ਼ਮੀਰੀ ਗੇਟ ਜਾ ਪਹੁੰਚਿਆ। ਪਰ ਅਬਦੁਲ ਗਨੀ ਕਈ ਵਰ੍ਹੇ ਪਹਿਲਾਂ ਉੱਥੋਂ ਪਾਕਿਸਤਾਨ ਚਲਾ ਗਿਆ ਸੀ। ਕਾਸ਼, ਅੱਜ ਅਬਦੁਲ ਗਨੀ ਟੇਲਰ ਮਾਸਟਰ ਮਿਲ ਜਾਂਦਾ ! ਉਸ ਨਾਲ ਮੰਟੋ ਬਾਰੇ ਦੋ ਗੱਲਾਂ ਕਰ ਲੈਂਦਾ...ਇਸ ਵੱਡੇ ਸ਼ਹਿਰ ਵਿਚ ਕਿਸੇ ਹੋਰ ਕੋਲ ਤਾਂ ਇਸ ਵਿਅਰਥ ਕੰਮ ਲਈ ਵਿਹਲ ਨਹੀਂ ਸੀ।

ਸ਼ਾਮੀਂ ਮੈਂ, ਜੋ.ਏ.ਅੰਸਾਰੀ ਸੰਪਾਦਕ 'ਸ਼ਾਹਰਾਹ' ਨਾਲ ਜਾਮਾ ਮਸਜਿਦ ਤੋਂ ਤੀਸ ਹਜ਼ਾਰੀ ਆਪਣੇ ਘਰ ਨੂੰ ਆ ਰਿਹਾ ਸਾਂ। ਰਸਤੇ ਵਿਚ ਅਸੀਂ ਦੋਵੇਂ ਹੌਲੀ ਹੌਲੀ ਮੰਟੋ ਦੇ ਵਿਅਕਤੀਤਵ ਤੇ ਉਸਦੀ ਕਲਾ ਉਪਰ ਬਹਿਸ ਕਰਦੇ ਰਹੇ। ਸੜਕ ਵਿਚ ਖੱਡੇ ਬਹੁਤ ਸਨ, ਇਸ ਲਈ ਬਹਿਸ ਵਿਚ ਬਹੁਤ ਸਾਰੇ ਨਾਜ਼ੁਕ ਸਥਾਨ ਵੀ ਆਏ। ਇਕ ਵਾਰੀ ਪੰਜਾਬੀ ਕੋਚਵਾਨ ਨੇ ਹੈਰਾਨੀ ਨਾਲ ਤ੍ਰਬਕ ਕੇ ਪੁੱਛਿਆ, 'ਕੀ ਕਿਹੈ ਜੀ, ਮੰਟੋ ਮਰ ਗਿਆ?'

ਅੰਸਾਰੀ ਨੇ ਧੀਮੀ ਆਵਾਜ਼ ਵਿਚ ਕਿਹਾ, 'ਹਾਂ ਭਰਾ !' ਤੇ ਫੇਰ ਆਪਣੀ ਗੱਲ ਜਾਰੀ ਰੱਖੀ।

ਕੋਚਵਾਨ ਹੌਲੀ ਹੌਲੀ ਆਪਣਾ ਤਾਂਗਾ ਚਲਾਉਂਦਾ ਰਿਹਾ ਪਰ ਮੋਰੀ ਗੇਟ ਕੋਲ ਆ ਕੇ ਉਸਨੇ ਤਾਂਗਾ ਰੋਕ ਦਿੱਤਾ ਤੇ ਸਾਡੇ ਵੱਲ ਭੌਂ ਕੇ ਬੋਲਿਆ, 'ਸਾਹਬ ਤੁਸੀਂ ਲੋਕ ਕੋਈ ਹੋਰ ਤਾਂਗਾ ਕਰ ਲ"...ਮੈਂ ਅੱਗੇ ਨਹੀਂ ਜਾ ਸਕਾਂਗਾ।' ਉਸਦੀ ਆਵਾਜ਼ ਵਿਚ ਇਕ ਅਜੀਬ ਜਿਹਾ ਦਰਦ ਸੀ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਕਹਿੰਦੇ ਉਹ ਸਾਡੇ ਵੱਲ ਦੇਖੇ ਬਿਨਾ ਤਾਂਗੇ ਤੋਂ ਉਤਰਿਆ ਤੇ ਸਿੱਧਾ ਸਾਹਮਣੀ ਬਾਰ ਵਿਚ ਚਲਾ ਗਿਆ।

# 'ਕੱਚੇ ਕੋਠੇ ਦੀ ਛੱਤ' - ਸਮਾਜ ਅਤੇ ਪਰਿਵਾਰ ਵਿਚ ਔਰਤ ਦੀ ਭੂਮਿਕਾ ਦਾ ਸਿਰਨਾਵਾਂ

ਕੋਠਾ ਬਣਾਉਣ ਲਈ ਨੀਂਹਾਂ ਤੇ ਕੰਧਾਂ ਦੀ ਲੋੜ ਹੁੰਦੀ ਹੈ ਪਰ ਛੱਤ ਤੋਂ ਬਿਨਾਂ ਉਹ ਖੋਲ਼ਾ ਹੀ ਰਹਿ ਜਾਵੇਗਾ - ਕੋਠਾ ਨਹੀਂ ਬਣੇਗਾ! ਕੰਧਾਂ ਛੱਤ ਨੂੰ ਸਹਾਰਾ ਦਿੰਦੀਆਂ ਹਨ ਪਰ ਠੰਢੀਆਂ ਹਵਾਵਾਂ, ਧੁੱਪਾਂ, ਬਾਰਿਸ਼ਾਂ ਤੇ ਝੱਖੜਾਂ ਦੀ ਮਾਰ ਤੋਂ ਬਚਾਉਣ ਅਤੇ ਕੋਠੇ ਅੰਦਰ ਵਸਦੇ ਜੀਆਂ ਦਾ ਸਿਰ ਢਕਣ ਲਈ ਛੱਤ ਹੀ ਵੱਡੀ ਜ਼ਿੰਮੇਵਾਰੀ ਨਿਭਾਉਂਦੀ ਹੈ। ਛੱਤ ਸਾਰੀਆਂ ਮਾਰਾਂ ਸਹਿ ਜਾਵੇ ਪਰ ਚੋਵੇ ਨਾ - ਔਰਤ ਸਭ ਕੁਝ ਸਹਿ ਜਾਵੇ ਪਰ ਰੋਵੇ ਨਾ! ਮਰਦ ਪ੍ਰਧਾਨ ਸਮਾਜ ਸ਼ਾਇਦ ਇਹੀ ਚਾਹੁੰਦਾ ਹੈ।

'ਕੱਚੇ ਕੋਠੇ ਦੀ ਛੱਤ' ਵਾਂਗ ਹੀ ਔਰਤ ਨੂੰ ਗ਼ਰੀਬੀ ਦੇ ਤੂਫ਼ਾਨਾਂ, ਝੱਖੜਾਂ ਤੇ ਧੁੱਪਾਂ ਵਿਚ ਪਰਿਵਾਰ ਦਾ ਸਹਾਰਾ ਬਣਨ ਲਈ ਵੱਡੀ ਜ਼ਿੰਮੇਵਾਰੀ ਚੁਕਣੀ ਪੈਂਦੀ ਹੈ ਤਾਂ ਉਹ ਵੀ ਉਸੇ ਤਰ੍ਹਾਂ ਸਖ਼ਤ ਹਾਲਾਤ ਦਾ ਮੁਕਾਬਲਾ ਕਰਦੀ ਹੈ! ਹਰ ਮੌਸਮ ਹੰਢਾਉਂਦੀ, ਧੁੱਪਾਂ ਨਾਲ ਤਿੜਕਦੀ, ਟੁੱਟਦੀ, ਖਿੰਡਦੀ ਪਰ ਦੁਬਾਰਾ ਛੱਤ ਬਣ ਜਾਂਦੀ ਹੈ! ਦਵਿੰਦਰ ਕੌਰ ਗੁਰਾਇਆ ਦੀ ਪਲੇਠੀ ਕਾਵਿ ਪੁਸਤਕ 'ਕੱਚੇ ਕੋਠੇ ਦੀ ਛੱਤ' ਵੀ ਕੁੱਝ ਏਸੇ ਤਰ੍ਹਾਂ ਹੀ ਆਪਣੀ ਆਤਮ-ਕਥਾ ਕਹਿੰਦੀ ਜਾਪਦੀ ਹੈ:



ਮੋਹਨ ਸਿੰਘ ਮੋਤੀ
ਫੋਨ: 78696-62775

-ਕਦੀ ਧੁੱਪਾਂ ਨੇ ਉਖੇੜਿਆ
ਕਦੀ ਬੁਛਾੜਾਂ ਨੇ ਰੋੜ੍ਹਿਆ
ਪਰ ਮੇਰੀ ਹੋਂਦ ਨਾ ਮਰੀ
ਮੈਂ ਡਿੱਗੀ, ਟੁੱਟੀ ਤੇ ਖਿੰਡੀ
ਮੁੜ ਛੱਤ ਬਣ ਗਈ,
ਮੈਂ ਕੱਚੇ ਕੋਠੇ ਦੀ ਛੱਤ ਹਾਂ!

ਦਵਿੰਦਰ ਦੀ ਕਵਿਤਾ ਵਿਚ ਨਾਰੀ ਮਨ ਦੀ ਪੀੜਾ, ਵਲਵਲੇ, ਅੱਖਾਂ ਵਿਚਲੇ ਸੁਪਨੇ, ਤਾਂਘਾਂ, ਰੀਝਾਂ ਅਤੇ ਮਜਬੂਰੀਆਂ ਦੇ ਅਕਸ ਬੜੇ ਉੱਘੜ ਕੇ ਪੇਸ਼ ਹੋਏ ਨੇ:

- ਜੇ ਹਾਮੀ ਭਰਾਂ ਵਿਹੜੇ ਦੀ
ਛੱਤ ਰੁਸਵਾ ਹੋ ਜਾਏ
ਮੈਂ ਕੱਚੇ ਕੋਠੇ ਦੀ
ਘੁਣ ਖਾਧੀ ਸ਼ਤੀਰ ਹਾਂ!
- ਅਜੇ ਨਾ ਪਿੱਪਲਾਂ ਖੜ-ਖੜ ਲਾਈ,
ਅਜੇ ਨਾ ਛਾਂਵਾਂ ਭਾਈਆਂ ਨੇ !
ਅਜੇ ਹੈ ਦਗਦਾ ਸੂਰਜ ਮੱਥੇ,
ਅਜੇ ਨਾ ਬੱਦਲੀਆਂ ਛਾਈਆਂ ਨੇ !
ਅਜੇ ਤਾਂ ਕੋਰੀ ਚੁੰਨੀ 'ਤੇ
ਮੈਂ ਰੰਗ ਰੰਗਾਂਵਾਂ ਖੜ੍ਹੀ ਖੜ੍ਹੀ !
ਮੈਨੂੰ ਅਜੇ ਜਿਉਣ ਦੀ ਤਾਂਘ ਬੜੀ !
- ਕਦੀ ਚਾਅ ਸੀ ਛੇਤੀ ਕੰਮ ਮੁਕਾ ਕੇ
ਦਰੀਆਂ 'ਤੇ ਬਹਿਣ ਦਾ
ਸ਼ਗਨਾਂ ਵਿਆਹਾਂ 'ਤੇ
ਗਾਉਣ ਜਾਣ ਦਾ!

ਦਵਿੰਦਰ ਵਿਰਸੇ ਵਿਚ ਆ ਰਹੀ ਗਿਰਾਵਟ ਤੋਂ ਬਹੁਤ ਫਿਕਰਮੰਦ ਹੈ ਅਤੇ ਇਸ ਨੂੰ 'ਵਿਰਸੇ ਦੀ ਮੌਤ' ਐਲਾਨਦੀ ਹੈ:

-ਧੀਆਂ ਭੈਣਾਂ ਬਣ ਗਈਆਂ
ਲੇਬਲ ਬਜ਼ਾਰ ਦਾ!
-ਆਓ! ਨੰਗੇ ਜਿਸਮਾਂ ਨੂੰ
ਪਾ ਕੱਫ਼ਨ ਢੱਕ ਦਈਏ!

ਦਵਿੰਦਰ ਦੀ ਕਵਿਤਾ ਵਿਚ ਪੇਸ਼ ਨਾਰੀ ਸੁਚੇਤ ਹੈ ਅਤੇ ਮਰਦ ਦੇ ਗੁਨਾਹਾਂ ਉੱਤੇ ਬੇਬਾਕੀ ਨਾਲ ਬੋਲਦੀ ਹੈ:

- ਮੈਂ ਵੀ ਧੀ ਭੈਣ ਹਾਂ ਕਿਸੇ ਦੀ,
ਮੈਨੂੰ ਘਰ ਤੋਂ ਚੁੱਕ
ਕੋਠੇ ਤੇ ਮਰਦ ਬਿਠਾਉਂਦਾ ਏ!
***
- ਪਾ ਕੇ ਚਿੱਟੇ ਕੱਪੜੇ
- ਕੂੜ ਅਦਾਲਤ ਲਾਉਂਦਾ ਏ!

ਮੰਡੀਕਰਨ ਤੇ ਵਿਸ਼ਵੀਕਰਨ ਦੀ ਲਿਸ਼ਕ ਨੇ ਮਾਨਵੀ ਰਿਸ਼ਤਿਆਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਦਵਿੰਦਰ ਦੇ ਕਾਵਿ ਵਿਚੋਂ ਇਹ ਫਿਕਰ ਬਹੁਤ ਚੰਗੀ ਤਰ੍ਹਾਂ ਉੱਭਰਿਆ ਹੈ:

-ਐ ਮਨੁੱਖ! ਕੁਦਰਤ ਨੇ ਤੈਨੂੰ
ਮਾਂ, ਭੈਣ, ਪਤਨੀ ਤੇ ਧੀ ਵਰਦਾਨ ਦਿੱਤੇ,
ਪਰ ਤੂੰ ਘਰ ਤੋਂ ਬਾਹਰ
ਭੁੱਲ ਜਾਂਦਾ ਏਂ ਪਹਿਚਾਣ ਇਸ ਦੀ!

ਦਵਿੰਦਰ ਵਿਸ਼ਵ ਵਿਆਪੀ ਵਰਤਾਰਿਆਂ ਤੋਂ ਸੁਚੇਤ ਕਵਿੱਤਰੀ ਹੈ ਅਤੇ ਵਿਕਾਸ ਦੇ ਨਾਂ 'ਤੇ ਹੋ ਰਹੇ ਵਿਨਾਸ਼ਕਾਰੀ ਮੰਡੀਕਰਨ ਦੀ ਅਸਲੀਅਤ ਦੱਸਦੀ ਹੈ:

- ਉਹ ਮੇਰੇ ਆਪਣੇ ਹੀ
ਸੱਭਿਆਚਾਰ ਦਾ ਵਿਨਾਸ਼ ਏ,
ਜਿਸ ਨੂੰ ਕਰ ਕੇ ਨੰਗਾ
ਉਨਤੀ ਦਾ ਨਾਂ ਦਿੱਤਾ ਏ!
***
-ਦੱਸੋ ਕਿੱਥੋਂ ਲੱਭਾਂ ਪਿੰਡ ਦੀਆਂ ਨਹਿਰਾਂ,
ਇੱਥੇ ਝੀਲਾਂ ਦਿਆਂ ਪਾਣੀਆਂ ਨੂੰ ਜੰਗ,
ਬੈਗਾਂ ਵਿਚ ਆਟਾ ਕੈਨੀਆਂ 'ਚ ਦੁੱਧ,
ਬਣ ਗਿਆ ਸਾਡੇ ਜੀਣ ਦਾ ਢੰਗ!

ਕਵਿੱਤਰੀ ਸਮਾਜ ਵਿਚ ਆ ਰਹੇ ਨਿਘਾਰਾਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿਚੋਂ ਪਛਾਣ ਲੈਂਦੀ ਹੈ:

- ਬਾਜਾਂ ਵਾਲਿਆ ਸ਼ੇਰਾਂ ਤੋਂ ਬਣੇ ਗਿੱਦੜ,
ਖੰਭ ਚਿੜੀਆਂ ਦੇ ਹੱਥੀਂ ਕਟਵਾਉਣ ਲੱਗੇ!
ਹੱਟੀ ਵਿਸ਼ਵ ਦੀ ਵਾਂਗ ਪਰਚੂਨ ਵਿਕਦੇ,
ਨਵਾਂ ਵਿਰਸੇ 'ਤੇ ਰੰਗ ਚੜ੍ਹਾਉਣ ਲੱਗੇ!

ਦਵਿੰਦਰ ਕਾਵਿ ਦੀ ਔਰਤ ਤਿਣਕਾ-ਤਿਣਕਾ ਟੁੱਟ ਕੇ ਵੀ ਸਾਬਤ-ਸਬੂਤ ਹੈ, 'ਮੇਰੀ ਕਥਾ', 'ਖੁਦਾ ਹੋ ਗਈ', 'ਔਰਤ' ਅਤੇ 'ਰੌਸ਼ਨੀ' ਕਵਿਤਾਵਾਂ ਇਸੇ ਗੱਲ ਵੱਲ ਇਸ਼ਾਰਾ ਕਰਦੀਆਂ ਨੇ:

ਤੂੰ ਇੱਕ ਤੂਫ਼ਾਨ ਏਂ,
ਤੂੰ ਇੱਕ ਚੱਟਾਨ ਏਂ,
ਫਿਰ ਛੱਪੜਾਂ 'ਚ ਰੀਂਗਦੀ
ਮੱਛੀਆਂ ਕਿਓਂ ਫੜਦੀ ਏਂ!

ਕਵਿੱਤਰੀ ਖੁਦ ਤਾਂ ਸੁਚੇਤ ਹੈ ਹੀ ਨਾਲ ਦੀ ਨਾਲ ਸਮਾਜ ਦੇ ਪ੍ਰਭਾਵਿਤ ਲੋਕਾਂ ਨੂੰ ਵੀ ਚਲਾਕ ਜਮਾਤਾਂ ਦੀਆਂ ਚਾਲਾਂ ਪ੍ਰਤੀ ਸੁਚੇਤ ਕਰਦੀ ਹੈ, 'ਮਜ਼ਦੂਰ ਕੁੜੀ ਨੂੰ' ਤੇ 'ਗਰੀਬ ਨੂੰ' ਕਵਿਤਾਵਾਂ ਵਿਚ ਇਹ ਰੰਗ ਰੂਪਮਾਨ ਹੈ! ਸੱਭਿਆਚਾਰਕ ਤਬਦੀਲੀਆਂ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਮਹਿਸੂਸ ਕਰਦਿਆਂ ਕਵਿੱਤਰੀ ਗੁਆਚ ਰਹੀਆਂ ਵਿਰਾਸਤੀ ਨਿਸ਼ਾਨੀਆਂ ਅਤੇ ਇਸ ਦੇ ਵਿਗੜ ਰਹੇ ਮੁਹਾਂਦਰੇ ਦਾ ਵੀ ਫਿਕਰ ਕਰਦੀ ਹੈ - ਉਹ ਇਸ ਨੂੰ 'ਵਿਰਸੇ ਦੀ ਮੌਤ' ਆਖਦੀ ਹੈ! ਉਹ ਮੁਟਿਆਰਾਂ ਨੂੰ ਪਹਿਰਾਵੇ ਸਮੇਤ ਪੁਰਾਤਨ ਵਿਰਾਸਤ ਸੰਭਾਲਣ ਅਤੇ ਮੰਡੀ ਦੀ ਵਸਤੂ ਨਾ ਬਣਨ ਲਈ ਪ੍ਰੇਰਿਤ ਕਰਦੀ ਹੈ:

ਲਾ ਲੈ ਚੁੰਨੀ ਨੂੰ ਕਿਨਾਰੀ, ਨਾਲੇ ਗੁੱਤ ਗੁੰਦ ਲੈ!
ਉੱਤੇ ਲਾਲ ਫੁਲਕਾਰੀ, ਸੂਹੇ ਫੁੱਲ ਟੁੰਗ ਲੈ!
ਪਾ ਲੈ ਸੂਟ ਪਟਿਆਲਾ-ਸਲਵਾਰ ਕੁੜੀਏ!
***
ਕਿਓਂ ਮੰਡੀ ਵਿਚ ਹੁਸਨ ਦਾ ਮੁੱਲ ਵੱਟਦੀ,
ਤੈਨੂੰ ਸੋਭਦਾ ਨਾ ਝੂਠ ਦਾ ਸ਼ਿੰਗਾਰ ਕੁੜੀਏ!
***
ਢਿੱਲੀ ਚਰਖੇ ਦੀ ਗੁੱਝ ਹੋਈ, ਮਾਲ੍ਹ ਟੁੱਟ ਗਈ!
ਮੁੱਕਾ ਛੱਟਣਾ ਤੇ ਪੀਹਣਾ, ਹਾਏ ਮਧਾਣੀ ਰੁੱਸ ਗਈ!
***
ਪੂਰ ਛੱਪੜਾਂ ਨੂੰ ਪਿੱਪਲ ਤੇ ਬੋਹੜ ਵੱਢ ਆਏ!
ਅਸੀਂ ਜਾਨ ਤੋਂ ਪਿਆਰਾ ਹਾਏ ਪਿੰਡ ਛੱਡ ਆਏ !

ਦਵਿੰਦਰ ਪੰਜਾਬ ਦੇ ਇਕ ਪਿੰਡ ਤੋਂ ਅਮਰੀਕਾ ਦੀ ਵਰਜੀਨੀਆ ਸਟੇਟ ਵਿਚ ਆਪਣਾ ਖੁਸ਼ਹਾਲ ਪਰਿਵਾਰਕ ਜੀਵਨ ਬਿਤਾ ਰਹੀ ਹੈ। ਉਹਨੂੰ ਆਪਣੇ ਪਤੀ ਹਰਜੀਤ ਸਿੰਘ ਹੁੰਦਲ ਅਤੇ ਇਕਲੌਤੀ ਧੀ ਹਰਲੀਨ ਦੀ ਦੋਸਤੀ ਦਾ ਨਿੱਘ ਵੀ ਹਾਸਲ ਹੈ - ਫਿਰ ਵੀ ਉਹ ਰੌਸ਼ਨੀਆਂ ਵਿਚ ਗੁਆਚੀ ਨਹੀਂ ਸਗੋਂ ਕਲਮ ਦੇ ਕਲਾਵੇ ਵਿਚ ਰਿਸ਼ਤਿਆਂ ਦੇ ਨਾਲ-ਨਾਲ ਪੰਜਾਬ, ਪਿੰਡ, ਵਿਰਸਾ, ਮਾਂ-ਬੋਲੀ, ਬਚਪਨ, ਜਵਾਨੀ, ਬੁਢਾਪਾ, ਸਹੇਲੀਆਂ, ਖੂਹ, ਟਿੰਡਾਂ, ਦਰੀਆਂ-ਖੇਸ, ਮੇਲੇ, ਬੰਬੀਹੇ, ਕੋਇਲਾਂ, ਸਾਵਣ, ਘਟਾਵਾਂ, ਬੱਚਿਆਂ ਦਾ ਚੀਕ ਚਿਹਾੜਾ, ਪਿੰਡ ਦੇ ਸ਼ੌਕੀਨ, ਨਹਿਰਾਂ, ਝੀਲਾਂ, ਛੱਪੜਾਂ, ਫਿਰਨੀਆਂ, ਖੇਤਾਂ ਸਭ ਨੂੰ ਸਮੇਟ ਲੈਣਾ ਚਾਹੁੰਦੀ ਹੈ ਤੇ ਪ੍ਰਵਾਸ ਦਾ ਦਰਦ ਵੀ ਆਪ ਮੁਹਾਰੇ ਉਹਦੀ ਕਾਵਿ-ਕਲਪਨਾ ਵਿਚ ਪ੍ਰਵੇਸ਼ ਕਰ ਗਿਆ ਹੈ- 'ਫ਼ਰਕ', 'ਦੇਸ ਅਮਰੀਕਾ', ਅਤੇ 'ਪੱਥਰਾਂ ਦਾ ਸ਼ਹਿਰ' ਕਵਿਤਾਵਾਂ ਵਿਚੋਂ ਇਹ ਕਸਕ ਮਹਿਸੂਸ ਕੀਤੀ ਜਾ ਸਕਦੀ ਹੈ:


-ਅਸੀਂ ਮਿੱਟੀ ਦੇ ਜਾਏ, ਛੱਡ ਮਿੱਟੀ ਦੇ ਰਿਸ਼ਤੇ,
ਪੱਥਰਾਂ ਦੇ ਸ਼ਹਿਰ ਵਿਚ ਦਿਲਦਾਰ ਲੱਭਣ ਆਏ ਹਾਂ!
-ਮਿੱਟੀਏ ਨੀ ਮੁਆਫ਼ ਕਰੀਂ, ਮੁਆਫ਼ ਕਰ ਦਈਂ,
ਅਸੀਂ ਬੜੇ ਨਿਰਮੋਹੇ ਤੈਨੂੰ ਛੱਡ ਆਏ ਹਾਂ!
-ਘਰੋਂ ਨਿਕਲੇ ਸਾਂ ਦੌਲਤਾਂ ਕਮਾਉਣ ਵਾਸਤੇ!
ਗਹਿਣੇ ਪਏ ਕਿੱਲੇ ਬਾਪੂ ਦੇ ਛੁਡਾਉਣ ਵਾਸਤੇ!
-ਵੱਸ ਪਏ ਹਾਂ ਬਿਗਾਨੇ,
ਹੋਂਦ ਆਪਣੀ ਨੂੰ ਜ਼ਿੰਦਾ ਮਾਰ ਦੱਬ ਆਏ ਹਾਂ।

ਦਵਿੰਦਰ ਲਈ ਕਵਿਤਾ ਰੁਜ਼ਗਾਰ ਨਹੀਂ ਇਬਾਦਤ ਹੈ। ਇਸੇ ਲਈ ਉਹ ਖੈਰ ਸੁੱਖ ਤੇ ਮੁਹੱਬਤ ਦੇ ਧਾਗੇ ਵਿਚ ਸ਼ਬਦਾਂ ਦੇ ਫੁੱਲ ਪਰੋਅ ਕੇ ਆਪਣੇ ਰਿਸ਼ਤਿਆਂ ਨੂੰ ਮਹਿਕਾਉਂਦੀ ਹੈ ਤੇ ਨਿੱਘ ਵਧਾਉਂਦੀ ਰਹਿੰਦੀ ਹੈ- ਆਪਣੇ ਪਤੀ ਲਈ ਉਹ 'ਚੀਰੇ ਵਾਲਾ', ਗੀਤ ਗਾਉਂਦੀ ਹੈ ਤਾਂ ਧੀਸ਼ਾਲੂ ਨੂੰ 'ਅਸ਼ੀਰਵਾਦ' ਵੀ ਕਾਵਿਕ ਬੋਲਾਂ ਨਾਲ ਦਿੰਦੀ ਹੈ:

ਜਦ ਤੂੰ ਜੰਮੀ ਤੇਰੇ ਬਾਬਲ ਨੇ ਸੀ ਲੱਡੂ ਵੰਡੇ!

ਉਸ ਦੇ ਕਾਵਿ ਵਿਚ ਵਿਸ਼ਿਆਂ ਦੀ ਭਿੰਨਤਾ ਹੈ ਜੋ ਰਿਸ਼ਤਿਆਂ ਦੇ ਨਿੱਘ ਅਤੇ ਮਹੱਤਵ ਦੇ ਨਾਲ ਨਾਲ ਔਰਤ ਦੀ ਸਮਾਜ ਅਤੇ ਪਰਿਵਾਰ ਵਿਚ ਸਥਿਤੀ ਅਤੇ ਭੂਮਿਕਾ ਦਾ ਸਿਰਨਾਵਾਂ ਵੀ ਜਾਪਦੇ ਹਨ। ਉਹਦੀ ਕਵਿਤਾ ਵਿਚੋਂ ਲੋਕ ਗੀਤਾਂ ਦਾ ਮੁਹਾਂਦਰਾ ਨਜ਼ਰੀਂ ਪੈਂਦਾ ਹੈ:

ਚੱਲ ਜਿੰਦੂਆ ਕੁੱਛ ਕਰੀਏ ਐਸਾ




ਮਰ ਕੇ ਜੀਵਨ ਪਾਈਏ!
ਲਿਖੇ 'ਗੁਰਾਇਆ' ਗਾਵੇ 'ਹੁੰਦਲ',
ਕੋਈ ਛੱਡ ਸੁਨੇਹਾ ਜਾਈਏ!

'ਛੱਲਾ' ਤੇ 'ਚੀਰੇ ਵਾਲਾ' ਰਚਨਾਵਾਂ ਵੀ ਇਸੇ ਕੜੀ ਵਿਚੋਂ ਹਨ।

ਪੁਸਤਕ ਵਿਚ ਸ਼ਾਮਲ ਹਰੇਕ ਕਵਿਤਾ ਜਾਂ ਗੀਤ ਆਪਣੇ ਵਿਸ਼ੇ ਕਰਕੇ ਤੇ ਕਵਿੱਤਰੀ ਦੀ ਪ੍ਰਪੱਕ ਕਾਵਿ ਸੂਝ ਕਰਕੇ ਮਹੱਤਵਪੂਰਨ ਹੈ। ਉਸ ਨੇ ਕਈ ਵਿਸ਼ਿਆਂ ਉੱਤੇ ਤਾਂ ਇੱਕ ਤੋਂ ਵੱਧ ਰਚਨਾਵਾਂ ਵੀ ਕੀਤੀਆਂ ਨੇ ਉਦਾਹਰਣ ਲਈ:

'ਮਿੱਟੀਏ ਨੀ ਮਾਫ਼ ਕਰੀਂ' ਅਤੇ 'ਪਿੰਡ ਛੱਡ ਆਏ'

ਏਸੇ ਤਰ੍ਹਾਂ 'ਦੇਸ ਅਮਰੀਕਾ' ਅਤੇ 'ਨੀ ਮੌਤੇ' ਕਵਿਤਾਵਾਂ ਵਿਚ ਵੀ ਵਿਸ਼ੇ ਅਤੇ ਖਿਆਲਾਂ ਦਾ ਦੁਹਰਾ ਜਾਪਦਾ ਹੈ। ਪਰ ਉਸ ਦੀਆਂ ਦੋ ਕਵਿਤਾਵਾਂ ਦੇ ਜ਼ਿਕਰ ਬਿਨਾਂ ਮੇਰਾ ਕੰਮ ਅਧੂਰਾ ਰਹਿ ਜਾਵੇਗਾ:

'ਉਹ ਦਿਨ ਕਿੱਥੇ ਗਏ' ਕੁੜੀਆਂ ਦੇ ਬਚਪਨ ਤੋਂ ਲੈ ਕੇ ਦੂਜੇ ਪਿੰਡ ਜਾ ਵੱਸਣ ਤੱਕ ਦਾ ਕਲਾਤਮਿਕ ਚਿੱਤਰਨ ਹੈ ਅਤੇ ਦੂਜੀ ਕਵਿਤਾ 'ਮੈਂ ਕੰਮੀਆਂ ਦੀ ਲਗਰ' ਸ਼ਿਵ ਬਟਾਲਵੀ ਦੀ ਕਵਿਤਾ 'ਮੈਂ ਕੰਡਿਆਲੀ ਥੋਹਰ' ਦੇ ਨੈਣ-ਨਕਸ਼ਾਂ ਦਾ ਭੁਲੇਖਾ ਪਾਉਂਦੀ ਹੋਈ ਉਸ ਦੀ ਜੁੜਵਾ ਭੈਣ ਜਾਪਦੀ ਹੈ!

ਦਵਿੰਦਰ ਕੌਰ ਇਕੋ ਸਮੇਂ ਗੁਰਾਇਆ ਵੀ ਅਤੇ ਹੁੰਦਲ ਵੀ ਕਹਾਉਣਾ ਪਸੰਦ ਕਰਦੀ ਹੈ ਕਿਉਂਕਿ ਉਹ ਆਪਣੇ ਪੇਕੇ ਅਤੇ ਸਹੁਰਿਆਂ ਵਿਚ ਇੱਕ ਸਾਂਝ ਦਾ ਪੁਲ ਬਣਨਾ ਚਾਹੁੰਦੀ ਹੈ - ਵਖਰੇਵੇਂ ਦੀ ਕੰਧ ਨਹੀਂ। ਆਪਣੇ ਵੀਰ ਡਾ. ਨਿਰਮਲ ਸਿੰਘ ਆਜ਼ਾਦ ਨੂੰ ਉਹ ਆਪਣਾ ਰੱਬ ਮੰਨਦੀ ਹੈ। ਉਹ ਸ਼ਾਇਦ ਅਨਪੜ੍ਹ ਰਹਿ ਜਾਂਦੀ ਜੇ ਉਸਦੀ ਬਿਮਾਰੀ ਦਾ ਕਾਰਨ ਜਾਣ ਡਾ. ਆਜ਼ਾਦ ਵਰਗਾ ਦੂਰ-ਅੰਦੇਸ਼ ਸ਼ਖ਼ਸ ਉਸਦੀ ਹਿੰਮਤ, ਹੌਂਸਲਾ ਅਤੇ ਰਹਿਨੁਮਾ ਨਾ ਬਣਦਾ। ਤਾਂ ਹੀ ਉਹ ਸਿਰੜੀ ਕੁੜੀ ਕਿਸੇ ਸਕੂਲ ਜਾਣ ਤੋਂ ਦਸਵੀਂ ਜਮਾਤ ਪਾਸ ਕਰ ਕੇ ਐਮ.ਏ. ਬੀ.ਐਡ ਕਰ ਕੇ ਅਧਿਆਪਕਾ ਵੀ ਬਣੀ ਅਤੇ ਪੀ.ਐਚ.ਡੀ. ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ। ਪਰ ਸਿਖਰ ਚੜ੍ਹੀ ਪੀਂਘ ਦਾ ਟਾਹਣਾ ਟੁੱਟਣ ਵਰਗਾ ਭਾਣਾ ਵਰਤ ਗਿਆ। ਦਵਿੰਦਰ ਹਉਕਾ ਜਿਹਾ ਭਰ ਕੇ ਲਿਖਦੀ ਹੈ:

ਵੀਰ ਆਜ਼ਾਦ ਮੌਤ ਦੇ ਵੱਸ ਪੈ ਗਿਆ,
ਸਭ ਕੁੱਝ ਧਰਿਆ ਧਰਾਇਆ ਰਹਿ ਗਿਆ।

ਆਪਣੇ ਰਾਹ ਦਸੇਰੇ ਇਸ ਵੀਰ ਨੂੰ ਯਾਦ ਕਰਦਿਆਂ ਪੁਸਤਕ ਵਿਚ 'ਕੂਕ', 'ਜਾਣ ਵਾਲੇ ਦੀ ਯਾਦ ਵਿਚ' ਅਤੇ 'ਵੀਰ ਆਜ਼ਾਦ ਦੇ ਨਾਂ' ਕਵਿਤਾਵਾਂ ਸ਼ਾਮਲ ਕੀਤੀਆਂ ਨੇ ਪਰ ਆਪਣੇ ਅਸੀਮ ਪਿਆਰ ਸਤਿਕਾਰ ਨੂੰ ਮੁਹਰਬੰਦ ਕਰਦਿਆਂ ਦਵਿੰਦਰ ਨੇ ਪਲੇਠਾ ਕਾਵਿ-ਸੰਗ੍ਰਹਿ ਹੀ ਡਾ. ਨਿਰਮਲ ਸਿੰਘ ਆਜ਼ਾਦ ਨੂੰ ਸਮਰਪਿਤ ਕੀਤਾ ਹੈ।

ਪੁਸਤਕ ਪੜ੍ਹਦਿਆਂ ਪਾਠਕ ਆਪ ਮੁਹਾਰੇ ਗੁਣਗੁਣਾਏਗਾ ਵੀ ਅਤੇ ਅੱਖਾਂ ਵਿਚਲੀ ਨਮੀ ਵੀ ਨਹੀਂ ਲਕੋ ਸਕੇਗਾ। ਭਾਸ਼ਾ, ਸੱਭਿਆਚਾਰ, ਸੰਗੀਤਕਤਾ, ਸੰਘਰਸ਼ ਆਦਿ ਵਿਸ਼ਿਆਂ ਨੂੰ ਸਮੇਟਦੀ 'ਕੱਚੇ ਕੋਠੇ ਦੀ ਛੱਤ' ਪੜ੍ਹਨਯੋਗ ਤੇ ਸਾਂਭਣਯੋਗ ਪੁਸਤਕ ਹੈ। 2013 ਵਿਚ ਛਪੀ ਇਸ ਕਿਤਾਬ ਤੋਂ ਬਾਅਦ ਦਵਿੰਦਰ ਕੌਰ ਗੁਰਾਇਆ - ਹੁੰਦਲ ਦੇ ਅਗਲੇਰੇ ਸਾਹਿਤਕ ਕਦਮ ਦੀ ਉਡੀਕ ਹੈ।

# 'ਭੈਣਾਂ ਨੂੰ ਭਰਾਵਾਂ ਦਾ ਫਿਕਰ !'

ਆਪਣੀ ਜਿਸ ਭੈਣ ਦੇ ਫਿਕਰ ਦਾ ਮੈਂ ਜ਼ਿਕਰ ਕਰਨ ਲੱਗਾ ਹਾਂ ਪਹਿਲਾਂ ਉਹਦੇ ਬਾਰੇ ਸੰਖੇਪ ਜਿਹੀ ਜਾਣਕਾਰੀ- ਮੈਥੋਂ ਵੱਡੀਆਂ ਚਾਰ ਭੈਣਾਂ ਹਨ। ਜਦ ਮੈਥੋਂ ਵੱਡੀ ਦਾ ਜਨਮ ਹੋਇਆ ਤਾਂ ਇੱਕ 'ਪੱਥਰ ਹੋਰ ਆ ਗਿਆ' ਕਹਿੰਦਿਆਂ ਘਰ ਦਿਆਂ ਨੇ ਖਿਝ ਕੇ ਉਹਦਾ ਵਿਚਾਰੀ ਦਾ ਕੋਈ ਨਾਂ ਹੀ ਨਾ ਰੱਖਿਆ! ਅਖੇ ਜਦ ਰੱਬ ਪੁੱਤ ਦਊਗਾ ਤਦ ਦੋਹਾਂ ਭੈਣ-ਭਰਾਵਾਂ ਦਾ ਇੱਕੋ ਨਾਂ ਰੱਖ ਦਿਆਂਗੇ ! ਸੋ ਕੁਦਰਤੀ ਜਦ ਮੇਰਾ

ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 78146-92724

ਜਨਮ ਹੋਇਆ ਤਾਂ ਮੇਰੇ ਨਾਂ 'ਤੇ ਹੀ ਇਹਦਾ ਨਾਂ ਵੀ ਤਰਲੋਚਨ ਕੌਰ ਹੀ ਰੱਖ ਦਿੱਤਾ ਗਿਆ!

ਅਨਪੜ੍ਹ ਦੀ ਥਾਂ ਉਹਨੂੰ ਅੱਧਪੜ੍ਹ ਕਹਿ ਸਕਦੇ ਹਾਂ ਕਿਉਂਕਿ ਉਹ ਦੂਜੀ ਤੀਜੀ ਜਮਾਤ ਤੱਕ ਹੀ ਸਕੂਲੇ ਗਈ ਸੀ। ਕਈ ਸਦਮਿਆਂ ਮਾਰੀ ਵਿਚਾਰੀ ਇਸ ਭੈਣ ਨੂੰ ਹੋਰ ਕਈ ਤਰ੍ਹਾਂ ਦੀਆਂ ਪਰਿਵਾਰਕ ਮੁਸੀਬਤਾਂ ਨੇ ਬਹੁਤ ਦੁਖੀ ਕਰੀ ਰੱਖਿਆ ਪਰ ਉਹਨੇ ਆਪਣਾ ਹੱਸਮੁਖ ਸੁਭਾਅ ਨਹੀਂ ਤਿਆਗਿਆ!

ਕੱਲ੍ਹ ਪਰਸੋਂ ਮੈਨੂੰ ਉਹਨੇ ਫੋਨ 'ਤੇ ਪੁੱਛਿਆ ਅਖੇ ਵੀਰਿਆ ਅੱਜ ਕੀ ਕਰਦਾਂ ਐਂ ?

ਮੈਂਖਿਆ ਪਿੰਨੀਆਂ ਬਣਾਉਣ ਲੱਗੇ ਆਂ !

ਮੇਰੀ ਗੱਲ ਸੁਣ ਕੇ ਉਹ ਬੋਲੀ-

'ਵੇ ਭਰਾਵਾ, ਮੈਨੂੰ ਤਾਂ ਆਹ ਫੇਸ ਫੂਸ-ਬੁੱਕਾਂ ਦਾ ਕੋਈ ਪਤਾ ਨੀ ਇਹ ਕਿਆ ਹੁੰਨੀਆਂ... ਪਰ ਮੈਨੂੰ ਮੇਰੀਆਂ ਸਹੇਲੀਆਂ ਵੀ ਦੱਸਦੀਆਂ ਰਹਿੰਦੀਆਂ ਤੇ ਸਾਡੇ ਨਿਆਣੇ ਵੀ ਦੱਸਦੇ ਹੁੰਦੇ ਆ ਕਿ ਮਾਮਾ ਜੀ ਬਹੁਤ ਖੋਜਾ-ਖਾਜੀ ਕਰ ਕੇ ਲਿਖਦੇ ਰਹਿੰਦੇ ਆ...ਨਾਲੇ ਕਹਿੰਦੇ ਤੂੰ 'ਖਬਾਰਾਂ 'ਚ ਵੀ ਲੇਖ-ਲੂਖ ਲਿਖਦਾ ਈ ਰਹਿਨਾਂ ਐਂ! ਇਸ ਕਰਕੇ ਪਿੰਨੀਆਂ 'ਚ ਚਾਰੇ ਮਗਜ਼ ਤੇ ਬਦਾਮ ਕਾਜੂ ਦੱਬ ਕੇ ਪਾ ਲਿਉ ਭਰਾਵਾ,



ਦਿਮਾਗ ਨੂੰ 'ਤਰੌਤ ਮਿਲਦੀ ਰਹੂ !!!'

ਭਾਵੁਕ ਹੁੰਦਿਆਂ ਮੈਂ ਭੈਣ ਨੂੰ ਕਿਹਾ ਕਿ ਤੂੰ ਕਦ ਆਵੇਂਗੀ ਮਗਜ ਬਦਾਮਾਂ ਵਾਲੀਆਂ ਪਿੰਨੀਆਂ ਛਕਣ ਵਾਸਤੇ ?

ਉਹਦਾ ਜਵਾਬ ਸੁਣ ਕੇ ਮੈਂ ਹੋਰ ਦੁਵਿਆ ਗਿਆ ! ਕਹਿੰਦੀ- "ਜਦ ਮੇਰੇ ਐਮਾਂ ਜਾਏ ਭਰਾ ਨੇ ਪਿੰਨੀਆਂ ਖਾ ਲਈਆਂ ਤਾਂ ਸਮਝੋ ਭੈਣ ਨੇ ਵੀ ਖਾ ਲਈਆਂ ਭਰਾਵਾ! ਜੁੱਗ ਜੁੱਗ ਜੀਊਂਦੇ ਵਸਦੇ ਰਹਿਣ ਸਾਨੂੰ ਭੈਣਾਂ ਨੂੰ ਪੇਕੀਂ ਆਉਣ ਦਾ ਸੱਦਾ ਦੇਣ ਵਾਲੇ ਸਾਡੇ ਲਾਡਲੇ ਭਰਾ!"

'ਭੈਣਾ ਵਰਗਾ ਸਾਕ ਨਾ ਕੋਈ...!'

# ਨਵ-ਨਾਰੀਵਾਦ ਦੇ ਨਕਸ਼ ਤਲਾਸ਼ਦੀ ਪੰਜਾਬੀ ਕਹਾਣੀ

***ਪੰਜਾਬੀ ਕਹਾਣੀ ਦੇ ਖੇਤਰ ਵਿਚ ਨਵੇਂ ਪੁਰਾਣੇ ਲਿਖਾਰੀਆਂ ਨੇ ਖੂਬ ਹਾਜ਼ਰੀ ਲੁਆਈ ਹੈ। ਸਾਲ 2022 ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਬੜਾ ਉਪਜਾਊ ਸਾਬਤ ਹੋਇਆ ਹੈ। ਉਘੇ ਆਲੋਚਕ ਅਤੇ ਲਿਖਾਰੀਡਾ. ਬਲਦੇਵ ਸਿੰਘ ਧਾਲੀਵਾਲ ਨੇ ਸਾਲ 2022 ਵਿਚ ਛਪੀਆਂ ਕਹਾਣੀਆਂ ਦੀ ਪੁਣ-ਛਾਣ ਕਰਦਿਆਂ ਨਾਰੀਵਾਦ ਦਾ ਮਸਲਾ ਉਚੇਚੇ ਤੌਰ 'ਤੇ ਵਿਚਾਰਿਆ ਹੈ। ਇਸ ਲੇਖ ਵਿਚ ਉਨ੍ਹਾਂ ਨਾਰੀਵਾਦ ਨਾਲ ਜੁੜੀਆਂ ਧਾਰਨਾਵਾਂ ਬਾਰੇ ਚਰਚਾ ਕੀਤੀ ਹੈ।***

ਪੰਜਾਬੀ ਸਾਹਿਤਸਿਰਜਣਾ ਅਤੇ ਸਮੀਖਿਆ ਦੀ ਇਹ ਸਿਫ਼ਤ ਰਹੀ ਹੈ ਕਿ ਇਨ੍ਹਾਂ ਨੇ ਹਮੇਸ਼ਾ ਉਚੇਚ ਭਰੇ ਉਤਸ਼ਾਹ ਨਾ.ਲ ਨਵੇਂ ਵਿਸ਼ਵਚਿੰਤਨ ਨਾ.ਲ ਵਰ ਮੇਚ ਕੇ ਚੱਲਣ ਲਈ ਸਲਾਹੁਣਯੋਗ ਹੰਭਲੇ ਮਾਰੇ ਹਨ। ਇਸ ਅਮਲ ਨੇ ਪੰਜਾਬੀ ਰਚਨਾਦ੍ਰਿਸ਼ਟੀ ਨੂੰ ਸਮੇਂ ਸਮੇਂ ਨਵੀਂ ਊਰਜਾ ਦਿੱਤੀ ਹੈ ਜਿਸ ਸਦਕਾ ਪੰਜਾਬੀ ਰਚਨਾਕਾਰ ਅਤੇ ਚਿੰਤਕ ਸੁਚੇਤ ਤੇ ਅਚੇਤ ਨਵੇਂ ਪ੍ਰਯੋਗਾਂ ਦੀ ਚੌਥੀ ਕੂਟ ਵੱਲ ਤੁਰਨ ਦਾ ਸਾਹਸ ਦਿਖਾਉਂਦਾ ਰਿਹਾ ਹੈ।

ਸਾਲ 2022 ਦੀ ਪੰਜਾਬੀ ਕਹਾਣੀ ਨੂੰ ਉਪਰਲੀ ਧਾਰਨਾ ਦੇ ਪ੍ਰਸੰਗ ਵਿਚ ਪੜ੍ਹੀਏ ਤਾਂ ਸਭ ਤੋਂ ਉਭਰਵਾਂ ਨੁਕਤਾ ਇਹੀ ਪ੍ਰਤੀਤ ਹੁੰਦਾ ਹੈ ਕਿ ਇਹ ਨਵ-ਨਾਰੀਵਾਦ ਦੇ ਨਜ਼ਰੀਏ ਤੋਂ ਨਾਰੀਅਨੁਭਵ ਦੇ ਵੰਨ-ਸਵੰਨੇ ਪਾਸਾਰਾਂ ਨੂੰ ਵੱਖ-ਵੱਖ ਕੋਣਾਂ ਤੋਂ ਦੇਖਣ, ਵਾਚਣ ਅਤੇ



ਡਾ. ਬਲਦੇਵ ਸਿੰਘ ਧਾਲੀਵਾਲ

ਗਲਪ-ਬਿੰਬ ਵਿਚ ਢਾਲ ਕੇ ਪੇਸ਼ ਕਰਨ ਵੱਲ ਵਧੇਰੇ ਰੁਚਿਤ ਹੋਈ ਹੈ। ਨਿਰਸੰਦੇਹ, ਨਾਰੀਸਰੋਕਾਰਾਂ ਨੂੰ ਕਥਾ-ਵਸਤੂ ਬਣਾਉਣ ਦਾ ਕਾਰਜ ਪਹਿਲੇ, ਦੂਜੇ, ਤੀਜੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਨੇ ਵੀ ਕੀਤਾ ਹੈ; ਜਿਵੇਂ ਭਾਬੀ ਮੈਨਾ (ਗੁਰਬਖ਼ਸ਼ ਸਿੰਘ ਪ੍ਰੀਤਲੜੀ), ਰਾਸ ਲੀਲ੍ਹਾ (ਸੁਜਾਨ ਸਿੰਘ), ਡੈੱਡ-ਲਾਈਨ (ਪ੍ਰੇਮ ਪ੍ਰਕਾਸ਼) ਆਦਿ ਕਲਾਸਕੀ ਮਹੱਤਤਾ ਵਾਲੀਆਂ ਕਹਾਣੀਆਂ ਤੋਂ ਸਪੱਸ਼ਟ ਹੈ ਪਰ ਅੱਜ ਦੀ ਪੰਜਾਬੀ ਕਹਾਣੀ ਵਿਚੋਂ ਇਸ ਅਨੁਭਵ ਦੀ ਪੇਸ਼ਕਾਰੀ 'ਚ ਸਿਫ਼ਤੀ (ਕੁਆਲੀਟੇਟਿਵ) ਤਬਦੀਲੀ ਦਾ ਆਭਾਸ ਹੋਣ ਲੱਗਾ ਹੈ। ਇਸ ਪਰਿਵਰਤਨ ਦਾ ਸਬੰਧ ਕਹਾਣੀਕਾਰਾਂ ਦੀ ਨਵ-ਨਾਰੀਵਾਦੀ ਰਚਨਾਦ੍ਰਿਸ਼ਟੀ ਨਾਲ ਹੈ।

ਵਿਸ਼ਵਚਿੰਤਨ ਵਿਚ ਨਾਰੀਵਾਦ ਦੇ ਇਸ ਰੂਪ ਦਾ ਅਰਥ ਇਹ ਹੈ ਕਿ ਔਰਤ ਤੇ ਮਰਦ ਇੱਕ ਦੂਜੇ ਤੋਂ ਵਿਲੱਖਣ ਹੁੰਦੇ ਹਨ ਪਰ ਇੱਕ ਦੂਜੇ ਤੋਂ ਸਰਵੋਤਮ ਨਹੀਂ ਹੁੰਦੇ। ਇਸ ਲਈ ਨਵ-ਨਾਰੀਵਾਦ ਦਾ ਸੰਕਲਪ ਉਨ੍ਹਾਂ ਵਿਚ ਅਜਿਹੇ ਮੁਕਾਬਲੇ ਦੀ ਥਾਂ ਪਰਸਪਰ ਸਹਿਯੋਗ (ਕੰਪਲੀਮੈਂਟੈਰਿਟੀ) ਉੱਤੇ ਬਲ ਦਿੰਦਾ ਹੈ। ਇਹ ਨਵੀਂ ਅੰਤਰਦ੍ਰਿਸ਼ਟੀ ਉਤਰ-ਆਧੁਨਿਕ ਦੌਰ ਦੇ ਪ੍ਰਚੱਲਤ ਸੰਕਲਪਾਂ 'ਮਰਦ ਦਾ ਅੰਤ' ਜਾਂ 'ਮਰਦ ਤੋਂ ਮੁਕਤੀ' ਦਾ ਖੰਡਨ ਕਰਦਿਆਂ ਮਰਦ ਦੇ ਮਾਨਵੀ ਰੂਪ ਨੂੰ ਜਸ਼ਨਾਵੀ ਢੰਗ ਨਾ.ਲ ਸਵੀਕਾਰਦੀ ਹੈ ਪਰ ਨਾ.ਲ ਹੀ ਪਿਤਰਕੀ (ਪੈਟਰੀਆਰਕੀ) ਨੂੰ ਵਿਚਾਰਧਾਰਾ ਮੰਨਦਿਆਂ ਉਸਦੇ ਮੁੱਖ ਹਥਿਆਰ, ਪਿਤਰਕੀ ਧੌਂਸ, ਨੂੰ ਵੰਗਾਰਦੀ ਹੈ। ਇਸ ਤਰ੍ਹਾਂ ਨਵ-ਨਾਰੀਵਾਦ ਜਿਥੇ ਕਿਸੇ ਵੀ ਰੂਪ ਵਾਲੀ ਮਰਦਵਾਦੀ ਹਿੰਸਾ ਨੂੰ ਨਕਾਰਦਾ ਹੈ ਉਥੇ ਪਰੰਪਰਕ ਔਰਤਵਾਦੀ ਰੁਮਾਂਸ ਦ੍ਰਿਸ਼ਟੀ (ਕਿ ਸਿਰਫ਼ ਔਰਤ ਹੀ ਕੋਮਲਭਾਵੀ, ਸੁਹਜਮਈ, ਸਹਿਣਸ਼ੀਲ, ਮਮਤਾਮਈ, ਪ੍ਰਗਤੀਸ਼ੀਲ ਆਦਿ ਹੁੰਦੀ ਹੈ) ਦੀ ਮਿੱਥ ਉੱਤੇ ਵੀ ਪ੍ਰਸ਼ਨਚਿੰਨ੍ਹ ਲਾਉਂਦਾ ਹੈ। ਇਸ ਪ੍ਰਕਾਰ ਨਵ-ਨਾਰੀਵਾਦ ਦੀ ਧਾਰਨਾ ਹੈ ਕਿ ਪਿਤਰਕੀ ਵਿਚਾਰਧਾਰਾ ਸਿਰਫ਼ ਮਰਦਾਂ ਰਾਹੀਂ ਨਹੀਂ ਬਲਕਿ ਔਰਤ ਅਤੇ ਮਰਦ ਦੋਵਾਂ ਨੂੰ ਆਪਣਾ ਵਾਹਨ ਬਣਾ ਕੇ ਵਿਹਾਰਕ ਰੂਪ 'ਚ ਲਾਗੂ ਹੁੰਦੀ ਹੈ। ਇਸ ਸੂਝ ਸਦਕਾ ਨਵ-ਨਾਰੀਵਾਦੀ ਨਜ਼ਰੀਆ ਔਰਤ-ਮਰਦ ਦੇ ਰਿਸ਼ਤੇ, ਔਰਤ ਦੇ ਜਨਣ-ਅਧਿਕਾਰ, ਹੋਂਦ-ਹਸਤੀ ਦੇ ਸਭ ਮਾਮਲਿਆਂ ਨੂੰ ਨਿਰਪੱਖ (ਔਬਜੈਕਟਿਵ) ਢੰਗ ਨਾਲ ਠੀਕ ਪ੍ਰਸੰਗ ਵਿਚਦੇਖਣ ਦਾ ਯਤਨ ਕਰਦਾ ਹੈ। ਦੂਜੇ ਸ਼ਬਦਾਂ ਵਿਚ ਜੈਂਡਰ ਦੇ ਵਖਰੇਵਿਆਂ ਦੇ ਮਸਲਿਆਂ ਨੂੰ ਮਾਨਵਤਾਵਾਦੀ ਦ੍ਰਿਸ਼ਟੀ ਨਾ.ਲ ਨਜਿੱਠਣ ਵੱਲ ਪਹਿਲਕਦਮੀ ਕਰਦਾ ਹੈ।


ਉਪਰਲੀਆਂ ਧਾਰਨਾਵਾਂ ਨੂੰ ਵਿਹਾਰਕ ਰੂਪ 'ਚ ਦੇਖਣ ਲਈ ਇੱਕਦੋ ਮਿਸਾਲਾਂ ਲੈਂਦੇ ਹਾਂ। ਪਰਵੇਜ਼ ਸੰਧੂ ਦੀ ਕਹਾਣੀ 'ਚਾਬੀ' (ਕਹਾਣੀਸੰਗ੍ਰਹਿ 'ਬਲੌਰੀ ਅੱਖ ਵਾਲਾ ਮੁੰਡਾ') ਬੱਚੇ ਦੀ ਪੈਦਾਇਸ਼ ਦੇ ਅਧਿਕਾਰ ਨੂੰ ਲੈ ਕੇ ਵੱਡਾ ਪ੍ਰਸ਼ਨ ਖੜ੍ਹਾ ਕਰਦੀ ਹੈ: ਕੀ ਔਰਤ ਇਸ ਮਾਮਲੇ ਵਿਚ ਖ਼ੁਦਮੁਖ਼ਤਾਰ ਹੈ? ਕਹਾਣੀ ਦੀ ਉਤਮਪੁਰਖੀ ਪਾਤਰ ਸ਼ਾਇਨਾ ਪਿਤਰਕੀ ਧੌਂਸ ਦੇ ਸਥੂਲ ਰੂਪ (ਸਰਦਾਰੀ ਹੈਂਕੜ) ਤੋਂ ਨਾਬਰ ਹੁੰਦਿਆਂ ਆਪਣੇ ਪ੍ਰੇਮੀ ਨਾਲ ਅੰਤਰਜਾਤੀ ਵਿਆਹ ਕਰਾਉਣ ਵਿਚ ਤਾਂ ਸਫਲ ਹੋ ਜਾਂਦੀ ਹੈ ਪਰ ਪਿਤਰਕੀ ਦਬਾਅ ਦੇ ਸੂਖ਼ਮ ਰੂਪ (ਮਾਂ ਬਣ ਕੇ ਸੰਪੂਰਨ ਹੋਣਾ, ਵੰਸ਼ ਅੱਗੇ ਤੋਰਨਾ) ਸਾਹਵੇਂ ਬੇਵੱਸ ਮਹਿਸੂਸ ਕਰਦੀ ਹੈ। ਉਸਦੇ ਆਪਣੇ ਬੁਨਿਆਦੀ ਹੱਕ ਲਈ ਬੋਲੇ ਬੋ.ਲ "ਮੈਂ ਬੇਬੀ ਨਹੀਂ ਕਰਨਾ...ਬੱਚੇ ਖਾਤਰ ਮੈਂ ਆਪਣਾ ਸਰੀਰ ਨਹੀਂ ਖਰਾਬ ਕਰਨਾ ਚਾਹੁੰਦੀ", ਉਸਤੋਂ ਸਹੁਰਿਆਂ ਅਤੇ ਪੇਕਿਆਂ ਦੇ ਦੋਵੇਂ ਪਰਿਵਾਰਾਂ ਨੂੰ ਬੇਮੁੱਖ ਕਰ ਦਿੰਦੇ ਹਨ। ਉਸਦਾ ਇਕਲਾਪਾ ਅੰਤ ਨੂੰ ਉਸਦੇ ਅਸਤਿੱਤਵੀ ਸੰਕਟ ਦਾ ਮੁੱਢ ਬੰਨ੍ਹਣ ਲਗਦਾ ਹੈ। ਸੰਨੀ ਧਾਲੀਵਾਲ ਦੀ ਕਹਾਣੀ 'ਮੌਮ ਆਈ ਐਮ ਸੌਰੀ' (ਸਾਹਿਤਕ ਏਕਮ, ਅਕਤੂਬਰ-ਦਸੰਬਰ) ਦੀ ਮੁਟਿਆਰ ਡਾ. ਟੀਨਾ ਦੇ ਮਾਂ ਸਾਹਵੇਂ ਬੋਲੇ ਇਹ ਬੋ.ਲ-"ਮੈਂ ਮੁੰਡੇ ਨਾ.ਲ ਨਹੀਂ ਰਹਿ ਸਕਦੀ, ਆਈ ਲਾਈਕ ਗਰਲਜ਼", ਉਸ ਦੇ ਜੈਂਡਰ ਦੀ ਵਿਲੱਖਣਤਾ ਵੱਲ ਇਸ਼ਾਰਾ ਕਰਦੇ ਹਨਪਰ ਪਰੰਪਰਕ ਸੋਚ ਵਾਲੀ ਮਾਂ ਲਈ ਇਹ ਵਿਚਾਰ ਗ਼ੈਰ-ਕੁਦਰਤੀ ਵਰਤਾਰਾ ਅਤੇ "ਗੋਰੇ ਲੋਕਾਂ" ਦੇ "ਖੇਖਣ" ਹਨ। ਇਸ ਲਈ ਮਾਪਿਆਂ ਦੀ ਇਕਲੌਤੀ ਔਲਾਦ ਡਾ. ਟੀਨਾ ਕੋ.ਲ ਇੱਕੋ ਹੀ ਚੋਣ ਬਚਦੀ ਹੈ ਕਿ ਮਾਪਿਆਂ ਨਾਲ ਸਾਂਝ ਤੋਂ ਵਿਰਵੀ ਹੋ ਕੇ ਉਮਰ ਭਰ ਵਿਗੋਚੇ ਦੀ ਪੀੜ ਝੱਲੇ।

ਇਸ ਪ੍ਰਕਾਰ ਪਿਤਰਕੀ ਵਿਚਾਰਧਾਰਾ ਆਪਣੇ ਸਥੂਲ ਅਤੇ ਸੂਖ਼ਮ ਦਬਾਵਾਂ ਅਤੇ ਭੁਲਾਂਦਰਿਆਂ ਨਾ.ਲ ਔਰਤ ਦੁਆ.ਲੇ ਅਜਿਹੀ ਲਛਮਣਰੇਖਾ ਖਿੱਚ ਦਿੰਦੀ ਹੈ ਕਿ ਉਸਦੇ ਦੋਵੇਂ ਪਾਸੇ ਉਸਦੀ ਹੋਂਦ ਅਤੇ ਹਸਤੀ ਲਈ ਸੰਕਟ ਬਣ ਜਾਂਦੇ ਹਨ। ਪੰਜਾਬੀ ਕਹਾਣੀ ਇਸ ਲਛਮਣ ਰੇਖਾ ਦੇ ਸਮੂਹ ਪਾਸਾਰਾਂ ਨੂੰ ਸਮਝਣ ਵੱਲ ਰੁਚਿਤ ਹੋ ਰਹੀ ਹੈ। ਸਰਬਜੀਤ ਸੋਹਲ ਦੀ ਕਹਾਣੀ 'ਇਨ੍ਹਾਂ ਪ.ਲਾਂ ਨੂੰ ਮਾਣ ਨਾ ਲਵਾਂ' (ਕਹਾਣੀ ਧਾਰਾ, ਜੁਲਾਈ-ਸਤੰਬਰ) ਦੀ 'ਮੈਂ' ਪਾਤਰ ਆਪਣੇ ਮਰਯਾਦਾਪ੍ਰਸ਼ੋਤਮ ਅਕਸ ਨੂੰ ਆਂਚ ਆਉਣ ਦੇ ਡਰੋਂ ਆਪਣੀ ਚਾਹਤ ਦੇ ਪ.ਲਾਂ ਨੂੰ ਮਾਨਣ ਦਾ ਵਕਤ ਆਉਣ ਤੇ ਗਿਣਤੀਆਂ-ਮਿਣਤੀਆਂ ਕਰਦੀ ਸ਼ਸ਼ੋਪੰਜ ਵਿਚ ਪੈ ਜਾਂਦੀ ਹੈ। ਰੇਮਨ ਦੀ ਕਹਾਣੀ 'ਨਿਰਮਲਾ' ਦੀ ਬੱਤੀ ਸਾਲਾਂ ਦੀ ਵਿਆਹੋਂ-ਪੱਛੜੀ ਲੜਕੀ ਆਪਣਾ ਸੁਪਨ-ਸੰਸਾਰ ਸਜਾਉਣ ਲਈ ਆਪਣੇ ਸੁਹਿਰਦ ਪ੍ਰੇਮੀ ਨਾਲ ਦੌੜ ਜਾਣ ਲਈ ਘਰੋਂ ਨਿਕਲਦੀ ਹੈ ਪਰ ਉਸ ਦੀ ਸਿਮਰਤੀ 'ਚ ਵਸੀਆਂ, ਬੇਸਹਾਰਾ ਪਿਤਾ ਦੀਆਂ ਬੇਵੱਸ ਆਵਾਜ਼ਾਂ ਉਸਨੂੰ ਘਰ ਦੀ ਲਛਮਣਰੇਖਾ ਵਿਚ ਮੋੜ ਲਿਆਉਂਦੀਆਂ ਹਨ।

ਹਰਪ੍ਰੀਤ ਸਿੰਘ ਚਨੂੰ ਦੀ ਕਹਾਣੀ 'ਚੱਲ ਚਿੜੀਏ ਮੈਂ ਆਇਆ...' (ਤਾਸਮਨ, ਅਕਤੂਬਰ-ਦਸੰਬਰ) ਦੀ ਦਲਿਤ ਪਾਤਰ ਸੂਟ੍ਹੀ ਆਪਣੀ ਗਰੀਬੀ ਦੀ ਵਲਗਣ ਵਿਚੋਂ ਨਿਕਲਣ ਲਈ ਕੋਈ ਆਪਣਿਆਂ ਦੀ ਸਰਕਾਰ ਚੁਣਨ ਵਾਸਤੇ ਵਿਤੋਂ ਵੱਧ ਹੀਲਾ-ਵਸੀਲਾ ਕਰਦੀ ਹੈ ਪਰ ਸੱਤਾਧਾਰੀ ਵਰਗ ਦੇ ਲਾਰਿਆਂ ਨਾ.ਲ ਠੱਗੀ ਮੁੜ ਆਪਣੇ ਨਰਕੀ-ਜੀਵਨ ਵੱਲ ਪਰਤ ਆਉਂਦੀ ਹੈ।

ਇਉਂ ਕਹਾਣੀਕਾਰ ਔਰਤ ਦੇ ਸੰਕਟਾਂ ਨੂੰ ਕਿਸੇ ਮਰਦ-ਵਿਸ਼ੇਸ਼ ਦੇ ਖਲਨਾਇਕੀ ਰੂਪ ਦੇ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਥਾਂ ਸਥਿਤੀ-ਵਿਸ਼ੇਸ਼ ਦੇ ਪ੍ਰਸੰਗ ਵਿਚ ਰੱਖ ਕੇ ਵਾਚਣ ਲੱਗੇ ਹਨ। ਨਾ.ਲ ਦੀ ਨਾ.ਲ ਆਪਣੀ ਔਰਤ ਪਾਤਰ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਉਹ ਅੱਗੇ ਵਧਣ ਲਈ ਨਿਰੰਤਰ ਸਵੈ-ਨਿਰੀਖਣ ਅਤੇ ਸਥਿਤੀ ਦੇ ਮੁਲੰਕਣ ਵਿਚ ਪਈ ਨਜ਼ਰ ਆਉਂਦੀ ਹੈ। ਸਰਘੀ ਦੀ ਕਹਾਣੀ 'ਆਫਟਰ ਫੋਰਟੀ' ਦੀਆਂ ਤਿੰਨੇ ਔਰਤਾਂ ਨਵੀਂ ਜ਼ਿੰਦਗੀ ਲਈ ਅਜਿਹੇ ਮੁਲੰਕਣ ਦੀ ਅਵਸਥਾ ਵਿਚ ਪਈਆਂ ਨਜ਼ਰ ਆਉਂਦੀਆਂ ਹਨ। ਪਾਤਰ ਰੌਸ਼ਨੀ ਅਜਿਹੇ ਲੇਖੇ-ਜੋਖੇ ਦੌਰਾਨ ਸੋਚਦੀ ਹੈ, "ਜਿਵੇਂ ਦਾ ਜੀਣਾ ਚਾਹੁੰਦੀ ਸੀ, ਜੀਅ ਰਹੀ ਸਾਂ...ਫਿਰ ਵੀ ਭਟਕਣਾ ਸੀ... ਮੈਨੂੰ ਆਪਣਾ ਆਪ ਗੁਆਚਾ ਜਿਹਾ ਲਗਦਾ।"

ਅਜਿਹਾ ਸਵੈ-ਨਿਰੀਖਣ ਹੀ ਇਨ੍ਹਾਂ ਨਾਰੀ-ਪਾਤਰਾਂ ਨੂੰ ਨਵ-ਨਾਰੀਵਾਦ ਦੀ ਅਜਿਹੀ ਸੋਝੀ ਵੱਲ ਪ੍ਰੇਰਦਾ ਹੈ ਕਿ ਨਾਰੀਚੇਤਨਾ ਜਾਂ ਨਾਰੀਮੁਕਤੀ ਸਿਰਫ ਪਿਤਰਕੀ ਵਿਚਾਰਧਾਰਾ ਦੀ ਛੱਟ ਲਾਹ ਸੁੱਟਣ ਜਾਂ ਮਰਦਾਵਾਂ ਬਣਨ ਵਿਚ ਹੀ ਨਹੀਂ ਸਗੋਂ ਆਪਣੇ ਔਰਤਤਵ ਦੇ ਤੱਤਸਾਰ ਨੂੰ ਜਾਣਨ ਜਾਂ ਆਪਣੀ ਮੂਲ ਸਮਰੱਥਾ ਨੂੰ ਪਛਾਣਨ ਵਿਚ ਵੀ ਹੈ। ਪੰਜਾਬੀ ਨਾਰੀਚੇਤਨਾ ਦੀ ਅਜਿਹੀ ਸਿਫ਼ਤੀ ਤਬਦੀਲੀ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਇਸ ਸਾਲ ਭਰਪੂਰ ਰੂਪ 'ਚ ਛਪੀਆਂ ਹਨ; ਜਿਵੇਂ ਮੀ ਟੂ (ਡਿੰਪਲ ਅਣਜਾਣ, ਹੁਣ, ਨਵੰਬਰ 22-ਅਪ੍ਰੈਲ 23), ਮੋਹ-ਜਾ.ਲ (ਹਰਪ੍ਰੀਤ ਸੇਖਾ, ਸਿਰਜਣਾ, ਜਨਵਰੀ-ਮਾਰਚ), ਡ੍ਰੀਮ ਲੈਂਡ (ਬਲਦੇਵ ਸਿੰਘ ਗਰੇਵਾਲ, ਸਿਰਜਣਾ, ਅਪ੍ਰੈਲ-ਜੂਨ), ਅਜਨਬੀ (ਨਿਰਮਲ ਜਸਵਾਲ, ਸਿਰਜਣਾ, ਅਪ੍ਰੈਲ-ਜੂਨ), ਪੂਰਾ ਆਦਮੀ (ਸਾਂਵਲ ਧਾਮੀ, ਸਿਰਜਣਾ, ਜੁਲਾਈ-ਸਤੰਬਰ), ਕੰਧ (ਕਮਲ ਸੇਖੋਂ, ਸਿਰਜਣਾ, ਅਕਤੂਬਰ-ਦਸੰਬਰ), ਆਫ਼ਟਰ ਫੋਰਟੀ (ਸਰਘੀ, ਕਹਾਣੀ ਧਾਰਾ, ਜੁਲਾਈ-ਸਤੰਬਰ), ਕਹਾਣੀ ਧਾਰਾ, ਅਕਤੂਬਰ-ਦਸੰਬਰ), ਅਣਕਹੀ ਪੀੜ (ਵਿਪਨ ਗਿੱਲ, ਕਹਾਣੀ ਧਾਰਾ, ਅਕਤੂਬਰ-ਦਸੰਬਰ), ਦੇਹ ਦਾ ਰੁੱਖ (ਗੁਰਮੀਤ ਪਨਾਗ, ਕਹਾਣੀ ਧਾਰਾ, ਅਕਤੂਬਰ-ਦਸੰਬਰ), ਭੁੱਖ (ਤ੍ਰਿਪਤਾ ਕੇ ਸਿੰਘ, ਚਿਰਾਗ, ਜਨਵਰੀ-ਮਾਰਚ), ਇੱਕ ਲੱਪ ਚਾਨਣ ਦੀ (ਤ੍ਰਿਪਤਾ ਕੇ ਸਿੰਘ, ਚਿਰਾਗ, ਅਪ੍ਰੈਲ-ਸਤੰਬਰ), ਇੱਕ ਸਵਾਲ (ਜਤਿੰਦਰ ਰੰਧਾਵਾ, ਚਿਰਾਗ, ਅਪ੍ਰੈਲ-ਸਤੰਬਰ), ਮੈਂ ਛੁੱਟੀ 'ਤੇ ਜਾ ਰਹੀ ਹਾਂ (ਅਰਵਿੰਦਰ ਧਾਲੀਵਾਲ, ਚਿਰਾਗ, ਅਕਤੂਬਰ-ਦਸੰਬਰ), ਵਸ ਅੱਖੀਆਂ ਦੇ ਕੋਲ (ਦੀਪਤੀ ਬਬੂਟਾ, ਚਿਰਾਗ, ਅਕਤੂਬਰ-ਦਸੰਬਰ), ਹੁਣ ਮੈਂ ਸੁਰਖ਼ਰੂ ਹਾਂ (ਤਾਸਮਨ, ਜਨਵਰੀ-ਮਾਰਚ), ਲੋਲ੍ਹੜ (ਜੱਸੀ ਧਾਲੀਵਾਲ, ਤਾਸਮਨ, ਜੁਲਾਈ-ਸਤੰਬਰ), ਮੱਧਮ ਜਿਹੀ ਆਸ (ਅਮਰਜੀਤ ਸਿੰਘ ਮਾਨ, ਤਾਸਮਨ, ਅਕਤੂਬਰ-ਦਸੰਬਰ), ਅੰਬਾ ਮਰ ਜਾਣੀ (ਰੇਮਨ, ਕਹਾਣੀ ਪੰਜਾਬ, ਅਕਤੂਬਰ 22-ਮਾਰਚ 23), ਰੂਪੀ (ਮਨਮੋਹਨ ਸਿੰਘ ਬਾਸਰਕੇ, ਸਾਹਿਤਕ ਏਕਮ, ਜੁਲਾਈ-ਸਤੰਬਰ), ਮੌਮ ਆਈ ਐਮ ਸੌਰੀ (ਸੰਨੀ ਧਾਲੀਵਾਲ, ਸਾਹਿਤਕ ਏਕਮ, ਅਕਤੂਬਰ-ਦਸੰਬਰ), ਰੰਗ ਬਰਸੇ (ਜਤਿੰਦਰ ਸਿੰਘ ਹਾਂਸ, ਹੁਣ, ਨਵੰਬਰ 22-ਅਪ੍ਰੈਲ 23), ਕੜਿੱਕੀ (ਜਿੰਦਰ, ਪ੍ਰਵਚਨ, ਜਨਵਰੀ-ਮਾਰਚ), ਸ਼ਾਮ ਸਿੰਘ ਦੀ ਰਾਤ (ਕੁਲਜੀਤ ਮਾਨ, ਪ੍ਰਵਚਨ, ਅਕਤੂਬਰ-ਦਸੰਬਰ) ਆਦਿ।




***ਦੀਪ ਦੇਵਿੰਦਰ ਸਿੰਘ ਦੀ ਕਿਤਾਬ 'ਤ੍ਰਿਕਾਲ-ਸੰਧਿਆ', ਪਰਵੇਜ਼ ਸੰਧੂ ਦੀ ਕਿਤਾਬ 'ਬਲੌਰੀ ਅੱਖ ਵਾਲਾ ਮੁੰਡਾ' ਅਤੇ ਦੀਪਤੀ ਬਬੂਟਾ ਦੀ ਕਿਤਾਬ 'ਭੁੱਖ ਇਉਂ ਸਾਹ ਲੈਂਦੀ ਹੈ' ਦੇ ਸਰਵਰਕ।***

ਕਹਾਣੀਆਂ ਦੇ ਉਪਰੋਕਤ ਵੇਰਵਿਆਂ ਤੋਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਨਾਰੀਸੰਵੇਦਨਾ ਦੀਆਂ ਵਧੇਰੇ ਕਹਾਣੀਆਂ ਭਾਵੇਂ ਔਰਤ ਕਹਾਣੀਕਾਰਾਂ ਦੀ ਕਲਮ ਤੋਂ ਆਈਆਂ ਹਨ ਪਰ ਮਰਦ ਕਹਾਣੀਕਾਰਾਂ ਲਈ ਵੀ ਇਹ ਗਹਿਰੀ ਰੁਚੀ ਵਾ.ਲਾ ਅਹਿਮ ਵਿਸ਼ਾ ਰਿਹਾ ਹੈ। ਇਹ ਗੱਲ ਇਸ ਸਾਲ ਪ੍ਰਕਾਸ਼ਿਤ ਹੋਏ ਕਹਾਣੀਸੰਗ੍ਰਿਹਾਂ ਉੱਤੇ ਵੀ ਢੁੱਕਦੀ ਹੈ। ਇਸ ਸਾਲ ਨਾਰੀ ਰਚਨਾਕਾਰਾਂ ਦੇ ਕਹਾਣੀਸੰਗ੍ਰਹਿ ਕਾਫ਼ੀ ਮਾਤਰਾ 'ਚ ਹਨ; ਜਿਵੇਂ ਬਲੌਰੀ ਅੱਖ ਵਾਲਾ ਮੁੰਡਾ (ਪਰਵੇਜ਼ ਸੰਧੂ), 6.45 (ਰੇਮਨ), ਭੁੱਖ ਇਉਂ ਸਾਹ ਲੈਂਦੀ ਹੈ (ਦੀਪਤੀ ਬਬੂਟਾ), ਉੱਚੇ ਬੁਰਜ (ਬਲਵਿੰਦਰ ਕੌਰ ਬਰਾੜ), ਮੈਂ ਇੱਕ ਕਥਾ (ਵਿਸ਼ਵਜੋਤੀ ਧੀਰ), ਸੁੱਚਾ ਗੁਲਾਬ (ਅਮਰਜੀਤ ਪੰਨੂੰ), ਸੋਨ ਚਿੜੀ (ਹਰਜੀਤ ਕੌਰ), ਜਾਂ ਕੁਆਰੀ ਤਾ ਚਾਉ (ਜਸਵੀਰ ਕੌਰ ਜੱਸੀ), ਕੰਧ ਤੇ ਲੱਗੀ ਬਿੰਦੀ (ਇੰਦਰਜੀਤ ਪਾਲ ਕੌਰ), ਸੁਪਨੇ ਜਵਾਬ ਮੰਗਦੇ ਨੇ (ਸਰਬ ਕੌਰ), ਜ਼ਿੰਦਗੀ ਇੱਕ ਅਹਿਸਾਸ (ਗੁਰਦੀਪ ਕੌਰ ਭਾਟੀਆ), ਬਦਾਮੀ ਰੰਗ ਦੇ ਛਿੱਟੇ (ਅਮਨ ਗੁਰਲਾਲ), ਬਸੰਤ ਕੁਰ ਦੀ ਖੂੰਡੀ (ਮੀਨੂੰ), ਮਾਸੀ ਦੀ ਚਿੱਠੀ (ਇੰਦਰਜੀਤ ਕੌਰ ਧਾਲੀਵਾਲ) ਆਦਿ। ਇਨ੍ਹਾਂ ਲੇਖਕਾਵਾਂ ਦੇ ਸਮਵਿੱਥ ਮਰਦ ਲੇਖਕਾਂ ਦੇ ਕਹਾਣੀਸੰਗ੍ਰਹਿਾਂ ਵਿਚ ਵੀ ਨਾਰੀਚੇਤਨਾ ਨੂੰ ਜ਼ਬਾਨ ਦੇਣ ਵਾਲੀਆਂ ਕਹਾਣੀਆਂ ਦੀ ਚੰਗੀ-ਚੋਖੀ ਮਾਤਰਾ ਮੌਜੂਦ ਹੈ।

ਉਂਝ ਨਾਰੀ ਅਨੁਭਵ ਦੇ ਪ੍ਰਮੁੱਖ ਵਿਸ਼ੇ ਦੇ ਨਾ.ਲ ਨਾ.ਲ ਦਲਿਤ ਚੇਤਨਾ, ਕਿਸਾਨੀ ਸੰਕਟ, ਪਾਰ-ਰਾਸ਼ਟਰੀ ਸਰੋਕਾਰ, ਸਭਿਆਚਾਰਕ ਤਣਾਅ ਆਦਿ ਮਸਲਿਆਂ ਨੂੰ ਵੀ ਉਚੇਚ ਨਾਲ ਕਹਾਣੀਆਂ ਦਾ ਰਚਨਾਵਸਤੂ ਬਣਾਇਆ ਗਿਆ ਮਿਲਦਾ ਹੈ ਜਿਸ ਦਾ ਜ਼ਿਕਰ ਅੱਗੇ ਜਾ ਕੇ ਇਸ ਸਾਲ ਦੇ ਬਿਹਤਰੀਨ ਕਹਾਣੀਸੰਗ੍ਰਹਿਾਂ ਅਤੇ ਕਹਾਣੀਆਂ ਦੇ ਪ੍ਰਸੰਗ ਵਿਚ ਕੀਤਾ ਜਾਵੇਗਾ।

ਵਿਸ਼ਾਚੋਣ, ਬਿਰਤਾਂਤਕ ਨਿਭਾਅ ਅਤੇ ਪ੍ਰੌਢ ਰਚਨਾਦ੍ਰਿਸ਼ਟੀ ਦੇ ਪੱਖੋਂ ਜਿਹੜੇ ਕਹਾਣੀਸੰਗ੍ਰਹਿ ਮੈਨੂੰ ਵਿਸ਼ੇਸ਼ ਲੱਗੇ ਹਨ, ਉਨ੍ਹਾਂ ਬਾਰੇ ਸੰਖੇਪ ਮੁਲੰਕਣੀ ਟਿੱਪਣੀ ਕਰਨੀ ਜ਼ਰੂਰੀ ਹੈ।

ਪਰਵੇਜ਼ ਸੰਧੂ ਦਾ ਕਹਾਣੀਸੰਗ੍ਰਹਿ 'ਬਲੌਰੀ ਅੱਖ ਵਾਲਾ ਮੁੰਡਾ' ਇੱਕ ਪਾਸੇ ਗੋਰੇ ਅਤੇ ਨੇਟਿਵ (ਰੈੱਡਇੰਡੀਅਨ) ਪਾਤਰਾਂ ਨੂੰ ਨਿਰਪੱਖ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਕਰਕੇ ਪਾਰ-ਰਾਸ਼ਟਰੀ ਸਰੋਕਾਰਾਂ ਨੂੰ ਉਭਾਰਨ ਵਾਲਾ ਹੈ, ਦੂਜੇ ਪਾਸੇ ਪਿਤਰਕੀ ਵਿਚਾਰਧਾਰਾ ਨਾਲ ਸੰਵਾਦ ਕਰਦੀ ਚੇਤਨ ਔਰਤ ਦਾ ਬਿਰਤਾਂਤ ਵੀ ਸ਼ਿੱਦਤ ਅਤੇ ਪ੍ਰੌਢ ਢੰਗ ਨਾਲ ਸਿਰਜਣ ਵਾਲਾ ਹੈ।

ਦੇਵਿੰਦਰ ਦੀਪ ਦਾ ਕਹਾਣੀਸੰਗ੍ਰਹਿ 'ਤ੍ਰਿਕਾਲ ਸੰਧਿਆ' ਦਮਿਤ ਵਰਗਾਂ ਦੇ ਅਨੁਭਵ ਨੂੰ ਨਵ-ਯਥਾਰਥਵਾਦੀ ਰਚਨਾਦ੍ਰਿਸ਼ਟੀ ਰਾਹੀਂ ਨਿਹਾਰਨ ਅਤੇ ਮਾਝੀ ਰੰਗਣ ਵਾਲੀ ਪ੍ਰਮਾਣਿਕ ਗਲਪੀ ਭਾਸ਼ਾ ਰਾਹੀਂ ਪੇਸ਼ ਕਰਨ ਕਰਕੇ ਧਿਆਨ ਖਿੱਚਣ ਵਾਲਾ ਹੈ।

ਰਵੀ ਸ਼ੇਰਗਿੱਲ ਦਾ ਕਹਾਣੀਸੰਗ੍ਰਹਿ 'ਕਿਤੇ ਉਹ ਨਾ ਹੋਵੇ' ਅਜੋਕੇ ਪਰਵਾਸੀ ਬੰਦੇ ਦੀ ਬਹੁ-ਸਭਿਆਚਾਰਕ ਅਤੇ ਪਾਰ-ਰਾਸ਼ਟਰੀ ਸਥਿਤੀ ਨੂੰ ਠੀਕ ਪ੍ਰਸੰਗ ਵਿਚ ਪਛਾਣਦਿਆਂ ਲੋੜੀਂਦੇ ਵੇਰਵਿਆਂ ਵਾ.ਲੀ ਗਲਪੀ ਭਾਸ਼ਾ ਰਾਹੀਂ ਚਿਤਰ ਕੇ ਅਹਿਮ ਬਣਦਾ ਹੈ।

ਮੂਲੋਂ ਨਵੀਂ ਕਹਾਣੀਕਾਰ ਰੇਮਨ ਦਾ ਕਹਾਣੀਸੰਗ੍ਰਹਿ 6.45 ਆਪਣੇ ਰਮਜ਼ੀ ਨਾਮਕਰਨ ਵਾਂਗ ਹੀ ਆਪਣੀ ਸੰਕੇਤਕ ਬਿਰਤਾਂਤਸ਼ੈਲੀ ਦੇ ਜਲੌਅ ਰਾਹੀਂ ਉਚੇਚੇ ਮਹੱਤਵ ਦਾ ਹੱਕਦਾਰ ਬਣਦਾ ਹੈ। ਸਮਕਾਲ ਦੇ ਭਖਦੇ ਮਸਲਿਆਂ ਬਾਰੇ ਜਟਿਲ ਬਿਰਤਾਂਤ ਸਿਰਜਣ ਦੀ ਅਜੋਕੀ ਪਿਰਤ ਦੇ ਉਲਟ ਉਹ ਪਾਤਰ ਦੀ ਕਿਸੇ ਸਥਿਤੀਵਿਸ਼ੇਸ਼ ਵਿਚ ਦਿਖਾਈ ਮਾਨਵੀ ਪ੍ਰਤੀਕਿਰਿਆ ਨੂੰ ਸੰਖੇਪ, ਲਕੀਰੀ ਅਤੇ ਸੰਕੇਤਕ ਗਲਪੀਸ਼ੈਲੀ ਨਾਲ ਚਿਤਰਦੀ ਹੈ। ਉਸਦੇ ਗੱਲ ਵਿਚੋਂ ਗੱਲ ਕੱਢਦੇ ਜਾਣ ਦੇ ਅੰਦਾਜ਼ੇ-ਬਿਆਂ ਅਤੇ ਪਾਤਰ ਦੇ ਮਨੋਵਿਹਾਰ ਨੂੰ ਉਜਾਗਰ ਕਰਨ ਵਾਲੀ ਰਸਿਕ ਕਥਾਸ਼ੈਲੀ ਵਿਚੋਂ ਕਿਤੇ-ਕਿਤੇ ਵਿਰਕ-ਟੱਚ ਵਾ.ਲੇ ਕਥਾ ਮਾਡਲ ਦੇ ਝਾਉਲੇ ਵੀ ਪੈਂਦੇ ਹਨ।

ਦੀਪਤੀ ਬਬੂਟਾ ਦਾ ਕਹਾਣੀਸੰਗ੍ਰਹਿ 'ਭੁੱਖ ਇਉਂ ਸਾਹ ਲੈਂਦੀ ਹੈ' ਆਪਣੇ ਵਿਆਪਕ ਮਾਨਵੀ ਸਰੋਕਾਰਾਂ ਵਾਲੇ ਕਥਾਵਸਤੂ ਅਤੇ ਸ਼ਿੱਦਤ ਭਰੀ, ਵੇਰਵਾਮੂਲਕ ਬਿਰਤਾਂਤਕਾਰੀ ਕਰਕੇ ਵਿਸ਼ੇਸ਼ ਮਹੱਤਵ ਦਾ ਧਾਰਨੀ ਬਣਦਾ ਹੈ।

ਵਿਸ਼ਵਜੋਤੀ ਧੀਰ ਦੇ ਕਹਾਣੀਸੰਗ੍ਰਹਿ 'ਮੈਂ ਇੱਕ ਕਥਾ' ਵਿਚ ਪੰਜਾਬੀ ਨਾਰੀਸੰਵੇਦਨਾ ਦੀਆਂ ਨਵੀਆਂ ਕਰਵਟਾਂ ਨੂੰ ਲੋੜੀਂਦੇ ਸਮਾਜਿਕ ਪ੍ਰਸੰਗ ਨਾ.ਲ ਚਿਤਰਿਆ ਗਿਆ ਹੈ। ਸਵੈਜੀਵਨੀਆਤਮਕ ਛੋਹਾਂ ਵਾ.ਲਾ ਅੰਦਾਜ਼ੇ-ਬਿਆਂ ਇਨ੍ਹਾਂ ਕਹਾਣੀਆਂ ਨੂੰ ਹੋਰ ਵੀ ਪ੍ਰਮਾਣਿਕ ਅਤੇ ਸਰੋਦੀ ਰੰਗਣ ਵਾਲੀਆਂ ਬਣਾਉਂਦਾ ਹੈ।

ਇਨ੍ਹਾਂ ਅਹਿਮ ਕਹਾਣੀਸੰਗ੍ਰਿਹਾਂ ਤੋਂ ਇਲਾਵਾ ਕੁਝ ਹੋਰ ਵੀ ਜ਼ਿਕਰਯੋਗ ਕਹਾਣੀਸੰਗ੍ਰਹਿ ਇਸ ਸਾਲ ਪ੍ਰਕਾਸ਼ਤ ਹੋਏ ਹਨ, ਜਿਵੇਂ ਮਸਤ (ਹਰਜੀਤ ਅਟਵਾਲ), ਕਹੋ ਰੁਕਮਣੀ (ਮਨਮੋਹਨ ਬਾਵਾ), ਤੈਨੂੰ ਮਰਜ਼ ਕਿਹੜਾ ਦੱਸੀਏ (ਮਲਿਕ ਸ਼ਾਹ ਸਵਾਰ ਨਾਸਿਰ), ਅੱਗ 'ਚ ਸੜਦੇ ਫੁਲ (ਗੁਰਮੇਲ ਬੀਰੋਕੇ), ਆਈ ਲਾਚਾ (ਅਨੇਮਨ ਸਿੰਘ), ਦਿਆਰਾਂ 'ਚੋਂ ਲੰਘਦੀ ਹਵਾ (ਕੰਵਲ ਕਸ਼ਮੀਰੀ), ਅੱਖਾਂ ਖੁੱਲ੍ਹੀਆਂ ਬੁੱਲ੍ਹ ਸੀਤੇ (ਜੋਗਿੰਦਰ ਸਿੰਘ ਤੂਰ), ਨਿਆਈਂ ਵਾਲਾ ਟੱਕ (ਰੁਪਿੰਦਰ ਰੁਪਾਲ ਕੌਲਗੜ੍ਹ), ਤੀਸਰੀ ਖਿੜਕੀ (ਨਿਰੰਜਨ ਬੋਹਾ), ਦਾਸਤਾਨ ਦੀ ਮੌਤ (ਗੁਰਮੁਖ ਸਿੰਘ ਗੋਮੀ),

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਥੋੜ੍ਹੀ ਜਿਹੀ ਬੇਵਫ਼ਾਈ (ਰਾਜਿੰਦਰ ਸਿੰਘ ਸਿਵੀਆ), ਖੰਡਰ (ਹੀਰਾ ਸਿੰਘ ਤੂਤ), ਸਿਸਕਦੇ ਰਿਸ਼ਤੇ (ਦਵਿੰਦਰ ਖੁਸ਼ ਧਾਲੀਵਾਲ), ਔਖੇ ਰਾਹ ਸਾਬਤ ਕਦਮ (ਮਾਸਟਰ ਅਜੀਤ ਸਿੰਘ), ਦੁੱਖ ਦਰਦ ਦਿਲਾਂ ਦੇ (ਮਨਜੀਤ ਸਿੰਘ ਸਾਗਰ), ਮ੍ਰਿਗ ਤ੍ਰਿਸ਼ਨਾ (ਜੇ ਬੀ ਸਿੰਘ), ਹਰਾ ਚੂੜਾ (ਸੰਤੋਖ ਸਿੰਘ ਹੇਅਰ), ਖਾਲਸ (ਅਵਤਾਰ ਸਿੰਘ ਓਠੀ), ਪੌੜੀ (ਸੰਤੋਖ ਧਾਲੀਵਾਲ), ਕੁਰਸੀ (ਜਸਵਿੰਦਰ ਰੱਤੀਆਂ), ਗੁੱਝੀ ਪੀੜ (ਤਰਸੇਮ ਭੰਗੂ), ਪੁੱਤ ਮੈਂ ਇੰਡੀਆ ਜਾਣੈ (ਸੁਰਿੰਦਰ ਸਿੰਘ ਰਾਏ), ਤੰਦ ਤੇ ਤਾਣੀ (ਵਰਗਿਸ ਸਲਾਮਤ), ਜੱਦੀ ਸਰਮਾਇਆ (ਗੁਰਮਲਕੀਅਤ ਸਿੰਘ ਕਾਹਲੋਂ) ਆਦਿ।

ਇਸ ਸਾਲ ਦਾ ਹਾਸਿਲ ਬਣਨ ਵਾਲੀਆਂ ਦਸ ਕੁ ਕਹਾਣੀਆਂ ਅਤੇ ਉਨ੍ਹਾਂ ਦੇ ਬਿਰਤਾਂਤਕ ਹੁਨਰ ਨੂੰ ਬਿਹਤਰੀਨ ਬਣਾਉਣ ਵਾਲੀ ਕਲਾਤਮਕ ਸਮਰੱਥਾ ਦਾ ਜ਼ਿਕਰ ਕੁਝ ਉਚੇਚ ਨਾਲ ਕੀਤਾ ਜਾਣਾ ਬਣਦਾ ਹੈ ਪਰ ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਕਿਸੇ ਕਹਾਣੀ ਦੀ ਕਲਾਤਮਕ ਸਮਰੱਥਾ ਨੂੰ ਜਾਂਚਣ ਲਈ ਮੇਰਾ ਮਾਪਦੰਡ ਕੀ ਹੈ। ਇਹ ਪੈਮਾਨਾ ਬਿਰਤਾਂਤ ਦੇ ਨਿਰੋਲ ਬਿਆਨ (ਟੈਲਿੰਗ) ਦੀ ਥਾਂ ਕਾਰਜ ਦੇ ਵਾਪਰਨ (ਸ਼ੋਇੰਗ) ਨੂੰ ਚਿਤਰਨ ਵਾਲੀ ਕਥਾਜੁਗਤ ਨੂੰ ਮਹੱਤਵ ਦੇਣ ਨਾਲ ਸਬੰਧਿਤ ਹੈ। ਦੂਜੇ ਸ਼ਬਦਾਂ ਵਿਚ ਕਹਾਣੀ, ਬਿਰਤਾਂਤਕਾਰ ਦੇ ਬੜਬੋਲੇ ਪੈਗੰਬਰੀ ਕਥਨਾਂ ਦੀ ਥਾਂ ਜ਼ਿੰਦਗੀ ਦੀ ਤਰਜ਼ ਉੱਤੇ ਵਾਪਰਦੀ ਪ੍ਰਤੀਤ ਹੋਵੇ। ਕਹਾਣੀ ਕਿਸੇ ਵਿਚਾਰਵਿਸ਼ੇਸ਼ ਨੂੰ ਪਾਠਕ ਉੱਤੇ ਠੋਸਣ ਦੀ ਥਾਂ ਕਿਸੇ ਸੰਵੇਦਨਾ ਜਾਂ ਭਾਵ-ਵਿਸ਼ੇਸ਼ ਦਾ ਅਹਿਸਾਸ ਕਰਾਵੇ। ਇਸ ਪ੍ਰਸੰਗ ਵਿਚਦੇਖੀਏ ਤਾਂ ਨਿਮਨ-ਲਿਖਤ ਕਹਾਣੀਆਂ ਨੇ ਆਪਣੀਆਂ ਕੁਝ ਇੱਕ ਊਣਤਾਈਆਂ ਦੇ ਬਾਵਜੂਦ ਆਪਣੀ ਕਲਾਤਮਕ ਸਮਰੱਥਾ ਵੱਲ ਉਚੇਚਾ ਧਿਆਨ ਖਿੱਚਿਆ ਹੈ।

ਹਰਪ੍ਰੀਤ ਸਿੰਘ ਚਨੂੰ ਦੀ ਕਹਾਣੀ 'ਚੌਹਟੇ ਚੱਕ' (ਸਿਰਜਣਾ, ਜੁਲਾਈ-ਸਤੰਬਰ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂਨਿਮਨ-ਵਰਗੀ ਕਿਸਾਨ ਦੀ ਚੰਗੇ ਜੀਵਨ ਲਈ ਕੀਤੀ ਜੱਦੋ-ਜਹਿਦ ਅਤੇ ਅੰਤ ਹੋਈ ਹਾਰ ਦਾ ਦੁਖਾਂਤਕ ਬਿਰਤਾਂਤ ਸਿਰਜਦੀ ਹੈ। ਚੌਹਟੇ ਚੱਕ ਮੱਘਰ ਦੀ ਮਿਹਨਤ, ਹਿੰਮਤ, ਹੌਸਲੇ ਅਤੇ ਸੁਪਨਿਆਂ ਦਾ ਕੋਈ ਪਾਰਾਵਾਰ ਨਹੀਂ ਪਰ ਮੌਜੂਦਾ ਨਵ-ਪੂੰਜੀਵਾਦੀ ਵਿਵਸਥਾ ਵਿਚ ਉਸਦੇ ਪਰਿਵਾਰ ਦੇ ਕਿਤੇ ਪੈਰ ਨਹੀਂ ਲਗਦੇ। ਕਹਾਣੀ ਦੀ ਸਮਰੱਥਾ ਜਿਥੇ ਕਿਸਾਨੀ ਜੀਵਨ ਦੇ ਪ੍ਰਮਾਣਿਕ ਵੇਰਵਿਆਂ ਰਾਹੀਂ ਮਹਾਂਕਾਵਿਕ ਦ੍ਰਿਸ਼ਚਿਤਰਨ ਵਿਚ ਹੈ ਉਥੇ ਇੱਕ ਪਲ-ਪਲ ਮਰਦੇ ਜਾ ਰਹੇ ਕਿਸਾਨ ਪਰਿਵਾਰ ਦਾ ਸੋਗ ਗੀਤ ਬਣ ਜਾਣ ਵਿਚ ਵੀ ਹੈ।

ਅਮਰਜੀਤ ਸਿੰਘ ਮਾਨ ਦੀ ਕਹਾਣੀ 'ਏਦਾਂ ਕਿਉਂ' (ਕਹਾਣੀ ਪੰਜਾਬ, ਅਪ੍ਰੈਲ 22-ਮਾਰਚ 23) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਧਰਮੀ-ਕਰਮੀ ਜ਼ਿਮੀਂਦਾਰ ਈਸਰ ਸਿੰਘ ਦੇ ਮਨੋ-ਸੰਕਟ ਦਾ ਬਿਰਤਾਂਤ ਪੇਸ਼ ਕਰਦੀ ਹੈ। ਉਸਦੇ ਖੇਤ ਝੋਨਾ ਲਾਉਣ ਵਾਲੇ ਦਲਿਤ ਪਰਿਵਾਰ ਨੂੰ ਸ਼ੱਕ ਪੈ ਜਾਂਦਾ ਹੈ ਕਿ ਰਕਬਾ ਘੱਟ ਦੱਸ ਕੇ ਉਨ੍ਹਾਂ ਨੂੰ ਲੁਆਈ ਘੱਟ ਦਿੱਤੀ ਗਈ ਹੈ। ਉਹ ਚੁੱਪ-ਚਾਪ ਬਰਦਾਸ਼ਤ ਕਰਨ ਦੀ ਥਾਂ ਰਕਬੇ ਦੀ ਮਿਣਤੀ ਕਰਵਾਉਂਦੇ ਹਨ ਤਾਂ ਸੱਚਮੁੱਚ ਫਰਕ ਨਿਕਲਦਾ ਹੈ ਜਿਸ ਨਾਲ ਨਾਮ-ਲੇਵਾ ਈਸਰ ਸਿੰਘ ਦੀ ਕਥਨੀ ਅਤੇ ਕਰਨੀ ਦੇ ਫ਼ਰਕ ਉੱਤੇ ਵੱਡਾ ਪ੍ਰਸ਼ਨਚਿੰਨ੍ਹ ਲੱਗ ਜਾਂਦਾ ਹੈ। ਕਹਾਣੀ ਦੀ ਸਮਰੱਥਾ ਜਿਥੇ ਦਲਿਤ ਚੇਤਨਾ ਦੇ ਹਵਾਲੇ ਨਾਲ ਅਜੋਕੇ ਪੇਂਡੂ ਜੀਵਨਯਥਾਰਥ ਦੇ ਰੂਪਾਂਤਰਨ ਨੂੰ ਪੇਸ਼ ਕਰਨ ਵਿਚ ਹੈ ਉਥੇ ਠੇਠ ਮਲਵਈ ਗਲਪੀ ਮੁਹਾਵਰੇ ਵਾਲੇ ਵੇਰਵਾਯੁਕਤ ਅੰਦਾਜ਼ੇ-ਬਿਆਂ ਵਿਚ ਵੀ ਹੈ।

ਪਾਕਿਸਤਾਨੀ ਕਹਾਣੀਕਾਰ ਖ਼ਾਲਿਦ ਫਰਹਾਦ ਧਾਲੀਵਾਲ ਦੀ ਕਹਾਣੀ 'ਸਲਾਮੀ' (ਪੰਚਮ, ਜੁਲਾਈ-ਸਤੰਬਰ, ਸ਼ਾਹਮੁਖੀ ਅਤੇ ਪ੍ਰਤਿਮਾਨ, ਅਕਤੂਬਰ-ਦਸੰਬਰ, ਗੁਰਮੁਖੀ) ਅੰਨਯ-ਪੁਰਖੀ ਬਿਰਤਾਂਤਕਾਰ, ਇੱਕ ਅਨੋਖੇ ਬੈਂਡਮਾਸਟਰ ਪਿਆਰੇ ਲਾਲ, ਰਾਹੀਂ ਨਾਬਰੀ ਦਾ ਬਿਰਤਾਂਤ ਪੇਸ਼ ਕਰਦੀ ਹੈ। ਉਹ ਵਿਸਾਖੀਦਿਹਾੜੇ ਕਿਸੇ ਲੋਕਨਾਇਕ ਨੂੰ ਸਲਾਮੀ ਦੇ ਕੇ ਨਿਵੇਕਲੀ ਲੋਕਪੱਖੀ ਪਿਰਤ ਪਾਉਂਦਾ ਹੈ। ਕਹਾਣੀ ਦੀ ਸਮਰੱਥਾ ਬਾਤਨੁਮਾ ਗਲਪਜੁਗਤ ਰਾਹੀਂ ਜਿਥੇ ਲੋਕਵਿਰੋਧੀ ਰਾਜਸੀ ਵਿਵਸਥਾ ਦਾ ਵਿਅੰਗਪੂਰਨ ਚਿੱਤਰ ਉਲੀਕਣ ਵਿਚ ਹੈ ਉਥੇ ਪਿਆਰੇ ਲਾਲ ਦੇ ਨਿਆਰੇ ਅਤੇ ਅਨੂਠੇ ਸ਼ਖ਼ਸੀ ਬਿੰਬ ਨੂੰ ਉਜਾਗਰ ਕਰਨ ਕਰਕੇ ਵੀ ਹੈ।

ਰੇਮਨ ਦੀ ਕਹਾਣੀ 'ਅੰਬਾ ਮਰ ਜਾਣੀ' (ਕਹਾਣੀ ਪੰਜਾਬ, ਅਪ੍ਰੈਲ 22-ਮਾਰਚ 23) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਨਾਰੀ ਦੀ ਹੱਸਾਸ ਸੰਵੇਦਨਾ ਦੇ ਅਤੀ ਅਛੋਹ ਪੱਖ ਦਾ ਬਿਰਤਾਂਤ ਪੇਸ਼ ਕਰਦੀ ਹੈ। ਅੰਬਾ ਅਜਿਹੀ ਸੰਵੇਦਨਾ ਨਾਲ ਵਰੋਸਾਈ ਹੋਈ ਹੈ ਕਿ ਉਹ ਕਾਮੁਕ ਜਾਂ ਅਕਾਮੁਕ ਮਰਦਾਵੀਂ ਛੋਹ ਦਾ ਅੰਤਰ-ਨਿਖੇੜ ਕਰ ਸਕਣ ਦੇ ਸਮਰੱਥ ਹੈ। ਇਸ ਲਈ ਉਹ ਮਹਿਸੂਸ ਕਰਦੀ ਹੈ ਕਿ ਪਿਤਰਕੀ ਵਿਚਾਰਧਾਰਾ ਰਾਹੀਂ ਕੁੰਠਿਤ ਕਿਸੇ ਬਹੁਤ ਬਜ਼ੁਰਗ ਜਾਂ ਕਥਿਤ ਪਹੁੰਚੇ ਹੋਏ ਸਾਧੂ-ਸੰਤ ਦੀ ਛੋਹ ਵੀ ਕਾਮੁਕ ਹੋ ਸਕਦੀ ਹੈ। ਕਹਾਣੀ ਦੀ ਸਮਰੱਥਾ ਬਹੁਤ ਹੀ ਸੂਖ਼ਮ ਅਹਿਸਾਸ ਨੂੰ ਲੋਕਕਥਾ ਵਾਲੀ ਸਰਲ, ਪਰ ਮਾਅਨੇਖ਼ੇਜ਼ ਰਮਜ਼ੀ ਕਥਾਸ਼ੈਲੀ ਰਾਹੀਂ ਪੇਸ਼ ਕਰਨ ਵਿਚ ਹੈ।

ਬਿੰਦਰ ਬਸਰਾ ਦੀ ਕਹਾਣੀ 'ਕੋਈ ਹੋਰ ਨਹੀਂ' (ਪ੍ਰਵਚਨ, ਜਨਵਰੀ-ਮਾਰਚ) ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਪੰਜਾਬੀਆਂ ਦੀ ਪਰਵਾਸ ਦੀ ਲਲ੍ਹਕ ਅਤੇ ਉਸਦੇ ਦੂਰਰਸੀ ਮਾਰੂ ਪ੍ਰਭਾਵਾਂ ਦਾ ਹਿਰਦੇਵੇਧਕ ਬਿਰਤਾਂਤ ਸਿਰਜਦੀ ਹੈ। ਬਿਰਤਾਂਤਕਾਰ ਆਪਣੇ ਮੁੰਡੇ ਨੂੰ ਬਾਹਰ ਭੇਜ ਕੇ ਸੁਰਖ਼ਰੂ ਮਹਿਸੂਸ ਕਰਦਾ ਹੈ ਪਰ ਇੱਕ ਜਾਣੂ ਪਰਵਾਸੀ ਦੇ ਮਾਪਿਆਂ ਦਾ ਰੂਹਵਿੰਨਵਾਂ ਇਕਲਾਪਾ ਦੇਖ ਕੇ ਆਪਣੇ ਦੁਖਾਂਤਕ ਭਵਿੱਖ ਦੀ ਕਲਪਨਾ ਨਾਲ ਤ੍ਰਹਿ ਜਾਂਦਾ ਹੈ। ਕਹਾਣੀ ਦੀ ਸਮਰੱਥਾ, ਲੋੜੀਂਦੇ ਜੀਵਨਵੇਰਵਿਆਂ ਨਾਲ, ਪਰਵਾਸ ਦੇ ਚੰਗੇ-ਮੰਦੇ ਦੋਵਾਂ ਪੱਖਾਂ ਦਾ ਅਹਿਸਾਸ ਕਰਾਉਣ ਵਿਚ ਹੈ।

ਜਤਿੰਦਰ ਸਿੰਘ ਹਾਂਸ ਦੀ ਕਹਾਣੀ 'ਸ਼ਰੀਂਹ ਦੇ ਪੱਤ' (ਸ਼ਬਦ, ਅਕਤੂਬਰ-ਦਸੰਬਰ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਕਬੀਲੇ-ਸ਼ਰੀਕੇ ਵਾਲੇ ਪੰਜਾਬੀ ਅਵਚੇਤਨ ਦੇ ਅਜੋਕੇ ਸਰੂਪ ਦਾ ਬਿਰਤਾਂਤ ਪੇਸ਼ ਕਰਦੀ ਹੈ। ਸ਼ਰੀਕੇ ਦੀ ਸਿਰ-ਵੱਢ ਭਾਵਨਾ ਅਧੀਨ ਇੱਕ ਜੱਟ ਕਿਸਾਨ ਵੱਟ-ਬੰਨੇ ਦੇ ਰੌਲੇ ਸਮੇਂ ਆਪਣੇ ਛੋਟੇ ਭਰਾ ਦੇ ਸਿਰ ਵਿਚ ਗੰਡਾਸੀ ਮਾਰ ਕੇ ਕਾਤਲਾਨਾ ਹਮਲਾ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ ਪਰ ਜਦ ਹਮਲਾਵਰ ਵੱਡੇ ਭਰਾ ਦਾ ਇਕਲੌਤਾ ਪੁੱਤ ਮਰ ਜਾਂਦਾ ਹੈ ਤਾਂ ਛੋਟਾ ਆਪਣੀ ਕਬੀਲਾਈ ਭਾਵਨਾ ਅਧੀਨ ਲਹੂ ਦੀ ਸਾਂਝ ਨੂੰ ਮਹਿਸੂਸ ਕਰਦਿਆਂ, ਸਾਰੇ ਗੁੱਸੇ-ਗਿਲੇ ਅਤੇ ਲਾਲਚ ਭੁੱਲ ਕੇ ਵੱਡੇ ਭਰਾ ਦੀ ਦੁਬਾਰਾ ਜੜ੍ਹ ਲਗਦੀ ਦੇਖਣ ਦੀ ਦਿਲੀ ਕਾਮਨਾ ਕਰਦਾ ਹੈ। ਕਹਾਣੀ ਦੀ ਸਮਰੱਥਾ ਵੈਰ ਅਤੇ ਪਿਆਰ ਦੀ ਮਿਸ਼ਰਤ ਭਾਵਨਾ ਵਾਲੇ ਪੰਜਾਬੀ ਮਨੋਵਿਹਾਰ ਦਾ ਜੀਵੰਤ ਗਲਪਬਿੰਬ ਸਿਰਜ ਸਕਣ ਵਿਚ ਹੈ। ਰੌਚਿਕਤਾ ਦੇ ਪੱਖ ਤੋਂ ਦੇਖੀਏ ਤਾਂ ਨਾਟਕੀਅਤਾ ਦਾ ਅੰਸ਼ ਕਹਾਣੀ ਵਿਚ ਤਣਾਅ ਨੂੰ ਹੋਰ ਤੀਬਰ ਕਰਨ ਵਾਲਾ ਹੈ।

ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਭੁੱਖ' (ਚਿਰਾਗ, ਜਨਵਰੀ-ਮਾਰਚ) ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਇਕਲਾਪਾ ਮਾਰੀ ਔਰਤ ਦੇ ਅਵਚੇਤਨੀ ਸੰਸਾਰ ਨੂੰ ਉਸਦੇ ਮਨੋ-ਵਿਹਾਰ ਰਾਹੀਂ ਉਜਾਗਰ ਕਰਦੀ ਹੈ। ਦੁਬਈ ਰਹਿੰਦੇ ਪਤੀ ਦੀ ਗ਼ੈਰ-ਮੌਜੂਦਗੀ ਵਿਚ ਉਹ ਆਪਣੀਆਂ ਅਤ੍ਰਿਪਤ ਕਾਮਨਾਵਾਂ ਨੂੰ ਪਤਿਉਰੇ ਦੇ ਮੁੰਡੇ ਰਾਹੀਂ ਪੂਰੀਆਂ ਕਰਨ ਦੀ ਕਲਪਨਾ ਕਰਦੀ ਹੈ ਪਰ ਅੰਤ ਆਪਣੀ ਕਾਮੁਕ ਭੁੱਖ ਨੂੰ ਅਣਗੌਲਿਆਂ ਕਰਕੇ ਪਰਿਵਾਰਕ ਮਰਯਾਦਾ ਨੂੰ ਬਚਾਉਣ ਦਾ ਯਤਨ ਕਰਦੀ ਹੈ। ਕਹਾਣੀ ਦੀ ਸਮਰੱਥਾ ਪਰਿਵਾਰਕ ਔਰਤ ਦੇ ਚੇਤਨ-ਅਚੇਤਨ ਦੇ ਸੂਖ਼ਮ ਦਵੰਦ ਨੂੰ ਢੁੱਕਵੇਂ ਵਸਤੂ-ਵੇਰਵਿਆਂ ਨਾਲ ਸਮੂਰਤ ਕਰਨ ਵਿਚ ਹੈ।




*ਰਵੀ ਸ਼ੇਰਗਿੱਲ ਦੀ ਕਿਤਾਬ 'ਕਿਤੇ ਉਹ ਨਾ ਹੋਵੇ' ਅਤੇ ਰੇਮਨ ਦੀਆਂ ਕਹਾਣੀਆਂ ਕਿਤਾਬ ਦੇ ਮੁਖੜੇ।*

ਬਲਦੇਵ ਸਿੰਘ ਗਰੇਵਾਲ ਦੀ ਕਹਾਣੀ 'ਡ੍ਰੀਮ ਲੈਂਡ' (ਸਿਰਜਣਾ, ਅਪ੍ਰੈਲ-ਜੂਨ) ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਸਪੇਨੀ ਪਰਵਾਸੀ ਕੁੜੀ ਦੇ ਅਮਰੀਕਾ ਵਿਚ ਸਫਲ ਹੋਣ ਦੀ ਮੁੱਢਲੀ ਜੱਦੋ-ਜਹਿਦ ਦਾ ਬਿਰਤਾਂਤ ਪੇਸ਼ ਕਰਦੀ ਹੈ। ਪ੍ਰਤੀਕ ਰੂਪ ਵਿਚ ਉਹ ਉਨ੍ਹਾਂ ਸਮੂਹ ਪਰਵਾਸੀ ਮਿਹਨਤਕਸ਼ਾਂ ਦੀ ਪ੍ਰਤੀਨਿਧ ਜਾਪਣ ਲੱਗ ਪੈਂਦੀ ਹੈ ਜਿਹੜੇ ਆਪਣੇ 'ਡ੍ਰੀਮ ਲੈਂਡ' ਵਿਚ ਟੀਸੀ ਉੱਤੇ ਪਹੁੰਚਣ ਦਾ ਸੁਪਨਾ ਦੇਖਦੇ ਹਨ। ਕਹਾਣੀ ਦੀ ਸਮਰੱਥਾ ਇਸਦੇ ਜੀਵੰਤ ਦ੍ਰਿਸ਼ਚਿਤਰਨ ਅਤੇ ਸੁਪਨੇ ਤੇ ਯਥਾਰਥ ਦੀ ਵਿਡੰਬਨਾ ਨੂੰ ਪੇਸ਼ ਕਰਨ ਵਿਚ ਹੈ।

ਸਾਂਵਲ ਧਾਮੀ ਦੀ ਕਹਾਣੀ 'ਪੂਰਾ ਆਦਮੀ' (ਸਿਰਜਣਾ, ਜੁਲਾਈ-ਸਤੰਬਰ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਸੰਪੂਰਨ ਮਨੁੱਖੀ ਸ਼ਖ਼ਸੀਅਤ ਦੇ ਨਿਰਮਾਣ ਲਈ ਨਵੇਂ ਮਾਪਦੰਡਾਂ ਦੀ ਜੁਸਤਜੂ ਦਾ ਬਿਰਤਾਂਤ ਸਿਰਜਦੀ ਹੈ। ਕਹਾਣੀ ਦਾ ਕੇਂਦਰੀ ਮਹੱਤਤਾ ਵਾਲਾ ਪਾਤਰ ਹਾਦਸੇ ਵਿਚ ਦੋਵੇਂ ਲੱਤਾਂ ਗੁਆ ਲੈਣ ਤੋਂ ਪਿੱਛੋਂ, ਪਰੰਪਰਕ ਦ੍ਰਿਸ਼ਟੀ ਰਾਹੀਂ ਦੇਖਿਆਂ, ਅੱਧਾ-ਅਧੂਰਾ ਜਾਪਣ ਲਗਦਾ ਹੈ ਪਰ ਆਪਣੇ ਮਾਨਵ ਹਿਤੈਸ਼ੀ ਕਾਰਜਾਂ ਰਾਹੀਂ ਪੂਰਾ ਆਦਮੀ ਬਣ ਕੇ ਦਿਖਾਉਂਦਾ ਹੈ। ਦੂਜੇ ਪਾਸੇ ਕਹਾਣੀ ਵਿਚਲੇ ਮੁਕੰਮਲ ਸਰੀਰਾਂ ਵਾਲੇ ਅਤੇ ਸਫਲ ਕਾਰੋਬਾਰੀ ਪਾਤਰ ਆਪਣੇ ਅਮਾਨਵੀ ਸਰੋਕਾਰਾਂ ਕਾਰਨ ਅਧੂਰੇ ਜਾਪਣ ਲਗਦੇ ਹਨ। ਕਹਾਣੀ ਦੀ ਸਮਰੱਥਾ ਆਸ਼ਾਵਾਦੀ ਸੁਨੇਹੇ ਨੂੰ ਬਿਰਤਾਂਤਕਾਰ ਦੇ ਪੈਗੰਬਰੀ ਕਥਨਾਂ ਦੀ ਥਾਂ ਪਾਤਰ-ਵਿਹਾਰ ਰਾਹੀਂ ਉਜਾਗਰ ਕਰਨ ਵਿਚ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ 'ਗੁੰਮ-ਪੰਨੇ' (ਤਾਸਮਨ, ਅਪ੍ਰੈਲ-ਜੂਨ) ਵਿਚ ਉਤਮ-ਪੁਰਖੀ ਨਾਨੀ-ਰੂਪੀ ਬਿਰਤਾਂਤਕਾਰ ਆਪਣੇ ਮਾਂਵਿਹੂਣੇ ਦੋਹਤੇ ਦੇ ਭਾਵੁਕ ਵਿਗੋਚੇ ਦਾ ਬਿਰਤਾਂਤ ਪੇਸ਼ ਕਰਦੀ ਹੈ। ਬਾਲ ਅਰਜਨ ਦਾ ਬਾਪ ਆਪਣੀ ਪਤਨੀ ਉੱਤੇ ਸ਼ੱਕ ਕਰਦਿਆਂ ਉਸ ਦਾ ਕਤਲ ਕਰ ਦਿੰਦਾ ਹੈ, ਸਿੱਟੇ ਵਜੋਂ ਆਪ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ। ਅਰਜਨ ਦੀ ਨਾਨੀ ਅਤੇ ਮਾਸੀ ਆਪਣੇ ਲਾਡ-ਪਿਆਰ ਨਾਲ ਅਰਜਨ ਦਾ, ਮਾਪਿਆਂ ਵਾਲਾ, ਵਿਗੋਚਾ ਘਟਾਉਣ ਦਾ ਯਤਨ ਕਰਦੀਆਂ ਹਨ ਪਰ ਕਿਸੇ ਵੀ ਤਰ੍ਹਾਂ ਅਰਜਨ ਦਾ ਖਲਾਅ ਨਹੀਂ ਭਰਦਾ। "ਆਈ ਮਿਸ ਮਾਈ ਮੰਮ" ਦੇ ਰੁਦਨਮਈ ਬੋਲਾਂ ਨਾਲ ਅੰਤ ਉਹ ਆਪਣੇ ਅਣਪੂਰੇ ਜਾਣ ਵਾਲੇ ਉਸ ਖਲਾਅ ਦਾ ਬਿਆਨ ਕਰਦਾ ਹੈ। ਕਹਾਣੀ ਦੀ ਸਮਰੱਥਾ ਬਾਲ ਮਨੋ-ਵਿਹਾਰ ਦੇ ਡੂੰਘਾਈ ਵਾਲੇ ਚਿਤਰਨ ਅਤੇ ਪਾਠਕ ਦੇ ਅਹਿਸਾਸਾਂ ਨੂੰ ਟੁੰਬਣ ਵਾਲੀ ਭਾਵਪੂਰਤ ਸਰੋਦੀ ਸ਼ੈਲੀ ਕਰਕੇ ਹੈ।

ਉਪਰੋਕਤ ਬਿਹਤਰੀਨ ਕਹਾਣੀਆਂ ਤੋਂ ਇਲਾਵਾ ਇਸ ਵਰ੍ਹੇ ਦੀਆਂ ਕੁਝ ਦਰਮਿਆਨੇ ਪੱਧਰ ਦੀਆਂ ਹੋਰ ਕਹਾਣੀਆਂ ਵੀ ਪੜ੍ਹਨਯੋਗ ਅਤੇ ਸਲਾਹੁਣਯੋਗ ਹਨ। ਚੇਤੰਨ ਬੁੱਧ ਪੰਜਾਬੀ ਪਾਠਕਾਂ ਨੇ ਸੋਸ਼ਲ ਮੀਡੀਆ ਰਾਹੀਂ ਅਜਿਹੀਆਂ ਕੁਝ ਕਹਾਣੀਆਂ ਦਾ ਉਚੇਚ ਅਤੇ ਵਿਸਥਾਰ ਨਾਲ ਜ਼ਿਕਰ ਕਰਕੇ ਉਨ੍ਹਾਂ ਦੀ ਅਹਿਮੀਅਤ ਵੱਲ ਸਾਡਾ ਧਿਆਨ ਵੀ ਖਿੱਚਿਆ ਹੈ। ਅਜਿਹੀਆਂ ਕਹਾਣੀਆਂ ਹਨ: ਓਨਾ ਓਡਵਾਇਰ (ਗੁਰਮੀਤ ਕੜਿਆਲਵੀ, ਹੁਣ, ਨਵੰਬਰ 22-ਅਪ੍ਰੈਲ 23), ਮਸਾਣ (ਬਲਵਿੰਦਰ ਸਿੰਘ ਗਰੇਵਾਲ), ਬਲੌਰੀ ਅੱਖ ਵਾਲਾ ਮੁੰਡਾ (ਪਰਵੇਜ਼ ਸੰਧੂ) (ਦੋਵੇਂ, ਪ੍ਰਵਚਨ, ਜਨਵਰੀ-ਮਾਰਚ), ਮੋਹ-ਜਾਲ (ਹਰਪ੍ਰੀਤ ਸੇਖਾ), 180 ਮਿੰਟ ਦਾ ਅਤੰਕ ਕਾਲ (ਜਸਵੀਰ ਰਾਣਾ) (ਦੋਵੇਂ, ਸਿਰਜਣਾ, ਜਨਵਰੀ-ਮਾਰਚ), ਦਾਗ (ਨਵਚੇਤਨ, ਸਿਰਜਣਾ, ਅਕਤੂਬਰ-ਦਸੰਬਰ), ਨੂਣ (ਬਲੀਜੀਤ), ਕੋਈ ਤਾਂ ਹੈ (ਨਿਰੰਜਨ ਬੋਹਾ), ਸੇਫਟੀ ਕਿੱਟ (ਜਿੰਦਰ) (ਤਿੰਨੇ ਕਹਾਣੀ ਧਾਰਾ, ਅਕਤੂਬਰ-ਦਸੰਬਰ), ਗੀਤਾਂ ਦਾ ਵਣਜਾਰਾ (ਜਗਜੀਤ ਬਰਾੜ, ਤਾਸਮਨ, ਅਪ੍ਰੈਲ-ਜੂਨ), ਤ੍ਰੇੜ (ਭਗਵੰਤ ਰਸੂਲਪੁਰੀ, ਤਾਸਮਨ, ਜੁਲਾਈ-ਸਤੰਬਰ), ਮੱਧਮ ਜਿਹੀ ਆਸ (ਅਮਰਜੀਤ ਸਿੰਘ ਮਾਨ), ਸ਼ਾਲ (ਜਸਵਿੰਦਰ ਧਰਮਕੋਟ) (ਦੋਵੇਂ ਤਾਸਮਨ, ਅਕਤੂਬਰ-ਦਸੰਬਰ) ਆਦਿ।

ਇਸ ਸਾਲ ਦੀ ਪੰਜਾਬੀ ਕਹਾਣੀ ਦੇ ਖੇਤਰ ਦੀਆਂ ਸਮੁੱਚੀਆਂ ਸਰਗਰਮੀਆਂ ਉੱਤੇ ਝਾਤ ਪਾਈਏ ਤਾਂ ਜਿਹੜੇ ਕੁਝ ਉਭਰਵੇਂ ਨੁਕਤੇ ਗੌਲਣਯੋਗ ਜਾਪਦੇ ਹਨ, ਉਹ ਹੇਠ ਲਿਖੇ ਅਨੁਸਾਰ ਹਨ:

-ਪੰਜਾਬੀ ਕਹਾਣੀ ਵਿਚ ਕਹਾਣੀਕਾਰ ਅਤੇ ਪਾਠਕ ਔਰਤਾਂ ਦੀ ਸਿਰਫ ਗਿਣਤੀ ਹੀ ਨਹੀਂ ਵਧੀ ਸਗੋਂ ਉਨ੍ਹਾਂ ਦਾ ਗੁਣਾਤਮਕ ਯੋਗਦਾਨ ਵੀ ਵਧਿਆ ਹੈ। ਇਸ ਸਿਫ਼ਤੀ ਤਬਦੀਲੀ ਨੂੰ ਪਛਾਣਦਿਆਂ ਤਾਸਮਨ ਅਤੇ ਸਾਹਿਤਕ ਏਕਮ (ਦੋਵੇਂ ਜਨਵਰੀ-ਮਾਰਚ) ਰਿਸਾਲਿਆਂ ਨੇ ਨਾਰੀ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤੇ।

-ਪਾਕਿਸਤਾਨ ਦੇ ਕਹਾਣੀਕਾਰ ਅਤੇ ਚਿੰਤਕ ਕਰਾਮਤ ਮੁਗ਼ਲ ਦੀ ਸੂਚਨਾ ਅਨੁਸਾਰ ਦਸੰਬਰ ਦੇ ਦੂਜੇ ਹਫ਼ਤੇ ਤੱਕ ਪਾਕਿਸਤਾਨੀ ਪੰਜਾਬ ਵਿਚ ਸਿਰਫ ਇੱਕ ਹੀ ਕਹਾਣੀ-ਸੰਗ੍ਰਹਿ (ਤੈਨੂੰ ਮਰਜ਼ ਕਿਹੜਾ ਦੱਸੀਏ, ਮਲਿਕ ਸ਼ਾਹ ਸਵਾਰ ਨਾਸਿਰ) ਛਪਿਆ ਹੈ। ਨੌਂ-ਦਸ ਕਰੋੜ ਪੰਜਾਬੀ ਵਸੋਂ ਵਾਲੇ ਮੁਲਕ ਦੇ ਪ੍ਰਸੰਗ ਵਿਚ ਸੋਚਿਆਂ ਇਹ ਚਿੰਤਾ ਵਾਲੀ ਗੱਲ ਜਾਪਦੀ ਹੈ।

-ਪਰਵਾਸੀ ਪੰਜਾਬੀ ਕਹਾਣੀ ਵਿਚ ਇਸ ਸਾਲ ਅਮਰੀਕਾ ਦਾ ਯੋਗਦਾਨ ਵਿਸ਼ੇਸ਼ ਰਿਹਾ। ਬਲੌਰੀ ਅੱਖ ਵਾਲਾ ਮੁੰਡਾ (ਪਰਵੇਜ਼ ਸੰਧੂ), ਕਿਤੇ ਉਹ ਨਾ ਹੋਵੇ (ਰਵੀ ਸ਼ੇਰਗਿੱਲ) ਦੋਵੇਂ ਸੰਗ੍ਰਹਿ ਹੀ ਉਲੇਖਯੋਗ ਹਨ।

-ਦੁੱਖ ਦੀ ਗੱਲ ਹੈ ਕਿ ਕੁਝ ਉਲੇਖਯੋਗ ਪੰਜਾਬੀ ਕਹਾਣੀਕਾਰ ਇਸ ਵਰ੍ਹੇ ਸਦਾ ਲਈ ਸਾਥੋਂ ਵਿਛੜ ਗਏ, ਜਿਵੇਂ ਅਮਰਜੀਤ ਦਰਦੀ, ਗੁਲਵੰਤ ਮਲੌਦਵੀ, ਗੁਰਪਾਲ ਸਿੰਘ ਨੂਰ, ਮੋਹਨ ਕਾਹਲੋਂ, ਨਿੰਦਰ ਗਿੱਲ, ਸੀ.ਆਰ. ਮੌਦਗਿਲ।

-ਇਹ ਗੱਲ ਪੰਜਾਬੀ ਕਹਾਣੀਵਿਧਾ ਲਈ ਵਡਿਆਈ ਵਾਲੀ ਹੈ ਕਿ ਢਾਹਾਂ ਪੁਰਸਕਾਰ ਲਈ ਇਸ ਵਾਰ ਦਾ ਗੁਣਾ ਤਿੰਨੇ ਕਹਾਣੀਸੰਗ੍ਰਹਿਆਂ ਉੱਤੇ ਹੀ ਪਿਆ। ਪਹਿਲੇ ਪੁਰਸਕਾਰ ਲਈ ਬਲਵਿੰਦਰ ਗਰੇਵਾਲ (ਡਬੋਲੀਆ) ਅਤੇ ਬਾਕੀ ਦੋਹਾਂ ਲਈ ਅਰਵਿੰਦਰ ਧਾਲੀਵਾਲ (ਝਾਂਜਰਾਂ ਵਾਲੇ ਪੈਰ), ਜਾਵੇਦ ਬੂਟਾ (ਚੌਲਾਂ ਦੀ ਬੁਰਕੀ) ਨੂੰ ਵਧਾਈ।

-ਪ੍ਰਵਚਨ ਰਿਸਾਲੇ ਨੇ ਆਪਣੀ ਪਿਰਤ ਨੂੰ ਕਾਇਮ ਰੱਖਦਿਆਂ ਪਹਿਲਾਂ ਕਹਾਣੀ ਗੋਸ਼ਟੀ ਵੀ ਕਰਵਾਈ ਅਤੇ ਕਹਾਣੀ ਦਾ ਵਿਸ਼ੇਸ਼ ਅੰਕ (ਜਨਵਰੀ-ਮਾਰਚ) ਵੀ ਛਾਪਿਆ। ਇਸ ਰਿਸਾਲੇ ਦੇ ਸੰਪਾਦਕ ਡਾ. ਰਜਨੀਸ਼ ਬਹਾਦਰ ਸਿੰਘ ਭਾਵੇਂ ਸਾਥੋਂ ਸਦਾ ਲਈ ਵਿਛੜ ਗਏ ਹਨ ਪਰ ਪ੍ਰਵਚਨ ਦੀ ਨਵੀਂ ਟੀਮ ਨੇ ਇਹ ਪ੍ਰਥਾ ਚਲਦੀ ਰੱਖਣ ਦੀ ਜ਼ਿੰਮੇਵਾਰੀ ਸਾਂਭ ਲਈ ਹੈ।

-ਚੰਗੀਆਂ ਕਹਾਣੀਆਂ ਛਾਪਣ ਵਾਲੇ 'ਹੁਣ' ਰਿਸਾਲੇ ਨੇ ਲੰਮਾ ਸਮਾਂ ਬੰਦ ਰਹਿਣ ਤੋਂ ਬਾਅਦ ਦੁਬਾਰਾ ਦਸਤਕ ਦਿੱਤੀ ਹੈ, ਖੁਸ਼ਆਮਦੀਦ।

-ਪੰਜਾਬੀ ਕਹਾਣੀ ਦੀਆਂ ਆਡੀਓ ਤਿਆਰ ਕਰਕੇ ਯੂ-ਟਿਊਬ ਉੱਤੇ ਪਾਉਣ ਵਾਲੇ ਉਦਮੀਆਂ ਵਿਚ ਦਵਿੰਦਰ ਕੌਰ ਡੀ.ਸੈਣੀ ਦਾ ਨਾਂ ਵੀ ਸ਼ਾਮਿਲ ਹੋ ਗਿਆ ਹੈ, ਪ੍ਰਸ਼ੰਸਾ ਕਰਨੀ ਬਣਦੀ ਹੈ।

-ਇਸ ਵਰ੍ਹੇ ਛਪੇ ਬਲਵੀਰ ਕੌਰ ਰੀਹਲ ਦਾ ਸੰਪਾਦਿਤ ਕਹਾਣੀਸੰਗ੍ਰਹਿ 'ਮੇਰੀ ਧਰਤੀ ਮੇਰਾ ਅੰਬਰ' (39 ਕਹਾਣੀਆਂ) ਅਤੇ ਬਲਬੀਰ ਮਾਧੋਪੁਰੀ ਦੁਆਰਾ ਸੰਪਾਦਿਤ ਕਹਾਣੀਸੰਗ੍ਰਹਿ 'ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ' ਨਾਰੀ ਰਚਿਤ ਪੰਜਾਬੀ ਕਹਾਣੀ ਨੂੰ ਵਿਸ਼ੇਸ਼ ਹੁਲਾਰਾ ਦੇਣ ਵਾਲੇ ਹਨ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਲ 2022 ਦੀ ਪੰਜਾਬੀ ਕਹਾਣੀ ਨਾਰੀਵਾਦੀ ਸਰੋਕਾਰਾਂ ਪ੍ਰਤੀ ਵਧੇਰੇ ਸੁਜੱਗ ਹੋਈ ਹੈ। ਇਸ ਲਈ ਨਿਰਪੱਖ (ਔਬਜੈਕਟਿਵ) ਦ੍ਰਿਸ਼ਟੀ ਰਾਹੀਂ ਔਰਤ ਦੀ ਹੋਂਦ ਅਤੇ ਹਸਤੀ ਦੇ ਮਸਲਿਆਂ ਨੂੰ ਸਮਝ ਕੇ ਪੇਸ਼ ਕਰਨ ਦਾ ਯਤਨ ਕਰਨ ਲੱਗੀ ਹੈ। ਔਰਤ ਸਿਰਫ ਭੋਗਣ ਵਾਲੀ ਦੇਹ ਨਹੀਂ ਅਤੇ ਨਾ ਹੀ ਔਰਤ ਨਿਰੋਲ ਵਿਅਕਤੀਗਤ ਹੋਂਦ ਹੈ। ਇਸ ਦੇ ਉਲਟ ਔਰਤ ਪਰਿਵਾਰਕ ਤੇ ਸਮਾਜਿਕ ਪ੍ਰਾਣੀ ਵੀ ਹੈ ਅਤੇ ਸਭ ਤੋਂ ਵੱਧ ਸੰਪੂਰਨ ਮਾਨਵੀ ਹੋਂਦ ਹੈ ਜਿਸ ਦੇ ਦੁੱਖ-ਸੁੱਖ ਸਮੁੱਚੀ ਮਾਨਵ ਜਾਤੀ ਵਾਲੇ ਹੀ ਹਨ। ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਭੁੱਖ' ਦੇ ਹਵਾਲੇ ਨਾਲ ਕਹੀਏ ਤਾਂ ਉਸ ਦੀਆਂ ਪਰਿਵਾਰਕ ਅਤੇ ਸਮਾਜਿਕ ਪਛਾਣ ਦੀਆਂ ਭੁੱਖਾਂ ਵੀ ਕਾਮ-ਤ੍ਰਿਪਤੀ ਦੀ ਭੁੱਖ ਤੋਂ ਕੋਈ ਘੱਟ ਮਹੱਤਵ ਵਾਲੀਆਂ ਨਹੀਂ ਹਨ।

ਇਸੇ ਤਰ੍ਹਾਂ ਪੰਜਾਬੀ ਔਰਤ ਦੇ ਨਾਰੀ ਸਰੋਕਾਰ ਸਿਰਫ਼ ਉੱਚ ਜਾਂ ਮੱਧਵਰਗੀ ਔਰਤਾਂ ਦੇ ਕਾਮ-ਹਾਬੜੇ ਤੱਕ ਸੀਮਤ ਨਹੀਂ ਬਲਕਿ ਨਿਮਨ ਵਰਗ ਦੀਆਂ ਔਰਤਾਂ ਨੂੰ ਨਪੀੜਨ ਵਾਲੇ ਆਰਥਿਕ, ਸਮਾਜਿਕ ਝਮੇਲਿਆਂ ਤੱਕ ਵੀ ਪੱਸਰੇ ਹੋਏ ਹਨ। ਹਰਪ੍ਰੀਤ ਚਨੂੰ ਦੀ ਕਹਾਣੀ 'ਚੱਲ ਚਿੜੀਏ ਮੈਂ ਆਇਆ...' ਦੇ ਹਵਾਲੇ ਨਾਲ ਕਿਹਾ ਜਾਵੇ ਤਾਂ ਦਲਿਤ ਔਰਤ ਸੂਟ੍ਹੀ ਸਥਾਪਿਤ ਰਾਜਸੀ ਧਿਰਾਂ ਵੱਲੋਂ ਦੁਰਕਾਰੀ ਆਪਣੀ ਮਾਨਵੀ ਹੋਂਦ ਨੂੰ "ਨੱਕ ਨਾਲੋਂ ਸੀਂਢ ਵਾਂਗ ਗਵਾਹ ਕੇ ਪਰ੍ਹੇ ਮਾਰਨ" ਵਰਗੀ ਮਹਿਸੂਸ ਕਰਦੀ ਹੈ। ਉਸ ਵਰਗੀਆਂ ਦਮਿਤ ਔਰਤਾਂ ਦੀ ਜ਼ਿੰਦਗੀ ਨੂੰ ਮਾਅਨੇਖੇਜ਼ ਬਣਾਉਣਾ ਵੀ ਪੰਜਾਬੀ ਕਹਾਣੀ ਦਾ ਵੱਡਾ ਸਰੋਕਾਰ ਬਣਦਾ ਹੈ।

ਵਿਸ਼ਾਵਸਤੂ ਦੀ ਚੋਣ ਵਾਂਗ ਹੀ ਬਿਰਤਾਂਤਕਾਰੀ ਦੇ ਪੱਖ ਤੋਂ ਦੇਖੀਏ ਤਾਂ ਇਸ ਵਰ੍ਹੇ ਦੀ ਪੰਜਾਬੀ ਕਹਾਣੀ ਨੇ ਬੇਲੋੜੀ ਜਟਿਲਤਾ, ਅਮੂਰਤਤਾ (ਐਬਸਟ੍ਰੈਕਸ਼ਨ) ਅਤੇ ਕਥਨਮੂਲਕ ਪ੍ਰਚਾਰਾਤਮਕਤਾ ਵੱਲੋਂ ਵੀ ਕੁਝ ਨਾ ਕੁਝ ਪਾਸਾ ਵੱਟਿਆ ਜਾਪਦਾ ਹੈ। ਇਸੇ ਲਈ ਸਥਾਪਿਤ ਲੇਖਕਾਂ ਦੀਆਂ ਜਟਿਲਤਰ ਕਹਾਣੀਆਂ ਦੇ ਮੁਕਾਬਲੇ ਮੁਲੋਂ ਨਵੇਂ ਕਹਾਣੀਕਾਰਾਂ, ਅਮਰਜੀਤ ਸਿੰਘ ਮਾਨ ਅਤੇ ਰੇਮਨ ਦੀਆਂ ਸਰਲ, ਲਕੀਰੀ ਅਤੇ ਛੋਟੇ ਆਕਾਰ ਦੀਆਂ ਰੌਚਿਕ ਅਤੇ ਅਰਥਪੂਰਨ ਕਹਾਣੀਆਂ ਨੂੰ ਪਾਠਕ ਨੇ ਵਧੇਰੇ ਪਸੰਦ ਕੀਤਾ ਹੈ। ਸ਼ਾਇਦ ਇਹ ਵਿਰਕ-ਟੱਚ ਵਾਲੇ ਕਥਾਮਾਡਲ ਦੀ ਪੁਨਰ-ਸੁਰਜੀਤੀ ਦਾ ਸੰਕੇਤ ਹੀ ਹੋਵੇ।

ਇਸ ਪ੍ਰਕਾਰ ਇਸ ਸਾਲ ਦੀ ਕਹਾਣੀ ਨੇ ਪਾਠਕ-ਮੁੱਖ ਹੋ ਕੇ ਤੁਰਨ ਵੱਲ ਸਲਾਹੁਣਯੋਗ ਕਦਮ ਚੁੱਕਿਆ ਹੈ ਜਿਸ ਦੇ ਭਵਿੱਖ ਵਿਚ ਚੰਗੇ ਸਿੱਟੇ ਨਿਕਲਣ ਦੀ ਆਸ ਹੈ।

# ਪੁਆਧ ਦਾ ਗੇੜਾ

## ਕਲਾ ਪਰਿਕਰਮਾ

ਡਾ. ਸਤਨਾਮ ਸਿੰਘ ਜੱਸਲ

ਮਨਮੋਹਨ ਸਿੰਘ ਦਾਊਂ ਪੰਜਾਬੀ ਸਾਹਿਤ ਵਿਚ ਸਥਾਪਿਤ ਨਾਂ ਹੈ। ਉਸ ਦੇ ਹੁਣ ਤੱਕ ਬਾਰਾਂ ਕਾਵਿ ਸੰਗ੍ਰਹਿ - ਖ਼ਾਮੋਸ਼ ਚਸ਼ਮਾ, ਦਰਦ ਸੰਗ ਦੋਸਤੀ, ਮਿੱਟੀ ਦਾ ਰੁਦਨ, ਰਾਤਾਂ ਪ੍ਰਭਾਤਾਂ, ਅਗੰਮ ਅਗੋਚਰ, ਸ਼ਾਇਰੀ ਦਾ ਸਰਵਰ, ਸ਼ਾਇਰੀ ਸਾਗਰ, ਉਦਾਸੀਆਂ ਦਾ ਬੂਹਾ: ਸੁਲੱਖਣੀ, ਪੰਛੀ ਬਿਰਖ ਸੁਹਾਵੜਾ, ਤਿੱਪ ਤੇ ਕਾਇਨਾਤ, ਚਾਨਣ ਦੀ ਪੈੜ, ਸਮਿਆਂ ਦੀ ਪੈੜ- ਪ੍ਰਕਾਸ਼ਿਤ ਹੋ ਚੁੱਕੇ ਹਨ ਤੇ ਇਨ੍ਹਾਂ ਵਿਚ ਸ਼ਾਇਰੀ ਸਾਗਰ ਤੇ ਪੰਛੀ ਬਿਰਖ ਸੁਹਾਵੜਾ ਕਾਵਿ ਸੰਗ੍ਰਹਿ ਨੂੰ ਇਨਾਮ ਵੀ ਮਿਲ ਚੁੱਕਿਆ ਹੈ। 'ਪੁਆਧ ਦੀਆਂ ਝਲਕਾਂ' ਖੋਜ ਪੁਸਤਕ ਹੈ। ਸੰਪਾਦਕ ਦੀ ਜਨਮ ਭੂਮੀ ਪੁਆਧ ਖੇਤਰ ਦਾ ਪਿੰਡ ਦਾਊਂ ਹੈ। ਡਾਕਟਰ ਅਮਰ ਕੋਮਲ ਅਨੁਸਾਰ ਦਾਊਂ ਦੀ ਸਾਹਿਤਕ, ਸਭਿਆਚਾਰਕ, ਇਤਿਹਾਸਕ ਪਿਛੋਕੜ ਨਾਲ ਸੱਚੀ-ਸੁੱਚੀ ਮੁਹੱਬਤ ਹੈ ਤੇ ਉਸ ਨੇ ਆਪਣੀ ਖੋਜ ਦੇ ਯਤਨਾਂ ਨਾਲ ਪੁਆਧ ਦੀ ਸੰਸਕ੍ਰਿਤੀ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਪੰਜਾਬੀ ਹਲਕਿਆਂ ਵਿਚ ਪ੍ਰਚਾਰਿਆ ਹੈ। ਹੱਥਲੀ ਪੁਸਤਕ 'ਪੁਆਧ ਕੀਆਂ ਝਲਕਾਂ' ਇਤਿਹਾਸਕ ਦਸਤਾਵੇਜ਼ ਹੈ। ਮਨਮੋਹਨ ਸਿੰਘ ਦਾਊਂ ਨੇ ਬਹੁਤ ਹੀ ਧਿਆਨ ਦਿੰਦਿਆਂ ਸੰਪਾਦਕ ਵਜੋਂ ਇਸ ਪੁਸਤਕ ਨੂੰ ਛੇ ਖੰਡਾਂ ਵਿਚ ਵਿਉਂਤਿਆ ਹੈ। ਇਹ ਵਿਉਂਤ ਉਸ ਦੀ ਪਰੱਪਕ ਖੋਜ ਬਿਰਤੀ ਦੀ ਲਖਾਇਕ ਹੈ।

ਪਹਿਲੇ ਖੰਡ ਵਿਚ ਤੇਰਾਂ ਲੇਖ ਹਨ। 'ਬਾਤਾਂ ਦੇਸ ਪੁਆਧ ਦੀਆਂ' ਲੇਖ ਵਿਚ ਡਾ. ਨਿਰਮਲ ਸਿੰਘ (ਲਾਂਬੜਾਂ) ਜਲੰਧਰ ਨੇ ਪੁਆਧ ਦੀ ਭੂਗੋਲਿਕ ਸਥਿਤੀ ਦੀ ਗੱਲ ਕਰਦਿਆਂ ਇੱਥੋਂ ਦੇ ਕੁਦਰਤੀ ਵਾਤਾਵਰਨ ਸਬੰਧੀ ਵਿਸਤ੍ਰਿਤ ਵੇਰਵਾ ਦਿੱਤਾ ਹੈ। ਦੂਜੇ ਲੇਖ 'ਪੰਜਾਬੀ ਪੀਡੀਆ ਰਾਹੀਂ ਪੁਆਧੀ ਰਾਹੀਂ ਜਾਣਕਾਰੀ' ਪੁਆਧੀ ਦੀ ਬੋਲੀ, ਪੁਆਧੀ ਦੀਆਂ ਧੁਨੀਆਤਮਿਕ ਵਿਸ਼ੇਸ਼ਤਾਵਾਂ ਅਤੇ ਪੁਆਧੀ ਦੀਆਂ ਵਿਆਕਰਨਿਕ ਵਿਸੇਸ਼ਤਾਵਾਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਪ੍ਰੋ. ਰਾਕੇਸ਼ ਕੁਮਾਰ ਨੇ ਆਪਣੇ ਲੇਖ 'ਪੁਆਧ ਦੀਆਂ ਲੋਪ ਹੋ ਰਹੀਆਂ ਲੋਕ ਕਹਾਣੀਆਂ' ਵਿਚ ਲੋਕ-ਕਹਾਣੀਆਂ ਨੂੰ ਪਰਿਭਾਸ਼ਤ ਕਰਦਿਆਂ ਦੱਸਿਆ ਹੈ ਕਿ ਖੇਤਰੀ ਖੋਜ ਦੌਰਾਨ ਪੁਆਧ ਦੀਆਂ ਮਿੱਥ ਕਹਾਣੀਆਂ, ਦੰਦਕਥਾਵਾਂ/ਕਹਾਣੀਆਂ, ਪਰੀ ਕਹਾਣੀਆਂ, ਜਨੌਰ ਕਹਾਣੀਆਂ,ਹਸਾਉਣੀਆਂ ਕਹਾਣੀਆਂ ਬਾਰੇ ਜਾਣਕਾਰੀ ਮਿਲੀ ਹੈ ਅਤੇ ਜਦੋਂ ਲੇਖ ਦੇ ਲੇਖਕ ਨੇ ਪੁਆਧ ਦੀਆਂ ਲੋਕ ਕਹਾਣੀਆਂ ਇਕੱਤਰ ਕਰਨ ਦਾ ਕਾਰਜ ਅਰੰਭਿਆ ਉਸ ਨੂੰ ਪੁਆਧੀ ਪਰੀ ਕਹਾਣੀਆਂ, ਜਨੌਰ ਕਹਾਣੀਆਂ, ਗੰਦੀ-ਗੰਦੀ ਬਾਤਾਂ ਦੀਆਂ ਵੰਨਗੀਆਂ ਵੀ ਪ੍ਰਾਪਤ ਹੋਈਆਂ। ਲੇਖ ਦੇ ਲੇਖਕ ਨੇ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਲੋਕ ਕਹਾਣੀਆਂ ਦੇ ਲੋਪ ਹੋਣ ਦਾ ਕਾਰਨ ਇਹ ਹੈ ਕਿ ਲੋਕ ਆਪਣੇ ਸਭਿਆਚਾਰ ਤੋਂ ਦਿਨ-ਬ-ਦਿਨ ਦੂਰ ਹੋ ਰਹੇ ਹਨ। ਡਾਕਟਰ ਅਮਨਦੀਪ ਕੌਰ ਨੇ ਲੇਖ 'ਪੁਆਧੀ ਅਤੇ ਟਕਸਾਲੀ ਪੰਜਾਬੀ ਵਿਚਲੇ ਵਖਰੇਵੇਂ' ਵਿਚ ਉਦਾਹਰਣਾਂ ਸਹਿਤ ਵਖਰੇਵੇਂ ਬਾਰੇ ਮੁੱਲਵਾਨ ਜਾਣਕਾਰੀ ਦਿੱਤੀ ਹੈ।





ਸੁਖਦੇਵ ਮਾਦਪੁਰੀ ਨੇ 'ਪੁਆਧੀ ਲੋਕ ਗੀਤਾਂ 'ਚ ਜਨ ਜੀਵਨ ਦੀ ਝਲਕ' ਵਿਚ ਪੁਆਧੀ ਲੋਕ ਗੀਤਾਂ ਨੂੰ ਪੰਜਾਬੀ ਲੋਕਧਾਰਾ ਦਾ ਅਨਿੱਖੜਵਾਂ ਅੰਗ ਮੰਨਦਿਆਂ ਇਹ ਗੱਲ ਵੀ ਕਹੀ ਕਿ ਪੁਆਧ ਦੇ ਲੋਕ ਜਾਂ ਤਾਂ ਮਲਵਈ ਲੋਕ ਗੀਤ ਗਾਉਂਦੇ ਹਨ ਜਾਂ ਫਿਰ ਬਾਂਗਰੂ ਹਰਿਆਣਵੀ ਗੀਤ। ਪ੍ਰੋ. ਅਤੈ ਸਿੰਘ ਨੇ 'ਪੁਆਧੀ ਕਵੀਸ਼ਰੀ ਪਰੰਪਰਾ' ਦੀ ਗੱਲ ਕਰਦਿਆਂ ਕਿਹਾ ਹੈ ਕਿ ਪੁਆਧੀ ਕਵੀਸ਼ਰੀ ਪਰੰਪਰਾ ਪੁਆਧੀ ਲੋਕ ਮਨ ਦਾ ਕਲਾਤਮਕ ਪ੍ਰਗਟਾ ਏ। ਡਾ. ਅਮਨਦੀਪ ਕੌਰ ਨੇ ਆਪਣੇ ਲੇਖ ਰਾਹੀਂ ਪੁਆਧ ਅਤੇ ਪੁਆਧੀ ਨਾਲ ਸਬੰਧਿਤ ਖੋਜ ਪੁਸਤਕਾਂ ਵੱਲ ਧਿਆਨ ਦਿਵਾਇਆ ਹੈ। ਦਲਜੀਤ ਕੌਰ ਦਾਊਂ ਨੇ 'ਜਪੁਜੀ 'ਚ ਪੁਆਧੀ ਸ਼ਬਦ ਪ੍ਰਯੋਜਨ- ਇਕ ਸਰਵੇਖਣ' ਲੇਖ ਵਿਚ ਦੱਸਿਆ ਹੈ ਕਿ ਬਾਣੀ ਵਿਚਲੇ ਕਾਫ਼ੀ ਸ਼ਬਦ ਪੁਆਧੀ ਭਾਸ਼ਾ ਨਾਲ ਮਿਲਦੇ ਹਨ ਜਿਨ੍ਹਾਂ ਦਾ ਉਸ ਨੇ ਵੇਰਵਾ ਵੀ ਦਿੱਤਾ ਹੈ। ਇਸ ਖੰਡ ਵਿਚ 'ਲੋਪ ਹੋ ਰਹੀ ਪੁਆਧੀ ਲੋਕ-ਕਲਾ: ਪੱਤਲ' ਅਤੇ 'ਪੁਆਧ ਦੀਆਂ ਜਲਗਾਹਾਂ' ਬਾਰੇ ਗੱਲ ਕੀਤੀ ਹੈ।

ਖੰਡ ਦੂਜਾ ਵਿਚ 'ਪੁਆਧ ਦੇ ਕਿਲ੍ਹਿਆਂ ਦੇ ਖੰਡਰਾਂ 'ਚੋਂ ਬੋਲਦਾ ਇਤਿਹਾਸ' ਵਿਚ ਪਿੰਡ ਬੁੜੈਲ ਦੇ ਇਤਿਹਾਸਕ ਕਿਲ੍ਹੇ, ਪਿੰਡ ਮਨੌਲੀ ਦੇ ਕਿਲ੍ਹੇ ਦੇ ਬੋਲਦੇ ਖੰਡਰ, ਸਿੱਖ ਇਤਿਹਾਸ ਦੀ ਵਿਰਾਸਤ ਕੋਟਲਾ ਨਿਹੰਗ ਦਾ ਕਿਲ੍ਹਾ, ਕਿਲ੍ਹਾ ਭਰਤਗੜ੍ਹ: ਅਤੀਤ ਤੇ ਵਰਤਮਾਨ, ਕਿਲ੍ਹਾ ਰਾਮਗੜ੍ਹ ਦੀ ਰੌਚਿਕ ਕਹਾਣੀ, ਖਰੜ ਦੇ ਲੋਪ ਹੋਏ ਕਿਲ੍ਹੇ ਦੀ ਦਾਸਤਾਨ, ਪਿੰਡ ਖੇੜਾ ਦਾ ਖੰਡਰ ਹੋਇਆ ਕਿਲ੍ਹਾ, ਸੂਰਜਗੜ੍ਹ ਕਿਲ੍ਹਾ ਮਨੀਮਾਜਰਾ, ਕਿਲ੍ਹਾ ਸੁਹਾਣਾ ਦੀ ਦਾਸਤਾਨ, ਕਿਲ੍ਹਾ ਬੇਲਾ ਦੀ ਥਾਂ ਉਸਰੇ ਸਿੱਖਿਆ ਅਦਾਰੇ, ਕਿਲ੍ਹਾ ਮਨੌਲੀ, ਸਿੱਖ ਮਿਸਲ ਦੀ ਜਿੱਤ, ਕਿਲ੍ਹਾ ਫਤਹਿਪੁਰ ਦੇ ਲੋਪ ਹੋਣ ਦੀ ਦਾਸਤਾਨ, ਅਣਗੌਲਿਆ ਇਤਿਹਾਸ- ਤਿੰਨ ਕਿਲ੍ਹੇ: ਭੰਖਰਪੁਰ, ਬਸੀ ਤੇ ਡੇਰਾ, ਇਤਿਹਾਸਕ ਕਿਲ੍ਹਾ ਠਰਵਾ ਆਦਿ ਲੇਖਾਂ ਰਾਹੀਂ ਪੁਆਧ ਦੇ ਇਤਿਹਾਸ ਬਾਰੇ ਜਾਣਕਾਰੀ ਉਪਲੱਬਧ ਕਰਵਾਉਣ ਦਾ ਯਤਨ ਕੀਤਾ ਗਿਆ ਹੈ।

ਇਸੇ ਤਰ੍ਹਾਂ ਖੰਡ ਤੀਜਾ ਵਿਚ ਪੁਆਧ ਦੀਆਂ ਬਾਤਾਂ ਪਾਉਂਦੇ ਪਿੰਡ, ਨਗਰ ਤੇ ਸ਼ਹਿਰਾਂ ਜਿਵੇਂ ਕਿ ਨੰਗਲ, ਮਾਣਕਪੁਰ, ਮੁੱਲਾਂਪੁਰ, ਮਨੀਮਾਜਰਾ, ਬੰਨ੍ਹਮਾਜਰਾ, ਮੋਟੇਮਾਜਰਾ, ਖਿਜਰਾਬਾਦ, ਭਾਖੜਾ ਡੈਮ, ਸਤਲੁਜ, ਕੰਬਾਲਾ, ਅਧਰੇੜਾ, ਅੱਲਾਪੁਰ, ਖਾਨਪੁਰ (ਖਰੜ), ਕਬੂਲਪੁਰ, ਸੰਧਰਸੀ ਦਾ ਮੇਲਾ, ਹਿਰਦਾਪੁਰ, ਭੰਖਰਪੁਰ, ਫਤਿਹਪੁਰ ਥੇੜੀ, ਸਾਰੰਗਪੁਰ ਆਦਿ ਰਾਹੀਂ ਇਨ੍ਹਾਂ ਥਾਵਾਂ ਦੀ ਵਿਸ਼ੇਸ਼ਤਾ ਤੋਂ ਜਾਣੂ ਕਰਵਾ ਕੇ ਇਤਿਹਾਸਕ ਦਸਤਾਵੇਜ਼ ਬਣਾਉਣ ਦਾ ਯੋਗ ਉਪਰਾਲਾ ਕੀਤਾ ਹੈ। ਚੌਥੇ ਖੰਡ ਵਿਚ ਪੁਆਧ ਦੀਆਂ ਕੁਝ ਪ੍ਰਮੁੱਖ ਸ਼ਖ਼ਸੀਅਤਾਂ ਜਿਵੇਂ ਸਰ ਇੰਦਰ ਸਿੰਘ, ਪ੍ਰੋ. ਲਖਮੀਰ ਸਿੰਘ, ਸੁੱਚਾ ਸਿੰਘ ਐਡਵੋਕੇਟ, ਨੱਥਾ ਸਿੰਘ ਖਰੜ, ਘੜਾਮ ਦੇ ਭੀਖਣ ਸ਼ਾਹ ਜੀ, ਕਰਨਲ ਅੱਛਰਾ ਸਿੰਘ, ਡਾ. ਕਰਨੈਲ ਸਿੰਘ ਸੋਮਲ, ਪ੍ਰਤਾਪ ਸਿੰਘ ਬੈਦਵਾਨ ਬਾਰੇ ਲੇਖ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਤੋਂ ਜਾਣੂ ਕਰਵਾਇਆ ਗਿਆ ਹੈ। ਖੰਡ ਪੰਜਵਾਂ ਵਿਚ ਪੁਆਧੀ ਵਾਰਤਕ ਰੰਗ ਵਾਲੀਆਂ ਤੇ ਪੁਆਧ ਬਾਰੇ ਕਾਵਿ ਰਚਨਾਵਾਂ ਤੇ ਖੰਡ ਛੇਵਾਂ ਵਿਚ ਦੁਰਲੱਭ ਲਿਖਤਾਂ ਦਾ ਜ਼ਿਕਰ ਹੈ।

ਮਨਮੋਹਨ ਸਿੰਘ ਦਾਊਂ ਦੀ ਸੰਪਾਦਨਾ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਜਿੱਥੇ ਇਹ ਪੁਆਧ ਦੀ ਭੂਗੋਲਿਕ ਸਥਿਤੀ ਬਾਰੇ ਜਾਣਕਾਰੀ ਦਿੰਦਾ ਹੈ ਉੱਥੇ ਨਾਲੋ ਨਾਲ ਸਮਾਜ ਸਭਿਆਚਾਰ, ਸਾਹਿਤ, ਲੋਕ ਸਾਹਿਤ, ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਸਦਕਾ ਹੋਰ ਵੀ ਅਗਲੇਰੀ ਖੋਜ ਦਾ ਰਾਹ ਖੁੱਲ੍ਹਦਾ ਹੈ।










ਪੁਆਧ ਬਾਰੇ ਮਨਮੋਹਨ ਸਿੰਘ ਦਾਊਂ ਦੀਆਂ ਸੰਪਾਦਤ ਕਿਤਾਬਾਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਜਨਵਰੀ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-569



**ਲੈ ਖਿਡੌਣੇ ਵੇਚਣ ਤੁਰ ਪਏ, ਖੇਡਣ ਦੀ ਖ਼ੁਦ ਉਮਰ ਸੀ ਯਾਰੋ,**
**ਕਿਉਂ ਮਜਬੂਰ ਹੋਏ ਨੇ ਬੱਚੇ, ਕੋਈ ਤੇ ਹਾਅ ਦਾ ਨਾਅਰਾ ਮਾਰੋ।**
**ਕਿਸ ਨੇ ਹੱਥੋਂ ਬਚਪਨ ਖੋਹੇ, 'ਕੱਠੇ ਬੈਠ ਕੇ ਕੁਝ ਸੋਚ ਵਿਚਾਰੋ,**
**ਜੀਵਨ ਦਾ ਇਹ ਲੰਮਾ ਪੈਂਡਾ, ਕਰ ਸਿਰ ਛਾਵਾਂ ਨਾਲ਼ ਗੁਜ਼ਾਰੋ।**

## ਕੈਪਸ਼ਨ ਮੁਕਾਬਲਾ-567



ਨਾਲ਼ ਗਾਰਡ ਦੇ ਗਿਟ-ਮਿਟ ਕਰ ਕੇ
ਮਾਲ ਗੱਡੀ ਵਿਚ 'ਮਾਲ' ਲਿਆਏ।
ਸੁੰਨੇ ਥਾਂ 'ਤੇ ਰੋਕ ਕੇ ਗੱਡੀ
ਰੱਸੇ ਬੰਨ੍ਹ ਥੱਲੇ ਲਮਕਾਏ।
ਸਦਕੇ ਜਾਈਏ ਸਕੀਮ ਥੋਡੀ ਦੇ
ਜਣਾ ਖਣਾ ਨਾ ਇਹ ਕਰ ਪਾਏ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਕੁਦਰਤ ਹੈ ਜਿਊਂਦੀ
ਹਰ ਸ਼ੈਅ ਜੰਮਣਾ ਮਰਨਾ
ਨੌਜਵਾਨ ਨੱਠ ਨੱਠ ਮੁੜ੍ਹਕੋ ਮੁੜ੍ਹਕੀ
ਚੱਕ ਲੁਹਾਂਡੇ
ਸਿਰ ਦਿਨ ਰਾਤ ਇਕ ਕਰਦਾ
ਵਰਤਮਾਨ ਭੁੱਲ
ਭਵਿੱਖ ਲਈ ਜੋੜ ਜੋੜ
ਖਾ ਟਪਲਾ ਅੰਧ ਵਿਸ਼ਵਾਸਾਂ ਦਾ
ਜਿਊਂਦੇ ਜੀਅ ਭੁੱਖੇ ਰਹਿ ਕੇ
ਮੌਤ ਮਗਰੋਂ ਮਾਹਲ ਪੂੜੇ
ਵੰਡੇ ਜਾਣ ਦੀ ਤਮੰਨਾ ਰੱਖਦਾ
ਦੌੜਦਾ ਜਦ ਤਕ ਖੂਨ
ਸਿਰ ਤੋਂ ਪੈਰਾਂ ਤਕ
ਨਹੀਂ ਬੁੱਝੇ ਫਸੇ
ਅਜੇ ਨਾ ਘੜੀ ਆੜ ਵਾਂਗ
ਜਬ ਤਕ ਸੁਆਸ ਤਬ ਤਕ ਆਸ
ਮਰ ਗਿਆ; ਖਤਮ ਬਸ ਯਾਦ ਪਿੱਛੇ
ਮਰਤੇ ਸਮੇਂ ਸਕੰਦਰੇ ਆਜ਼ਮ ਕਾ,
ਹਾਥ ਥਾ ਕਫ਼ਨ ਸੇ ਬਾਹਰ ਖਾਲੀ।
***-ਦਰਸ਼ਨ ਪਾਲ ਦੋਸਾਂਝ***

---

ਭਗਵੰਤ ਮਾਨ ਮੰਗਿਆ
ਕੋਲਾ ਥਰਮਲ ਪਲਾਂਟਾਂ ਲਈ,
ਨਾਲੇ ਮੰਗਿਆ ਹਿੱਸਾ
ਜੀ ਐਸ ਟੀ ਦਾ ਗਰਾਂਟਾਂ ਲਈ
ਮੋਦੀ ਸਾਹਿਬ ਮਾਰਿਆ
ਨਹਿਲੇ 'ਤੇ ਦਹਿਲਾ
ਕੋਲਾ ਆਊਗਾ ਵਾਯਾ
ਲੰਕਾ ਗੁਜਰਾਤ
ਨਾਲੇ ਖੋਤੇ ਪਹਿਲਾਂ
ਸਥਾਨਕ ਢੋਆ-ਢੁਆਈ ਲਈ
ਕੰਮ ਆਉਣਗੇ ਖੋਤੇ,
ਸਾਰਾ ਕੰਮ ਸਸਤਾ ਪਊ,
ਨਾਲੇ ਲੁਆ ਦਿੱਤੇ ਰਾਜਸੀ ਗ਼ੋਤੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ, ਪਟਿਆਲਾ।***
***ਫੋਨ: 98784-69639***

## ਨਫਰਤ ਦਾ ਧੰਦਾ-1

# ਮੁੱਖ ਧਾਰਾ ਲਈ ਮਸਾਲਾ ਤਿਆਰ ਕਰਦੇ ਸੱਜੇ-ਪੱਖੀ ਯੂਟਿਊਬਰ

***ਪਿਛਲੇ ਕੁਝ ਸਮੇਂ ਤੋਂ ਯੂਟਿਓਬ ਚੈਨਲਾਂ ਨੇ ਮੀਡੀਆ, ਖਾਸਕਰ ਸੋਸ਼ਲ ਮੀਡੀਆ 'ਤੇ ਗਾਹ ਪਾਇਆ ਹੋਇਆ ਹੈ। ਕੱਟੜ ਤਾਕਤਾਂ ਇਸ ਮੰਚ ਨੂੰ ਖ਼ੂਬ ਵਰਤ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਵਰਗੀਆਂ ਸਿਆਸੀ ਜਮਾਤਾਂ ਇਨ੍ਹਾਂ ਯੂਟਿਊਬਰਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਇਸ ਪਾਰਟੀ ਦੇ ਲੀਡਰ ਮੁੱਖ ਚੈਨਲਾਂ ਦੀ ਥਾਂ ਇਨ੍ਹਾਂ ਯੂਟਿਊਬਰਾਂ ਨੂੰ ਇੰਟਰਵਿਊ ਦਿੰਦੇ ਹਨ ਅਤੇ ਆਪਣੀ ਮਰਜ਼ੀ ਦੀਆਂ ਗੱਲਾਂ ਕਰਦੇ ਹਨ। ਉਘੇ ਰਸਾਲੇ 'ਕਾਰਵਾਂ' ਨਾਲ ਜੁੜੇ ਨੀਲ ਮਾਧਵ ਅਤੇ ਅਲੀਸਾਨ ਜਾਫਰੀ ਇਸ ਮਸਲੇ ਦੀਆਂ ਤਹਿਆਂ ਫਰੋਲਦਿਆਂ ਰਿਪੋਰਟ ਤਿਆਰ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ।***

**ਨੀਲ ਮਾਧਵ/ਅਲੀਸਾਨ ਜਾਫਰੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

'ਬੁਲਡੋਜ਼ਰ ਬਾਬਾ ਨੇ ਦੀਆ ਐਸਾ ਜਵਾਬ ਤੋ ਬਿਲਬਿਲਾ ਉਠਾ ਵਿਪਕਸ਼' ਸਿਰਲੇਖ ਵਾਲੇ ਯੂਟਿਊਬ ਵੀਡੀਓ ਵਿਚ ਬਾਬਾ ਥੱਕਿਆ ਹੋਇਆ ਲੱਗ ਰਿਹਾ ਸੀ। ਉਸ ਦਾ ਥਕੇਵਾਂ ਸਮਝਿਆ ਜਾ ਸਕਦਾ ਸੀ। ਇਹ ਵੀਡੀਓ 22 ਫਰਵਰੀ ਨੂੰ ਜਾਰੀ ਕੀਤਾ ਗਿਆ ਸੀ ਅਤੇ ਅਜੈ ਸਿੰਘ ਬਿਸ਼ਟ (ਯੋਗੀ ਆਦਿੱਤਿਆਨਾਥ) ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਆਪਣਾ ਅਹੁਦਾ ਬਰਕਰਾਰ ਰੱਖਣ ਲਈ ਲੱਗਭੱਗ ਡੇਢ ਮਹੀਨੇ ਤੋਂ ਪ੍ਰਚਾਰ ਕਰ ਰਹੇ ਸਨ। ਬਿਸ਼ਟ ਨੇ ਆਪਣੀ ਸਰਕਾਰ ਦੁਆਰਾ ਮੁਸਲਮਾਨਾਂ ਦੇ ਘਰ ਢਾਹੁਣ ਲਈ 'ਬੁਲਡੋਜ਼ਰ ਬਾਬਾ' ਦਾ ਖ਼ਿਤਾਬ ਹਾਸਲ ਕੀਤਾ। ਅਗਲੇ ਦਿਨ ਦੁਨੀਆ ਦੀਆਂ ਸਭ ਤੋਂ ਵੱਡੀਆਂ ਸੂਬਾਈ ਚੋਣਾਂ ਵਿਚ ਚੌਥੇ ਪੜਾਅ ਦੀਆਂ ਵੋਟਾਂ ਪੈਣੀਆਂ ਸਨ, ਐਲਾਨ ਤੋਂ ਲੈ ਕੇ ਨਤੀਜੇ ਆਉਣ ਤੱਕ ਤਿੰਨ ਮਹੀਨਿਆਂ ਤੱਕ ਚੱਲੀ ਮੈਰਾਥਨ। ਭਾਰਤੀ ਜਨਤਾ ਪਾਰਟੀ ਦੀ ਰਾਜ ਦੀ ਪ੍ਰਚਾਰ ਮੁਹਿੰਮ ਦੇ ਇਕਲੌਤੇ ਚਿਹਰੇ ਬਿਸ਼ਟ ਦਾ ਸਮਾਂ ਬਹੁਤ ਰੁਝੇਵਿਆਂ ਭਰਿਆ ਸੀ।

ਮੁਲਕ ਦੇ ਸਭ ਤੋਂ ਵੱਡੇ ਮੀਡੀਆ ਸਮੂਹ ਵਿਸ਼ੇਸ਼ ਇੰਟਰਵਿਊ ਲੈਣ ਲਈ ਉਸ ਦੇ ਪਿੱਛੇ-ਪਿੱਛੇ ਘੁੰਮ ਰਹੇ ਸਨ ਪਰ ਉਨ੍ਹਾਂ ਨੂੰ ਸੀਮਤ ਕਾਮਯਾਬੀ ਹੀ ਮਿਲੀ ਸੀ। ਇਕ ਮੁੱਖ ਅੰਗਰੇਜ਼ੀ ਟੈਲੀਵਿਜ਼ਨ ਚੈਨਲ ਦੇ ਉੱਤਰ ਪ੍ਰਦੇਸ਼ ਚੋਣਾਂ ਦੀ ਕਵਰੇਜ ਕਰ ਰਹੇ ਪੱਤਰਕਾਰਾਂ ਵਿਚੋਂ ਇਕ ਨੇ ਸਾਨੂੰ ਦੱਸਿਆ ਕਿ ਉਸ ਨੇ ਤਿੰਨ ਮਹੀਨਿਆਂ ਤੋਂ ਵੱਧ ਸਮਾਂ ਕੋਸ਼ਿਸ਼ ਕੀਤੀ ਪਰ ਮੁੱਖ ਮੰਤਰੀ ਨਾਲ ਦਸ ਮਿੰਟ ਦੀ ਗੱਲਬਾਤ ਵੀ ਨਹੀਂ ਹੋ ਸਕੀ। ਇਸ ਦੀ ਬਜਾਇ ਇੰਟਰਵਿਊ ਇਕ ਯੂਟਿਊਬਰ ਚੈਨਲ ਖ਼ਬਰ ਇੰਡੀਆ ਨੂੰ ਦਿੱਤੀ ਗਈ ਜਿਸ ਨੇ ਆਪਣਾ ਪਹਿਲੀ ਵੀਡੀਓ 'ਮੋਟਰਬਾਈਕ ਕਿਵੇਂ ਵੇਚੀਏ' ਚਾਰ ਸਾਲ ਪਹਿਲਾਂ ਅੱਪਲੋਡ ਕੀਤਾ ਸੀ। ਇਨ੍ਹਾਂ ਇੰਟਰਵਿਊ ਦੀ ਪਹੁੰਚ ਨੂੰ ਘਟਾ ਕੇ ਦੇਖਣਾ ਸੌਖਾ ਹੈ। ਬੁਲਡੋਜ਼ਰ ਬਾਬਾ ਦੀ ਇੰਟਰਵਿਊ ਨੂੰ ਯੂਟਿਊਬ 'ਤੇ ਤਕਰੀਬਨ ਢਾਈ ਲੱਖ ਵਾਰ ਅਤੇ ਫੇਸਬੁੱਕ 'ਤੇ ਤਕਰੀਬਨ 9 ਲੱਖ ਵਾਰ ਦੇਖਿਆ ਜਾ ਚੁੱਕਾ ਹੈ। ਬਿਸ਼ਟ ਨੇ ਜਲਦੀ ਹੀ ਕਈ ਹੋਰ ਯੂਟਿਊਬਰਾਂ ਨੂੰ ਇੰਟਰਵਿਊ ਦਿੱਤੇ: ਰਾਜਧਰਮ ਚੈਨਲ ਨੇ 'ਸਿਰਫ਼ 3 ਸਵਾਲੋਂ ਮੇਂ ਸੀਐੱਮ ਯੋਗੀ ਕਾ ਇੰਟਰਵਿਊ ਜੋ ਯੂਪੀ ਚੁਨਾਵ ਕੋ ਪੂਰੀ ਤਰਹ ਪਲਟ ਦੇਵੇਗਾ' ਸਿਰਲੇਖ ਨਾਲ ਇੰਟਰਵਿਊ ਅਪਲੋਡ ਕੀਤਾ; ਹੈੱਡਲਾਈਨਜ਼ ਇੰਡੀਆ ਨੇ 'ਯੋਗੀ ਆਦਿਤਿਆਨਾਥ ਕਾ ਸਭ ਸੇ ਤੇਜ਼ ਤਰਾਰ ਇੰਟਰਵਿਊ ਜਿਸੇ ਦੇਖ ਕਰ ਅਪਰਾਧੀਆਂ ਮੇਂ ਮਚਾ ਹੜਕੰਪ' ਸਿਰਲੇਖ ਵਾਲਾ ਇੰਟਰਵਿਊ ਪ੍ਰਕਾਸ਼ਿਤ ਕੀਤਾ। 'ਦਿ ਰਾਜਧਰਮ' ਅਤੇ 'ਹੈੱਡਲਾਈਨਜ਼ ਇੰਡੀਆ', ਦੋਨਾਂ ਦੇ ਇੰਟਰਵਿਊ ਨੂੰ ਯੂਟਿਊਬ ਉੱਪਰ ਪੰਜ ਲੱਖ ਤੋਂ ਵੱਧ ਵਾਰ ਦੇਖਿਆ ਗਿਆ।

ਇਹ ਯੂਟਿਊਬ ਚੈਨਲ ਪਲੇਟਫਾਰਮ ਉੱਪਰ ਆਪਣੀ ਸਮੱਗਰੀ ਨੂੰ ਏਨੀ ਗਤੀ ਨਾਲ ਫੈਲਾਉਣ ਵਿਚ ਮਾਹਿਰ ਹਨ ਕਿ ਮੁੱਖ ਧਾਰਾ ਮੀਡੀਆ ਚੈਨਲ ਈਰਖਾ ਕਰ ਸਕਦੇ ਹਨ ਅਤੇ ਅਕਸਰ ਵਧੇਰੇ ਵਫ਼ਾਦਾਰ ਦਰਸ਼ਕ ਉਨ੍ਹਾਂ ਨੂੰ ਮਿਲਦੇ ਹਨ। ਰਿਪਬਲਿਕ ਟੀਵੀ ਦੇ ਸੰਸਥਾਪਕ ਅਤੇ ਤੇਜ਼-ਤਰਾਰ ਐਂਕਰ ਅਰਨਬ ਗੋਸਵਾਮੀ ਦਾ ਮੁੱਖ ਮੰਤਰੀ ਨਾਲ ਇੰਟਰਵਿਊ ਯੂਟਿਊਬ 'ਤੇ ਸਿਰਫ਼ ਚਾਰ ਲੱਖ ਵਾਰ ਦੇਖਿਆ ਗਿਆ ਸੀ। ਓ ਨਿਊਜ਼ ਹਿੰਦੀ ਦੇ ਨਾਂ ਦੇ ਯੂਟਿਊਬ ਚੈਨਲ ਜੋ ਇਸੇ ਤਰ੍ਹਾਂ ਦੀ ਸਮੱਗਰੀ ਪ੍ਰਕਾਸ਼ਿਤ ਕਰਦਾ ਹੈ, ਦੇ ਰਿਸ਼ਭ ਅਵਸਥੀ ਨੇ ਕਿਹਾ, "ਮੁੱਖ ਮੰਤਰੀ ਨਾਲ ਯੂਟਿਊਬਰਾਂ ਦੇ ਇੰਟਰਵਿਊ ਦਾ ਪ੍ਰਬੰਧ ਉਨ੍ਹਾਂ ਦੀਆਂ ਆਪਣੀਆਂ ਪੀ.ਆਰ. ਟੀਮਾਂ ਦੁਆਰਾ ਕੀਤਾ ਗਿਆ ਸੀ।" ਉਸ ਨੂੰ ਇਸ ਦਾ ਦੁੱਖ ਸੀ ਕਿ ਉਸ ਨੂੰ ਮੌਕਾ ਨਹੀਂ ਮਿਲਿਆ।

ਇਹ ਚੈਨਲ ਘੋਰ ਸੱਜੇ ਪੱਖੀ ਯੂਟਿਊਬਰਾਂ ਦੇ ਤੇਜ਼ੀ ਨਾਲ ਵਧ ਰਹੇ ਸਮੂਹ ਨਾਲ ਸਬੰਧਤ ਹਨ। ਕਈ ਪਿੱਛੇ ਜਿਹੇ ਹੀ ਕੁਝ ਕਾਲਜ ਗ੍ਰੈਜੂਏਟਾਂ ਨੇ ਸ਼ੁਰੂ ਕੀਤੇ ਸਨ ਆਮ ਤੌਰ 'ਤੇ ਜਿਨ੍ਹਾਂ ਦੇ ਨਾਮ ਤੋਂ ਪਤਾ ਲੱਗਦਾ ਹੈ ਕਿ ਉਹ 'ਉੱਚ ਜਾਤੀਆਂ' 'ਚੋਂ ਹਨ। ਉਹ ਆਪਣੀ ਪਹੁੰਚ, ਖ਼ਬਰਾਂ ਦਾ ਏਜੰਡਾ ਤੈਅ ਕਰਨ ਦੀ ਆਪਣੀ ਸਮਰੱਥਾ ਅਤੇ ਨਫ਼ਰਤੀ ਬਿਆਨ ਅਤੇ ਇਸਲਾਮੀ ਹਊਏ ਦੀ ਸਭ ਤੋਂ ਘੋਰ ਰੂਪ 'ਚ ਪੇਸ਼ਕਾਰੀ ਕਰਨ ਦੇ ਮਾਮਲੇ 'ਚ ਮੁੱਖ ਧਾਰਾ ਦੇ ਨਿਊਜ਼ ਚੈਨਲਾਂ ਨੂੰ ਤੇਜ਼ੀ ਨਾਲ ਪਛਾੜ ਰਹੇ ਹਨ। ਹਿੰਦੀ ਯੂਟਿਊਬ ਦੀ ਮੁਕਾਬਲਤਨ ਅਨਿਯਮਤ ਨਿਰੰਕੁਸ਼ਤਾ ਵਿਚ ਕੌਮੀ ਰਾਜਧਾਨੀ ਦੇ ਆਲੇ-ਦੁਆਲੇ ਦੇ ਇਨ੍ਹਾਂ ਦਰਜਨਾਂ ਵਿਅਕਤੀਗਤ ਚੈਨਲਾਂ ਨੇ ਬਹੁਤ ਸਾਵਧਾਨੀ ਨਾਲ ਤਿਆਰ ਕੀਤੇ ਵੌਕਸ-ਪੌਪ ਵੀਡੀਓ ਅਤੇ ਹਿੰਦੂ ਕੱਟੜਪੰਥੀ ਇਕੱਠਾਂ ਦੀ ਜੇਤੂ ਕਵਰੇਜ ਦੇ ਆਧਾਰ 'ਤੇ ਛੋਟੇ ਛੋਟੇ ਸਾਮਰਾਜ ਬਣਾ ਲਏ ਹਨ।


ਦਿੱਲੀ ਵਿਚ ਸ਼ਾਹੀਨ ਬਾਗ ਨੂੰ ਬੰਗਲਾਦੇਸ਼ੀਆਂ ਦਾ ਗੜ੍ਹ ਬਣਨ ਵਾਲੇ ਵੀਡੀਓ ਤੋਂ ਬਾਅਦ ਉੱਥੇ ਪੁੱਜੇ ਨਗਰ ਨਿਗਮ ਦੇ ਬੁਲਡੋਜ਼ਰ। ਇਸ ਤੋਂ ਕੁਝ ਦਿਨ ਪਹਿਲਾਂ ਹੀ ਇਹ ਵੀਡੀਓ ਵਾਇਰਲ ਹੋਇਆ ਸੀ ਕਿ ਹੁਣ ਸ਼ਾਹੀਨ ਬਾਗ 'ਤੇ ਬੁਲਡੋਜ਼ਰ ਚੱਲੇਗਾ।

ਇਨ੍ਹਾਂ ਚੈਨਲਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਮਾਧਿਅਮ ਦੇ ਪੁਰਾਣੇ ਚੈਨਲਾਂ ਨੂੰ ਜਿੰਨਾ ਦੇਖਿਆ ਜਾਂਦਾ ਹੈ, ਉਹ ਮੁੱਖ ਧਾਰਾ ਦੀਆਂ ਸਮਾਚਾਰ ਸੰਸਥਾਵਾਂ ਨੂੰ ਭਰੋਸੇ ਨਾਲ ਚੁਣੌਤੀ ਦੇ ਸਕਦੇ ਹਨ। ਖ਼ਬਰ ਇੰਡੀਆ ਦੇ ਯੂਟਿਊਬ ਨੂੰ 16 ਕਰੋੜ ਦਰਸ਼ਕ ਦੇਖ ਚੁੱਕੇ ਹਨ, ਪਿਆਰਾ ਹਿੰਦੁਸਤਾਨ ਦੇ ਲੱਗਭੱਗ 70 ਕਰੋੜ, ਦੀ ਨਿਊਜ਼ ਦੇ 120 ਕਰੋੜ, ਹੈੱਡਲਾਈਨਜ਼ ਇੰਡੀਆ ਦੇ 200 ਕਰੋੜ, ਐਚ.ਡੀ.ਵੀ. ਨਿਊਜ਼ ਦੇ 24 ਕਰੋੜ ਅਤੇ ਯੂਥ ਮੀਡੀਆ ਟੀ.ਵੀ. ਦੇ 15 ਕਰੋੜ ਦਰਸ਼ਕ ਹਨ। ਉਨ੍ਹਾਂ ਕੋਲ ਬਾਕਾਇਦਾ ਗਾਹਕਾਂ ਦੀ ਵੀ ਵਾਹਵਾ ਗਿਣਤੀ ਹੈ, ਖ਼ਬਰ ਇੰਡੀਆ ਦੇ ਅੱਠ ਲੱਖ ਤੋਂ ਵੱਧ ਗਾਹਕ ਹਨ, ਸ਼ਾਈਨਿੰਗ ਇੰਡੀਆ ਦੇ 13.4 ਲੱਖ, ਰਾਜਧਰਮ ਦੇ ਲੱਗਭੱਗ 20 ਲੱਖ ਅਤੇ ਪਿਆਰਾ ਹਿੰਦੁਸਤਾਨ ਦੇ 28.4 ਲੱਖ ਗਾਹਕ ਹਨ। ਉਸ ਦੀ ਹਰ ਵੀਡੀਓ ਫੇਸਬੁੱਕ, ਵ੍ਹੱਟਸਐਪ, ਟੈਲੀਗ੍ਰਾਮ ਤੇ ਟਵਿੱਟਰ 'ਤੇ ਵੀ ਲੰਮੇ ਸਮੇਂ ਤੱਕ ਰਹਿੰਦੀ ਹੈ।

ਉਨ੍ਹਾਂ ਦੀ ਸਮੱਗਰੀ ਵਾਇਰਲ ਹੋਣ ਵਾਲੀ ਹੁੰਦੀ ਹੈ, ਅਕਸਰ ਟਵਿੱਟਰ ਅਤੇ ਫੇਸਬੁੱਕ ਉੱਪਰ ਉਸ ਹਫ਼ਤੇ ਹਿੰਦੂਆਂ ਦੇ ਵਿਰੁੱਧ ਅਕਸਰ ਮਨਘੜਤ ਅਨਿਆਂ ਬਾਰੇ ਧੜਾਧੜ ਪ੍ਰਚਾਰ ਕੀਤਾ ਜਾਂਦਾ ਹੈ। ਇਸ ਸਮੱਗਰੀ ਦਾ ਵਾਹਵਾ ਹਿੱਸਾ ਫਿਰ ਟੈਲੀਵਿਜ਼ਨ ਸਟੇਸ਼ਨਾਂ ਅਤੇ ਉਨ੍ਹਾਂ ਦੇ ਮੁਕਾਬਲਤਨ ਮਾਡਰੇਟ ਦਰਸ਼ਕਾਂ ਤੱਕ ਪਹੁੰਚਦਾ ਹੈ। ਇਹ ਵਿਵਸਥਾ ਮੁੱਖ ਧਾਰਾ ਦੇ ਮੀਡੀਆ ਦੇ ਨਾਲ-ਨਾਲ ਭਾਜਪਾ ਆਗੂਆਂ ਨੂੰ ਮਸਜਿਦਾਂ ਨੂੰ ਢਾਹੁਣ, ਮੁਸਲਮਾਨਾਂ 'ਤੇ ਹਮਲੇ ਕਰਨ ਅਤੇ ਮੂੰਹ ਵਿਚ ਰਾਮ ਤੇ ਬਗਲ 'ਚ ਛੁਰੀ ਰੱਖ ਕੇ ਕਤਲੇਆਮ ਸਬੰਧੀ ਬਿਆਨਬਾਜ਼ੀ ਦੇ ਬੇਲਗਾਮ ਪ੍ਰਚਾਰ 'ਚ ਸ਼ਾਮਿਲ ਹੋਣ ਦੀ ਇਜਾਜ਼ਤ ਦਿੰਦੀ ਹੈ।

ਹਰ ਚੈਨਲ ਦਾ ਕੋਈ ਐਸਾ ਸਮਾਂ ਹੁੰਦਾ ਹੈ, ਕੋਈ ਵੀਡੀਓ ਜੋ ਇਸ ਨੂੰ ਘੋਰ ਸੱਜੇ ਪੱਖੀ ਦਰਸ਼ਕਾਂ ਦੀ ਹਾਬੜੀ ਦੁਨੀਆ ਦੇ ਕੇਂਦਰ 'ਚ ਲੈ ਜਾਂਦੀ ਹੈ। ਅਵਸਥੀ ਜਿਸ ਨੇ ਖ਼ੁਦ ਨੂੰ ਓ ਨਿਊਜ਼ ਹਿੰਦੀ ਦਾ ਪ੍ਰਬੰਧਕ ਸੰਪਾਦਕ ਦੱਸਿਆ, ਲਈ ਉਹ ਸਮਾਂ 2 ਅਗਸਤ 2021 ਦਾ ਸੀ। ਅਵਸਥੀ ਅਨੁਸਾਰ, ਉੱਤਰੀ ਦਿੱਲੀ ਵਿਚ ਆਜ਼ਾਦਪੁਰ ਫਲਾਈਓਵਰ ਦੇ ਕੰਢੇ 'ਤੇ ਛੋਟਾ ਜਿਹੀ ਮਜ਼ਾਰ ਹੈ। ਖ਼ਬਰ ਇੰਡੀਆ ਸਭ ਤੋਂ ਪਹਿਲਾਂ ਉੱਥੇ ਗਿਆ ਅਤੇ ਮੌਕੇ 'ਤੇ ਜਾ ਕੇ ਕਵਰੇਜ ਕੀਤੀ। ਦੀਪਕ ਸਿੰਘ ਹਿੰਦੂ ਬਜਰੰਗ ਦਲ ਵਿਚ ਹੁੰਦਾ ਸੀ, ਨਾਲ ਖ਼ਬਰ ਇੰਡੀਆ ਨੇ ਮਜ਼ਾਰ 'ਤੇ ਜਾ ਕੇ ਗੱਲਬਾਤ ਕੀਤੀ ਪਰ ਉਹ ਦਰਸ਼ਕਾਂ ਦੇ ਮਨ ਅਤੇ ਸੰਵੇਦਨਾਵਾਂ ਨੂੰ ਪਸੰਦ ਨਹੀਂ ਆਇਆ। ਕੁਝ ਦਿਨਾਂ ਬਾਅਦ ਅਵਸਥੀ ਨੇ ਮਜ਼ਾਰ ਦੀ ਦੇਖ-ਰੇਖ ਕਰਨ ਵਾਲੇ ਸਿਕੰਦਰ ਦੀ ਇੰਟਰਵਿਊ ਲਈ।

ਅਵਸਥੀ ਨੇ ਕਿਹਾ, "ਬਜਰੰਗ ਦਲ ਨੇ ਮੇਰੇ ਨਾਲ ਸੰਪਰਕ ਕੀਤਾ ਕਿਉਂਕਿ ਉਹ ਇਹ ਸੰਦੇਸ਼ ਫੈਲਾਉਣ ਲਈ ਕਿਸੇ ਤਰ੍ਹਾਂ ਦਾ ਸਮਾਗਮ ਕਰਨਾ ਚਾਹੁੰਦੇ ਸਨ ਕਿ ਉੱਥੇ ਸਨਾਤਨ ਸਮਾਜ ਜਾਗਰੂਕ ਤੇ ਜਥੇਬੰਦ ਹੈ ਅਤੇ ਮਜ਼ਾਰ ਵਿਰੁੱਧ ਕਾਰਵਾਈ ਚਾਹੁੰਦਾ ਹੈ।" ਉਸ ਨੇ ਕਿਹਾ ਕਿ ਬਜਰੰਗ ਦਲ ਦੇ ਪ੍ਰਦਰਸ਼ਨ ਵਿਚ ਸ਼ਾਮਲ ਹੋਏ ਲੋਕ ਮਜ਼ਾਰ ਦੇ ਕੋਲ ਉਨ੍ਹਾਂ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ।


ਇਕ ਯੂਟਿਊਬਰ ਚੈਨਲ ਦਾ ਨੁਮਾਇੰਦਾ ਦਿੱਲੀ ਦੇ ਪਾਲਿਕਾ ਬਾਜ਼ਾਰ ਵਿਚ ਰਾਹਗੀਰਾਂ ਦੀ ਇੰਟਰਵਿਊ ਲੈਂਦਾ ਹੋਇਆ।

"ਜਦੋਂ ਮੈਂ ਉਨ੍ਹਾਂ 'ਚੋਂ ਇਕ ਪ੍ਰਦਰਸ਼ਨਕਾਰੀ ਦੀ ਬਾਈਟ ਲੈਣੀ ਸ਼ੁਰੂ ਕੀਤੀ ਤਾਂ ਸਿਕੰਦਰ ਉੱਥੇ ਆ ਗਿਆ ਅਤੇ ਬਹਿਸ ਕਰਨ ਲੱਗਾ। ਇੰਟਰਵਿਊ ਵਿਚਾਲੇ ਰਹਿ ਗਿਆ ਅਤੇ ਉਹ ਬਹਿਸ ਕਰਦੇ ਰਹੇ।" ਅਵਸਥੀ ਨੇ ਫਾਲੋ-ਅੱਪ ਵੀਡੀਓ ਦਾ ਮੌਕਾ ਲੱਭ ਲਿਆ।

ਫਲਾਈਓਵਰ ਦੇ ਬਿਲਕੁਲ ਨਾਲ ਹੀ ਆਦਰਸ਼ ਨਗਰ ਥਾਣਾ ਹੈ। ਇਸ ਦਾ ਮੁਖੀ ਸੀ.ਪੀ. ਭਾਰਦਵਾਜ ਝਗੜਾ ਰੋਕਣ ਲਈ ਜਲਦੀ ਹੀ ਮੌਕੇ 'ਤੇ ਪਹੁੰਚ ਗਿਆ। ਭਾਰਦਵਾਜ ਨੇ ਟੀ-ਸ਼ਰਟ ਅਤੇ ਜੀਨ ਪਹਿਨੀ ਹੋਈ ਸੀ ਪਰ ਉਸ ਦੀ ਉੱਚੀ ਆਵਾਜ਼ 'ਚ ਅਧਿਕਾਰਕ ਅਧਿਕਾਰ ਦੀ ਭਾਵਨਾ ਸੀ। ਓ ਨਿਊਜ਼ ਹਿੰਦੀ ਦੁਆਰਾ 2 ਅਗਸਤ ਨੂੰ ਯੂਟਿਊਬ 'ਤੇ ਜਾਰੀ ਕੀਤੀ ਉਸ ਘਟਨਾ ਦੀ ਵੀਡੀਓ ਵਿਚ ਉਹ ਅਵਸਥੀ ਨੂੰ ਕਹਿ ਰਿਹਾ ਸੁਣਦਾ ਹੈ: "ਉਸ ਤੋਂ ਉਮੀਦ ਨਹੀਂ ਕਿ ਉਹ ਸੜਕ ਕਿਨਾਰੇ ਅਜਿਹੇ ਸੰਵੇਦਨਸ਼ੀਲ ਮੁੱਦੇ ਉਠਾਏਗਾ।" ਅਧਿਕਾਰੀ ਹਿੰਦੂਤਵ ਕਾਰਕੁਨ ਵਿਜੇ ਗਡੇਰੀਆ ਨੂੰ ਇਹ ਵੀ ਕਹਿੰਦਾ ਹੈ ਕਿ ਉਸ ਨੂੰ ਇਸ ਨੂੰ 'ਸਖ਼ਤ ਚਿਤਾਵਨੀ' ਸਮਝਣਾ ਚਾਹੀਦਾ ਹੈ ਅਤੇ ਜੇ ਉਹ ਸੜਕ ਕਿਨਾਰੇ ਹੰਗਾਮਾ ਕਰਨ ਦੀ ਬਜਾਇ 'ਕਾਨੂੰਨੀ ਕਾਰਵਾਈ' ਕਰਦੇ ਹਨ ਤਾਂ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। (ਇਸ ਘਟਨਾ ਬਾਰੇ ਸਾਡੇ ਨਾਲ ਨਾ ਭਾਰਦਵਾਜ ਗੱਲ ਕਰਨਾ ਚਾਹੁੰਦਾ ਸੀ, ਨਾ ਹੀ ਗਡੇਰੀਆ।)

ਜਿਉਂ ਹੀ ਬਹਿਸ ਵਧੀ, ਭਾਰਦਵਾਜ ਨੇ ਗਡੇਰੀਆ ਨੂੰ ਹਿਰਾਸਤ ਵਿਚ ਲੈ ਲਿਆ। ਇਹ ਪਲ ਓ ਨਿਊਜ਼ ਹਿੰਦੀ ਦੇ ਵੀਡੀਓ ਵਿਚ ਸਲੋਅ ਮੋਸ਼ਨ ਵਿਚ ਤਿੰਨ ਵਾਰ ਦੁਹਰਾ ਕੇ ਦਿਖਾਇਆ ਗਿਆ। ਕੁਝ ਹੋਰਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਸੀ। ਸਾਰੀ ਘਟਨਾ ਦੌਰਾਨ ਅਵਸਥੀ ਗੁੱਸੇ ਨਾਲ ਭੜਕਿਆ ਹੋਇਆ ਸੀ: "ਮੈਂ ਐੱਸ.ਐੱਚ.ਓ. ਨੂੰ ਸਿਕੰਦਰ ਦਾ ਪੂਰਾ ਕਲਿੱਪ ਦਿਖਾਇਆ, ਉਸ ਨੂੰ ਪੁੱਛਿਆ ਕਿ ਜੇ ਉਹ ਬੋਲ ਸਕਦਾ ਹੈ ਤਾਂ ਹਿੰਦੂ ਵੀ ਕਿਉਂ ਨਹੀਂ ਬੋਲ ਸਕਦਾ?" ... ਕੀ ਹਿੰਦੂ ਨੂੰ ਸਵਾਲ ਪੁੱਛਣ ਦਾ ਹੱਕ ਨਹੀਂ ਹੈ? ਕੀ ਮੈਂ ਸਵਾਲ ਨਹੀਂ ਪੁੱਛ ਸਕਦਾ? ਜਦੋਂ ਉਹ ਫਲਾਈਓਵਰ ਉੱਪਰ ਚੱਲ ਰਿਹਾ ਸੀ ਤਾਂ ਮੈਂ ਵੀਡੀਓ ਵਿਚ ਇਹੀ ਗੱਲ ਘੱਟੋ-ਘੱਟ 10 ਵਾਰ ਦੁਹਰਾਈ।"

ਤੂੰ-ਤੂੰ ਮੈਂ-ਮੈਂ ਤੋਂ ਬਾਅਦ ਭਾਰਦਵਾਜ ਨੇ ਅਵਸਥੀ ਨੂੰ ਥਾਣੇ ਸੱਦਿਆ। ਅਵਸਥੀ ਨੇ ਦੱਸਿਆ, "ਉਸ ਦੌਰਾਨ ਕੈਮਰੇ ਬੰਦ ਸਨ। ਉਸ ਨੇ ਕਿਹਾ ਕਿ ਉਹ ਸਾਡੀ ਹਮਾਇਤ ਕਰਦੇ ਹਨ ਪਰ ਚੰਗਾ ਹੋਵੇਗਾ, ਜੇ ਅਸੀਂ ਆਪਣੀ ਬਣਾਈ ਵੀਡੀਓ ਨੂੰ ਹਟਾ ਦੇਈਏ। ਮੈਂ ਉਸ ਨੂੰ ਕਿਹਾ ਕਿ ਉਸ ਨੇ ਜਿਨ੍ਹਾਂ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ, ਉਨ੍ਹਾਂ ਨੂੰ ਰਿਹਾਅ ਕਰ ਦੇਵੇ ਅਤੇ ਬਦਲੇ ਵਿਚ ਮੈਂ ਇਸ ਨੂੰ ਹਟਾ ਦੇਵਾਂਗਾ। ਜਿਨ੍ਹਾਂ ਲੋਕਾਂ ਨੂੰ ਉਸ ਨੇ ਹਿਰਾਸਤ ਵਿਚ ਲਿਆ ਸੀ, ਉਹ ਉੱਥੇ ਕਵਰੇਜ ਲਈ ਇਕੱਲੇ ਗਏ ਸਨ। ਜੇ ਤੁਸੀਂ ਉਨ੍ਹਾਂ ਨੂੰ ਇੱਥੇ ਰੱਖੋਗੇ ਤਾਂ ਅਗਲੀ ਵਾਰ ਉਹ ਮੈਨੂੰ ਇੰਟਰਵਿਊ ਨਹੀਂ ਦੇਣਗੇ।" ਮੈਂ ਉਸ ਨੂੰ ਕਿਹਾ, "ਇਸ ਨਾਲ ਮੇਰੇ ਸੰਪਰਕ ਖ਼ਰਾਬ ਹੋ ਜਾਣਗੇ। ਉਹ ਸੋਚਣਗੇ ਕਿ ਉਹ ਇੱਥੇ ਓ ਨਿਊਜ਼ ਨਾਲ ਗੱਲ ਕਰਨ ਲਈ ਆਏ ਸਨ ਅਤੇ ਗ੍ਰਿਫ਼ਤਾਰ ਕਰ ਲਏ ਗਏ।" ਅਵਸਥੀ ਨੇ ਕਿਹਾ ਕਿ ਉਸ ਨੇ ਘਰ ਜਾ ਕੇ ਵੀਡੀਓ ਹਟਾਉਣ ਦਾ ਵਾਅਦਾ ਕੀਤਾ ਅਤੇ ਭਾਰਦਵਾਜ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ।

ਅਵਸਥੀ ਨੇ ਕਿਹਾ, "ਮੈਂ ਆਪਣੇ ਸਟੂਡੀਓ 'ਚ ਵਾਪਸ ਆ ਗਿਆ ਅਤੇ ਬਿਨਾ ਕਿਸੇ ਐਡੀਟਿੰਗ ਦੇ ਪੂਰਾ ਵੀਡੀਓ ਚੈਨਲ 'ਤੇ ਅਪਲੋਡ ਕਰ ਦਿੱਤਾ।" ਵੀਡੀਓ ਦਾ ਸਿਰਲੇਖ ਸੀ, "ਆਜ਼ਾਦਪੁਰ ਮਜ਼ਾਰ 'ਤੇ ਸਿਕੰਦਰ ਖ਼ਾਨ ਦਾ ਮੁਕਾਬਲਾ ਕਰਦਾ ਹਿੰਦੂ ਸ਼ੇਰ, ਪੁਲਿਸ ਨੇ ਦਿੱਤਾ ਦਖ਼ਲ, ਦੇਖੋ ਅੱਗੇ ਕੀ ਹੋਇਆ।" ਟਾਈਟਲ ਦੇ ਬਾਵਜੂਦ ਵੀਡੀਓ ਦਾ ਫੋਕਸ ਇਕੱਲੇ ਭਾਰਦਵਾਜ ਉੱਪਰ ਹੈ। ਘਟਨਾ ਤੋਂ ਬਾਅਦ ਉਨ੍ਹਾਂ ਨੇ ਜੋ ਸੁਹਿਰਦ ਗੱਲਬਾਤ ਕੀਤੀ, ਇੰਞ ਲੱਗਦਾ ਹੈ ਕਿ ਅੰਤਿਮ ਵੀਡੀਓ 'ਤੇ ਉਸ ਦਾ ਕੋਈ ਅਸਰ ਨਹੀਂ ਪਿਆ। ਇਸ ਨੂੰ ਹੁਣ ਤੱਕ ਯੂਟਿਊਬ ਉੱਪਰ 20 ਲੱਖ ਤੋਂ ਵੱਧ ਵਾਰ ਦੇਖਿਆ ਗਿਆ ਹੈ ਅਤੇ ਇਹ ਓ ਨਿਊਜ਼ ਹਿੰਦੀ ਦਾ ਹੁਣ ਤੱਕ ਦਾ ਸਭ ਤੋਂ ਵੱਧ ਦੇਖਿਆ ਵੀਡੀਓ ਹੈ। ਅਗਲੇ ਹੀ ਦਿਨ ਕਿਸੇ ਨੇ ਅਵਸਥੀ ਨੂੰ ਟਵੀਟ ਦਾ ਲਿੰਕ ਭੇਜਿਆ ਜਿਸ ਵਿਚ ਹੈਸ਼ਟੈਗ #ਰਿਮੂਵਐੱਸ.ਐੱਚ.ਓ.ਭਾਰਦਵਾਜ ਸੀ। ਉੱਥੇ ਖ਼ੁਦ ਹੈਸ਼ਟੈਗ ਨਾ ਵਰਤਦੇ ਹੋਏ ਸਾਬਕਾ ਵਿਧਾਇਕ ਕਪਿਲ ਮਿਸ਼ਰਾ ਸਮੇਤ ਭਾਜਪਾ ਆਗੂਆਂ ਨੇ ਮਜ਼ਾਰ ਨੂੰ ਨਾ ਢਾਹੁਣ ਲਈ ਪੁਲਿਸ ਦੀ ਆਲੋਚਨਾ ਕੀਤੀ। ਦੱਖਣੀ ਦਿੱਲੀ ਦੇ ਸਾਬਕਾ ਮੇਅਰ ਕਮਲਜੀਤ ਸਹਿਰਾਵਤ ਨੇ ਵੀ ਭਾਰਦਵਾਜ ਦੇ ਬਾਰੇ ਟਵੀਟ ਕੀਤਾ। ਇਸ ਮੁੱਦੇ ਨੂੰ ਛੇਤੀ ਹੀ ਸੱਜੇ ਪੱਖੀ ਨਿਊਜ਼ ਮੰਚ ਓਪਇੰਡੀਆ ਨੇ ਵੀ ਚੁੱਕ ਲਿਆ। ਏਸ਼ੀਅਨ ਨਿਊਜ਼ ਇੰਟਰਨੈਸ਼ਨਲ ਵਰਗੀਆਂ ਏਜੰਸੀਆਂ ਨੂੰ ਵੀ ਛੇਤੀ ਹੀ ਵੀਡੀਓ ਮਿਲ ਗਿਆ ਅਤੇ ਇਹ ਟੀ.ਵੀ.9 ਭਾਰਤਵਰਸ਼ ਵਰਗੇ ਮੁੱਖਧਾਰਾ ਦੇ ਨਿਊਜ਼ ਚੈਨਲਾਂ ਉੱਪਰ ਰੋਜ਼ਾਨਾ ਸੁਰਖ਼ੀਆਂ ਬਣਿਆ ਰਿਹਾ। ਹੋਰ ਨਿਊਜ਼ ਸੰਗਠਨਾਂ ਨੇ ਸਿੱਧੀਆਂ ਵਿਆਖਿਆਵਾਂ ਲਗਾ ਦਿੱਤੀਆਂ। ਆਜਤੱਕ ਨੇ 'ਦਿੱਲੀ ਪੁਲਿਸ ਐੱਸ.ਐੱਚ.ਓ. ਸੀ.ਪੀ. ਭਾਰਦਵਾਜ ਟਵਿੱਟਰ ਪਰ ਕਿਉਂ ਟਰੈਂਡ ਕਰ ਰਹਾ ਹੈ?' ਸਿਰਲੇਖ ਨਾਲ ਸਟੋਰੀ ਚਲਾਈ। ਅਵਸਥੀ ਨੇ ਕਿਹਾ, "ਟਰੈਂਡ ਸ਼ੁਰੂ ਕਰਨ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਪਰ ਚੈਨਲ ਨੇ ਟਰੈਫਿਕ ਨੂੰ ਚਲਦਾ ਰੱਖਣ ਲਈ ਆਪਣੀ ਭੂਮਿਕਾ ਨਿਭਾਈ। ਅਸੀਂ ਇਸ ਪ੍ਰਵਿਰਤੀ ਵਾਲੇ ਲੋਕਾਂ ਦੇ ਪਿੱਛੇ ਚੱਲੇ ਅਤੇ ਇਹ ਵਧਣਾ ਸ਼ੁਰੂ ਹੋ ਗਿਆ। ਅੰਗਰੇਜ਼ੀ 'ਚ ਸਾਡੀ ਆਪਣੀ ਵੈੱਬਸਾਈਟ ਉੱਪਰ ਅਸੀਂ ਰਿਪੋਰਟ ਦਿੱਤੀ।"

ਮੁੱਖਧਾਰਾ ਦੀ ਪੱਤਰਕਾਰੀ ਵਿਚਲੇ ਵੱਡੇ ਨਾਂ ਵੀ ਬਹਿਸ ਵਿਚ ਸ਼ਾਮਿਲ ਹੋਏ। ਇੰਡੀਆ ਟੀ.ਵੀ. ਦੇ ਮੁੱਖ ਸੰਪਾਦਕ ਰਜਤ ਸ਼ਰਮਾ ਨੇ 9 ਅਗਸਤ ਨੂੰ ਆਪਣੇ ਸ਼ਾਮ ਦੇ ਪ੍ਰਮੁੱਖ ਨਿਊਜ਼ ਸ਼ੋਅ ਵਿਚ ਅਵਸਥੀ ਦੇ ਵੀਡੀਓ ਅਤੇ ਸਮਾਜੀ ਸਦਭਾਵਨਾ ਲਈ ਸੋਸ਼ਲ ਮੀਡੀਆ ਦੇ ਖ਼ਤਰਨਾਕ ਹੋਣ ਦੀ ਸ਼ਿਕਾਇਤ ਕਰਦੇ ਹੋਏ ਕਈ ਮਿੰਟ ਲਗਾਏ। ਸ਼ਰਮਾ ਦੀ ਕਵਰੇਜ ਤੋਂ ਅਵਸਥੀ ਨਾਰਾਜ਼ ਸੀ। ਉਸ ਨੇ ਸ਼ਿਕਾਇਤ ਕੀਤੀ, "ਉਨ੍ਹਾਂ ਨੇ ਇਸ ਨੂੰ ਇਸ ਤਰ੍ਹਾਂ ਦਿਖਾਇਆ ਜਿਵੇਂ ਕਿਸੇ ਯੂਟਿਊਬਰ ਨੇ ਸਿਰਫ਼ ਪੈਸਾ ਕਮਾਉਣ ਲਈ ਇਹ ਸਾਰੀ ਸਾਜ਼ਿਸ਼ ਰਚੀ।" ਓ ਨਿਊਜ਼ ਹਿੰਦੀ ਦੇ ਮੁੱਢਲੇ ਵੀਡੀਓ ਦੇ ਇਕ ਹਫ਼ਤੇ ਬਾਅਦ ਭਾਰਦਵਾਜ ਨੂੰ ਮੁਅੱਤਲ ਕਰ ਦਿੱਤਾ ਗਿਆ।

ਅਵਸਥੀ ਦਾ ਕਹਿਣਾ ਸੀ ਕਿ ਇਹੀ ਉਹ ਪਲ ਸੀ ਜਿਸ ਨੇ ਸਾਬਤ ਕਰ ਦਿੱਤਾ ਕਿ ਉਹ ਤਜਰਬੇਕਾਰ ਰਜਤ ਸ਼ਰਮਾ ਅਤੇ ਉਸ ਦੇ ਚਾਰ ਦਹਾਕਿਆਂ ਦੇ ਲੰਮੇ ਕਰੀਅਰ ਨਾਲੋਂ ਆਪਣੀ ਜ਼ਮੀਨ ਬਿਹਤਰ ਜਾਣਦੇ ਹਨ। ***(ਚੱਲਦਾ)***

# ਹਿੰਦੂਤਵੀ ਹਮਲਾ: ਹੁਣ ਨਿਆਂ ਪਾਲਿਕਾ ਦੀ ਵਾਰੀ

***ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਮੁਲਕ ਦੇ ਸਮੁੱਚੇ ਢਾਂਚੇ ਨੂੰ ਹਿੰਦੂਤਵੀ ਢਾਂਚੇ ਵਿਚ ਤਬਦੀਲ ਕਰਨ ਲਈ ਹਰ ਸੰਭਵ ਕਾਰਵਾਈ ਕਰ ਰਹੀ ਹੈ। ਬਹੁਤ ਸਾਰੀਆਂ ਖੁਦਮੁਖਤਾਰ ਸੰਸਥਾਵਾਂ ‘ਤੇ ਇਸ ਨੇ ਕਬਜ਼ਾ ਕਰ ਲਿਆ ਹੈ। ਹੁਣ ਇਹ ਨਿਆਂ ਪਾਲਿਕਾ ਨੂੰ ਆਪਣੇ ਪੈਰਾਂ ਹੇਠ ਮਧੋਲਣ ਦੇ ਯਤਨਾਂ ਵਿਚ। ਇਸ ਬਾਰੇ ਵਿਸਥਾਰ ਸਹਿਤ ਜ਼ਿਕਰ ਹਰਚਰਨ ਸਿੰਘ ਚਹਿਲ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ।***

ਕੁਝ ਹਫਤਿਆਂ ਤੋਂ ਭਾਰਤੀ ਉਚ ਅਦਾਲਤਾਂ ਵਿਚ ਜੱਜਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਨੂੰ ਲੈ ਕੇ ਬਹਿਸ ਬਹੁਤ ਭਖੀ ਹੋਈ ਹੈ। ਮੌਜੂਦਾ ਪ੍ਰਚੱਲਿਤ ਪ੍ਰਕਿਰਿਆ ਅਨੁਸਾਰ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਦੀਆਂ ਨਿਯੁਕਤੀਆਂ ਅਤੇ ਹਾਈ ਕੋਰਟ ਦੇ ਜੱਜਾਂ ਦੀਆਂ ਬਦਲੀਆਂ ਲਈ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੇ ਚਾਰ ਸਭ ਤੋਂ ਸੀਨੀਅਰ ਜੱਜਾਂ ’ਤੇ ਆਧਾਰਿਤ ਪੈਨਲ, ਅਰਥਾਤ ਕੌਲਿਜੀਅਮ ਦੀ ਭੂਮਿਕਾ ਮੁੱਖ ਹੈ। ਕੌਲਿਜੀਅਮ, ਉਮੀਦਵਾਰਾਂ ਦੇ ਨਾਵਾਂ ਦੀ ਲਿਸਟ ਸਰਕਾਰ ਨੂੰ ਭੇਜਦਾ ਹੈ। ਸਰਕਾਰ ਦੁਆਰਾ ਤਾਈਦ ਕੀਤੇ ਜਾਣ ਬਾਅਦ ਇਹ ਨਿਯੁਕਤੀਆਂ ਤੇ ਬਦਲੀਆਂ ਰਾਸ਼ਟਰਪਤੀ ਦੀ ਮੋਹਰ ਤੇ ਦਸਤਖਤਾਂ ਹੇਠ ਨੇਪਰੇ ਚੜ੍ਹਦੀਆਂ ਹਨ (ਭਾਰਤੀ ਸ਼ਾਸਨ ਪ੍ਰਣਾਲੀ ਦੇ ਤਿੰਨ ਮੁੱਖ ਅੰਗ ਹਨ: ਵਿਧਾਨ ਪਾਲਿਕਾ (ਪਾਰਲੀਮੈਂਟ),



ਕਾਰਜ ਪਾਲਿਕਾ (ਪ੍ਰਧਾਨ ਮੰਤਰੀ ਤੇ ਮੰਤਰੀ-ਮੰਡਲ) ਅਤੇ ਨਿਆਂ ਪਾਲਿਕਾ (ਜੁਡੀਸ਼ਰੀ)। ਆਮ ਤੌਰ ’ਤੇ ਪ੍ਰਧਾਨ ਮੰਤਰੀ ਤੇ ਮੰਤਰੀ ਮੰਡਲ ’ਤੇ ਆਧਾਰਿਤ ਕਾਰਜ

**ਹਰਚਰਨ ਸਿੰਘ ਚਹਿਲ**
**ਫੋਨ: +91-81465-06583**


ਪਾਲਿਕਾ ਨੂੰ ਹੀ ਸਰਕਾਰ ਕਿਹਾ ਜਾਂਦਾ ਹੈ)।

ਮੌਜੂਦਾ ਸਰਕਾਰ ਨੂੰ ਇਹ ਕੌਲਿਜੀਅਮ ਪ੍ਰਬੰਧ ਬਿਲਕੁਲ ਵੀ ਮਨਜ਼ੂਰ ਨਹੀਂ ਹੈ ਅਤੇ ਇਸ ਪ੍ਰਣਾਲੀ ਨੂੰ ਉਹ ‘ਜੱਜਾਂ ਦੁਆਰਾ ਜੱਜਾਂ ਦੀ ਨਿਯੁਕਤੀ’ ਦਾ ਨਿਹੋਰਾ ਦੇ ਕੇ ਭੰਡਦੀ ਹੈ; ਇਸ ਉਪਰ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਘਾਟ ਅਤੇ ਜੱਜਾਂ ਦੁਆਰਾ ਆਪਣੇ ਚਹੇਤਿਆਂ ਨੂੰ ਭਰਤੀ ਕਰਨ ਦੇ ਇਲਜ਼ਾਮ ਲਾਏ ਜਾਂਦੇ ਹਨ। ਸਰਕਾਰ ਨੂੰ ਲੱਗਦਾ ਹੈ ਕਿ ਇਸ ਪ੍ਰਕਿਰਿਆ ਵਿਚ ਉਸ ਦੀ ਭੂਮਿਕਾ ਨਿਗੂਣੀ ਹੈ। ਦੇਸ਼ ਦਾ ਕਾਨੂੰਨ ਮੰਤਰੀ ਕਿਰਨ ਰਿਜਿਜੂ ਆਏ ਦਿਨ ਕੌਲਿਜੀਅਮ ਸਿਸਟਮ, ਸੁਪਰੀਮ ਕੋਰਟ ਅਤੇ ‘ਸੰਵਿਧਾਨ ਦੇ ਬੁਨਿਆਦੀ ਢਾਂਚਾ ਸਿਧਾਂਤ’ ਵਿਰੁੱਧ ਬਿਆਨ ਦਾਗਦਾ ਰਹਿੰਦਾ ਹੈ। ਉਹ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਸੁਪਰੀਮ ਕੋਰਟ ਜ਼ਮਾਨਤਾਂ ਤੇ ਲੋਕ ਹਿੱਤ ਪਟੀਸ਼ਨਾਂ ਦੀ ਸੁਣਵਾਈ ਕਰ ਕੇ ਖਾਹ-ਮਖਾਹ ਆਪਣਾ ਸਮਾਂ ਬਰਬਾਦ ਕਰਦੀ ਰਹਿੰਦੀ ਹੈ। ਉਪ ਰਾਸ਼ਟਰਪਤੀ ਜਗਦੀਪ ਧਨਖੜ ਤਾਂ ਕੌਲਿਜੀਅਮ ਸਿਸਟਮ ਨੂੰ ਲੈ ਕੇ ਇੰਨਾ ਔਖਾ ਹੈ ਕਿ ਉਸ ਨੇ ਰਾਜ ਸਭਾ ਦੀ ਚੇਅਰਮੈਨੀ ਵਾਲੀ ਕੁਰਸੀ ’ਤੇ ਬਿਰਾਜਮਾਨ ਹੁੰਦੇ ਸਾਰ ਇਸ ਸਿਸਟਮ ਵਿਰੁੱਧ ਖੂਬ ਭੜਾਸ ਕੱਢੀ ਅਤੇ ਕਿਹਾ ਕਿ ਕੌਲਿਜੀਅਮ ਸਿਸਟਮ ਨੇ ‘ਪਾਰਲੀਮਾਨੀ ਖੁਦਮੁਖਤਾਰੀ’ ਅਤੇ ‘ਲੋਕਾਂ ਦੇ ਫਤਵੇ’ ਨੂੰ ਹਥਿਆ ਲਿਆ ਹੈ। ਆਰ.ਐਸ.ਐਸ ਨੇ ਵੀ ਆਪਣੇ ਹਫਤਾਵਾਰੀ ਤਰਜਮਾਨ ‘ਪੰਚਜਨਯਾ’ ਦੇ ਤਾਜ਼ਾ ਅੰਕ ਵਿਚ ਕੌਲਿਜੀਅਮ ਸਿਸਟਮ ਨੂੰ ‘ਮੀ ਲਾਰਡ ਕਾ, ਮੀ ਲਾਰਡ ਦੁਆਰਾ, ਮੀ ਲਾਰਡ ਕੇ ਲੀਏ’ ਕਹਿ ਕੇ ਭੰਡਿਆ ਹੈ।

ਭਾਰਤ ਵਿਚ ਉਚ ਨਿਆਂ ਪਾਲਿਕਾ ਲਈ ਜੱਜਾਂ ਦੀ ਨਿਯੁਕਤੀ ਦੀ ਪ੍ਰਕਿਰਿਆ, ਕੌਲਿਜੀਅਮ ਵਾਲਾ ਆਪਣਾ ਮੌਜੂਦਾ ਸਰੂਪ ਗ੍ਰਹਿਣ ਕਰਨ ਤੋਂ ਪਹਿਲਾਂ, ਕਈ ਮੋੜਾਂ-ਘੋੜਾਂ ਵਿਚੋਂ ਗੁਜ਼ਰੀ ਹੈ। ਮਸਲੇ ਨੂੰ ਵਧੇਰੇ ਸਪੱਸ਼ਟਤਾ ਨਾਲ ਸਮਝਣ ਲਈ ਇਸ ਪ੍ਰਕਿਰਿਆ ਦੇ ਇਤਿਹਾਸ ਉਪਰ ਪੰਛੀ ਝਾਤ ਮਾਰ ਲੈਣੀ ਲਾਹੇਵੰਦ ਰਹੇਗੀ।

ਭਾਰਤੀ ਸੰਵਿਧਾਨ 1950 ਵਿਚ ਲਾਗੂ ਹੋਇਆ। ਸੰਵਿਧਾਨ ਰਾਹੀਂ ਸ਼ਾਸਨ ਪ੍ਰਣਾਲੀ ਦੇ ਤਿੰਨਾਂ ਅੰਗਾਂ ਦੀਆਂ ਤਾਕਤਾਂ ਦਰਮਿਆਨ ਸਮਤੋਲ ਬਿਠਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਸੱਤਾ ਕੁਝ ਹੱਥਾਂ ਵਿਚ ਕੇਂਦਰਿਤ ਨਾ ਹੋ ਜਾਵੇ। ਸੰਵਿਧਾਨ ਦੀ ਧਾਰਾ 50 ਵਿਚ ਦਰਜ ਇਸ ਪ੍ਰਬੰਧ ਨੂੰ ਤਾਕਤਾਂ ਦੇ ਵਖਰੇਵੇਂ ਦਾ ਸਿਧਾਂਤ ਕਿਹਾ ਜਾਂਦਾ ਹੈ। ਸੱਤਾ ਦੇ ਕੇਂਦਰੀ ਕਰਨ ’ਤੇ ਲਗਾਮ ਲਗਾਉਣ ਦੇ ਮਕਸਦ ਨੂੰ ਧਿਆਨ ਵਿਚ ਰੱਖਦਿਆਂ ਸੰਵਿਧਾਨ ਵਿਚ ਕਈ ਹੋਰ ਸੁਤੰਤਰ ਸੰਸਥਾਵਾਂ ਦਾ ਪ੍ਰਬੰਧ ਕੀਤਾ ਗਿਆ। ਸੁਤੰਤਰ ਨਿਆਂ ਪ੍ਰਣਾਲੀ ਸਥਾਪਤ ਕਰਨ ਲਈ ਸੰਵਿਧਾਨ ਦੀ ਧਾਰਾ 124 ਅਧੀਨ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ ਹੈ। ਇਸ ਧਾਰਾ ਅਨੁਸਾਰ ਸੁਪਰੀਮ ਕੋਰਟ ਦਾ ਇੱਕ ਚੀਫ ਜਸਟਿਸ ਅਤੇ ਸੱਤ ਹੋਰ ਜੱਜ ਹੋਣੇ ਸਨ। ਜੱਜਾਂ ਦੀ ਇਸ ਗਿਣਤੀ ਨੂੰ ਪਾਰਲੀਮੈਂਟ ਲੋੜ ਅਨੁਸਾਰ ਸਮੇਂ ਸਮੇਂ ’ਤੇ ਵਧਾਉਂਦੀ ਰਹੀ ਜਿਹੜੀ ਹੁਣ 33 ਤੱਕ ਪਹੁੰਚ ਚੁੱਕੀ ਹੈ। ਧਾਰਾ 124 ਵਿਚ ਲਿਖਿਆ ਕਿ ਰਾਸ਼ਟਰਪਤੀ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਚੀਫ ਜਸਟਿਸ ਦੀ ਸਲਾਹ ਨਾਲ ਅਤੇ ਸੁਪਰੀਮ ਕੋਰਟ ਤੇ ਹਾਈਕੋਰਟ ਦੇ ਉਨ੍ਹਾਂ ਜੱਜਾਂ ਦੀ ਨਾਲ ਸਲਾਹ ਨਾਲ ਕਰਿਆ ਕਰੇਗਾ ਜਿਨ੍ਹਾਂ ਨਾਲ ਉਹ, ਇਸ ਸਬੰਧੀ ਸਲਾਹ ਜ਼ਰੂਰੀ ਸਮਝਦਾ ਹੋਵੇਗਾ।

ਸੰਨ 1950 ਤੋਂ 1973 ਤੱਕ ਨਿਯੁਕਤੀਆਂ ਤੇ ਬਦਲੀਆਂ ਦਾ ਉਪਰੋਕਤ ਸਿਸਟਮ ਠੀਕ ਕੰਮ ਕਰਦਾ ਰਿਹਾ। ਰਾਸ਼ਟਰਪਤੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਅਤੇ ਦੂਸਰੇ ਜੱਜਾਂ ਦੀ ਨਿਯੁਕਤੀ ਚੀਫ ਜਸਟਿਸ ਅਤੇ ਆਪਣੀ ਮਰਜ਼ੀ ਦੇ ਦੂਸਰੇ ਹੋਰ ਜੱਜਾਂ ਦੀ ਸਲਾਹ ਨਾਲ ਕਰਦਾ ਰਿਹਾ (ਇੱਥੇ ਰਾਸ਼ਟਰਪਤੀ ਸ਼ਬਦ ਸਰਕਾਰ ਦਾ ਹੀ ਸਮਾਨ-ਅਰਥੀ ਹੈ ਕਿਉਂਕਿ ਰਾਸ਼ਟਰਪਤੀ ਨੇ ਸਰਕਾਰ ਦੀ ਸਲਾਹ ਅਨੁਸਾਰ ਹੀ ਕੰਮ ਕਰਨਾ ਹੁੰਦਾ ਹੈ)। ਸਰਕਾਰ ਅਤੇ ਚੀਫ ਜਸਟਿਸ ਦਰਮਿਆਨ ਸਹਿਮਤੀ ਵਾਲੀ ਇਸ ਰਵਾਇਤ ਅਨੁਸਾਰ ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਨੂੰ ਚੀਫ ਜਸਟਿਸ ਬਣਾਇਆ ਜਾਂਦਾ ਰਿਹਾ ਪਰ 1973 ਵਿਚ ਸਹਿਮਤੀ ਵਾਲੀ ਇਸ ਰਵਾਇਤ ਨੂੰ ਤੋੜ ਕੇ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਤਿੰਨ ਜੱਜਾਂ ਨਾਲੋਂ ਜੂਨੀਅਰ ਜੱਜ, ਜਸਟਿਸ ਏ.ਐੱਨ. ਰੇਅ ਨੂੰ ਚੀਫ ਜਸਟਿਸ ਬਣਾ ਦਿੱਤਾ। ਇਸੇ ਤਰ੍ਹਾਂ 1977 ਵਿਚ ਇੱਕ ਵਾਰ ਫਿਰ, ਦੋ ਜੱਜਾਂ ਤੋਂ ਜੂਨੀਅਰ ਮਿਰਜ਼ਾ ਹਮੀਦਉਲ੍ਹਾ ਬੇਗ ਨੂੰ ਚੀਫ ਜਸਟਿਸ ਬਣਾ ਦਿੱਤਾ ਗਿਆ। ਤਤਕਾਲੀਨ ਪ੍ਰਧਾਨ ਮੰਤਰੀ ਦੇ ਇਸ ਕਦਮ ਕਾਰਨ ਨਿਆਂ ਪਾਲਿਕਾ ਤੇ ਕਾਰਜ ਪਾਲਿਕਾ (ਸਰਕਾਰ) ਦਰਮਿਆਨ ਟਕਰਾਅ ਵਾਲੀ ਹਾਲਤ ਬਣ ਗਈ। ਨਿਆਂ ਪਾਲਿਕਾ ਦੀ ਆਜ਼ਾਦੀ ਨੂੰ ਢਾਹ ਲਾਉਣ ਵਾਲੀ ਇਹ ਕਾਰਵਾਈ ਅਗੇ ਚੱਲ ਕੇ ਸੁਪਰੀਮ ਕੋਰਟ ਵਿਚ ਤਿੰਨ ਕੇਸ ਦਰਜ ਕੀਤੇ ਜਾਣ ਦਾ ਕਾਰਨ ਬਣੀ ਜਿਹੜੇ ਜੱਜਾਂ ਨਾਲ ਸਬੰਧਿਤ ਪਹਿਲਾ, ਦੂਜਾ ਤੇ ਤੀਜਾ ਕੇਸ ਹੋਣ ਵਜੋਂ ਜਾਣੇ ਜਾਂਦੇ ਹਨ। ਇਨ੍ਹਾਂ ਤਿੰਨਾਂ ਕੇਸਾਂ ਦੇ ਫੈਸਲਿਆਂ ਨੇ ਹੀ ਮੌਜੂਦਾ ਕੌਲਿਜੀਅਮ ਸਿਸਟਮ ਦੀ ਨੀਂਹ ਰੱਖੀ।




**ਜੱਜਾਂ ਬਾਰੇ ਪਹਿਲਾ ਕੇਸ-1982:** ਸੰਨ 1982 ਵਿਚ ਸੁਪਰੀਮ ਕੋਰਟ ਵਿਚ ਰਿਟ ਪਾਈ ਗਈ ਜਿਸ ਨੂੰ ਜੱਜਾਂ ਦਾ ਪਹਿਲਾ ਕੇਸ ਜਾਂ ਐੱਸ.ਪੀ. ਗੁਪਤਾ ਕੇਸ ਕਿਹਾ ਜਾਂਦਾ ਹੈ। ਇਸ ਰਿਟ ਦੇ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਕਿ ਧਾਰਾ 124 ਵਿਚ ਵਰਤੇ ਗਏ ਸ਼ਬਦ ਸਲਾਹ ਦਾ ਮਤਲਬ ਸਹਿਮਤੀ ਨਹੀਂ ਹੈ। ਇਸ ਦਾ ਮਤਲਬ ਹੈ ਕਿ ਚੀਫ ਜਸਟਿਸ ਜਾਂ ਜੱਜਾਂ ਦੀ ਨਿਯੁਕਤੀ ਦਾ ਫੈਸਲਾ ਕਰਦੇ ਸਮੇਂ ਰਾਸ਼ਟਰਪਤੀ, ਅਰਥਾਤ ਸਰਕਾਰ ਨੇ ਚੀਫ ਜਸਟਿਸ ਦੀ ਸਲਾਹ ਤਾਂ ਲੈਣੀ ਹੁੰਦੀ ਹੈ ਪਰ ਉਸ ਦੀ ਸਹਿਮਤੀ ਲੈਣੀ ਜ਼ਰੂਰੀ ਨਹੀਂ। ਇਸ ਕੇਸ ਵਿਚ ਦੂਜਾ ਅਹਿਮ ਫੈਸਲਾ ਇਹ ਕੀਤਾ ਗਿਆ ਕਿ ਹਾਈ ਕੋਰਟ ਦੇ ਜੱਜ ਨੂੰ, ਉਸ ਦੀ ਮਰਜ਼ੀ ਦੇ ਖਿਲਾਫ ਵੀ, ਕਿਸੇ ਹੋਰ ਹਾਈ ਕੋਰਟ ਵਿਚ ਬਦਲਿਆ ਜਾ ਸਕਦਾ ਹੈ।

**ਜੱਜਾਂ ਬਾਰੇ ਦੂਸਰਾ ਕੇਸ-1993:** ਇਹ ਪਟੀਸ਼ਨ ‘ਸੁਪਰੀਮ ਕੋਰਟ ਐਡਵੋਕੇਟਸ ਆਨ ਰਿਕਾਰਡ ਐਸੋਸੀਏਸ਼ਨ’ ਦੁਆਰਾ ਦਾਖਲ ਕੀਤੀ ਗਈ। ਇਸ ਪਟੀਸ਼ਨ ਦੇ ਫੈਸਲੇ ਵਿਚ ਸੁਪਰੀਮ ਨੇ ਆਪਣੇ 1982 ਵਾਲੇ ਫੈਸਲੇ ਦੇ ਉਲਟ ਜਾ ਕੇ ਇਹ ਕਿਹਾ ਕਿ ਧਾਰਾ 124 ਵਿਚ ਦਰਜ ਸ਼ਬਦ ਸਲਾਹ ਦਾ ਮਤਲਬ ਸਹਿਮਤੀ ਹੈ, ਅਰਥਾਤ ਰਾਸ਼ਟਰਪਤੀ, ਭਾਵ ਸਰਕਾਰ ਨੂੰ ਚੀਫ ਜਸਟਿਸ ਦੀ ਸਿਫਾਰਸ਼ ਨਾਲ ਸਹਿਮਤ ਹੋਣਾ ਜ਼ਰੂਰੀ ਹੈ। ਇੱਥੋਂ ਹੀ ਕੌਲਿਜੀਅਮ ਸਿਸਟਮ ਦਾ ਮੁੱਢ ਬੱਝਿਆ।

**ਜੱਜਾਂ ਬਾਰੇ ਤੀਸਰਾ ਕੇਸ-1998:** ਰਾਸ਼ਟਰਪਤੀ ਨੇ ਸੁਪਰੀਮ ਕੋਰਟ ਨੂੰ ਸੰਵਿਧਾਨ ਦੇ ਧਾਰਾ 124, 217 ਅਤੇ 222 ਵਿਚ ਦਰਜ ਸ਼ਬਦ ਸਲਾਹ ਦੇ ਮਾਇਨੇ ਸਪੱਸ਼ਟ ਕਰਨ ਲਈ ਕਿਹਾ। ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਕਿ ਸਲਾਹ ਮਸ਼ਵਰੇ ਦੀ ਇਸ ਪ੍ਰਕਿਰਿਆ ਵਿਚ ਇਕੱਲਾ ਚੀਫ ਜਸਟਿਸ ਨਹੀਂ ਹੋਵੇਗਾ, ਚਾਰ ਸਭ ਤੋਂ ਸੀਨੀਅਰ ਸੀਨੀਅਰ ਜੱਜ ਵੀ ਇਸ ਪ੍ਰਕਿਰਿਆ ਵਿਚ ਸ਼ਾਮਲ ਹੋਣਗੇ। ਜੇਕਰ ਕੋਈ ਦੋ ਜੱਜ ਕਿਸੇ ਤਜਵੀਜ਼ ਦਾ ਵਿਰੋਧ ਕਰਦੇ ਹਨ ਤਾਂ ਚੀਫ ਜਸਟਿਸ ਸਰਕਾਰ ਨੂੰ ਉਸ ਤਜਵੀਜ਼ ਦੀ ਸਿਫਾਰਸ਼ ਨਹੀਂ ਕਰੇਗਾ। ਇਸ ਫੈਸਲੇ ਰਾਹੀਂ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਅਤੇ ਹਾਈ ਕੋਰਟ ਦੇ ਜੱਜਾਂ ਦੀ ਬਦਲੀ ਲਈ ਸਖਤ ਦਿਸ਼ਾ-ਨਿਰਦੇਸ਼ ਤੈਅ ਕਰ ਦਿੱਤੇ ਗਏ ਅਤੇ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਹੀ ਹੁਣ ਕੌਲਿਜੀਅਮ ਸਿਸਟਮ ਕਿਹਾ ਜਾਂਦਾ ਹੈ।

ਸੋ ਮੌਜੂਦਾ ਸਰੂਪ ਵਾਲੇ ਕੌਲਿਜੀਅਮ ਸਿਸਟਮ ਦੀ ਨਾ ਤਾਂ ਭਾਰਤੀ ਸੰਵਿਧਾਨ ਵਿਚ ਕੋਈ ਸਿੱਧੀ ਵਿਵਸਥਾ ਹੈ ਅਤੇ ਨਾ ਹੀ ਇਸ ਨੂੰ ਪਾਰਲੀਮੈਂਟ ਦੁਆਰਾ ਪਾਸ ਕੀਤੇ ਕਿਸੇ ਕਾਨੂੰਨ ਦੀ ਢੋਈ ਹੈ ਪਰ ਕਿਉਂਕਿ ਸੁਪਰੀਮ ਕੋਰਟ ਸਰਬਉਚ ਅਦਾਲਤ ਹੈ, ਦੇਸ਼ ਦੇ ਕਾਨੂੰਨ ਦੀ ਰਖਵਾਲਾ ਹੈ, ਸੰਵਿਧਾਨ ਦੀ ਅੰਤਿਮ ਵਿਆਖਿਆਕਾਰ ਹੈ, ਤਾਕਤਾਂ ਦੀ ਵੰਡ ਦੇ ਸਿਧਾਂਤ ਅਨੁਸਾਰ ਇਸ ਦੀ ਆਜ਼ਾਦ ਹਸਤੀ ਹੈ, ਇਸ ਲਈ ਇਸ ਦੇ ਦਿਸ਼ਾ-ਨਿਰਦੇਸ਼ਾਂ ਨੂੰ ਕਾਨੂੰਨ ਦੀ ਹੈਸੀਅਤ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਕੌਲਿਜੀਅਮ ਸਿਸਟਮ ਪੂਰੀ ਤਰ੍ਹਾਂ ਸੰਵਿਧਾਨਕ ਜਾਂ ਕਾਨੂੰਨੀ ਪ੍ਰਬੰਧ ਹੈ ਕਿਉਂਕਿ ਇਹ ਸੁਪਰੀਮ ਕੋਰਟ ਦੇ ਫੈਸਲਿਆਂ ਰਾਹੀਂ ਸਥਾਪਤ ਹੋਇਆ ਹੈ।

ਜ਼ਾਹਿਰ ਹੈ ਕਿ ਸਾਰੀ ਸੱਤਾ ਆਪਣੀ ਮੁੱਠੀ ਵਿਚ ਕਰ ਲੈਣ ਲਈ ਤਾਹੂ ਮੌਜੂਦਾ ਸਰਕਾਰ ਨੂੰ ਸੁਪਰੀਮ ਕੋਰਟ ਦੇ ਇਹ ਫੈਸਲੇ ਕਿੱਥੇ ਹਜ਼ਮ ਹੋਣੇ ਸਨ! ਇਸ ਲਈ ਕੌਲਿਜੀਅਮ ਸਿਸਟਮ ਨੂੰ ਬਦਨਾਮ ਕਰਨ ਅਤੇ ਜੱਜਾਂ ਦੀ ਨਿਯੁਕਤੀ ਆਪਣੇ ਹੱਥਾਂ ਵਿਚ ਲੈਣ ਲਈ ਸਰਕਾਰ ਨੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਕੌਲਿਜੀਅਮ ਦੀਆਂ ਭੇਜੀਆਂ ਸਿਫਾਰਸ਼ਾਂ ਨੂੰ ਸਰਕਾਰ ਸਾਲਾਂ ਬੱਧੀ ਲਟਕਾਈ ਰੱਖਦੀ ਹੈ। ਦੇਸ਼ ਦੀਆਂ ਅਦਾਲਤਾਂ ਵਿਚ 5 ਕਰੋੜ ਤੋਂ ਵੱਧ ਕੇਸ ਬਕਾਇਆ ਪਏ ਹਨ; ਦੂਸਰੇ ਪਾਸੇ ਦੇਸ਼ ਦੀਆਂ ਉਚ ਅਦਾਲਤਾਂ ਵਿਚ ਜੱਜਾਂ ਦੀਆਂ ਸੈਂਕੜੇ ਅਸਾਮੀਆਂ ਖਾਲੀ ਪਈਆਂ ਹਨ। ਸਰਕਾਰ ਜੁਡੀਸ਼ਰੀ ਦੀਆਂ ਫੰਡਿੰਗ ਤੇ ਬੁਨਿਆਦੀ-ਢਾਂਚੇ ਦੀਆਂ ਜ਼ਰੂਰਤਾਂ ਦੀ ਪੂਰਤੀ ਦੀ ਵੀ ਪ੍ਰਵਾਹ ਨਹੀਂ ਕਰਦੀ।

ਕੌਲਿਜੀਅਮ ਸਿਸਟਮ ਨੂੰ ਖਤਮ ਕਰਨ ਅਤੇ ਜੱਜਾਂ ਦੀ ਨਿਯੁਕਤੀਆਂ ਵਿਚ ਸਿਆਸਤਦਾਨਾਂ ਦਾ ਦਖਲ ਸੁਨਿਸ਼ਚਿਤ ਕਰਨ ਲਈ ਸਰਕਾਰ ਨੇ ਸੰਸਦ ਵਿਚ ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟ (ਨਿਯੁਕਤੀ) ਕਮਿਸ਼ਨ ਐਕਟ-2014 ਪੇਸ਼ ਕਰ ਦਿੱਤਾ। ਸਰਕਾਰ ਦੀ ਮਨਸ਼ਾ ਇਹ ਸੀ ਕਿ ਉਹ ਇਸ ਐਕਟ ਅਧੀਨ ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟ ਕਮਿਸ਼ਨ ਬਣਾ ਕੇ ਆਪਣੀ ਮਰਜ਼ੀ ਦੇ ਜੱਜ ਨਿਯੁਕਤ ਕਰ ਲਿਆ ਕਰੇਗੀ। 31 ਦਸੰਬਰ 2014 ਨੂੰ ਇਨ੍ਹਾਂ ਦੋਵਾਂ ਬਿੱਲਾਂ ਉਪਰ ਰਾਸ਼ਟਰਪਤੀ ਦੀ ਮੋਹਰ ਲੱਗ ਗਈ ਅਤੇ 13 ਅਪਰੈਲ 2015 ਨੂੰ ਇਹ ਐਕਟ ਲਾਗੂ ਹੋ ਗਏ।

ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟ ਕਮਿਸ਼ਨ (ਐਨ.ਜੇ.ਏ.ਸੀ.) ਦਾ ਉਦੇਸ਼ ਜੱਜਾਂ ਦੀ ਨਿਯੁਕਤੀ ਵਿਚ ਸਰਕਾਰ ਦੇ ਦਖਲ ਨੂੰ ਸੁਨਿਸ਼ਚਿਤ ਕਰਨਾ ਸੀ। ਐਨ.ਜੇ.ਏ.ਸੀ. ਦੇ ਛੇ ਮੈਂਬਰ ਹੋਣੇ ਸਨ: ਚੀਫ ਜਸਟਿਸ (ਚੇਅਰਮੈਨ), ਦੋ ਸੀਨੀਅਰ ਸੁਪਰੀਮ ਕੋਰਟ ਜੱਜ, ਕਾਨੂੰਨ ਮੰਤਰੀ ਅਤੇ ਦੋ ‘ਨਾਮਵਰ ਸ਼ਖਸੀਅਤਾਂ’। ਚੀਫ ਜਸਟਿਸ, ਪ੍ਰਧਾਨ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ’ਤੇ ਅਧਾਰਿਤ ਪੈਨਲ ਨੇ ਇਨ੍ਹਾਂ ‘ਦੋ ਨਾਮਵਰ-ਸ਼ਖਸੀਅਤਾਂ’ ਨੂੰ ਤਿੰਨ ਸਾਲ ਦੇ ਅਰਸੇ ਲਈ ਨਾਮਜ਼ਦ ਕਰਨਾ ਸੀ। ਸਰਕਾਰ ਦੀ ਬਦਨੀਤੀ ਇਹ ਸੀ ਕਿ ਉਹ ਕਾਨੂੰਨ ਮੰਤਰੀ ਅਤੇ ‘ਦੋ ਨਾਮਵਰ ਹਸਤੀਆਂ’ ਦੇ ਜ਼ਰੀਏ ਇਸ ਸਾਰੀ ਪ੍ਰਕਿਰਿਆ ਨੂੰ ਹਥਿਆ ਲਵੇਗੀ ਅਤੇ ਆਪਣੇ ਹੱਥਠੋਕੇ ਜੱਜਾਂ ਦੀ ਨਿਯੁਕਤੀ ਕਰ ਕੇ ਬਾਕੀ ਸੰਸਥਾਵਾਂ ਵਾਂਗ ਨਿਆਂ ਪਾਲਿਕਾ ਦੇ ਇਸ ਕਿਲ੍ਹੇ ਨੂੰ ਵੀ ਸਰ ਕਰ ਲਵੇਗੀ।

ਸੁਪਰੀਮ ਕੋਰਟ ਨੇ ਐਨ.ਜੇ.ਏ.ਸੀ. ਐਕਟ ਰੱਦ ਕੀਤਾ: ਸੰਨ 1993 ਵਿਚ ‘ਸੁਪਰੀਮ ਕੋਰਟ ਐਡਵੋਕੇਟਸ ਆਨ ਰਿਕਾਰਡ ਐਸੋਸੀਏਸ਼ਨ’ ਨੇ ਇਸ ਐਕਟ ਵਿਰੁਧ ਪਟੀਸ਼ਨ ਦਾਇਰ ਕਰ ਦਿੱਤੀ। ਇਸ ਕੇਸ ਨੂੰ ਕਈ ਵਾਰ ‘ਜੱਜਾਂ ਨਾਲ ਸਬੰਧਿਤ ਚੌਥਾ ਕੇਸ’ ਵੀ ਕਿਹਾ ਜਾਂਦਾ ਹੈ। ਆਪਣੇ 1993 ਦੇ ਫੈਸਲੇ ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟ ਐਕਟ-2014 ਅਤੇ ਸੰਵਿਧਾਨਕ (99ਵੀਂ ਸੋਧ) ਐਕਟ 2014 ਨੂੰ ਅਕਤੂਬਰ 2015 ਵਿਚ 4-1 ਦੀ ਬਹੁ-ਗਿਣਤੀ ਨਾਲ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਰੱਦ ਕਰ ਦਿੱਤਾ। ਬੈਂਚ ਨੇ ਕਿਹਾ ਕਿ ‘ਜੱਜਾਂ ਦੀ ਨਿਯੁਕਤੀ ਵਿਚ ਕਾਰਜ ਪਾਲਿਕਾ (ਸਰਕਾਰ) ਦਾ ਦਖਲ ਨਿਆਂ ਪਾਲਿਕਾ ਦੀ ਪ੍ਰਮੁੱਖਤਾ ਤੇ ਸਰਬਉਚਤਾ ਨੂੰ ਢਾਹ ਲਾਉਂਦਾ ਹੈ ਅਤੇ ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਦਰਮਿਆਨ ਤਾਕਤਾਂ ਦੇ ਵੰਡ ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ; ਇਸ ਸਿਧਾਂਤ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ।’ ਸੁਪਰੀਮ ਕੋਰਟ ਦੇ ਹੁਣ ਤੱਕ ਦੇ ਸਭ ਤੋਂ ਵੱਡੇ, 13 ਮੈਂਬਰੀ ਬੈਂਚ ਨੇ ਸੰਨ 1973 ਦੇ ‘ਕੇਸ਼ਵਾਨੰਦਾ ਭਾਰਤੀ ਐਂਡ ਅਦਰਜ਼ ਬਨਾਮ ਸਟੇਟ ਆਫ ਕੇਰਲ ਐਂਡ ਅਦਰਜ਼ ਕੇਸ’ ਵਿਚ 7-6 ਦੀ ਬਹੁ-ਗਿਣਤੀ ਨਾਲ ਇਹ ਫੈਸਲਾ ਸੁਣਾਇਆ ਸੀ ਕਿ ਪਾਰਲੀਮੈਂਟ ਕੋਲ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਦੀ ਤਾਕਤ ਨਹੀਂ ਹੈ। ਸੰਵਿਧਾਨ ਦਾ ਧਾਰਾ 368 ਪਾਰਲੀਮੈਂਟ ਨੂੰ ਸੰਵਿਧਾਨ ਵਿਚ ਸੋਧ ਕਰਨ ਦੀ ਇਜ਼ਾਜ਼ਤ ਦਿੰਦਾ ਹੈ ਪਰ ਕੇਸ਼ਵਾਨੰਦ ਭਾਰਤੀ ਕੇਸ ਦੇ ਫੈਸਲੇ ਨੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਸਬੰਧ ਵਿਚ ਪਾਰਲੀਮੈਂਟ ਦੀ ਇਸ ਤਾਕਤ ਉਪਰ ਰੋਕ ਲਗਾ ਦਿੱਤੀ। ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਹੀ ਤਰ੍ਹਾਂ ਸ਼ਾਸਨ ਪ੍ਰਣਾਲੀ ਦੇ ਤਿੰਨਾਂ ਅੰਗਾਂ ਦਰਮਿਆਨ ਤਾਕਤਾਂ ਦੀ ਵੰਡ ਵੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ। ਬੁਨਿਆਦੀ ਢਾਂਚੇ ਨੂੰ ਬਦਲਣ ਦਾ ਮਤਲਬ ਹੋਵੇਗਾ ਸੰਵਿਧਾਨ ਨੂੰ ਦੁਬਾਰਾ ਤੋਂ ਲਿਖਣਾ। ਕੇਸ਼ਵਾਨੰਦ ਭਾਰਤੀ ਕੇਸ ਦੇ ਫੈਸਲੇ ਅਨੁਸਾਰ ਵਿਧਾਨ ਪਾਲਿਕਾ (ਪਾਰਲੀਮੈਂਟ) ਸੰਵਿਧਾਨ ਵਿਚ ਸਿਰਫ ਸੋਧ ਕਰ ਸਕਦੀ ਹੈ, ਇਸ ਨੂੰ ਦੁਬਾਰਾ ਨਹੀਂ ਲਿਖ ਸਕਦੀ। ਜਮਹੂਰੀਅਤ ਦੇ ਬਚਾਅ ਅਤੇ ਤਾਕਤਾਂ ਦੇ ਕੇਂਦਰੀਕਰਨ ਨੂੰ ਰੋਕਣ ਲਈ ਨਿਆਂ ਪਾਲਿਕਾ ਦਾ ਆਜ਼ਾਦ ਰਹਿਣਾ ਬਹੁਤ ਜ਼ਰੂਰੀ ਹੈ।

ਇਸ ਐਕਟ ਦੇ ਰੱਦ ਹੋ ਜਾਣ ਬਾਅਦ ਹੁਣ ਸੁਪਰੀਮ ਕੋਰਟ ਦੀਆਂ ਨਿਯੁਕਤੀਆਂ ਕੌਲਿਜੀਅਮ ਸਿਸਟਮ ਰਾਹੀਂ ਹੁੰਦੀਆਂ ਹਨ। ਇਸੇ ਪ੍ਰਕਾਰ ਹਾਈਕੋਰਟਾਂ ਦੇ ਕੌਲਿਜੀਅਮ ਬਣੇ ਹੋਏ ਹਨ ਜਿਹੜੇ ਨਿਯੁਕਤੀਆਂ ਤੇ ਬਦਲੀਆਂ ਸਬੰਧੀ ਆਪਣੀਆਂ ਸਿਫਾਰਸ਼ਾਂ ਅਗਲੇਰੀ ਕਾਰਵਾਈ ਲਈ ਸੁਪਰੀਮ ਕੋਰਟ ਦੇ ਕੌਲਿਜੀਅਮ ਨੂੰ ਭੇਜਦੇ ਹਨ।

ਕੌਲਿਜੀਅਮ ਸਿਸਟਮ ਵਿਰੁੱਧ ਇਹ ਸਾਰਾ ਰੇੜਕਾ ਨਿਆਂ ਪਾਲਿਕਾ ਦੇ ਇਸ ਆਖ਼ਰੀ ਕਿਲ੍ਹੇ ਨੂੰ ਸਰ ਕਰਨ ਦੀ ਫਾਸ਼ੀਵਾਦੀ ਕਵਾਇਦ ਹੈ। ਤਾਨਾਸ਼ਾਹੀ ਤੌਰ-ਤਰੀਕਿਆਂ ਨੂੰ ਪ੍ਰਣਾਈ ਇਹ ਸਰਕਾਰ ਅਸਹਿਮਤੀ ਦੀ ਸੰਭਾਵਨਾ ਤੱਕ ਨੂੰ ਬਰਦਾਸ਼ਤ ਨਹੀਂ ਕਰਦੀ। ਸਾਡੇ ਮੌਜੂਦਾ ਹਾਕਮਾਂ ਨੇ ਦੇਸ਼ ਦੀਆਂ ਸਾਰੀਆਂ ਸੰਸਥਾਵਾਂ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਚੋਣ ਕਮਿਸ਼ਨ, ਸੀ.ਬੀ.ਆਈ., ਈ.ਡੀ., ਕੰਪਟਰੋਲਰ ਐਂਡ ਐਡੀਟਰ ਜਨਰਲ, ਐੱਨ.ਆਈ.ਏ., ਯੂਨੀਵਰਸਿਟੀਆਂ, ਉਚ ਸਿੱਖਿਆ ਤੇ ਖੋਜ ਸੰਸਥਾਵਾਂ; ਗੱਲ ਕੀ, ਸਰਕਾਰ ਦੀ ਜਵਾਬਦੇਹੀ ਤੈਅ ਕਰਨ ਵਾਲੀ ਕਿਸੇ ਵੀ ਸੰਸਥਾ ਦਾ ਨਾਮ ਲਵੋ, ਹਰ ਥਾਂ ਜੀ ਹਜ਼ੂਰੀਏ ਬਿਰਾਜਮਾਨ ਕਰ ਦਿੱਤੇ ਹਨ। ਜਮਹੂਰੀਅਤ ਦਾ ਚੌਥਾ ਥੰਮ੍ਹ ਕਿਹਾ ਜਾਣ ਵਾਲਾ ਮੀਡੀਆ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਦੀ ਬਜਾਏ ਉਲਟਾ ਵਿਰੋਧੀ ਧਿਰ ਅਤੇ ਜਮਹੂਰੀ ਕਾਰਕੁਨਾਂ ਨੂੰ ਦੇਸ਼-ਧ੍ਰੋਹੀ ਗਰਦਾਨ ਰਿਹਾ ਹੈ। ਐੱਨ.ਡੀ.ਟੀ.ਵੀ. ਚੈਨਲ ਦੀ ਖਰੀਦ ਨਾਲ ਸਬੰਧਿਤ ਤਾਜ਼ਾ ਮਿਸਾਲ ਸਾਰੀਆਂ ਅਹਿਮ ਸੰਸਥਾਵਾਂ ਨੂੰ ਮੁੱਠੀ ਵਿਚ ਕਰਨ ਦੀ ਪ੍ਰਕਿਰਿਆ ਦਾ ਹੀ ਹਿੱਸਾ ਹੈ। ਲੋਕਪਾਲ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ, ਇਨਫਰਮੇਸ਼ਨ ਕਮਿਸ਼ਨਰ, ਸਭ ਬੇਅਸਰ ਕਰ ਦਿੱਤੇ ਗਏ ਹਨ। ਬੁੱਧੀਜੀਵੀਆਂ, ਪੱਤਰਕਾਰਾਂ, ਜਮਹੂਰੀ ਕਾਰਕੁਨਾਂ, ਵਿਦਿਆਰਥੀਆਂ, ਸਿਆਸੀ ਵਿਰੋਧੀਆਂ ਆਦਿ ਨੂੰ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਅਧੀਨ ਗ੍ਰਿਫਤਾਰ ਕਰ ਜੇਲ੍ਹੀਂ ਬੰਦ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਨਿਆਂ ਪਾਲਿਕਾ, ਵਿਸ਼ੇਸ਼ ਤੌਰ ’ਤੇ ਸੁਪਰੀਮ ਕੋਰਟ ਹੀ ਇੱਕੋ-ਇੱਕ ਅਜਿਹਾ ਅਦਾਰਾ ਬਚਿਆ ਹੈ ਜਿਹੜਾ ਕਿਸੇ ਸਮੇਂ ਹਾਕਮਾਂ ਦੀ ਮਰਜ਼ੀ ਅਨੁਸਾਰ ਨਾ ਚੱਲਣ ਅਤੇ ਉਨ੍ਹਾਂ ਨੂੰ ਵਖਤ ਪਾ ਦੇਣ ਦੀ ਸੰਭਾਵਨਾ ਰੱਖਦਾ ਹੈ। ਹਾਕਮਾਂ ਨੂੰ ਧੁੜਕੂ ਲੱਗਿਆ ਰਹਿੰਦਾ ਹੈ ਕਿ ਕਦੇ ਕੋਈ ਅਜਿਹਾ ‘ਕੱਬਾ’ ਜੱਜ ਇਸ ਅਦਾਰੇ ਵਿਚ ਬਿਰਾਜਮਾਨ ਹੋ ਸਕਦਾ ਹੈ ਜਿਹੜਾ ‘ਸਾਹਿਬਾਂ’ ਦੇ ਹੁਕਮ ਮੁਤਾਬਕ ਨਾ ਚੱਲਣ ਦਾ ਜਿਗਰਾ ਰੱਖਦਾ ਹੋਵੇ। ਇਸੇ ਲਈ ਜਦੋਂ ਕੋਈ ਮਾੜੀ-ਮੋਟੀ ‘ਸੁਤੰਤਰ ਸੋਚ’ ਵਾਲਾ ਸ਼ਖਸ ਸੁਪਰੀਮ ਕੋਰਟ ਦਾ ਚੀਫ ਜਸਟਿਸ ਬਣ ਜਾਂਦਾ ਹੈ ਤਾਂ ਝੱਟ ਕੌਲਿਜੀਅਮ ਸਿਸਟਮ ਵਿਰੁੱਧ ਕਾਵਾਂਰੌਲੀ ਸ਼ੁਰੂ ਹੋ ਜਾਂਦੀ ਹੈ। ਅੱਜਕੱਲ੍ਹ ਇਸ ਰੌਲੇ-ਰੱਪੇ ਦੇ ਵਧਣ ਦਾ ਵੀ ਸ਼ਾਇਦ ਇਹੀ ਕਾਰਨ ਹੈ।

ਸੰਵਿਧਾਨ ਅਤੇ ਇਸ ਅਧੀਨ ਬਣਾਈਆਂ ਸੰਸਥਾਵਾਂ ਤੋਂ ਲੋਕਾਂ ਦੇ ਭਲੇ ਦੀ ਬਹੁਤੀ ਝਾਕ ਨਹੀਂ ਰੱਖਣੀ ਚਾਹੀਦੀ ਅਤੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਮਾਤੀ ਸਮਾਜ ਵਿਚ, ਜੁਡੀਸ਼ਰੀ ਸਮੇਤ, ਸਾਰੀਆਂ ਸੰਸਥਾਵਾਂ ਦਾ ਖਾਸਾ ਜਮਾਤੀ ਹੁੰਦਾ ਹੈ। ਭਾਰਤੀ ਸੁਪਰੀਮ ਕੋਰਟ ਤਾਂ ਆਪਣੇ ਇਸ ਲੋਕ ਵਿਰੋਧੀ ਖਾਸੇ ਨੂੰ ਵਾਰ ਵਾਰ ਜ਼ਾਹਿਰ ਕਰਦੀ ਆਈ ਹੈ। ਹਿਮਾਂਸ਼ੂ ਕੁਮਾਰ, ਤੀਸਤਾ ਸੀਤਲਵਾੜ ਅਤੇ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਨਾਲ ਸਬੰਧਿਤ ਸੁਪਰੀਮ ਕੋਰਟ ਦੇ ਹਾਲੀਆ ਫੈਸਲਿਆਂ ਨੇ ਇੱਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਹੈ ਕਿ ਰਾਜਤੰਤਰ ਦਾ ਇਹ ਅੰਗ ਵੀ ਬੂਰਜੂਆ ਜਮਹੂਰੀਅਤ ਦੇ ਅਸਲੀ ਖਾਸੇ ਉਪਰ ਪਰਦਾਪੋਸ਼ੀ ਦੀ ਹੀ ਕਵਾਇਦ ਹੈ। ਫਿਰ ਵੀ ਸੱਤਾ ਦੇ ਕੁਝ ਹੱਥਾਂ ਵਿਚ ਕੇਂਦਰਿਤ ਹੋਣ ਜਾਣਾ ਅਤੇ ਸੰਸਥਾਵਾਂ ਦੀ ਰਹਿੰਦੀ-ਖੂੰਹਦੀ ਸੁਤੰਤਰਤਾ ਦਾ ਖਤਮ ਹੋ ਜਾਣਾ ਵਧੇਰੇ ਖ਼ਤਰਨਾਕ ਤੇ ਲੋਕ ਵਿਰੋਧੀ ਵਰਤਾਰਾ ਹੈ। ਸਰਕਾਰ ਦੀਆਂ ਤਾਨਾਸ਼ਾਹੀ ਰੁਚੀਆਂ ਉਪਰ ਛੋਟੀ-ਮੋਟੀ ਨਕੇਲ ਪਾਈ ਰੱਖਣ ਲਈ ਨਿਆਂ ਪਾਲਿਕਾ ਦੀ ਛੋਟੀ-ਮੋਟੀ ਸੁਤੰਤਰਤਾ ਦਾ ਬਣਿਆ ਰਹਿਣਾ ਜ਼ਰੂਰੀ ਹੈ। ਸਾਡੀ ਅੰਤਿਮ ਟੇਕ ਭਾਵੇਂ ਲੋਕਾਂ ਦੀ ਜਥੇਬੰਦਕ ਤਾਕਤ ਹੀ ਹੋਣੀ ਚਾਹੀਦੀ ਹੈ ਪਰ ਸਰਕਾਰ ਦਾ ਹੱਥਠੋਕਾ ਬਣਨ ਵਾਲੇ ਜੁਡੀਸ਼ੀਅਲ ਕਮਿਸ਼ਨ ਦੇ ਮੁਕਾਬਲੇ ਸਾਨੂੰ ਕੌਲਿਜੀਅਮ ਪ੍ਰਬੰਧ ਦੇ ਬਣੇ ਰਹਿਣ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਦਾ ਮਸਲਾ

ਕਰਮ ਬਰਸਟ

ਪੰਜਾਬ ਦੇ ਚੁਣਾਵੀ ਇਤਿਹਾਸ ਵਿਚ ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਦੀ ਅਗਵਾਈ ਹੇਠ 117 ਵਿਚੋਂ 92 ਸੀਟਾਂ ਹਾਸਲ ਕਰ ਕੇ ਅਜਿਹਾ ਮੀਲ ਪੱਥਰ ਗੱਡ ਦਿੱਤਾ ਸੀ, ਜਿਸ ਨੂੰ ਕੋਈ ਹੋਰ ਪਾਰਟੀ ਸ਼ਾਇਦ ਹੀ ਦੁਬਾਰਾ ਟੱਪ ਸਕੇ। ਸਰਕਾਰ ਨੂੰ ਜਿੰਨਾ ਵੱਡਾ ਬਹੁਮਤ ਮਿਲਿਆ ਸੀ, ਉਸ ਅਨੁਸਾਰ ਜਨਤਾ ਦੀਆਂ ਉਮੀਦਾਂ ਦੀ ਲੰਬਾਈ ਦਾ ਆਕਾਰ ਵੀ ਵੱਡਾ ਹੋਣਾ ਸੁਭਾਵਿਕ ਸੀ। ਹੁਣ ਜਦੋਂ ਸਰਕਾਰ ਨੇ ਆਪਣੇ ਨੌਂ ਮਹੀਨੇ ਪੂਰੇ ਕਰ ਲਏ ਹਨ ਤਾਂ ਇਸ ਦੀਆਂ ਪ੍ਰਾਪਤੀਆਂ ਉੱਤੇ ਝਾਤ ਮਾਰਨ ਦਾ ਵੇਲਾ ਆ ਗਿਆ ਹੈ। ਬੇਸ਼ੱਕ ਪਰਕਾਸ਼ ਸਿੰਘ ਬਾਦਲ ਦੀ ਅਕਾਲੀ ਦਲ ਵਾਲੀ ਸਰਕਾਰ ਨੇ 1997 ਵਿਚ ਸੱਤਾ ਸੰਭਾਲ਼ਦਿਆਂ ਹੀ ਪੰਜਾਬ ਦੇ ਖੇਤੀ ਸੈਕਟਰ ਲਈ ਮੁਫ਼ਤ ਬਿਜਲੀ, ਮਾਲੀਏ ਦੀ ਮੁਆਫ਼ੀ, ਚੁੰਗੀਆਂ ਦੇ ਖ਼ਾਤਮੇ ਅਤੇ ਹੋਰ ਸਮਾਜਿਕ ਵਰਗਾਂ ਲਈ ਖੈਰਾਤੀ ਸਹੂਲਤਾਂ ਦਾ ਮੁੱਢ ਬੰਨ੍ਹ ਕੇ ਪੰਜਾਬ ਦੇ ਮਾਲੀ ਸੋਮਿਆਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਸੀ ਪਰ ਇਹ ਅਜਿਹੀ ਪੱਕੀ ਰਸਮ ਮਿੱਥ ਦਿੱਤੀ ਗਈ ਕਿ ਆਉਣ ਵਾਲੀਆਂ ਕਾਂਗਰਸ ਸਰਕਾਰਾਂ, ਖ਼ੁਦ ਅਕਾਲੀ ਸਰਕਾਰ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਇਨ੍ਹਾਂ ਖੈਰਾਤੀ ਨੀਤੀਆਂ ਨੂੰ ਬਦਲਣ ਦੀ ਹਿੰਮਤ ਨਹੀਂ ਕਰ ਸਕਦੀ।

ਇਕ ਤੋਂ ਬਾਅਦ ਦੂਜੀ ਸਰਕਾਰ ਨੇ ਵਧ-ਚੜ੍ਹ ਕੇ ਲੋਕ ਲੋਭਾਊ ਨੀਤੀਆਂ ਦੀ ਰਵਾਇਤ ਨੂੰ ਨਾ ਸਿਰਫ ਕਾਇਮ ਰੱਖਿਆ ਸਗੋਂ ਵਕਤੀ ਲਾਹਿਆਂ ਲਈ ਇਨ੍ਹਾਂ ਖ਼ੈਰਾਤਾਂ ਵਿਚ ਵਾਧਾ ਵੀ ਕੀਤਾ ਜਾਂਦਾ ਰਿਹਾ ਹੈ। ਅੱਜ ਹਾਲਤ ਇਹ ਬਣ ਗਈ ਹੈ ਕਿ ਪੰਜਾਬ ਸਰਕਾਰ ਦੇ ਮਾਲੀ ਸੋਮੇ ਸੁੱਕ ਗਏ ਹਨ। ਪਿਛਲੀਆਂ ਸਰਕਾਰਾਂ ਵਾਂਗ ਹੀ ਭਗਵੰਤ ਮਾਨ ਸਰਕਾਰ ਸਰਕਾਰੀ ਅਤੇ ਗੈਰ-ਸਰਕਾਰੀ ਸਰੋਤਾਂ ਤੋਂ ਕਰਜ਼ੇ ਚੁੱਕ ਕੇ ਕੰਮ ਚਲਾ ਰਹੀ ਹੈ। ਸਿਰਫ ਨੌਂ ਮਹੀਨਿਆਂ ਅੰਦਰ ਹੀ 9000 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕ ਕੇ ਪੁਰਾਣੀਆਂ ਦੇਣਦਾਰੀਆਂ ਨੂੰ ਉਤਾਰਿਆ ਗਿਆ ਹੈ। ਇਸ ਤੋਂ ਇਲਾਵਾ ਵਿਸ਼ਵ ਬੈਂਕ ਤੋਂ ਨਵੀਆਂ ਸ਼ਰਤਾਂ ਉਪਰ 1200 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਪੰਜਾਬ ਦੀਆਂ ਸ਼ਹਿਰੀ ਸਹੂਲਤਾਂ ਨੂੰ ਬਿਹਤਰ ਬਣਾਉਣ ਦੀ ਆੜ ਹੇਠ ਨਿੱਜੀਕਰਨ ਦੀ ਨੀਤੀ ਨੂੰ ਉਗਾਸਾ ਦਿੱਤਾ ਗਿਆ ਹੈ। ਚੇਤੇ ਰਹੇ ਕਿ 1996 ਵਿਚ ਕਾਂਗਰਸ ਸਰਕਾਰ ਵੇਲੇ ਵਿਸ਼ਵ ਬੈਂਕ ਕੋਲ਼ੋਂ 420 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਪੰਜਾਬ ਦੇ ਸਿਹਤ ਵਿਭਾਗ ਨੂੰ ਨਿੱਜੀਕਰਨ ਵੱਲ ਧੱਕ ਦਿੱਤਾ ਗਿਆ ਸੀ। ਪਰੰਤੂ ਪਰਕਾਸ਼ ਸਿੰਘ ਬਾਦਲ ਦੀ 1997 ਵਾਲੀ ਸਰਕਾਰ ਨੇ ਇਸ ਨੀਤੀ ਨੂੰ ਰੱਦ ਕਰਨ ਦੀ ਬਜਾਏ ਪੇਂਡੂ ਡਿਸਪੈਂਸਰੀਆਂ ਖਤਮ ਕਰਨ, ਅਤੇ ਸਿਹਤ ਵਿਭਾਗ ਦੇ ਪੇਂਡੂ ਤੇ ਅਰਧ-ਸ਼ਹਿਰੀ ਇਲਾਕਿਆਂ ਵਿਚੋਂ ਡਾਕਟਰਾਂ, ਫਰਮਾਸਿਸਟਾਂ, ਨਰਸਾਂ ਅਤੇ ਸਹਾਇਕ ਸਟਾਫ਼ ਦੀਆਂ 1200 ਤੋਂ ਵੱਧ ਅਸਾਮੀਆਂ ਨੂੰ ਖਤਮ ਕਰਨ ਲਈ ਕਾਂਗਰਸ ਤੋਂ ਵੀ ਅੱਗੇ ਹੋ ਕੇ ਕੰਮ ਕੀਤਾ। ਉਦੋਂ ਦਾ ਬਰਬਾਦ ਕੀਤਾ ਹੋਇਆ ਸਿਹਤ ਮਹਿਕਮਾ ਅੱਜ ਤਕ ਮੁੜ ਸੁਰਜੀਤ ਨਹੀਂ ਹੋ ਸਕਿਆ। ਭਗਵੰਤ ਮਾਨ ਸਰਕਾਰ ਨੇ ਵੀ ਸਿਹਤ ਵਿਭਾਗ ਨੂੰ ਮਜ਼ਬੂਤ ਕਰਨ ਦੀ ਬਜਾਏ ਸਿਰਫ ਦਿੱਲੀ ਦੇ ਪੈਟਰਨ 'ਤੇ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ ਹਨ, ਪਰ ਇਨ੍ਹਾਂ ਕਲੀਨਿਕਾਂ ਦੀ ਕਾਰਗੁਜ਼ਾਰੀ ਨਾਂਹ ਦੇ ਬਰਾਬਰ ਹੈ। ਉਲਟਾ ਸ਼ਹਿਰੀ ਖੇਤਰਾਂ ਦੇ ਹਸਪਤਾਲਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਨੂੰ ਮਿਲਣ ਵਾਲੀਆਂ ਦਵਾਈਆਂ ਤੇ ਜ਼ਰੂਰੀ ਸਾਜ਼ੋ ਸਾਮਾਨ ਨੂੰ ਮੁਹੱਲਾ ਕਲੀਨਿਕਾਂ ਵੱਲ ਖਿਸਕਾ ਦਿੱਤਾ ਗਿਆ ਹੈ। ਜ਼ਿਲ੍ਹਾ, ਬਲਾਕ ਅਤੇ ਕਸਬਿਆਂ ਵਿਚਲੇ ਹਸਪਤਾਲ ਤੇ ਕਮਿਊਨਿਟੀ ਸਿਹਤ ਕੇਂਦਰਾਂ ਵਿਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ।

'ਆਪ' ਸਰਕਾਰ ਵੱਲੋਂ ਪੰਜਾਬ 'ਚ ਸ਼ੁਰੂ ਕੀਤੇ ਖੈਰਾਤੀ ਮਾਡਲ ਨਾਲ ਸੂਬੇ ਦੇ ਮਾਲੀਆ ਸਰੋਤ ਸੁੱਕ ਰਹੇ ਹਨ। ਸਿਰਫ ਸ਼ਰਾਬ ਆ ਦਾ ਰਤ ਆਬਕਾਰੀ ਨੀਤੀ ਨੂੰ ਛੱਡ ਕੇ ਹੋਰ ਕਿਸੇ ਪਾਸਿਓਂ ਵੀ ਮਾਲੀ ਆਮਦਨ ਵਿਚ ਗਿਣਨਯੋਗ ਵਾ ਦਾ ਨਹੀਂ ਹੋ ਰਿਹਾ। ਕਾਂਗਰਸ ਸਰਕਾਰ ਵੇਲੇ ਦਾ ਸਭ ਤੋਂ ਚਰਚਿਤ ਰੇਤੇ, ਬਜਰੀ, ਗੈਰ-ਕਾਨੂੰਨੀ ਖੋਦ-ਖੁਦਾਈ ਦੇ ਬਦਨਾਮ ਧੰਦੇ ਦੇ ਨਾਲ ਨਾਲ ਨਕਲੀ ਸ਼ਰਾਬ ਅਤੇ ਰਸਾਇਣਕ ਨਸ਼ਿਆਂ ਦੀ ਵਿਕਰੀ, ਲੁੱਟ ਖੋਹ ਦੀਆਂ ਘਟਨਾਵਾਂ, ਕਤਲ, ਨਸ਼ਿਆਂ ਦੀ ਤੋਟ ਕਾਰਨ ਨੌਜਵਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਸਰਕਾਰੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਦੀਆਂ ਅਲਾਮਤਾਂ ਬਾਦਸਤੂਰ ਜਾਰੀ ਹਨ।

ਪੰਜਾਬ ਦੇ ਮਾੜੇ ਵਿੱਤੀ ਪ੍ਰਬੰਧ ਲਈ ਬੇਸ਼ੱਕ ਭਗਵੰਤ ਮਾਨ ਦੀ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਪਰ ਇਸ ਵਿਚ ਸੁਧਾਰ ਕਰਨ ਲਈ ਵੀ ਨਵੀਂ ਸਰਕਾਰ ਕੁਝ ਕਰਨ ਤੋਂ ਅਸਮਰੱਥ ਜਾਪ ਰਹੀ ਹੈ। ਪੰਜਾਬ ਵਿਚ ਪਹਿਲਾਂ ਤੋਂ ਚੱਲ ਰਹੀ ਬਿਜਲੀ-ਪਾਣੀ ਦੀ ਪੁਰਾਣੀ ਖੈਰਾਤੀ ਸਹੂਲਤ ਨੂੰ ਜਾਰੀ ਰੱਖਣ ਤੋਂ ਇਲਾਵਾ ਹਰ ਤਬਕੇ ਲਈ ਇਕ ਵਾਢਿਓਂ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਕੋਈ ਵੀ ਵਾਜਬੀਅਤ ਨਹੀਂ ਬਣਦੀ। ਇਸ ਨਾਲ ਸੂਬੇ ਦੇ ਖ਼ਜ਼ਾਨੇ 'ਤੇ 5,000 ਕਰੋੜ ਰੁਪਏ ਦੀ ਸਬਸਿਡੀ ਦਾ ਵਾਧੂ ਬੋਝ ਵਧੇਗਾ। ਮੌਜੂਦਾ ਵਿੱਤੀ ਸਾਲ ਵਿਚ ਬਿਜਲੀ ਦੀ ਸਮੁੱਚੀ ਸਬਸਿਡੀ 24,886 ਕਰੋੜ ਰੁਪਏ ਬਣ ਜਾਂਦੀ ਹੈ। ਬਿਜਲੀ ਮਹਿਕਮੇ ਨੂੰ ਪੈਣ ਵਾਲੇ ਘਾਟੇ ਦੀ ਨੁਕਸਾਨਪੂਰਤੀ ਲਈ ਨਾ ਤਾਂ ਪਹਿਲਾਂ ਬਾਦਲ-ਕਪਤਾਨ ਸਰਕਾਰ ਨੇ ਅਤੇ ਨਾ ਹੀ ਮਾਨ ਸਰਕਾਰ ਨੇ ਕੋਈ ਨਿਸ਼ਚਿਤ ਵਿਵਸਥਾ ਕੀਤੀ ਹੈ। ਇਸ ਦਾ ਨਤੀਜਾ ਸਰਕਾਰੀ ਅਦਾਰਿਆਂ ਦੀ ਮੁਕੰਮਲ ਤਬਾਹੀ ਅਤੇ ਅੰਤ ਨੂੰ ਨਿੱਜੀ ਖੇਤਰ ਲਈ ਅਥਾਹ ਮੁਨਾਫੇ ਬਟੋਰਨ ਲਈ ਰਾਹ ਮੋਕਲਾ ਕਰਨ ਵਿਚ ਨਿਕਲੇਗਾ। ਇਹ ਉਹੀ ਰਾਹ ਹੈ ਜੋ ਸਰਕਾਰੀ ਟੈਲੀਫ਼ੋਨ ਕੰਪਨੀਆਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਕੇ ਰਿਲਾਇੰਸ ਅਤੇ ਏਅਰਟੈੱਲ ਆਦਿ ਲਈ ਖੋਲ੍ਹਿਆ ਗਿਆ ਸੀ।

ਪੰਜਾਬ ਭਾਰਤ ਦੇ ਸਭ ਤੋਂ ਵੱਧ ਕਰਜ਼ਦਾਰ ਰਾਜਾਂ ਵਿਚੋਂ ਇਕ ਹੈ। ਨਵੀਂ ਸਰਕਾਰ ਦੇ ਸੱਤਾ ਵਿਚ ਆਉਣ ਵੇਲੇ ਤਕ ਕਰਜ਼ੇ ਦਾ ਅਨੁਪਾਤ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਦਾ 47 ਪ੍ਰਤੀਸ਼ਤ ਸੀ, ਜੋ ਹੁਣ ਵਧ ਕੇ 53.3 ਫੀਸਦੀ ਤਕ ਪਹੁੰਚ ਗਿਆ ਹੈ। ਸਰਕਾਰ ਦਾ ਕੁੱਲ ਕਰਜ਼ਾ 2.85 ਕਰੋੜ ਰੁਪਏ ਤੋਂ ਵਧ ਕੇ ਤਿੰਨ ਲੱਖ ਕਰੋੜ ਤੋਂ ਉਪਰ ਚਲਾ ਗਿਆ ਹੈ। ਇਸ ਉਪਰ 20,000 ਕਰੋੜ ਰੁਪਏ ਤੋਂ ਵੱਧ ਦਾ ਸਾਲਾਨਾ ਵਿਆਜ ਦੇਣਾ ਪੈ ਰਿਹਾ ਹੈ। ਪੰਜਾਬ ਦੇ ਪ੍ਰਤੀ ਵਿਅਕਤੀ ਸਿਰ ਇਕ ਲੱਖ ਰੁਪਏ ਦਾ ਕਰਜ਼ਾ ਹੈ, ਜਿਹੜਾ ਅਗਲੇ ਸਾਲ ਤਕ ਇਕ ਲੱਖ ਵੀਹ ਹਜ਼ਾਰ ਰੁਪਏ ਪ੍ਰਤੀ ਵਿਅਕਤੀ ਹੋ ਜਾਣ ਦੀ ਸੰਭਾਵਨਾ ਹੈ। ਇਸੇ ਵਿੱਤੀ ਸਾਲ ਦੇ ਬਜਟ ਵਿਚ 35,000 ਕਰੋੜ ਰੁਪਏ ਦੀ ਵਿਵਸਥਾ ਕਰ ਕੇ ਕਰਜ਼ੇ ਦੇ ਵਿਆਜ ਤੇ ਮੂਲ ਦੀ ਦੇਣਦਾਰੀ ਨਾਲ ਕਰਜ਼ੇ ਦਾ ਬੋਝ ਹੋਰ ਵਧੇਗਾ। ਕਰਜ਼ਾ ਮੋੜਾਈ ਦੀ ਰਕਮ 2011-12 ਵਿਚ 8,955 ਕਰੋੜ ਰੁਪਏ ਤੋਂ ਵਧ ਕੇ 2020-21 ਵਿਚ 32,080 ਕਰੋੜ ਰੁਪਏ ਹੋ ਗਈ ਹੈ। 2020-21 ਵਿਚ 32,258 ਕਰੋੜ ਰੁਪਏ ਦੇ ਕੁੱਲ ਉਧਾਰ ਵਿਚੋਂ 32,080 ਕਰੋੜ ਰੁਪਏ ਦਾ ਕਰਜ਼ਾ ਹੀ ਮੋੜਿਆ ਗਿਆ ਹੈ। 2021-22 'ਚ ਇਹ 36,512 ਕਰੋੜ ਰੁਪਏ ਸੀ। ਇਸ ਲਈ ਸਰਕਾਰ ਜਿੰਨਾ ਕਰਜ਼ਾ ਮੋੜਦੀ ਹੈ, ਉਸ ਤੋਂ ਜ਼ਿਆਦਾ ਉਧਾਰ ਚੁੱਕ ਲੈਂਦੀ ਹੈ। ਇਸ ਤਰ੍ਹਾਂ ਪੰਜਾਬ ਦਾ ਅਰਥਚਾਰਾ ਮਜ਼ਬੂਤ ਹੀ ਨਹੀਂ ਹੋ ਸਕਦਾ।

ਔਰਤਾਂ ਲਈ ਸਰਕਾਰੀ ਬੱਸਾਂ ਵਿਚ ਮੁਫ਼ਤ ਸਫਰ ਦੀ ਸਹੂਲਤ ਦਾ ਲਾਭ ਵੀ ਬਹੁਤਾ ਕਰਕੇ ਨੌਕਰੀਪੇਸ਼ਾ ਔਰਤਾਂ ਲੈ ਰਹੀਆਂ ਹਨ। ਸਵਾਲ ਖੈਰਾਤੀ ਸਹੂਲਤਾਂ ਨੂੰ ਬੰਦ ਕਰਨ ਦਾ ਨਹੀਂ ਹੈ ਪਰ ਇਨ੍ਹਾਂ ਨੂੰ ਤਰਕਸੰਗਤ ਬਣਾ ਕੇ ਸਭ ਤੋਂ ਹੇਠਲੇ ਗਰੀਬ ਵਰਗਾਂ ਲਈ ਕੀਤਾ ਜਾਣਾ ਚਾਹੀਦਾ ਹੈ। ਜੇਕਰ ਚੋਣ ਵਾਅਦੇ ਮੁਤਾਬਕ ਪੰਜਾਬ ਵਿਚ ਹਰ ਬਾਲਗ ਔਰਤ ਨੂੰ 1,000 ਰੁਪਏ ਪ੍ਰਤੀ ਮਹੀਨਾ ਦੇਣਾ ਸ਼ੁਰੂ ਕਰ ਦਿੱਤਾ ਗਿਆ ਅਤੇ ਨਵੀਆਂ ਵਚਨਬੱਧ ਗਾਰੰਟੀਆਂ ਸਮੇਤ ਮੌਜੂਦਾ ਮੁਫਤ ਸਹੂਲਤਾਂ 2022-23 ਵਿਚ ਪੰਜਾਬ ਦੀ ਮਾਲੀ ਆਮਦਨ ਦਾ 28,962 ਕਰੋੜ ਰੁਪਏ ਖਾ ਜਾਣਗੀਆਂ। ਪੰਜਾਬ ਰੋਡਵੇਜ ਅਤੇ ਪੈਪਸੂ ਰੋਡਵੇਜ ਦਾ ਬਹੁਤ ਸਾਰਾ ਕੰਮ ਪਹਿਲਾਂ ਹੀ ਠੇਕੇ ਉਪਰ ਚੱਲ ਰਿਹਾ ਹੈ ਅਤੇ ਉਹ ਦਿਨ ਬਹੁਤੀ ਦੂਰ ਨਹੀਂ ਜਦੋਂ ਇਨ੍ਹਾਂ ਲਾਹੇਵੰਦ ਅਦਾਰਿਆਂ ਦਾ ਕੀਰਤਨ ਸੋਹਿਲਾ ਪੜ੍ਹਿਆ ਜਾਵੇਗਾ।

ਰਾਜ ਦੇ ਕੁੱਲ ਮਾਲੀਏ ਵਿਚ ਗੈਰ-ਟੈਕਸ ਮਾਲੀਏ ਦਾ ਹਿੱਸਾ 2008-09 ਵਿਚ 28 ਫੀਸਦੀ ਤੋਂ ਘਟ ਕੇ 2020-21 ਵਿਚ 9 ਤੋਂ 12 ਫੀਸਦੀ ਰਹਿ ਗਿਆ ਹੈ। ਪੰਜਾਬ ਦਾ ਆਪਣਾ ਟੈਕਸ-ਜੀ ਐਸ ਡੀ ਪੀ ਅਨੁਪਾਤ 2012-13 ਵਿਚ 7.49 ਪ੍ਰਤੀਸ਼ਤ ਤੋਂ ਘਟ ਕੇ 2020-21 ਵਿਚ 4.95 ਪ੍ਰਤੀਸ਼ਤ ਰਹਿ ਗਿਆ (ਭਾਵ 2.54 ਪ੍ਰਤੀਸ਼ਤ ਅੰਕ ਦੀ ਗਿਰਾਵਟ)। ਇਕੱਲੇ ਇਸ ਕਦਮ ਨਾਲ ਪੰਜਾਬ ਦੇ ਨਿੱਜੀ ਵਿੱਤੀ ਸਰੋਤਾਂ ਵਿਚ 2020-21 ਵਿਚ




16,012 ਕਰੋੜ ਰੁਪਏ ਦੀ ਕਮੀ ਆਈ ਸੀ। ਪੰਜਾਬ ਵਿਚ ਪਿਛਲੇ 30 ਸਾਲਾਂ ਤੋਂ ਘਟਦੀ ਵਿਕਾਸ ਦਰ ਵੀ ਗੰਭੀਰ ਚਿੰਤਾ ਦਾ ਸਬੱਬ ਹੈ। ਜੀ ਐਸ ਡੀ ਪੀ ਵਿਕਾਸ ਦਰ ਦੇ ਸੰਦਰਭ ਵਿਚ, ਪੰਜਾਬ 1992-2012 ਦੇ ਅਰਸੇ ਦੌਰਾਨ 17 ਜਨਰਲ ਸ਼੍ਰੇਣੀ ਦੇ ਰਾਜਾਂ ਵਿਚੋਂ 13ਵੇਂ ਅਤੇ 17ਵੇਂ ਅਤੇ 2013-14 ਅਤੇ 2017-18 ਦੌਰਾਨ ਸਾਰੇ 28 ਰਾਜਾਂ ਵਿਚੋਂ 18ਵੇਂ ਅਤੇ 24ਵੇਂ ਸਥਾਨ 'ਤੇ ਸੀ। ਪ੍ਰਤੀ ਵਿਅਕਤੀ ਸ਼ੁੱਧ ਆਮਦਨ ਦੇ ਮਾਮਲੇ ਵਿਚ, ਪੰਜਾਬ 1995-96 ਵਿਚ ਮਹਾਰਾਸ਼ਟਰ ਤੋਂ ਪਛੜ ਗਿਆ ਅਤੇ 2011-12 ਅਤੇ 2018-2019 ਦੌਰਾਨ, ਪੰਜਾਬ 11ਵੇਂ ਤੋਂ 12ਵੇਂ ਸਥਾਨ 'ਤੇ ਰਿਹਾ ਅਤੇ 2019-20 ਵਿਚ 19ਵੇਂ ਸਥਾਨ 'ਤੇ ਆ ਗਿਆ ਹੈ। ਖੇਤੀ ਖੇਤਰ ਦੇ ਧਨਾਢ ਜ਼ਿਮੀਂਦਾਰਾਂ ਨੂੰ ਦਿੱਤੀ ਜਾ ਰਹੀ ਸਬਸਿਡੀ, ਸਰਕਾਰੀ ਬਜਟ ਦਾ 26,454 ਕਰੋੜ ਰੁਪਏ ਛਕ ਰਹੀ ਹੈ ਜੋ ਇਸ ਤੋਂ ਵੀ ਵਧ ਕੇ ਧਰਤੀ ਹੇਠਲੇ ਪਾਣੀ ਨੂੰ ਨਿਚੋੜ ਕੇ ਪੰਜਾਬ ਨੂੰ ਮਾਰੂਥਲ ਬਣਨ ਵੱਲ ਧੱਕ ਰਹੀ ਹੈ। ਛੋਟਾ ਗਰੀਬ ਕਿਸਾਨ ਅਤੇ ਪੇਂਡੂ ਮਜ਼ਦੂਰ ਵਰਗ ਤਾਂ ਘਰੇਲੂ ਨਲ਼ਕਿਆਂ ਦੀ ਅਣਹੋਂਦ ਕਾਰਨ ਸਾਫ਼ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਗਿਆ ਹੈ।

ਪੀਆਰਐਸ ਦੇ ਅਨੁਸਾਰ, ਸਰਕਾਰ ਦਾ ਪੱਕਾ-ਠੱਕਾ ਖਰਚਾ ਮਾਲੀਆ ਰਸੀਦਾਂ ਦੀ ਵੰਡ ਦਾ 70 ਪ੍ਰਤੀਸ਼ਤ ਬਣਦਾ ਹੈ ਜੋ ਕਿ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਸਮੇਤ ਹੋਰ ਜ਼ਰੂਰੀ ਭੁਗਤਾਨਾਂ ਲਈ ਰੱਖਣਾ ਹੀ ਪੈਂਦਾ ਹੈ। ਇਸ ਲਈ ਸੂਬੇ ਅੰਦਰ ਪੂੰਜੀਗਤ ਨਿਵੇਸ਼ ਲਈ ਕੋਈ ਰਕਮ ਹੀ ਨਹੀਂ ਬਚਦੀ। ਪੰਜਾਬ ਦਾ ਟੈਕਸ ਅਤੇ ਗੈਰ-ਟੈਕਸ ਮਾਲੀਆ 2018-19 ਅਤੇ 2021-22 ਦਰਮਿਆਨ ਇਕਹਿਰੇ ਅੰਕਾਂ ਵਿਚ ਹੀ ਵਧਿਆ ਹੈ। ਬਜਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਵਿੱਤੀ ਵਰ੍ਹੇ 95378 ਕਰੋੜ ਦੀਆਂ ਕੁੱਲ ਮਾਲੀ ਪ੍ਰਾਪਤੀਆਂ ਵਿਚੋਂ ਸਰਕਾਰ ਆਪਣੇ ਤੌਰ 'ਤੇ 51890 ਕਰੋੜ ਰੁਪਏ (54%) ਜੁਟਾਵੇਗੀ, ਪਰ ਹੁਣ ਤਕ ਦੀ ਕਾਰਗੁਜ਼ਾਰੀ ਤੋਂ ਅਜਿਹਾ ਕੋਈ ਹਾਂ-ਪੱਖੀ ਸੰਕੇਤ ਨਹੀਂ ਮਿਲਦਾ। ਪਿਛਲੇ ਸਾਲ ਦੇ ਬਜਟ ਵਿਚ ਮਾਲੀ ਆਮਦਨ ਮਨਫੀ 18 ਫੀਸਦੀ ਰਹੀ ਸੀ ਪਰ ਮੌਜੂਦਾ ਸਰਕਾਰ ਨੇ ਬਿਨਾ ਕੋਈ ਭਵਿੱਖ ਨਕਸ਼ਾ ਉਲੀਕਿਆਂ ਮਾਲੀ ਪ੍ਰਾਪਤੀਆਂ ਦਾ ਟੀਚਾ 81458 ਤੋਂ ਵਧਾ ਕੇ 95378 ਕਰੋੜ ਰੁਪਏ (17 ਫੀਸਦੀ ਦਾ ਵਾਧਾ) ਮਿੱਥ ਲਿਆ ਹੈ। ਜਦੋਂ ਨਵੇਂ ਸਾਲ ਵਿਚ ਇਕ ਵੀ ਵਾਧੂ ਟੈਕਸ ਨਹੀਂ ਲਾਇਆ, ਟੈਕਸ ਦੀਆਂ ਚੋਰ-ਮੋਰੀਆਂ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਅਤੇ ਖ਼ੈਰਾਤਾਂ ਵਿਚ ਅਥਾਹ ਵਾਧਾ ਕਰ ਦਿੱਤਾ ਹੈ ਤਾਂ ਮਾਲੀ ਆਮਦਨ ਵਧ ਜਾਣ ਦੀ ਇੱਛਾ ਕਰਨੀ ਵੀ ਫਜ਼ੂਲ ਹੈ।

ਇਸ ਵੇਲੇ ਪੰਜਾਬ ਸਚਮੁੱਚ ਹੀ ਗੰਭੀਰ ਵਿੱਤੀ ਸੰਕਟ, ਕਰਜ਼ੇ ਦੇ ਜਾਲ, ਲਗਾਤਾਰ ਡਿੱਗ ਰਹੀ ਵਿਕਾਸ ਦਰ ਅਤੇ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹੀ ਸੰਕਟ ਹਮੇਸ਼ਾ ਸਮਾਜ ਦੇ ਇਕ ਜਾਂ ਦੂਜੇ ਵਰਗ ਵਿਚ ਹਿੰਸਾ ਨੂੰ ਉਕਸਾਵਾ ਦਿੰਦਾ ਰਿਹਾ ਹੈ। ਸਮਾਜ ਵਿਰੋਧੀ ਅਤੇ ਧਾਰਮਿਕ ਮੂਲਵਾਦੀ ਤਾਕਤਾਂ ਇਸ ਹਾਲਤ ਦਾ ਲਾਹਾ ਲੈਣ ਲਈ ਅੰਗੜਾਈਆਂ ਲੈ ਰਹੀਆਂ ਹਨ। ਪੰਜਾਬ ਸਰਕਾਰ ਨੂੰ ਜਿੱਥੇ ਅਰਥਚਾਰੇ ਦੀ ਮੁੜ ਸੁਰਜੀਤੀ ਦੇ ਗੰਭੀਰ ਯਤਨ ਕਰਨੇ ਚਾਹੀਦੇ ਹਨ, ਉੱਥੇ ਮੂਲਵਾਦੀ ਤਾਕਤਾਂ ਨੂੰ ਵੀ ਕੰਟਰੋਲ ਹੇਠ ਰੱਖਣ ਲਈ ਫ਼ੌਰੀ ਗੰਭੀਰ ਹੋਣ ਦੀ ਲੋੜ ਹੈ। 1980-1995 ਦੇ ਦੌਰ ਨੇ ਪੰਜਾਬ ਨੂੰ ਆਰਥਿਕ ਦੁਰਗਤੀ ਦੀ ਹਾਲਤ ਤਕ ਪੁਚਾ ਦਿੱਤਾ ਸੀ। ਅਜਿਹਾ ਨਾ ਹੋਵੇ ਕਿ ਪੰਜਾਬ ਸਰਕਾਰ ਦੇ ਅਵੇਸਲੇਪਣ ਕਰਕੇ ਪੁਰਾਣੇ ਜ਼ਖ਼ਮ ਫਿਰ ਹਰੇ ਹੋ ਜਾਣ। ਮੁਫਤ ਸਹੂਲਤਾਂ ਸਿਰਫ ਸੱਚਮੁੱਚ ਹੀ ਲੋੜਵੰਦ ਵਰਗਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਵੀ ਘੱਟੋ ਘੱਟ ਮਨੁੱਖੀ ਜੀਵਨ ਜਿਉ ਸਕਣ। ਸਮਾਜਿਕ ਖੇਤਰ ਵਿਸ਼ੇਸ਼ ਕਰਕੇ ਖੇਤੀ, ਸਿਹਤ, ਸਿੱਖਿਆ ਅਤੇ ਮਨੁੱਖੀ ਕੁਸ਼ਲਤਾ ਦੇ ਵਿਕਾਸ ਲਈ ਪੂੰਜੀ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੈ। ਸਰਕਾਰ ਨੂੰ ਬੇਲੋੜੇ, ਗੈਰ ਉਪਜਾਊ ਕੰਮਾਂ ਉਪਰ ਪਹਿਲਾਂ ਹੀ ਸੀਮਤ ਵਿੱਤੀ ਸਰੋਤਾਂ ਨੂੰ ਬਰਬਾਦ ਕਰਨ ਦੀ ਬਜਾਏ ਸਮਾਜਿਕ ਪੂੰਜੀ ਨਿਵੇਸ਼ ਨੂੰ ਪਹਿਲ ਦੇਣੀ ਚਾਹੀਦੀ ਹੈ। ਸਿਰਫ ਅਜਿਹਾ ਕਰ ਕੇ ਹੀ ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਸੰਭਵ ਬਣਾਈ ਜਾ ਸਕਦੀ ਹੈ।

---

## ਮਿੰਨੀ ਕਹਾਣੀ

# ਸੂਰਤ ਤੇ ਸੀਰਤ

'ਦਸ ਕਿੱਲੇ ਆਉਂਦੇ ਮੁੰਡੇ ਨੂੰ ਕੋਈ ਪੜ੍ਹੀ ਲਿਖੀ, ਸੋਹਣੀ ਸਨੁੱਖੀ ਤੇ ਚੰਗਾ ਦਾਜ ਦੌਣ ਦੇਣ ਵਾਲੇ ਟੱਬਰ ਦਾ ਰਿਸ਼ਤਾ ਕਰਵਾਈਂ ਸਾਡੇ ਪੁੱਤ ਨੂੰ।' ਜੀਤੇ ਦੀ ਮਾਂ ਨੇ ਵਿਚੋਲੇ ਨੂੰ ਤਾੜਨਾ ਜਿਹੀ ਕਰਦਿਆਂ ਕਿਹਾ।

'ਬੀਬੀ ਜੀ ਰਿਸ਼ਤੇ ਤਾਂ ਮੈਥੋਂ ਚੜ੍ਹਦੇ ਤੋਂ ਚੜ੍ਹਦੇ ਹੈਗੇ ਪਰ ਜਿਵੇਂ ਦੀਆਂ ਤੁਹਾਡੀਆਂ ਫਰਮਾਇਸ਼ਾਂ ਉਵੇਂ ਦੀਆਂ ਨੱਖਰੇ ਬੜੇ ਕਰਦੀਆਂ ਰੋਟੀ ਟੁੱਕ ਕਰਨ ਤੋਂ ਨਾਹ ਨੁੱਕਰ ਕੀਤੀ ਤਾਂ ਮੇਰੀ ਜਿੰਮੇਵਾਰੀ ਕੋਈ ਨਹੀਂ,ਉਵ ਦਾਜ ਦੌਣ ਵੀ ਖੁੱਲਾ ਦੇਣਗੇ । ਲੈ ਦੱਸ ਰੋਟੀ ਟੁੱਕ ਮੈਂ ਆਪੇ ਕਰਲੂ... ਤੂੰ ਏਦਾਂ ਦੀ ਨੂੰਹ ਲੱਭ ਕੇ ਦੇ ਕਿ ਲਾਗੇ ਸ਼ਾਗੇ ਪਿੰਡਾਂ ਵਿਚ ਨਾ ਹੋਵੇ। ਵਿਚੋਲੇ ਦੇ ਜਾਂਦਿਆਂ ਸ਼ਿੰਦੋ ਨੂੰ ਉਸਦਾ ਘਰਵਾਲਾ ਕਹਿੰਦਾ ਬਾਹਲਾ ਲਾਲਚ ਚੰਗਾ ਨਹੀਂ ਹੁੰਦਾ ਕੋਈ ਸਾਦੇ ਘਰ ਦੀ ਸਾਦੀ ਤੇ ਸਿਆਣੀ ਧੀ ਵੇਖ ਜੋ ਪਿਛਲੀ ਉਮਰੇ ਆਪਣੇ ਲੱਕ ਹੇਠਾਂ ਸਿਰਹਾਣਾ ਤਾਂ ਰੱਖੇ... ਜਿੱਦਾਂ ਦੀ ਨੂੰਹ ਤੂੰ ਭਾਲਦੀ ਆਪ ਪਕਾ ਪਕਾ ਖਵਾਉਂਦੀ ਫਿਰੇਂਗੀ! ਹੂੰ ਖਵਾਉਂਦੀ ਫਿਰੋਂ ਆਪਣੀ ਲੋੜ ਨੂੰ ਆਪੇ ਕਰਨਾ ਜਦੋਂ ਸਿਰ ਤੇ ਪਈ ਅਸੀਂ ਨਹੀਂ ਕੀਤਾ ਮੈਂ ਕਿਤੇ ਘੱਟ ਸੋਹਣੀ ਸਨੁੱਖੀ ਸਾਂ ਆ ਤੇ ਤਾਡੇ ਟੱਬਰ ਨੇ ਮੇਰੀ ਮੱਤ ਮਾਰ ਛੱਡੀ ਨਹੀਂ ਤਾਂ ਡੁੱਲ੍ਹ ਡੁੱਲ੍ਹ ਪੈਂਦਾ ਸੀ ਮੇਰਾ ਨੂਰ... ਸ਼ਿੰਦੋ ਕੰਨੀ ਝਾਕਦਾ ਉਸਦਾ ਘਰ ਵਾਲਾ ਮੂੰਹ ਵਿਚ ਬੁੜਬੁੜਾਉਂਦਾ ਅਗਾਂਹ ਹੋ ਤੁਰਿਆ! ਸਮਾਂ ਲੰਘਿਆ ਤਾਂ ਵਿਚੋਲੇ ਨੇ ਪਹਿਲਾਂ ਇੱਕ ਬੜੇ ਹੀ ਸਾਊ ਜਿਹੇ ਪਰਵਾਰ ਦਾ ਰਿਸ਼ਤੇ ਦੀ ਦੱਸ ਪਾਈ, ਕੁੜੀ ਥੋੜੇ ਪੱਕੇ ਰੰਗ ਸੀ ਪਰ ਫੱਬਤ ਤੇ ਪੜ੍ਹੀ ਲਿਖੀ ਪੂਰੀ ਸੀ.. ਪਰ ਸ਼ਿੰਦੋ ਦਾ ਨੱਕ ਤੇ ਬਾਹਲਾ ਉੱਚਾ ਸੀ, ਉਹ ਥਾਂ ਸਿਰ ਨਾਹ ਕਰ ਦਿੱਤੀ ਮੁੰਡੇ ਤੇ ਪਿਉ ਨੇ ਸ਼ਿੰਦੋ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਉਨ੍ਹਾਂ ਦੀ ਇੱਕ ਨਾ ਚੱਲੀ। ਕੁਝ ਦਿਨਾਂ ਮਗਰੋਂ ਇੱਕ ਹੋਰ ਰਿਸ਼ਤਾ ਆਇਆ, ਕੁੜੀ ਵੇਖਣ ਗਏ ਤਾਂ ਕੁੜੀ ਪਰੀਆਂ ਨੂੰ ਵੀ ਮਾਤ ਪਾਉਂਦੀ ਸੀ, ਮੂੰਹ ਤੇ ਲਾਏ ਮੇਕਅੱਪ ਤੋਂ ਪਤਾ ਲੱਗਦਾ ਸੀ ਕਿ ਵਾਹਵਾ ਸੌਕੀਨਣ ਆ। ਸ਼ਿੰਦੋ ਨੂੰ ਤਾਂ ਜਿਵੇਂ ਕੁਝ ਲੱਭ ਗਿਆ ਹੋਵੇ... ਉਹ ਤਾਂ ਕੁੜੀ ਨੂੰ ਵੇਖਕੇ ਹੀ ਬੜੀ ਖੁਸ਼ ਹੋ ਗਈ ! ਮੁੰਡੇ ਨੇ ਮਾਂ ਤੇ ਪਿਉ ਨੂੰ ਪਾਸੇ ਕਰ ਕਿਹਾ ਮੈਨੂੰ ਕੁੜੀ ਬਹੁਤ ਤੇਜ਼ ਤਰਾਰ ਲੱਗਦੀ ਉਹ ਚੰਡੀਗੜ੍ਹ ਦੀ ਪੜ੍ਹੀ ਏ ਤੇ ਮੈਂ ਸਿੱਧਾ ਸਾਦਾ ਬੰਦਾ ਆਪਾ ਇੱਕ ਵਾਰ ਫਿਰ ਸੋਚ ਲਈਏ। ਲੈ ਦੱਸ ਕਰਦਾ ਕੀ ਐ ਕੁੜੀ ਵੇਖ ਨਿਰੀ ਹੂਰ ਪਰੀ , ਪੜ੍ਹੀ ਲਿਖੀ ਤੇ ਉਤੋਂ ਅਗਲਿਆ ਦਾਜ ਵਿਚ ਗੱਡੀ ਵੀ ਦੇਣੀ, ਮੇਰੀਆਂ ਤਾਂ ਰੱਬ ਸਾਰੀਆਂ ਜਿਵੇਂ ਨੇੜੇ ਹੋਕੇ ਸੁਣ ਲਈਆਂ ਆਜੋ ਚੁੱਪ ਕਰਕੇ ਬੁਰੇ ਲੱਗੀਦਾ ਅੱਡ ਹੋਕੇ ਗੱਲ ਕਰਦੇ! ਦੋਵਾਂ ਪਿਉ ਪੁੱਤਾ ਦੀ ਕੋਈ ਪੇਸ਼ ਨਾ ਚੱਲੀ ਤੇ ਰਿਸ਼ਤਾ ਪੱਕਾ ਹੋ ਗਿਆ।

ਸ਼ਿੰਦੋ ਦੀ ਨੂੰਹ ਦੇ ਸੁਹੱਪਣ ਦੇ ਚਰਚੇ ਚਾਰੇ ਪਾਸੇ ਹੋ ਰਹੇ ਸਨ, ਸ਼ਿੰਦੋ ਤਾਂ ਕਿਤੇ ਫੁੱਲੀ ਨਹੀਂ ਸੀ ਸਮਾ ਰਹੀ ਉੱਤੋਂ ਦਾਜ ਵਿਚ ਆਈ ਗੱਡੀ ਨੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਕੀਤੀ ਸੀ। ਸਮਾਂ ਬੀਤਦਾ ਗਿਆ ਨਵੀਂ ਵਿਆਹੀ ਜੋੜੀ ਕਦੇ ਕਿਤੇ ਕਦੇ ਕਿਤੇ ਘੁੰਮਣ ਜਾਂਦੀ ਪਹਿਲੇ ਇੱਕ ਦੋ ਮਹੀਨੇ ਤਾਂ ਠੀਕ ਪਰ ਇੱਕ ਦਿਨ ਆਪਣੇ ਘਰਵਾਲੇ ਨੂੰ ਕਹਿੰਦੀ ਮੈ ਖਿਹਾਂ ਸੁਣਦੇ ਹੋ ਜੀ ਏਨਾਂ ਜਵਾਕਾਂ ਨੇ ਕੀ ਪਖੰਡ ਫੜਿਆ ਰੋਜ਼ ਦਿਹਾੜੀ ਤੁਰੇ ਰਹਿੰਦੇ, ਤੇਲ ਦਾ ਖਰਚਾ ਏਦੇ ਪੇਕੇ ਦਿੰਦੇ ਆ, ਮੈਨੂੰ ਤੇ ਕਿਤੇ ਗੁਰਦਵਾਰੇ ਵੀ ਨਹੀਂ ਪੁੱਛਿਆ! ਸ਼ਿੰਦੋ ਦਾ ਪਤੀ ਚੁੱਪ ਚਪੀਤਾ ਸੁਣਦਾ ਰਿਹਾ ਪਰ ਬੋਲਿਆ ਕੁਝ ਨਹੀਂ। ਅਗਲੇ ਦਿਨ ਜਦੋਂ ਨੂੰਹ ਪੁੱਤ ਫਿਰ ਕਿਤੇ ਜਾਣ ਲੱਗੇ ਤਾਂ ਸ਼ਿੰਦੋ ਕਹਿਣ ਲੱਗੀ... ਤੇਲ ਮੁਫ਼ਤ ਦਾ ਨਹੀਂ ਆ, ਭਾਅ ਤੇ ਅਸਮਾਨੀ ਚੜੇ ਪਏ ਆ ਤੁਸੀਂ ਕਿੱਡਾ ਪਖੰਡ ਫੜਿਆ ਰੋਜ਼ ਦਿਹਾੜੀ ਤੁਰੇ ਰਹਿੰਦੇ, ਬਹਿ ਜੋ ਅਰਾਮ ਨਾਲ ਘਰੇ, ਅੱਗੋਂ ਨੂੰਹ ਬੋਲੀ ਜੇ ਗੱਡੀ ਵਿਚ ਤੇਲ ਨਹੀਂ ਪਵਾਇਆ ਜਾਂਦਾ ਤਾਂ ਮੰਗੀ ਕਾਹਤੋਂ ਸੀ! ਮੂੰਹ ਤੇ ਸੁਣ ਸ਼ਿੰਦੋ ਉੱਥੇ ਸੀਲ ਪੱਥਰ ਹੋ ਗਈ। ਨੂੰਹ ਨੇ ਇੱਕ ਦਿਨ ਵੀ ਘਰਦਿਆਂ ਨੂੰ ਪਕਾ ਕੇ ਨਾ ਖਵਾਈਆਂ , ਉਸਨੂੰ ਬਸ ਘੁੰਮਣ ਫਿਰਣ, ਲਿਸ਼ਕਣ ਪੁਸ਼ਕਣ ਤੇ ਟੋਹਰ ਟੱਪਾ ਕੱਢਣ ਨਾਲ ਹੀ ਮਤਲਬ ਸੀ। ਸ਼ਿੰਦੋ ਅੰਦਰੋ ਅੰਦਰੀ ਝੂਰਦੀ ਰਹਿੰਦੀ।

ਸ਼ਿੰਦੋ ਦੇ ਸਕਿਆਂ ਵਿਚੋਂ ਇੱਕ ਮੁੰਡੇ ਦਾ ਵਿਆਹ ਸੀ ਅਗਲਿਆ ਬਿਨਾ ਕੋਈ ਖਰਚ ਕੀਤੇ ਚੁੰਨੀ ਚੜਾ ਨੂੰਹ ਘਰ ਲੈ ਆਂਦੀ ਸੀ। ਕੁਝ ਦਿਨ ਮਗਰੋਂ ਜਦੋਂ ਸ਼ਿੰਦੋ ਸਕਿਆਂ ਦੀ ਨੂੰਹ ਵੇਖਣ ਗਈ ਤਾਂ ਸੱਜ ਵਿਆਹੀ ਨੂੰਹ ਨੇ ਹਸੋਂ ਹਸੋਂ ਕਰਦੇ ਚਿਹਰੇ ਨਾਲ ਸੱਸ ਲਈ ਚਾਹ ਬਣਾ ਕੇ ਲਿਆ ਰਹੀ ਸੀ... ਸ਼ਿੰਦੋ ਤੁਰੀ ਆਉਂਦੀ ਵੇਖਦੀ ਹੈ ਕਿ ਨੂੰਹ ਨੇ ਚਾਹ ਰੱਖੀ ਤੇ ਸੱਸ ਨੂੰ ਉਸਦਾ ਹਾਲ ਚਾਲ ਪੁੱਛ ਰਹੀ ਏ ਇਹ ਉਹੀ ਕੁੜੀ ਸੀ ਜਿਸਦੇ ਸਲੇਰੇ ਰੰਗ ਨੂੰ ਸ਼ਿੰਦੋ ਨਿੰਦ ਕੇ ਛੱਡ ਆਈ ਸੀ! ਜਦ ਸ਼ਿੰਦੋ ਕੋਲ ਆਈ ਤਾਂ ਨੂੰਹ ਨੇ ਬੜੇ ਸਤਿਕਾਰ ਨਾਲ ਜੀ ਆਇਆਂ ਕਹਿ ਚਾਹ ਪਾਣੀ ਪੁੱਛਿਆ ਗੱਲਾਂ ਕਰਦਿਆਂ ਕਰਦਿਆਂ ਸ਼ਿੰਦੋ ਦੀ ਗਵਾਂਢਣ ਦੱਸਦੀ ਕਿ ਅਸੀਂ ਤਾਂ ਪਤਾ ਨਹੀਂ ਕਿਹੜੇ ਪੁੰਨ ਕੀਤੇ ਜੋ ਏਨੀ ਚੰਗੀ ਧੀ ਮਿਲੀ ਏ ਸਾਰਾ ਦਿਨ ਹਸੋਂ ਹਸੋਂ ਕਰਦੀ ਵਿਹੜੇ ਵਿਚ ਰੌਣਕ ਲਾ ਰੱਖਦੀ ਨਾਲੇ ਇੱਕ ਗੱਲ ਹੋਰ ਭੈਣੇ ਸਾਡੀ ਨੂੰਹ ਨੂੰ ਸਰਕਾਰੀ ਨੌਕਰੀ ਮਿਲ ਗਈ ਏ! ਏਨਾਂ ਸੁਣ ਸ਼ਿੰਦੋ ਨੂੰ ਆਪਣੇ ਕੀਤੇ ਤੇ ਬੜਾ ਪਛਤਾਵਾ ਹੋਇਆ ਤੇ ਉਹ ਸਮਝ ਗਈ ਕਿ ਬਾਹਰੀ ਸੂਰਤ ਦਾ ਸੀਰਤ ਨਾਲ ਕੋਈ ਮੁਕਾਬਲਾ ਨਹੀਂ।

*-ਹਰਕੀਰਤ ਕੌਰ*

# ਸਰਕਾਰੀ ਨੌਕਰੀਆਂ - ਰਾਜਨੀਤਕ ਦਖਲ

***ਆਈ.ਪੀ.ਐਸ. ਅਫਸਰ ਗੁਰਪ੍ਰੀਤ ਸਿੰਘ ਤੂਰ ਦਾ ਨਾਂ ਲਿਖਾਰੀ ਵਜੋਂ ਵੀ ਖੂਬ ਵੱਜਦਾ ਹੈ। ਉਨ੍ਹਾਂ ਦੀਆਂ ਕਿਤਾਬਾਂ ਵੱਖ-ਵੱਖ ਮਸਲਿਆਂ ਬਾਰੇ ਮਿੱਟੀ ਫਰੋਲਦੀਆਂ ਹਨ। ਹਾਲ ਹੀ ਵਿਚ ਉਨ੍ਹਾਂ ਦੀ ਨਵੀਂ ਪੁਸਤਕ 'ਦਫਤਰ' ਆਈ ਹੈ ਜਿਸ ਵਿਚ ਸਰਕਾਰ, ਮੁਲਾਜ਼ਮਾਂ ਅਤੇ ਅਵਾਮ ਦੇ ਪੱਖ ਤੋਂ ਗੱਲਾਂ ਕੀਤੀਆਂ ਗਈਆਂ ਹਨ। ਇਸ ਲੇਖ ਵਿਚ ਉਨ੍ਹਾਂ ਸਰਕਾਰੀ ਕੰਮ-ਕਾਜ ਵਿਚ ਸਿਆਸੀ ਦਖਲ ਬਾਰੇ ਕੁਝ ਖਾਸ ਨੁਕਤੇ ਸਾਂਝੇ ਕੀਤੇ ਹਨ।***

ਨੌਕਰੀ ਦੌਰਾਨ ਤੁਹਾਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣਾ ਆਪ, ਪਰਿਵਾਰਕ, ਸਮਾਜਿਕ, ਆਰਥਿਕ, ਪ੍ਰਸ਼ਾਸਨਿਕ, ਅਤੇ ਰਾਜਨੀਤਕ ਭਾਵ ਤੁਹਾਡੇ ਦਫ਼ਤਰੀ ਕੰਮਕਾਰ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਰਾਜਨੀਤਕ ਪ੍ਰਭਾਵ ਸਭ ਤੋਂ ਵੱਧ ਤਾਕਤਵਰ ਅਤੇ ਪ੍ਰਭਾਵਸ਼ਾਲੀ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਇਹ ਪ੍ਰਭਾਵ ਤੇਜ਼ੀ ਨਾਲ ਵਧਿਆ ਹੈ। ਸਮੁੰਦਰ ਵਿਚ ਤੈਰਦੇ ਬਰਫ਼ ਦੇ ਤੋਦੇ ਵਾਂਗ ਇਸ ਦਾ ਵੱਡਾ ਹਿੱਸਾ ਅਦਿੱਖ ਹੈ ਪਰ ਇਸ ਦੀ ਤਬਾਹੀ ਭਿਆਨਕ ਹੜ੍ਹ ਵਾਂਗ ਹੈ। ਸਮਾਜ 'ਤੇ ਪੈਂਦੇ ਮਾੜੇ



ਪ੍ਰਭਾਵਾਂ ਦੀ ਰਾਜਨੀਤਕ ਖੇਤਰ ਦੀ ਸਿੱਧੀ ਜ਼ਿੰਮੇਵਾਰੀ ਨਹੀਂ ਹੈ। ਇਸ ਲੇਖ ਵਿਚ ਇਸ ਪ੍ਰਭਾਵ/ਦਬਾਓ ਨੂੰ ਖੋਲ੍ਹਣ ਦਾ ਯਤਨ ਕੀਤਾ ਜਾ ਰਿਹਾ ਹੈ। ਉਸ ਤੋਂ ਪਹਿਲਾਂ

**ਗੁਰਪ੍ਰੀਤ ਸਿੰਘ ਤੂਰ**
**ਫੋਨ: +91-98158-00405**

ਰਾਜਨੀਤਕ ਹੋਂਦ ਦੀ ਸਾਰਥਿਕ ਮਹਿਕ ਦਾ ਸੰਖੇਪ ਵਰਨਣ ਹੈ। ਅੰਤ ਵਿਚ ਇਸ ਮਹਿਕ ਦੀਆਂ ਸੰਭਾਵਨਾਵਾਂ ਵਿਚਾਰੀਆਂ ਗਈਆਂ ਹਨ।

---

ਇਹ 1978 ਦੀ ਗੱਲ ਹੈ। ਸ. ਦਲੀਪ ਸਿੰਘ ਤਲਵੰਡੀ ਪਸ਼ੂ ਪਾਲਣ ਮੰਤਰੀ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਤੋਂ ਪਰਮਿਟ ਜਾਰੀ ਕਰਵਾ ਕੇ ਵੀਹ ਬੋਰੀਆਂ ਸੀਮਿੰਟ ਖਰੀਦਿਆ। ਮਹੀਨੇ ਕੁ ਬਾਅਦ ਇਕ ਸ਼ਾਮ ਉਹ ਡਿਪਟੀ ਕਮਿਸ਼ਨਰ ਦਫ਼ਤਰ ਪਹੁੰਚੇ ਪਰ ਉਦੋਂ ਤੱਕ ਡਿਪਟੀ ਕਮਿਸ਼ਨਰ ਦਫ਼ਤਰ ਵਿਚੋਂ ਉੱਠ ਚੁੱਕੇ ਸਨ। ਉਹ ਪੁੱਛ ਕੇ ਰੈਡ ਕਰਾਸ ਭਵਨ ਪਹੁੰਚੇ ਲੇਕਿਨ ਡਿਪਟੀ ਕਮਿਸ਼ਨਰ ਅੱਗ ਚਲੇ ਗਏ। ਇਵੇਂ ਇੱਕ ਦੋ ਥਾਵਾਂ 'ਤੇ ਹੋਰ ਲੱਭ ਕੇ ਉਹ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਦੇ ਬਾਹਰ ਜੀਪ ਵਿਚ ਬੈਠ ਕੇ ਉਨ੍ਹਾਂ ਦੀ ਉਡੀਕ ਕਰਨ ਲੱਗੇ। ਦਿਨ ਛੋਟੇ ਸਨ, ਮੂੰਹ-ਹਨੇਰੇ ਡਿਪਟੀ ਕਮਿਸ਼ਨਰ ਘਰ ਵਾਪਸ ਆਏ। ਮੰਤਰੀ ਜੀ ਨੂੰ ਘਰ ਦੇ ਬਾਹਰ ਉਡੀਕ ਕਰਦਿਆਂ ਵੇਖ ਉਨ੍ਹਾਂ ਬੇਨਤੀ ਕੀਤੀ ਕਿ ਹੁਕਮ ਕਰੋ। ਜੀਪ ਦੇ ਮਗਰ ਟਰਾਲੀ ਸੀ, ਉਸ ਟਰਾਲੀ ਵਿਚ ਅੱਠ ਬੋਰੀਆਂ ਸੀਮਿੰਟ ਪਿਆ ਸੀ, ਮੰਤਰੀ ਜੀ ਕਹਿੰਦੇ, "ਮੇਰਾ ਬਾਰਾਂ ਬੋਰੀਆਂ ਨਾਲ ਕੰਮ ਮੁਕੰਮਲ ਹੋ ਗਿਆ, ਤੁਸੀਂ ਇਹ ਸੀਮਿੰਟ ਕਿਸੇ ਲੋੜਵੰਦ ਨੂੰ ਜਾਰੀ ਕਰ ਦਿਓ।"

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਰੋਡਵੇਜ਼ ਦੀਆਂ ਬੱਸਾਂ ਦੀਆਂ ਇੱਕ, ਦੋ ਅਤੇ ਤਿੰਨ ਨੰਬਰ ਸੀਟਾਂ ਉੱਤੇ ਲਿਖਿਆ ਹੁੰਦਾ ਸੀ- ਇਹ ਸੀਟਾਂ ਐਮ.ਐਲ.ਏਜ਼ ਲਈ ਰਾਖਵੀਆਂ ਹਨ।

ਮੈਂ ਚੌਵੀ ਜੁਲਾਈ 1994 ਨੂੰ ਨਵਾਂ ਸ਼ਹਿਰ ਵਿਖੇ ਡੀ.ਐਸ.ਪੀ. ਦੀ ਨੌਕਰੀ 'ਤੇ ਹਾਜ਼ਰ ਹੋਇਆ ਸੀ। ਉਸ ਵੇਲੇ ਨਵਾਂ ਸ਼ਹਿਰ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਹੁੰਦਾ ਸੀ। ਤੀਜੇ-ਚੌਥੇ ਦਿਨ ਖੇਤੀਬਾੜੀ ਮੰਤਰੀ ਸ. ਦਿਲਬਾਗ ਸਿੰਘ ਨੇ ਰਾਹੋਂ ਤੋਂ ਸਤਲੁਜ ਦਰਿਆ ਵੱਲ ਭੂਮੀ ਸੰਭਾਲ ਮਹਿਕਮੇ ਵੱਲੋਂ ਖਾਲ ਪੱਕੇ ਕਰਨ ਸਬੰਧੀ ਉਦਘਾਟਨ ਕਰਨ ਰਾਹੋਂ ਨੇੜੇ ਦਰਿਆ ਸਤਲੁਜ ਵਾਲੇ ਪਾਸੇ ਆਉਣਾ ਸੀ। ਇੱਕ ਵਜੇ ਦਾ ਸਮਾਂ ਸੀ ਪਰ ਉਹ ਤਿੰਨ ਵਜੇ ਪਹੁੰਚੇ। ਉਸ ਦਿਨ ਹੁੰਮਸ ਬਹੁਤ ਸੀ। ਉਦਘਾਟਨ ਵਾਲੇ ਪੱਥਰ ਤੋਂ ਪਰਦਾ ਹਟਾਉਣ ਤੋਂ ਬਾਅਦ ਮੰਤਰੀ ਜੀ ਪੱਕੇ ਖਾਲ-ਖਾਲ ਤੁਰਨ ਲੱਗੇ। ਉਹ ਚਾਰ ਸੌ ਮੀਟਰ ਤੱਕ ਗਏ ਜਿੱਥੇ ਪਾਣੀ ਖੇਤ ਵਿਚ ਪੈਂਦਾ ਸੀ। ਮੰਤਰੀ ਜੀ ਨੇ ਝੁਕ ਕੇ ਸੀਮਿੰਟ 'ਤੇ ਹੱਥ ਘਸਾਇਆ ਅਤੇ ਪੁੱਛਿਆ ਕਿ ਸੀਮਿੰਟ ਕਿਹੜਾ ਲਾਇਆ ਹੈ। ਵਾਪਸ ਮੁੜਦਿਆਂ ਠੇਕੇਦਾਰ ਨੇ ਸਟੋਰ 'ਚ ਪਈਆਂ ਅੰਬੂਜਾ ਸੀਮਿੰਟ ਦੀਆਂ ਖਾਲੀ ਬੋਰੀਆਂ ਉਨ੍ਹਾਂ ਨੂੰ ਵਿਖਾਈਆਂ। ਠੇਕੇਦਾਰ ਨੂੰ ਰਤਾ ਪਾਸੇ ਕਰਦਿਆਂ ਉਨ੍ਹਾਂ ਬੁੱਕਲ ਜਿਹੀ ਵਿਚ ਪੁੱਛਿਆ, ਅਫਸਰਾਂ ਨੂੰ ਥੋੜ੍ਹਾ-ਬਹੁਤਾ ਦਿੱਤਾ। ਉਸ ਨੇ ਹੱਥ ਜੋੜ ਦਿੱਤੇ। ਲੋਕਾਂ ਸਾਹਮਣੇ ਉਨ੍ਹਾਂ ਮਹਿਕਮੇ ਦੀ ਤਾਰੀਫ਼ ਕੀਤੀ ਅਤੇ ਨਵਾਂਸ਼ਹਿਰ ਪਹੁੰਚ ਕੇ ਐਸ.ਡੀ.ਓ. ਅਤੇ ਐਕਸੀਅਨ ਲਈ ਪ੍ਰਸ਼ੰਸਾ ਪੱਤਰ ਜਾਰੀ ਕਰਨ ਦੇ ਆਦੇਸ਼ ਦਿੱਤੇ। ਉਸ ਸ਼ਾਮ ਤੋਂ ਬਾਅਦ ਹੀ ਮੈਨੂੰ ਪੂਰਾ ਨਵਾਂ ਸ਼ਹਿਰ ਆਪਣਾ ਪਿੰਡ ਜਾਪਣ ਲੱਗ ਪਿਆ ਸੀ।

---

ਇਸ ਸਦੀ ਦੇ ਦੂਜੇ ਦਹਾਕੇ ਦੀ ਗੱਲ ਹੈ। ਇਕ ਸਤਿਕਾਰਯੋਗ ਵਿਧਾਨ ਸਭਾ ਦੇ ਮੈਂਬਰ ਦੇ ਪੰਜ-ਛੇ ਸਹਾਇਕ (ਪੀ.ਏ.) ਸਨ। ਉਨ੍ਹਾਂ ਵਿਚੋਂ ਇੱਕ ਦੀ ਡਿਊਟੀ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ 'ਚ ਬਦਲੀਆਂ ਕਰਵਾਉਣ ਲਈ ਲੱਗੀ ਹੋਈ ਸੀ। ਇੱਕ ਦਿਨ ਉਸ ਨੇ ਐਮ.ਐਲ.ਏ. ਸਾਹਿਬ ਦੇ ਲੈਟਰਪੈਡ 'ਤੇ ਲਿਖੀਆਂ ਪੁਲਿਸ ਕਰਮਚਾਰੀਆਂ ਦੀਆਂ ਅੱਠ ਬਦਲੀਆਂ ਦੀ ਲਿਸਟ ਮੈਨੂੰ ਦਿੱਤੀ। ਹਫ਼ਤੇ ਕੁ ਬਾਅਦ ਮੈਂ ਉਨ੍ਹਾਂ ਵਿਚੋਂ ਦੋ ਬਦਲੀਆਂ ਕਰ ਦਿੱਤੀਆਂ। ਉਹ ਸਹਾਇਕ ਮੈਨੂੰ ਮਿਲਣ ਆਇਆ ਤੇ ਮੈਂ ਦੱਸਿਆ ਕਿ ਬਾਕੀਆਂ ਵਿਚੋਂ ਤਿੰਨ ਵਿਚਾਰ ਅਧੀਨ ਹਨ ਤੇ ਤਿੰਨ ਦੀਆਂ ਬਦਲੀਆਂ ਕਰਨਯੋਗ ਨਹੀਂ ਹਨ ਕਿਉਂਕਿ ਉਹ ਤਿੰਨੇ ਕਰਮਚਾਰੀ ਨਸ਼ਿਆਂ ਵਿਰੁੱਧ ਚੰਗਾ ਕੰਮ ਕਰ ਰਹੇ ਹਨ। ਦਰਅਸਲ ਸੋਮਵਾਰ ਦੀ ਪਰੇਡ ਤੋਂ ਬਾਅਦ ਮੈਂ ਉਨ੍ਹਾਂ ਤਿੰਨਾਂ ਨੂੰ ਮਿਲ ਲਿਆ ਸੀ। ਸਹਾਇਕ ਨੇ ਦਫ਼ਤਰ ਦਾ ਇੱਕ ਗੇੜਾ ਹੋਰ ਮਾਰਿਆ ਤੇ ਮੈਂ ਇੱਕ ਬਦਲੀ ਹੋਰ ਕਰ ਦਿੱਤੀ ਅਤੇ ਬਾਕੀ ਬਦਲੀਆਂ ਲਈ ਅਸਮਰੱਥਾ ਪ੍ਰਗਟਾਈ।



ਉਹ ਵਿਧਾਨਕਾਰ ਹੁਣ ਸਮਾਂ ਲੈ ਕੇ ਮੈਨੂੰ ਦਫ਼ਤਰ ਮਿਲਣ ਆਏ। ਉਨ੍ਹਾਂ ਮੈਨੂੰ ਉਲਾਂਭਾ ਦਿੱਤਾ ਕਿ ਉਨ੍ਹਾਂ ਦਾ ਨੱਕ ਵੱਢਿਆ ਗਿਆ ਹੈ, ਬਦਲੀ ਪੱਖੋਂ ਰਹਿ ਗਏ ਮੁਲਾਜ਼ਮਾਂ ਬਾਰੇ ਉਹ ਕਹਿ ਚੁੱਕੇ ਸਨ ਕਿ ਮੈਂ ਥਾਣੇ ਤੋਂ ਬਾਹਰ ਕੱਢਵਾ ਦੇਣੇ ਹਨ। ਅਥਾਹ ਮਾਣ ਦਿੰਦਿਆਂ ਮੈਂ ਉਨ੍ਹਾਂ ਨੂੰ ਪੁੱਛਿਆ, "ਉਨ੍ਹਾਂ ਦਾ ਕਸੂਰ ਕੀ ਹੈ?" ਸੋਚ ਕੇ ਉਨ੍ਹਾਂ ਆਖਿਆ, "ਮੇਰੇ ਥਾਣਿਆਂ ਵਿਚ ਕੰਮ ਨਹੀਂ ਹੁੰਦੇ, ਲੋਕਾਂ ਵਿਚ ਬੇਚੈਨੀ ਹੈ।" "ਤੁਸੀਂ ਕਿਹੜਾ ਕੰਮ ਚਾਹੁੰਦੇ ਹੋ, ਮੈਂ ਕਰਵਾ ਕੇ ਦੇਵਾਂਗਾ", ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਦੁਬਾਰਾ ਤੁਹਾਨੂੰ ਇਹ ਮੌਕਾ ਨਹੀਂ ਮਿਲੇਗਾ ਪਰ ਦੁਕਾਨਦਾਰ ਤੇ ਖਰੀਦਦਾਰ ਵਿਚਕਾਰ ਕਿਸੇ ਵਸਤੂ ਦੇ ਭਾਅ ਨੂੰ ਲੈ ਕੇ ਵੱਡੇ ਫਰਕ ਵਾਂਗ ਉਨ੍ਹਾਂ ਨੂੰ ਇਹ ਸਥਿਤੀ ਮਨਜ਼ੂਰ ਨਹੀਂ ਸੀ। ਉਠਦਿਆਂ ਉਨ੍ਹਾਂ ਮੈਨੂੰ ਇਹ ਗੱਲ ਵੀ ਸੁਣਾ ਦਿੱਤੀ ਕਿ ਦਰਅਸਲ ਮੈਂ ਕਾਂ ਮਾਰ ਕੇ ਟੰਗਣਾ ਚਾਹੁੰਦਾ ਹਾਂ। ਮਹੀਨੇ ਕੁ ਬਾਅਦ ਮੈਂ ਉਸ ਜ਼ਿਲ੍ਹੇ ਵਿਚੋਂ ਬਦਲਿਆ ਜਾ ਚੁੱਕਾ ਸੀ। ਮੇਰੀ ਬਦਲੀ ਦੇ ਕਈ ਕਾਰਨ ਹੋ ਸਕਦੇ ਹਨ ਪਰ ਉਸ ਵਿਧਾਨਕਾਰ ਦੀ ਨਾਰਾਜ਼ਗੀ ਨੇ ਵੀ ਅਹਿਮ ਭੂਮਿਕਾ ਨਿਭਾਈ। ਰਾਜਨੀਤਕ ਦਖਲਅੰਦਾਜ਼ੀ ਦਾ ਪ੍ਰਸ਼ਾਸਨਿਕ ਪ੍ਰਭਾਵ ਬਹੁ-ਦਿਸ਼ਾਵੀ ਹੈ।

---

ਰਾਜਨੀਤਕ ਪਾਰਟੀਆਂ ਨੇ ਆਪਣੇ ਹਾਰੇ ਹੋਏ ਉਮੀਦਵਾਰਾਂ ਨੂੰ 'ਮਾਣ- ਸਨਮਾਨ' ਦੇਣ ਲਈ 'ਹਲਕਾ ਇੰਚਾਰਜ' ਦਾ ਸਿਧਾਂਤ ਹੋਂਦ ਵਿਚ ਲਿਆਂਦਾ ਪਰ ਇਸ ਨਾਲ ਪ੍ਰਸ਼ਾਸਨਿਕ ਢਾਂਚੇ ਦੀ ਬੁਨਿਆਦੀ ਹੋਂਦ ਤਹਿਸ-ਨਹਿਸ ਹੋ ਗਈ। ਇਸ ਸਿਧਾਂਤ ਨੇ ਪ੍ਰਸ਼ਾਸਨ, ਖਾਸ ਤੌਰ 'ਤੇ ਪੁਲਿਸ ਵਿਚ ਰਾਜਨੀਤਕ ਦਖਲ ਅੰਦਾਜ਼ੀ ਦੀ ਧਾਰ ਨੂੰ ਹੋਰ ਤਿੱਖਾ ਕੀਤਾ। ਤੇਜ਼ ਤੁਰਦਾ-ਤੁਰਦਾ ਬੰਦਾ ਜਿਵੇਂ ਅਚਾਨਕ ਭੱਜ ਪੈਂਦਾ ਹੈ, ਸਮਾਜ ਵਿਚ ਇਸ ਸਿਧਾਂਤ ਦਾ ਪ੍ਰਭਾਵ ਇਵੇਂ ਹੀ ਵਿਖਾਈ ਦਿੱਤਾ। ਹਲਕਾ ਇੰਚਾਰਜਾਂ ਨੂੰ ਵਿਧਾਨਕਾਰਾਂ ਵਾਂਗ ਵਿਧਾਨ ਸਭਾ ਦੇ ਇਜਲਾਸਾਂ ਦਾ ਰੁਝੇਵਾਂ ਨਹੀਂ ਸੀ ਅਤੇ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਵੀ ਨਹੀਂ ਸੀ। ਉਨ੍ਹਾਂ ਦੇ ਦਿਲਾਂ ਵਿਚ ਹਾਰ ਜਾਣ ਦੀ ਰੜਕ ਸੀ, ਸੋ ਉਨ੍ਹਾਂ ਬਹੁਤਾ ਸਮਾਂ ਸਕੋਰ ਸੈੱਟ ਕਰਨ ਅਤੇ ਪ੍ਰਸ਼ਾਸਨਿਕ ਦਬਾਓ ਬਣਾਉਣ ਲਈ ਹੀ ਵਰਤਿਆ। ਇਸ ਸਿਧਾਂਤ ਦੇ ਸਮਾਜ ਤੇ ਰਾਜਨੀਤਕ ਖੇਤਰ ਵਿਚ 'ਰਚ-ਮਿਚ' ਜਾਣ ਤੋਂ ਬਾਅਦ ਨਸ਼ਾ ਤਸਕਰਾਂ, ਕਬਜ਼ੇ ਕਰਨ ਵਾਲਿਆਂ ਅਤੇ ਗੈਂਗਸਟਰਾਂ ਦੀ ਹੋਂਦ ਦੁਪਹਿਰ ਖਿੜੀ ਦੇ ਫੁੱਲਾਂ ਵਾਂਗ ਨਜ਼ਰ ਆਉਣ ਲੱਗ ਪਈ ਸੀ। ਹਲਕਾ ਇੰਚਾਰਜਾਂ ਦੇ ਪ੍ਰਭਾਵ ਨੂੰ ਦੇਖਦੇ-ਦੇਖਦੇ ਇਸ ਖੇਤਰ ਦੇ ਹੋਰ ਲੋਕ ਵੀ ਆਪਣੀ ਤਾਕਤ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗੇ। ਪ੍ਰਸ਼ਾਸਨਿਕ ਖੇਤਰ ਦੀਆਂ ਹੱਦਾਂ ਨੂੰ ਵਿਧਾਨਿਕ ਖੇਤਰ ਦੀਆਂ ਹੱਦਾਂ ਨਾਲ ਮੇਲ ਲਿਆ ਗਿਆ, ਫੇਰ ਤਮਾਸ਼ਾ ਕਰ ਰਹੇ ਮਦਾਰੀ ਵਾਂਗ ਮੁਲਜ਼ਮ ਅਤੇ ਮਜ਼ਲੂਮ ਵਿਚਲਾ ਫਰਕ ਮਿਟਾ ਦਿੱਤਾ। ਇਸ ਸਿਧਾਂਤ ਦਾ ਪ੍ਰਭਾਵ ਜਦ ਸਿਖਰ 'ਤੇ ਪਹੁੰਚਿਆ ਤਾਂ ਪੰਜਾਬ ਨਾਲ ਵਿਦੇਸ਼ੀ ਹਮਲਾਵਰਾਂ ਜਿਹਾ ਵਰਤਾਓ ਹੋਇਆ। ਲੁੱਟ ਕੇਵਲ ਪੈਸੇ ਦੀ ਹੀ ਨਹੀਂ ਹੁੰਦੀ, ਇਨਸਾਫ਼ ਦੀ ਲੁੱਟ ਸਭ ਤੋਂ ਵੱਡੀ ਤੇ ਘਾਤਕ ਲੁੱਟ ਹੈ।

---

ਰਾਜਨੀਤਕ ਦਖ਼ਲ ਅੰਦਾਜ਼ੀ ਕਾਰਨ ਕਾਨੂੰਨ-ਵਿਵਸਥਾ ਸਭ ਤੋਂ ਵੱਧ ਪ੍ਰਭਾਵਿਤ ਹੋਈ। ਤੇਜ਼ ਹਵਾਵਾਂ ਵਗਣ ਨਾਲ ਜਿਵੇਂ ਪਾਣੀ 'ਤੇ ਤੈਰਦੀਆਂ ਵਸਤਾਂ ਕਿਨਾਰੇ ਇਕੱਠੀਆਂ ਹੋ ਜਾਂਦੀਆਂ ਹਨ, ਇਵੇਂ ਹੀ ਮਿਹਨਤ ਮੁਸ਼ੱਕਤ, ਜ਼ਿੰਮੇਵਾਰੀ ਅਤੇ ਸੇਵਾ ਭਾਵਨਾ ਨਾਲ ਨੌਕਰੀ ਕਰਨ ਵਾਲੇ ਕਰਮਚਾਰੀ ਤੇ ਅਧਿਕਾਰੀ ਫੀਲਡ 'ਚ ਲਾਂਭੇ ਹੋਣ ਲੱਗੇ। ਵੇਖਦਿਆਂ-ਵੇਖਦਿਆਂ ਉਨ੍ਹਾਂ ਦੇ ਸੁਪਰਵਾਈਜ਼ਰ ਅਧਿਕਾਰੀ ਉਨ੍ਹਾਂ ਨੂੰ ਮਹੱਤਵਪੂਰਨ ਥਾਵਾਂ 'ਤੇ ਬਰਕਰਾਰ ਰੱਖਣ ਦੀ ਸਮਰੱਥਾ ਤੋਂ ਬਾਹਰ ਹੋ ਗਏ ਸਨ।

ਉਨ੍ਹਾਂ ਦੀ ਥਾਂ ਲੈਣ ਵਾਲੇ ਕਰਮਚਾਰੀ ਤੇ ਅਧਿਕਾਰੀ ਕੰਮ ਵਿਚ ਇੰਨੇ ਪਰਪੱਕ ਨਹੀਂ ਸਨ, ਉਨ੍ਹਾਂ ਦੇ ਟੀਚੇ ਹੋਰ ਵੀ ਸਨ ਤੇ ਉਨ੍ਹਾਂ ਦੀ ਵਫ਼ਾਦਾਰੀ ਉਨ੍ਹਾਂ ਦੀ 'ਦੇਖ-ਰੇਖ' ਕਰਨ ਵਾਲੇ ਰਾਜਨੀਤਕ ਨੇਤਾਵਾਂ ਨਾਲ ਵੱਧ ਹੋ ਗਈ ਸੀ।

ਉਸ ਸਮੇਂ ਦੀ ਗੱਲ ਹੈ, ਜਦੋਂ ਮੈਂ ਮਾਲਵੇ ਦੇ ਇੱਕ ਜ਼ਿਲ੍ਹੇ ਦਾ ਸੀਨੀਅਰ ਪੁਲਿਸ ਕਪਤਾਨ ਤਾਇਨਾਤ ਸੀ। ਇੱਕ ਸ਼ਾਮ ਮੈਂ ਜ਼ਿਲ੍ਹੇ ਦੇ ਸਮੂਹ ਥਾਣਾ ਮੁਖੀਆਂ ਅਤੇ ਚੌਕੀ ਇੰਚਾਰਜਾਂ ਨੂੰ 6 ਵਜੇ ਤੋਂ 8 ਵਜੇ ਸ਼ਾਮ ਤੱਕ ਨਾਕਾਬੰਦੀ ਕਰਨ ਲਈ ਆਖਿਆ। ਇੱਕ ਥਾਣਾ ਮੁਖੀ ਨੇ ਫੋਨ 'ਤੇ ਮੈਨੂੰ ਦੱਸਿਆ ਕਿ ਮੈਂ ਆਪਣੀ ਧੀ ਦੇ ਵਿਆਹ ਦੇ ਕਾਰਡ ਵੰਡਣ ਜਾਣਾ ਹੈ, ਸੋ ਮੈਂ ਸੱਤ ਵਜੇ ਡਿਊਟੀ 'ਤੇ ਪਹੁੰਚ ਸਕਾਂਗਾ।

ਉਸ ਨੂੰ ਧੀ ਦੇ ਵਿਆਹ ਦੀ ਮੁਬਾਰਕਬਾਦ ਦਿੰਦਿਆਂ ਮੈਂ ਉਨ੍ਹਾਂ ਨੂੰ ਉਸ ਡਿਊਟੀ ਤੋਂ ਵਿਰਲਾ ਕਰ ਦਿੱਤਾ। ਸਾਢੇ ਕੁ ਸੱਤ ਵਜੇ ਮੈਂ ਕੰਟਰੋਲ ਰੂਮ ਰਾਹੀਂ ਸਾਰੇ ਨਾਕਿਆਂ ਦੀ ਥਾਂ ਬਾਰੇ ਜਾਣਕਾਰੀ ਮੰਗੀ। ਉਸ ਥਾਣਾ ਮੁਖੀ ਨੇ ਫੋਨ 'ਤੇ ਮੈਨੂੰ ਦੱਸਿਆ ਕਿ ਮੈਂ ਐਮ.ਐਲ.ਏ. ਸਾਹਿਬ ਦੇ ਘਰ ਕਾਰਡ ਦੇਣ ਆਇਆ ਹੋਇਆ ਹਾਂ, ਉਹ ਚੰਡੀਗੜ੍ਹ ਤੋਂ ਆਉਂਦੇ ਰਸਤੇ ਵਿਚ ਰੁਕ ਗਏ ਹਨ। ਮੈਂ ਉਨ੍ਹਾਂ ਨੂੰ ਕਾਰਡ ਦੇਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਉਡੀਕ ਕਰ ਰਿਹਾ ਹਾਂ। ਅਗਲੀ ਸਵੇਰ ਮੈਂ ਦਫ਼ਤਰ ਗਿਆ ਤਾਂ ਹੈੱਡ ਕਲਰਕ ਨੇ ਡਾਕ ਫਾਈਲ ਰੱਖਦਿਆਂ ਇੱਕ ਕਾਰਡ ਮੈਨੂੰ ਦਿੰਦਿਆਂ ਆਖਿਆ ਕਿ ਕੱਲ੍ਹ ਸ਼ਾਮ ਥਾਣਾ ਮੁਖੀ ਆਪਣੀ ਧੀ ਦੇ ਵਿਆਹ ਦਾ ਕਾਰਡ ਦੇਣ ਆਏ ਸਨ।

ਰਾਜਨੀਤਕ ਖੇਤਰ ਦੇ ਸਿੱਧੇ ਅਤੇ ਅਸਿੱਧੇ ਪ੍ਰਭਾਵਾਂ ਕਾਰਨ ਪ੍ਰਸ਼ਾਸਨਿਕ ਖੇਤਰ ਦੀ ਪਕੜ ਲਗਾਤਾਰ ਕਮਜ਼ੋਰ ਹੁੰਦੀ ਗਈ। ਅਸਮਾਨ ਵਿਚ ਉਠਦੀਆਂ ਕਾਲੀਆਂ ਘਟਾਵਾਂ ਵਾਂਗ ਇਹ ਸਭ ਕੁਝ ਤੇਜ਼ੀ ਨਾਲ ਵਾਪਰਿਆ।

---

ਬਿਨਾ ਕੋਈ ਓਹੜ-ਪੋਹੜ ਕੀਤਿਆਂ ਬਿਮਾਰੀ ਜਿਵੇਂ ਸਰੀਰ ਤੇ ਮਾਰੂ ਅਸਰ ਕਰਨ ਲੱਗਦੀ ਹੈ, ਇਵੇਂ ਹੀ ਸੂਬੇ ਦੇ ਉਪਰੋਕਤ ਹਾਲਾਤ ਲਗਾਤਾਰ ਵਿਗੜਦੇ ਗਏ। ਹਥਿਆਰਾਂ ਤੇ ਨਸ਼ਿਆਂ ਵਾਲੇ ਗੀਤ ਅਜਿਹੇ ਹਾਲਾਤ ਦੀ ਹੀ ਉਪਜ ਹਨ। ਚੰਗੇ ਕੱਪੜੇ, ਮਹਿੰਗੇ ਮੋਬਾਈਲ, ਵੱਡੀਆਂ ਗੱਡੀਆਂ, ਵਿਹਲੇ ਰਹਿਣਾ, ਰਾਤ ਨੂੰ ਸਮਾਜਿਕ ਸਮਾਗਮਾਂ 'ਤੇ ਖੁੱਲ੍ਹਾ ਖਾਣ-ਪੀਣ ਤੇ ਦਿਨ ਵੇਲੇ ਸ਼ਹਿਰ ਦੇ ਬਾਜ਼ਾਰਾਂ ਤੇ ਖੇਡ ਮੇਲਿਆਂ ਤੇ ਜਾਣਾ-ਆਉਣਾ, ਨੌਜਵਾਨ ਪੀੜ੍ਹੀ ਹੁਣ ਚੁਟਕੀਆਂ ਮਾਰ-ਮਾਰ ਗੱਲਾਂ ਕਰਨ ਲੱਗੀ। ਕਬਜ਼ੇ ਹੋਣ ਲੱਗੇ ਤੇ ਫਿਰੌਤੀਆਂ ਮੰਗੀਆਂ ਜਾਣ ਲੱਗੀਆਂ। ਗੈਂਗਸਟਰਾਂ ਦਾ ਬੋਲ-ਬਾਲਾ ਵਧਣ ਲੱਗਿਆ, ਮੂਹਰੇ ਬੋਲਣ ਵਾਲਿਆਂ ਦੀਆਂ ਲੱਤਾਂ-ਬਾਹਾਂ ਤੋੜ ਦਿੱਤੀਆਂ ਜਾਣ ਲੱਗੀਆਂ। ਰਾਜਨੀਤਕ ਸ਼ਹਿ ਅਤੇ ਦਖਲਅੰਦਾਜ਼ੀ ਨੇ ਇਨ੍ਹਾਂ ਹਾਲਾਤ 'ਤੇ ਪੁਲਿਸ ਵਿਚਕਾਰ ਪਰਦਾ ਪਾ ਦਿੱਤਾ। ਕੁਝ ਹਾਲਤਾਂ ਵਿਚ ਪੁਲਿਸ ਚੁੱਪ ਕਰ ਗਈ ਅਤੇ ਕੁਝ ਹਾਲਤਾਂ ਵਿਚ ਇਸ ਸਭ ਕੁਝ ਦਾ ਹਿੱਸਾ ਬਣ ਗਈ।

ਅਜਿਹੇ ਹਾਲਤਾਂ ਤੋਂ ਪ੍ਰਭਾਵਿਤ ਇੱਕ ਵਿਅਕਤੀ ਨੇ ਹਾਈਕੋਰਟ ਵਿਚ ਰਿਟ ਪਟੀਸ਼ਨ ਦਾਇਰ ਕੀਤੀ ਕਿ ਇੱਕ ਵਿਅਕਤੀ ਨੇ ਦੋ ਵਾਰ ਮੇਰੀਆਂ ਲੱਤਾਂ-ਬਾਹਾਂ ਤੋੜ ਦਿੱਤੀਆਂ ਤੇ ਮੇਰੀ ਜ਼ਮੀਨ 'ਤੇ ਕਬਜ਼ਾ ਕਰਨ ਦਾ ਯਤਨ ਕੀਤਾ ਹੈ ਪਰ ਪੁਲਿਸ ਨੇ ਰਾਜਨੀਤਕ ਦਬਾਓ ਕਾਰਨ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਪੁਲਿਸ ਵੱਲੋਂ ਪੇਸ਼ ਕੀਤੇ ਜਵਾਬ ਦਾਅਵਿਆਂ ਵਿਚ ਦੱਸਿਆ ਕਿ ਉਸ ਵਿਰੁੱਧ ਮੁਕੱਦਮੇ ਦਰਜ ਕੀਤੇ ਹਨ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ। ਉਸ ਨੂੰ ਭਗੌੜਾ ਐਲਾਨ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇੱਕ ਪਾਸੇ ਉਸ ਵਿਅਕਤੀ ਦੇ ਦੁੱਖ ਅਤੇ ਦੂਜੇ ਪਾਸੇ ਪੁਲਿਸ ਯਤਨ, ਹੁਣ ਹਾਈਕੋਰਟ ਵਿਖੇ ਤਰੀਕਾਂ ਪੈਣ ਲੱਗੀਆਂ।

ਅਜਿਹੀ ਹੀ ਇੱਕ ਤਰੀਕ 'ਤੇ ਪ੍ਰਭਾਵਿਤ ਵਿਅਕਤੀ ਦੇ ਵਕੀਲ ਨੇ ਹਾਈਕੋਰਟ ਵਿਚ ਵੱਡੇ ਆਕਾਰ ਦੀਆਂ ਕੁਝ ਤਸਵੀਰਾਂ ਪੇਸ਼ ਕੀਤੀਆਂ ਜਿਸ ਵਿਚ ਥਾਣਾ ਮੁਖੀ ਅਤੇ ਕੁੱਟਮਾਰ ਕਰਨ ਵਾਲਾ ਉਹ ਵਿਅਕਤੀ ਇੱਕ ਸਮਾਗਮ 'ਚ ਇਕੱਠੇ ਬਾਹਰ ਨਿਕਲਦੇ ਹਨ। ਥਾਣਾ ਮੁਖੀ ਵਰਦੀ ਵਿਚ ਹੈ। ਉਹ ਦੋਵੇਂ ਪ੍ਰਾਈਵੇਟ ਕਾਰ ਵਿਚ ਸਵਾਰ ਹੁੰਦੇ ਹਨ। ਉਹ ਵਿਅਕਤੀ ਕਾਰ ਚਲਾਉਣ ਲੱਗਦਾ ਹੈ ਤੇ ਥਾਣਾ ਮੁਖੀ ਅਗਲੀ ਸੀਟ 'ਤੇ ਬਰਾਬਰ ਬੈਠ ਜਾਂਦਾ ਹੈ। ਸਾਰੀਆਂ ਤਸਵੀਰਾਂ ਉੱਪਰ ਤਰੀਕ ਤੇ ਸਮਾਂ ਵੀ ਉੱਕਰਿਆ ਹੋਇਆ ਸੀ। ਹੁਣ ਅਦਾਲਤ ਨੇ ਇਸ ਘਟਨਾ ਦੀ ਪੜਤਾਲ ਅਤੇ ਉਸ ਥਾਣਾ ਮੁਖੀ ਵਿਰੁੱਧ ਕਾਰਵਾਈ ਦੇ ਵੱਖਰੇ ਆਦੇਸ਼ ਦਿੱਤੇ।

---

ਸਮਾਜ ਵਿਚ ਅਕਸਰ ਇਹ ਵਿਚਾਰ ਚਰਚਾ ਹੁੰਦੀ ਰਹਿੰਦੀ ਹੈ ਕਿ ਇਵੇਂ ਹੋਣਾ ਚਾਹੀਦਾ ਹੈ, ਉਵੇਂ ਹੋਣਾ ਚਾਹੀਦਾ ਹੈ ਪਰ ਪਤਾ ਉਦੋਂ ਲੱਗਦਾ ਹੈ ਜਦੋਂ ਕਿਸੇ ਨੂੰ ਮੈਦਾਨ ਵਿਚ ਉਤਾਰ ਦਿੱਤਾ ਜਾਂਦਾ ਹੈ। ਲੋਕਾਂ ਨਾਲ ਸਿੱਧੇ ਸਬੰਧਿਤ ਮਹੱਤਵਪੂਰਨ ਅਹੁਦਿਆਂ 'ਤੇ ਬੈਠ ਕੇ ਸਰਕਾਰੀ ਨੌਕਰੀ ਕਰਨੀ ਜੋਖਮ ਭਰਿਆ ਕੰਮ ਹੈ। ਜੋ ਕੁਝ ਦਿਸ ਰਿਹਾ ਹੈ, ਜ਼ਮੀਨੀ ਹਕੀਕਤਾਂ ਇਸ ਤੋਂ ਵੱਖ ਹਨ। ਰਾਜਨੀਤਕ ਪ੍ਰਭਾਵ ਨੂੰ ਝੱਲਣਾ ਵੱਡੀ ਚੁਣੌਤੀ ਹੈ। ਸਰਕਾਰੀ ਨੌਕਰੀ ਕਰਨ ਵਾਲਿਆਂ ਵੱਲੋਂ ਰਾਜਨੀਤਕ ਗੁਫ਼ਾ ਵਿਚੋਂ ਲੰਘਣਾ ਕਠਿਨ ਪ੍ਰੀਖਿਆ ਹੈ, ਉਹ ਭਾਗਸ਼ਾਲੀ ਲੋਕ ਹੋਣਗੇ ਜੋ ਇਹ ਸਫ਼ਰ ਜ਼ਮੀਰ ਜਿਉਂਦਾ ਰੱਖਦਿਆਂ ਤਹਿ ਕਰ ਸਕਣਗੇ। ਜਿਹੜੇ ਸਰਕਾਰੀ ਮੁਲਾਜ਼ਮਾਂ ਦੀ ਜ਼ਮੀਰ ਸਿਸਟਮ ਦਾ ਹਿੱਸਾ ਬਣ ਜਾਂਦੀ ਹੈ, ਉਹ ਜ਼ਮੀਰ 'ਆਰਾਮ' ਕਰਨ ਦੀ ਅਵਸਥਾ ਵਿਚ ਚਲੀ ਜਾਂਦੀ ਹੈ।

---

ਜਦ ਅਸੀਂ ਵਿਧਾਨਕਾਰ ਅਤੇ ਸਰਕਾਰੀ ਮੁਲਾਜ਼ਮਾਂ ਦੇ ਸਬੰਧਾਂ ਦੀ ਗੱਲ ਕਰਦੇ ਹਾਂ ਤਾਂ ਵਿਧਾਨਕਾਰ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਅਤੇ ਸਰਕਾਰੀ ਮੁਲਾਜ਼ਮ ਲੋਕ ਸੇਵਕ ਹਨ। ਇਵੇਂ ਵਿਧਾਨਕਾਰਾਂ ਦਾ ਰੁਤਬਾ ਬਹੁਤ ਉੱਚਾ ਹੈ। ਉੱਚੇ ਰੁਤਬੇ ਉੱਚੇ-ਸੁੱਚੇ ਇਖਲਾਕ ਅਤੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਮੰਗ ਕਰਦੇ ਹਨ। ਜ਼ਮੀਨੀ ਹਾਲਾਤ ਜਾਣਨ ਲਈ ਪਿਛਲੇ ਸਮੇਂ 'ਤੇ ਝਾਤ ਮਾਰਨੀ ਜ਼ਰੂਰੀ ਹੋਵੇਗੀ।

ਚੋਣਾਂ ਕਾਰਨ ਸਮਾਜ ਧੜੇਬੰਦੀ ਦਾ ਸ਼ਿਕਾਰ ਹੋਇਆ ਹੈ। ਲੋਕ ਸਭਾ, ਵਿਧਾਨ ਸਭਾ, ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸਮਿਤੀ, ਪੰਚਾਇਤੀ ਚੋਣਾਂ, ਧੜੇਬੰਦੀ ਨੂੰ ਪੱਕਾ ਕਰਦੀਆਂ ਗਈਆਂ। ਚੋਣਾਂ ਵਿਚ ਹੋਈਆਂ ਜਿੱਤਾਂ-ਹਾਰਾਂ ਨੇ ਕੁੜੱਤਣ ਤੇ ਬਦਲੇ ਦੀ ਭਾਵਨਾ ਨੂੰ ਜਨਮ ਦਿੱਤਾ। ਸੱਤਾ 'ਤੇ ਕਾਬਜ਼ ਲੋਕ ਤਾਕਤ ਦੀ ਗਲਤ ਵਰਤੋਂ ਕਰਨ ਲੱਗੇ। ਝੂਠੇ ਮੁਕੱਦਮੇ ਦਰਜ ਹੋਣ ਲੱਗੇ ਅਤੇ ਇਨ੍ਹਾਂ ਮੁਕੱਦਮਿਆਂ ਵਿਚ ਬੇਕਸੂਰ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਣ ਲੱਗਾ। ਜਾਣੇ-ਅਣਜਾਣੇ ਤੇ ਸਿੱਧੇ-ਅਸਿੱਧੇ ਰੂਪ ਵਿਚ ਵਿਧਾਨਕਾਰ ਇਸ ਦਾ ਥੋੜ੍ਹਾ ਬਹੁਤਾ ਹਿੱਸਾ ਬਣਦੇ ਰਹੇ ਹਨ। ਅਜਿਹੇ ਹਾਲਾਤ ਦਾ ਸਮਾਜ ਵਿਰੋਧੀ ਅਨਸਰਾਂ ਨੇ ਭਰਪੂਰ ਫਾਇਦਾ ਉਠਾਇਆ। ਨਸ਼ੇ, ਨਾਜਾਇਜ਼ ਹਥਿਆਰ ਤੇ ਗੈਂਗਸਟਰ ਕਲਚਰ ਅਜਿਹੇ ਹਾਲਾਤ ਦੀ ਹੀ ਦੇਣ ਹਨ।

ਦੂਜੇ ਪਾਸੇ ਵਿਧਾਨਕਾਰਾਂ ਨੂੰ ਇਲਾਕੇ ਦੇ ਸਰਪ੍ਰਸਤ ਮੰਨਿਆ ਜਾਂਦਾ ਹੈ। ਸਮਾਜ ਨੂੰ ਸੇਧ ਦੇਣ ਲਈ ਉਨ੍ਹਾਂ ਕੋਲ ਮਹੱਤਵਪੂਰਨ ਪਲੇਟਫਾਰਮ ਹੈ। ਉਨ੍ਹਾਂ ਨੂੰ ਸਮਾਜ ਸੁਧਾਰਕ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਵਿਧਾਨਕਾਰ ਜੇ ਆਪੋ-ਆਪਣੇ ਖੇਤਰ ਦੇ ਚੰਗੀ ਕਾਰਗੁਜ਼ਾਰੀ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਸਨਮਾਨਿਤ ਕਰਨ ਤਾਂ ਇਹ ਸਾਰਥਿਕ ਯਤਨ ਹੋਵੇਗਾ। ਇਵੇਂ ਹੋਰ ਸਰਕਾਰੀ ਮੁਲਾਜ਼ਮ ਵੀ ਚੰਗਾ ਕੰਮ ਕਰਨ ਲਈ ਉਤਸ਼ਾਹਿਤ ਹੋਣਗੇ। ਲੋਕਾਂ ਦੇ ਨੁਮਾਇੰਦੇ ਤੇ ਸਰਕਾਰ ਦਾ ਹਿੱਸਾ ਹੋਣ ਦੇ ਨਾਤੇ ਉਹ ਨਸ਼ਿਆਂ ਵਿਰੁੱਧ ਲੜਾਈ ਵਿਚ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ। ਉਹ ਮਾਣ ਨਾਲ ਕਹਿ ਸਕਦੇ ਹਨ ਕਿ ਮੇਰੇ ਇਲਾਕੇ ਵਿਚ ਹਰ ਇੱਕ ਨਾਲ ਇਨਸਾਫ਼ ਹੁੰਦਾ ਹੈ। ਸਰਕਾਰੀ ਹਸਪਤਾਲਾਂ ਤੇ ਸਰਕਾਰੀ ਸਕੂਲਾਂ ਦੀ ਚੰਗੀ ਕਾਰਗੁਜ਼ਾਰੀ ਨੂੰ ਉਹ ਯਕੀਨੀ ਬਣਾ ਸਕਦੇ ਹਨ। ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਅਤੇ ਦੂਰ-ਦੁਰਾਡੇ ਖੇਤਰ ਵਿਚ ਮੈਡੀਕਲ ਕੈਂਪ, ਘੱਟ ਖਰਚੇ ਵਾਲੇ ਵਿਆਹ ਅਤੇ ਸਾਧਾਰਨ ਰੀਤੀ-ਰਿਵਾਜ਼ ਉਨ੍ਹਾਂ ਕੋਲ ਅਮੁੱਲ ਖੇਤਰ ਅਤੇ ਅਥਾਹ ਸੰਭਾਵਨਾਵਾਂ ਹਨ। ਸਰਕਾਰੀ ਮੁਲਾਜ਼ਮ ਇਨ੍ਹਾਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਹਿੱਤ ਵਿਧਾਨਕਾਰਾਂ ਦੇ ਨੁਮਾਇੰਦਿਆਂ ਦੇ ਤੌਰ 'ਤੇ ਪ੍ਰਭਾਵਸ਼ਾਲੀ ਤੇ ਸਾਰਥਿਕ ਰੋਲ ਨਿਭਾ ਸਕਦੇ ਹਨ।



# ਸਾਗਰ ਦੀ ਹਿੱਕ 'ਚੋਂ ਉੱਠਿਆ ਹਿਮਾਲਾ



ਹਿਮਾਲਾ ਪਰਬਤ ਉਤੇ ਉਤਰਦੀ ਸ਼ਾਮ ਦਾ ਨਜ਼ਾਰਾ।

***ਹਿਮਾਲਾ ਵਿਚ ਵੀ ਬਾਕੀ ਦੀ ਧਰਤੀ ਵਾਂਗ ਕਈ ਵਾਰ ਬਰਫ਼ਾਨੀ ਯੁੱਗ ਆਏ। ਆਖ਼ਰੀ ਬਰਫ਼ਾਨੀ ਯੁੱਗ ਕੋਈ 23 ਲੱਖ ਸਾਲ ਪਹਿਲਾਂ ਸ਼ੁਰੂ ਹੋਇਆ ਸੀ ਤੇ 18 ਕੁ ਹਜ਼ਾਰ ਸਾਲ ਪਹਿਲਾਂ ਆਪਣੇ ਸਿਖਰ 'ਤੇ ਪੁੱਜ ਗਿਆ। ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਨੇੜੇ ਤ੍ਰਿਉਂਡ ਜਿਹੇ ਇਲਾਕਿਆਂ ਤੱਕ ਨੀਵੇਂ ਸਥਾਨਾਂ 'ਤੇ ਵੀ ਸਾਲਾਂਬੱਧੀ ਹਜ਼ਾਰਾਂ ਫੁੱਟ ਉੱਚੀਆਂ ਬਰਫ਼ਾਂ ਜੰਮ ਗਈਆਂ। ਇਹ ਬਰਫ਼ਾਨੀ ਯੁੱਗ ਅੱਜ ਤੋਂ ਕੇਵਲ 10 ਕੁ ਹਜ਼ਾਰ ਸਾਲ ਪਹਿਲਾਂ ਹੀ ਖ਼ਤਮ ਹੋਇਆ ਹੈ।***

ਅੱਜ ਤੋਂ ਹਜ਼ਾਰ ਕੁ ਸਾਲ ਪਹਿਲਾਂ ਇਰਾਨ ਦਾ ਮਹਾਨ ਵਿਦਵਾਨ ਅਬੂ ਰੇਹਾਨ ਮੁਹੰਮਦ-ਬਿਨ-ਅਹਿਮਦ ਅਲਬਰੂਨੀ ਆਪਣੇ ਸਫ਼ਰ ਦੌਰਾਨ ਉਚੇ ਪਰਬਤਾਂ ਦੇ ਦੱਰਿਆਂ, ਪਰਬਤਾਂ ਦੀਆਂ ਪਾਲ਼ਾਂ ਤੇ ਛੋਟੀਆਂ-ਛੋਟੀਆਂ ਪਹਾੜੀਆਂ ਰਾਹੀਂ ਲੰਘ ਕੇ ਹਿੰਦੋਸਤਾਨ ਵਿਚ ਦਾਖਲ ਹੋਇਆ। ਦੂਰ-ਦੂਰ ਤੱਕ ਉਸ ਨੇ ਹਿਮਾਲਾ ਦੀਆਂ ਚਿੱਟੀਆਂ ਬਰਫ਼ਾਨੀ ਚੋਟੀਆਂ ਤੱਕੀਆਂ। ਦਿਓਦਾਰਾਂ ਨਾਲ ਲੱਦੀਆਂ ਘਾਟੀਆਂ, ਸੁੰਦਰ ਵਾਦੀਆਂ ਤੇ ਉਨ੍ਹਾਂ ਵਿਚ ਵਗਦੇ ਨਦੀਆਂ ਨਾਲੇ ਉਸ ਦੇ ਮਨ ਨੂੰ ਕਿੰਨੇ ਭਾਏ ਹੋਣਗੇ। ਉਸ ਦਾ ਕਾਫ਼ਲਾ ਤਾਂ ਕਠਿਨ ਯਾਤਰਾ ਉਪਰੰਤ 'ਸੋਨੇ ਦੀ ਚਿੜੀ' ਹਿੰਦੋਸਤਾਨ



**ਡਾ. ਵਿਦਵਾਨ ਸਿੰਘ ਸੋਨੀ**
**ਫੋਨ: +91-98143-48697**

ਦੇ ਸੁਪਨੇ ਲੈਂਦਾ ਹੋਵੇਗਾ ਪਰ ਅਲਬਰੂਨੀ ਆਲੇ-ਦੁਆਲੇ 'ਚੋਂ ਕੁਝ ਹੋਰ ਵੀ ਪੜ੍ਹ ਰਿਹਾ ਸੀ। ਉਹ ਪਰਬਤਾਂ ਦੀਆਂ ਪਾਲਾਂ ਅਤੇ ਉਨ੍ਹਾਂ ਦੀ ਬਣਤਰ ਵਿਚੋਂ ਕੋਈ ਤਰਤੀਬ ਲੱਭ ਰਿਹਾ ਸੀ। ਹਿਮਾਲਾ ਤੋਂ ਹੇਠਾਂ ਉਤਰ ਕੇ ਉਹ ਨੀਵੀਆਂ ਪਹਾੜੀਆਂ 'ਚੋਂ ਲੰਘਦਿਆਂ ਮੈਦਾਨਾਂ ਵਿਚ ਦਾਖਲ ਹੋਇਆ। ਰਾਹ ਵਿਚ ਜਗ੍ਹਾ-ਜਗ੍ਹਾ ਉਸ ਨੇ ਚੱਟਾਨਾਂ ਵਿਚ ਜੜੇ ਗੋਲ ਪੱਥਰ ਦੇਖੇ। ਕਈ ਥਾਈਂ ਪੱਥਰਾਂ ਦੇ ਢੇਰ ਮਿੱਟੀ ਵਾਲੀਆਂ ਪਹਾੜੀਆਂ ਵਿਚ ਵੀ ਉਸ ਨੂੰ ਨਜ਼ਰ ਆਏ। ਇਹ ਪੱਥਰ ਭਿੰਨ-ਭਿੰਨ ਰੰਗਾਂ ਦੇ ਚੱਟਾਨੀ ਟੁਕੜਿਆਂ 'ਚੋਂ ਆਏ ਸਨ। ਜਾਪਦਾ ਸੀ ਜਿਵੇਂ ਕਿਸੇ ਨੇ ਦੂਰ ਖੜ੍ਹੀਆਂ ਵੱਖ-ਵੱਖ ਰੰਗਾਂ ਦੀਆਂ ਉੱਚੀਆਂ ਚੱਟਾਨਾਂ 'ਚੋਂ ਘੜ ਕੇ ਲਿਆਂਦੇ ਅਤੇ ਫਿਰ ਇੱਥੇ ਜੜ ਦਿੱਤੇ ਹੋਣ। ਆਏ ਤਾਂ ਇਹ ਕੁਦਰਤੀ ਕਾਰਨਾਂ ਕਰਕੇ ਹੀ ਸਨ ਪਰ ਅਜਿਹੇ ਪੱਥਰ ਇੰਨੇ ਨੀਵੇਂ ਸਥਾਨਾਂ 'ਤੇ ਕਿਵੇਂ ਆ ਕੇ ਟਿਕ ਗਏ? ਅਲਬਰੂਨੀ ਨੇ ਆਪਣੇ ਮਨ ਵਿਚ ਉੱਠੇ ਸਵਾਲਾਂ ਦਾ ਉੱਤਰ ਆਪ ਹੀ ਲੱਭਿਆ। ਇਸੇ ਲਈ ਉਸ ਨੇ ਉੱਤਰੀ ਭਾਰਤ ਬਾਰੇ ਆਪਣੀ ਇੱਕ ਲਿਖਤ ਵਿਚ ਕੁਝ ਇੰਜ ਲਿਖਿਆ ਸੀ:

'ਜੇ ਤੁਸੀਂ ਭਾਰਤ ਦੀ ਮਿੱਟੀ ਵੇਖੀ ਹੈ ਤੇ ਵੇਖ ਕੇ ਕੁਝ ਸੋਚਿਆ ਹੈ, ਜੇ ਗੋਲ ਮਟੋਲ ਪੱਥਰ ਤੁਹਾਨੂੰ ਮਿੱਟੀ ਵਿਚ ਜੜੇ ਦਿਸੇ ਹਨ ਅਤੇ ਹੋਰ ਡੂੰਘਾ ਪੁੱਟਿਆਂ ਵੀ ਉਹੋ ਪੱਥਰ ਦਿਸੇ ਹਨ। ਪਹਾੜਾਂ 'ਚੋਂ ਨਿਕਲਦੇ ਦਰਿਆਵਾਂ ਵਿਚ ਵੱਡੇ-ਵੱਡੇ ਪੱਥਰ ਜੋ ਅੱਗੇ ਜਾ ਕੇ ਛੋਟੇ ਤੇ ਹੋਰ ਛੋਟੇ ਹੋਈ ਜਾਂਦੇ ਹਨ ਤੇ ਅੰਤ ਬੱਜਰੀ ਤੇ ਰੇਤਾ ਬਣ ਜਾਂਦੇ ਹਨ, ਉਹ ਕਿੱਥੋਂ ਆਏ? ਫਿਰ ਉੱਚੇ ਪਰਬਤਾਂ ਦੀਆਂ ਚੱਟਾਨਾਂ ਦੀ ਬਣਤਰ ਵੀ ਜੇ ਤੁਸੀਂ ਵੇਖੀ ਹੈ ਤਾਂ ਇਸ ਸਭ ਤੋਂ ਤੁਸੀਂ ਨਿਰਣਾ ਕਰ ਸਕਦੇ ਹੋ ਕਿ ਕਿਸੇ ਸਮੇਂ ਇਸ ਸਥਾਨ 'ਤੇ ਸਮੁੰਦਰ ਹੁੰਦਾ ਸੀ...।'

ਅਲਬਰੂਨੀ ਉਸ ਯੁੱਗ ਵਿਚ ਹੋਇਆ ਜਦੋਂ ਵਿਗਿਆਨ ਅਜੇ ਨਿਯਮਿਤ ਰੂਪ ਵਿਚ ਹੋਂਦ 'ਚ ਨਹੀਂ ਸੀ ਆਇਆ ਪਰ ਅਲਬਰੂਨੀ ਜਿਹੇ ਦਾਰਸ਼ਨਿਕ ਅਜਿਹੇ ਵਿਅਕਤੀ ਹੁੰਦੇ ਹਨ ਜੋ ਆਪਣੇ ਸਮੇ ਤੋਂ ਅਗਾਂਹ ਲੰਘ ਕੇ ਸੋਚਦੇ ਹਨ। ਉਸ ਦਾ ਇਹ ਅਨੁਮਾਨ ਸਹੀ ਸੀ ਕਿਉਂਕਿ ਹਿਮਾਲਾ ਸਮੁੰਦਰ 'ਚੋਂ ਹੀ ਉਪਜਿਆ ਸੀ।

ਕੋਈ ਸੱਤ ਕੁ ਕਰੋੜ ਸਾਲ ਪੁਰਾਣੀ ਗੱਲ ਹੈ। ਧਰਤੀ ਉੱਪਰ ਹਿਮਾਲਾ ਪਰਬਤ ਨਹੀਂ ਸੀ ਹੁੰਦਾ, ਨਾ ਸ਼ਿਵਾਲਿਕ ਪਹਾੜੀਆਂ ਸਨ ਅਤੇ ਨਾ ਹੀ ਇਸ ਦੇ ਨਾਲ-ਨਾਲ ਲੱਗਦੇ ਤਰਾਈ ਦੇ ਮੈਦਾਨ ਇੱਥੇ ਸਨ। ਇੱਥੇ ਪਾਣੀ ਹੀ ਪਾਣੀ ਸੀ। ਫਿਰ ਹਿਮਾਲਾ, ਸ਼ਿਵਾਲਿਕ ਤੇ ਗੰਗਾ-ਸਿੰਧ ਦੇ ਮੈਦਾਨ ਆਦਿ ਕਿੰਜ ਬਣੇ? ਇਹ ਜਾਣਨ ਲਈ ਧਰਤੀ ਦੇ ਸਾਢੇ ਕੁ ਚਾਰ ਅਰਬ ਸਾਲ ਲੰਮੇ ਇਤਿਹਾਸ ਵਿਚੋਂ ਸਿਰਫ਼ ਪੱਚੀ ਕਰੋੜ ਸਾਲਾਂ ਦੇ ਇਤਿਹਾਸ 'ਤੇ ਨਜ਼ਰ ਮਾਰਨ ਦੀ ਲੋੜ ਹੈ। ਇਸ ਸਮੇਂ ਦੌਰਾਨ ਇੱਥੇ ਕੀ ਹੁੰਦਾ ਰਿਹਾ ਹੈ, ਇਹ ਸਭ ਜਾਣ ਕੇ ਸਾਨੂੰ ਪਤਾ ਲੱਗ ਜਾਵੇਗਾ ਕਿ ਹਿਮਾਲਾ ਅਤੇ ਇਸ ਦੇ ਨਾਲ ਲੱਗਦੇ ਤਰਾਈ ਦੇ ਇਲਾਕੇ ਕੋਈ ਬਹੁਤੇ ਪੁਰਾਣੇ ਨਹੀਂ। ਭੂ-ਵਿਗਿਆਨ ਦੀ ਭਾਸ਼ਾ ਵਿਚ ਇਹ ਸਭ ਨਵੇਂ ਹੀ ਹਨ। ਹਿਮਾਲਾ 4-6 ਕਰੋੜ ਸਾਲ ਪੁਰਾਣਾ ਹੈ। ਇਸ ਦੀ ਤੁਲਨਾ ਵਿਚ ਅਰਾਵਲੀ ਪਰਬਤ (ਜੋ ਰਾਜਸਥਾਨ ਦੇ ਦੱਖਣੀ ਸਿਰੇ ਤੋਂ ਲੈ ਕੇ ਹਰਿਆਣੇ ਤੱਕ ਫੈਲਿਆ ਹੋਇਆ ਹੈ) ਬਹੁਤ ਹੀ ਪੁਰਾਣਾ ਹੈ। ਅਰਾਵਲੀ ਢਾਈ ਕੁ ਅਰਬ ਸਾਲ ਪਹਿਲਾਂ ਉਸ ਵੇਲੇ ਦੇ ਸਾਗਰੀ ਤਲਛਟਾਂ ਦੇ ਨਪੀੜੇ ਜਾਣ ਕਰ ਕੇ ਬਣਨਾ ਸ਼ੁਰੂ ਹੋਇਆ ਸੀ ਤੇ ਸਮੇਂ ਨਾਲ ਹਿਮਾਲਾ ਵਾਂਗ ਹੀ ਬਹੁਤ ਉਚਾਈ ਹਾਸਲ ਕਰ ਗਿਆ। ਇਹ ਤਾਂ ਕਰੋੜਾਂ ਸਾਲਾਂ ਦੀਆਂ ਵਿਘਟਨ ਕਿਰਿਆਵਾਂ ਕਾਰਨ, ਬਾਰਸ਼ਾਂ ਅਤੇ ਤੇਜ਼ ਹਵਾਵਾਂ ਵੱਲੋਂ ਲਿਆਂਦੀ ਰੇਤ ਦੇ ਕਿਣਕਿਆਂ ਨਾਲ ਘਸ-ਘਸ ਕੇ, ਖੁਰ-ਖੁਰ ਕੇ, ਏਨਾ ਨੀਵਾਂ ਹੋ ਗਿਆ ਹੈ। ਇਸ ਦੀਆਂ ਜੋ ਚੱਟਾਨਾਂ ਬਚੀਆਂ ਹੋਈਆਂ ਹਨ ਉਹ ਵੀ ਬਹੁਤ ਹੀ ਪੁਰਾਣੀਆਂ ਹਨ। ਹਿਮਾਲਾ ਤਾਂ ਅਜੇ ਨਵਾਂ ਪਹਾੜ ਹੈ।

ਇਸ ਦੇ ਹੋਂਦ ਵਿਚ ਆਉਣ ਬਾਰੇ ਅਸਲੀ ਤੱਥ ਉਦੋਂ ਪਤਾ ਲੱਗਣ ਲੱਗੇ ਜਦੋਂ ਸਾਲ 1912 ਵਿਚ ਜਰਮਨੀ ਦੇ ਇੱਕ ਮੌਸਮ ਵਿਗਿਆਨੀ ਅਲਫਰੈੱਡ ਵੈਗਨਰ ਨੇ ਧਰਤੀ ਦੇ ਨਕਸ਼ੇ ਨੂੰ ਜ਼ਰਾ ਵਧੇਰੇ ਗਹੁ ਨਾਲ ਤੱਕਿਆ। ਉਸ ਨੇ ਵੇਖਿਆ ਕਿ ਸਾਰੇ ਮਹਾਂਦੀਪਾਂ ਨੂੰ ਲਗਭਗ ਇੱਕ ਦੂਜੇ ਵਿਚ ਫਿੱਟ ਕੀਤਾ ਜਾ ਸਕਦਾ ਹੈ। ਇਹ ਬੜੀ ਅਜੀਬ ਗੱਲ ਸੀ ਜਿਸ ਬਾਰੇ ਪਹਿਲਾਂ ਕਦੇ ਕਿਸੇ ਨੇ ਨਹੀਂ ਸੀ ਸੋਚਿਆ। ਵੈਗਨਰ ਨੇ ਅੰਦਾਜ਼ਾ ਲਗਾਇਆ ਕਿ ਸਾਰੇ ਮਹਾਂਦੀਪ ਸ਼ਾਇਦ ਕਦੇ ਇੱਕੋ ਸੁਪਰ-ਮਹਾਂਦੀਪ ਦੇ ਰੂਪ ਵਿਚ ਧਰਤੀ 'ਤੇ ਮੌਜੂਦ ਸਨ ਜੋ ਬਾਅਦ ਵਿਚ ਅੱਡ-ਅੱਡ ਹੋ ਗਏ। ਭੂ-ਵਿਗਿਆਨੀਆਂ ਨੇ ਫਿਰ ਜਦੋਂ ਇਸ ਤੱਥ ਦਾ ਵਿਗਿਆਨਕ ਤੌਰ 'ਤੇ ਅਧਿਐਨ ਕੀਤਾ ਤਾਂ ਵੇਖਿਆ ਕਿ ਵੈਗਨਰ ਦਾ ਅੰਦਾਜ਼ਾ ਠੀਕ ਸੀ। ਇਸ ਦੇ ਨਾਲ ਹੀ ਦੁਨੀਆ ਵਿਚ 'ਪਲੇਟ-ਟੈਕਟਾਨਿਕਸ' ਦੇ ਵਿਸ਼ੇ 'ਤੇ ਨਵੀਂ ਖੋਜ ਸ਼ੁਰੂ ਹੋ ਗਈ। ਇਸ ਸਦਕਾ ਪਤਾ ਲੱਗਾ ਕਿ ਧਰਤੀ ਦਾ ਨਕਸ਼ਾ ਸਦਾ ਇੱਕੋ ਹੀ ਨਹੀਂ ਰਿਹਾ। 'ਪਲੇਟ-ਟੈਕਟਾਨਿਕਸ' ਦਾ ਭਾਵ ਹੈ ਕਿ ਧਰਤੀ ਦੀਆਂ 'ਪਟਲ ਪਲੇਟਾਂ' ਲਗਾਤਾਰ ਸਰਕਦੀਆਂ ਰਹਿੰਦੀਆਂ ਹਨ। ਇਸ ਕਾਰਨ ਧਰਤੀ ਦੀ ਸਤ੍ਹਾ ਵੀ ਉੱਚੀ ਨੀਵੀਂ ਹੁੰਦੀ ਰਹਿੰਦੀ ਹੈ ਤੇ ਦਰਿਆਵਾਂ ਦੇ ਰੁਖ਼ ਵੀ ਬਦਲਦੇ ਰਹਿੰਦੇ ਹਨ।

ਕੋਈ ਪੱਚੀ ਕਰੋੜ ਸਾਲ ਪਹਿਲੋਂ ਧਰਤੀ ਦੇ ਸਾਰੇ ਮਹਾਂਦੀਪ ਪੈਂਜੀਆ ਨਾਂ ਦੇ ਇੱਕੋ ਸੁਪਰ-ਮਹਾਂਦੀਪ ਦੇ ਰੂਪ ਵਿਚ ਜੁੜੇ ਹੋਏ ਸਨ ਅਤੇ ਬਾਕੀ ਸਾਰਾ ਗ੍ਰਹਿ ਕੇਵਲ ਪਾਣੀ ਹੀ ਸੀ। ਉਦੋਂ ਧਰਤੀ ਦੇ ਅੰਦਰ ਵੱਡੀ ਹਿਲਜੁਲ ਹੋਈ ਤੇ ਪੈਂਜੀਆ ਵਿਚ ਤ੍ਰੇੜਾਂ ਪੈ ਗਈਆਂ। ਮਹਾਂਦੀਪ ਅੱਡ ਅੱਡ ਹੋ ਕੇ ਖਿੰਡਣ ਲੱਗੇ। ਅੱਜ ਤੋਂ ਵੀਹ ਕੁ ਕਰੋੜ ਸਾਲ ਪਹਿਲਾਂ ਪੈਂਜੀਆ ਦੋ ਭਾਗਾਂ ਵਿਚ ਵੰਡਿਆ ਗਿਆ। ਉੱਤਰੀ ਭਾਗ 'ਲਾਓਰੇਸ਼ੀਆ' ਤੇ ਦੱਖਣੀ ਭਾਗ 'ਗੋਂਦਵਾਨਾ' ਸੀ। ਇਨ੍ਹਾਂ ਵਿਚਾਲੇ ਬਹੁਤ ਵੱਡਾ ਸਮੁੰਦਰ ਟੈਥਿਸ ਸਾਗਰ ਬਚ ਗਿਆ। ਗੋਂਦਵਾਨਾ ਵਿਚ ਦੱਖਣੀ ਅਮਰੀਕਾ, ਅਫ਼ਰੀਕਾ, ਐਂਟਾਰਕਟਿਕਾ ਅਤੇ ਆਸਟਰੇਲੀਆ ਸਮੇਤ ਭਾਰਤ ਦਾ ਅਰਾਵਲੀ ਪਰਬਤ ਅਤੇ ਪਠਾਰ ਵਾਲਾ ਹਿੱਸਾ ਸ਼ਾਮਲ ਸਨ। ਲਾਓਰੇਸ਼ੀਆ ਵਿਚ ਉੱਤਰੀ ਅਮਰੀਕਾ, ਯੂਰਪ ਤੇ ਏਸ਼ੀਆ ਦੇ ਬਾਕੀ ਹਿੱਸੇ ਸ਼ਾਮਲ ਸਨ।

ਉਦੋਂ ਸਾਰੀ ਧਰਤੀ 'ਤੇ ਡਾਇਨੋਸੋਰਾਂ ਦਾ ਰਾਜ ਸੀ ਜੋ ਕਰੀਬ 18 ਕਰੋੜ ਸਾਲ ਤੱਕ ਵੱਖ-ਵੱਖ ਕਿਸਮਾਂ ਧਾਰ ਕੇ ਵਿਗਸਦੇ ਰਹੇ। ਬਾਰਾਂ ਕੁ ਕਰੋੜ ਸਾਲ ਪਹਿਲਾਂ ਸਾਰੇ ਭੂ-ਖੰਡ ਇੱਕ ਦੂਜੇ ਤੋਂ ਕਾਫ਼ੀ ਦੂਰ-ਦੂਰ ਹਟ ਗਏ। ਭਾਰਤ ਦਾ ਅਰਾਵਲੀ-ਪਠਾਰੀ ਹਿੱਸਾ ਇਕੱਲਾ ਹੀ ਉੱਤਰ ਵੱਲ ਨੂੰ ਸਰਕ ਰਿਹਾ ਸੀ ਜੋ ਹੌਲੀ-ਹੌਲੀ 5-6 ਕਰੋੜ ਸਾਲਾਂ ਵਿਚ ਯੂਰੇਸ਼ੀਆ ਦੇ ਬਹੁਤ ਨੇੜੇ ਆ ਗਿਆ। ਯੂਰੇਸ਼ੀਆ ਦੇ ਥਲ-ਭਾਗ ਵੱਲੋਂ ਵਗਦੇ ਦਰਿਆ ਟੈਥਿਸ ਵਿਚ ਕਰੋੜਾਂ ਸਾਲਾਂ ਤੋਂ ਲਗਾਤਾਰ ਤਲਛਟ ਡਿੱਗ ਰਹੇ ਸਨ। ਉਧਰੋਂ ਭਾਰਤ ਦੇ ਅਰਾਵਲੀ ਵੱਲੋਂ ਵਗਦੇ ਅਨੇਕਾਂ ਦਰਿਆ ਵੀ ਆਪਣੇ ਨਾਲ ਲਿਆਂਦੇ ਤਲਛਟ ਇਸ ਸਮੁੰਦਰ ਵਿਚ ਸੁੱਟਦੇ ਰਹੇ। ਇਹ ਸਮੁੰਦਰ ਹੌਲੀ-ਹੌਲੀ ਭਰਦਾ ਗਿਆ। ਕੋਈ ਸਾਢੇ ਛੇ ਕਰੋੜ ਸਾਲ ਪਹਿਲਾਂ ਇੱਕ ਹੋਰ ਬੜੀ ਅਜੀਬ ਘਟਨਾ ਵਾਪਰੀ। ਦਸ ਕੁ ਕਿਲੋਮੀਟਰ ਵਿਆਸ ਵਾਲੀ ਇੱਕ ਵਿਸ਼ਾਲ ਉਲਕਾ ਦੋ ਭਾਗਾਂ ਵਿਚ ਟੁੱਟ ਕੇ ਮੈਕਸਿਕੋ ਦੀ ਖਾੜੀ ਦੇ ਇਲਾਕੇ ਵਿਚ ਚਿਕਸੂਲਬ ਸਥਾਨ ਕੋਲ ਧਰਤੀ 'ਤੇ ਆਣ ਡਿੱਗੀ ਜਿਸ ਨੇ ਬੜੀ ਵੱਡੀ ਤਬਾਹੀ ਮਚਾ ਦਿੱਤੀ। ਇੰਨੀ ਧੂੜ ਉੱਡੀ ਕਿ ਧਰਤੀ 'ਤੇ ਮਹੀਨਿਆਂਬੱਧੀ ਹਨੇਰਾ ਛਾਇਆ ਰਿਹਾ। ਸਾਰੇ ਡਾਇਨੋਸੋਰ ਖ਼ਤਮ ਹੋ ਗਏ ਤੇ ਨਾਲ ਹੀ ਸਾਗਰਾਂ ਤੇ ਥਲਾਂ ਦੀਆਂ ਕੋਈ 90 ਫ਼ੀਸਦੀ ਜੀਵ ਜਾਤੀਆਂ ਧਰਤੀ ਤੋਂ ਲੋਪ ਹੋ ਗਈਆਂ (ਦੁਨੀਆ ਦੇ ਹੋਰ ਇਲਾਕਿਆਂ ਤੋਂ ਇਲਾਵਾ ਡਾਇਨੋਸੋਰਾਂ ਅਤੇ ਲੁਪਤ ਹੋਏ ਹੋਰ ਜਾਨਵਰਾਂ ਦੇ ਕਈ ਪਥਰਾਟ ਦੱਖਣੀ ਭਾਰਤ ਦੀ ਪਠਾਰ 'ਚੋਂ ਵੀ ਮਿਲਦੇ ਹਨ), ਪਰ ਇਹ ਘਟਨਾ ਹਿਮਾਲਾ ਦੇ ਉੱਪਰ ਉੱਠਣ ਤੋਂ ਪਹਿਲਾਂ ਦੀ ਹੈ।

ਭਾਰਤ ਦੀ ਪਟਲ-ਪਲੇਟ ਉੱਤਰ ਵੱਲ ਹੋਰ ਤੇ ਹੋਰ ਧਕੀਂਦੀ ਗਈ ਜਿਸ ਕਾਰਨ ਸਾਗਰ ਤਲ ਵਿਚ ਜਮ੍ਹਾਂ ਮਲਬਾ ਲਗਾਤਾਰ ਨਪੀੜਦਾ ਗਿਆ ਤੇ ਉਹ ਚੱਟਾਨਾਂ ਬਣ ਕੇ ਉੱਪਰ ਉੱਠਦਾ ਗਿਆ। ਟੈਥਿਸ ਸਾਗਰ ਦੇ ਤਲ ਦੀ ਡੂੰਘਾਈ ਯੂਰੇਸ਼ੀਆ ਤੇ ਭਾਰਤ ਵਿਚਲੇ ਸਥਾਨ 'ਤੇ ਬਹੁਤ ਘਟ ਗਈ ਤੇ ਸਾਗਰ ਕਛਾਰਾਂ ਦਾ ਰੂਪ ਧਾਰਨ ਕਰਨ ਲੱਗਾ ਜਿਸ ਵਿਚੋਂ ਥਾਂ-ਥਾਂ 'ਤੇ ਤਲਛਟੀ ਚੱਟਾਨਾਂ ਦੇ ਕਿੰਗਰੇ ਉੱਭਰੇ ਹੋਏ ਦਿਸਣ ਲੱਗੇ। ਟੈਕਟਾਨੀ ਕਿਰਿਆਵਾਂ ਕਰ ਕੇ ਭਾਰਤੀ ਥਲ-ਪਲੇਟ ਕੋਈ 15 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਉੱਤਰ ਵੱਲ ਸਰਕ ਰਹੀ ਸੀ ਜਿਸ ਦੇ ਫ਼ਲਸਰੂਪ ਟੈਥਿਸ ਵਿਚਲੇ ਤਲਛਟ ਚੱਟਾਨਾਂ ਬਣ ਕੇ ਤੇਜ਼ ਗਤੀ ਨਾਲ ਉੱਪਰ ਉੱਠ ਰਹੇ ਸਨ। ਉਹ ਹਿਮਾਲਾ ਪਰਬਤ ਦੀਆਂ ਅੰਦਰੂਨੀ ਤਲਛੱਟੀ ਚੱਟਾਨਾਂ ਦਾ ਰੂਪ ਧਾਰਨ ਕਰਦੇ ਹੋਏ ਪਹਾੜ ਬਣ ਗਏ। ਪਹਿਲਾਂ ਤੋਂ ਹੀ ਭੀੜੇ ਹੋ ਚੁੱਕੇ ਸਾਗਰ ਤਲ ਵਿਚ ਭਾਰਤੀ ਪਟਲ-ਪਲੇਟ ਦੇ ਧੱਕੇ ਜਾਣ ਕਰ ਕੇ ਸਿਲਵਟਾਂ ਪੈਣ ਲੱਗੀਆਂ ਸਨ ਜਿਨ੍ਹਾਂ ਨੇ ਉੱਪਰ ਉੱਠ ਕੇ ਹੌਲੀ-ਹੌਲੀ ਲੰਬਾਤਮਕ ਪਹਾੜੀ ਰੇਂਜਾਂ ਅਤੇ ਵਾਦੀਆਂ ਦਾ ਰੂਪ ਧਾਰ ਲਿਆ। ਭਾਰਤੀ ਪਟਲ-ਪਲੇਟ ਦੇ ਲਗਾਤਾਰ ਧੱਕਿਆਂ ਕਾਰਨ ਟੈਥਿਸ ਸਾਗਰ ਦਾ ਤਲ ਹੋਰ ਉੱਚਾ ਉੱਠਿਆ। ਸਮੁੰਦਰ ਬਿਲਕੁਲ ਖ਼ਤਮ ਹੋ ਗਿਆ ਤੇ ਇਸ ਦੇ ਤਲਛਟ ਉੱਚੀਆਂ-ਉੱਚੀਆਂ ਪਹਾੜੀਆਂ ਵਿਚ ਵਟ ਗਏ।

ਅੱਜ ਤੋਂ ਕੋਈ ਸਵਾ ਦੋ ਕਰੋੜ ਸਾਲ ਪਹਿਲਾਂ, ਅੱਗੋਂ ਇੱਕ ਹੋਰ ਪਰਬਤ ਨਿਰਮਾਣ ਕਿਰਿਆ ਸ਼ੁਰੂ ਹੋਈ ਜਿਸ ਤੋਂ ਛੋਟੀਆਂ-ਛੋਟੀਆਂ ਸ਼ਿਵਾਲਿਕ ਪਹਾੜੀਆਂ ਦਾ ਜਨਮ ਹੋਇਆ। ਭਾਰਤੀ ਪਟਲ-ਪਲੇਟ ਸਰਕਦੀ ਹੋਈ ਸਮੇਂ ਸਮੇਂ ਯੂਰੇਸ਼ੀਅਨ ਪਲੇਟ ਵੱਲ ਤੇਜ਼ੀ ਨਾਲ ਧਕੀਂਦੀ ਜਾ ਰਹੀ ਸੀ ਜਿਸ ਕਾਰਨ ਹਿਮਾਲਾ ਪਰਬਤ ਹੋਰ ਵੀ ਉੱਚਾ ਉੱਠਿਆ। ਓਧਰ ਹਿਮਾਲਾ ਦੇ ਉੱਤਰ ਵਿਚ ਤਿੱਬਤ ਦੀ ਪਠਾਰ ਵੀ ਉੱਚੀ-ਉੱਠ ਗਈ ਜੋ ਅੱਜ ਤੇਰਾਂ ਹਜ਼ਾਰ ਫੁੱਟ ਦੀ ਉਚਾਈ ਪ੍ਰਾਪਤ ਕਰ ਚੁੱਕੀ ਹੈ। ਭਾਵੇਂ ਹੁਣ ਹਿਮਾਲਾ ਦੇ ਹੇਠਾਂ ਕੋਈ ਹੋਰ ਵੱਡੇ ਉਥਲ ਪੁਥਲ ਨਹੀਂ ਹੋ ਰਹੇ ਪਰ ਇਹ ਅਜੇ ਵੀ ਹੌਲੀ-ਹੌਲੀ ਉੱਪਰ ਉੱਠ ਰਿਹਾ ਹੈ। ਭਾਰਤੀ ਪਟਲ-ਪਲੇਟ ਹੁਣ ਵੀ ਤਕਰੀਬਨ ਦੋ ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਉੱਤਰ ਵੱਲ ਸਰਕ ਰਹੀ ਹੈ ਅਤੇ ਹਿਮਾਲਾ ਕੋਈ ਅੱਧਾ ਕੁ ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਉੱਪਰ ਉੱਠ ਰਿਹਾ ਹੈ। ਇਸੇ ਕਾਰਨ ਕਦੇ-ਕਦੇ ਭਾਰਤ ਦੇ ਥਲੀ ਤੇ ਪਰਬਤੀ ਇਲਾਕਿਆਂ ਵਿਚ ਭੂਚਾਲ ਆਉਂਦੇ ਰਹਿੰਦੇ ਹਨ।

ਜਦੋਂ ਹਿਮਾਲਾ ਉੱਪਰ ਉੱਠ ਰਿਹਾ ਸੀ ਤਾਂ ਇਸ ਦੀ ਦੱਖਣੀ ਹੱਦ ਦੇ ਨਾਲ-ਨਾਲ ਵਿਸ਼ਾਲ ਲੰਮੀ ਚੌੜੀ ਲੰਬਾਤਮਕ ਖਾਈ ਬਣ ਗਈ। ਹਿਮਾਲਾ ਤੋਂ ਉਤਰਦੇ ਅਨੇਕਾਂ ਅਗਿਆਤ ਦਰਿਆ ਹਿਮਾਲਾ ਦਾ ਖੋਰ ਲਿਆ-ਲਿਆ ਕੇ ਇਸ ਦੇ ਦੱਖਣੀ ਭਾਗ ਵਿਚ ਸੁੱਟਦੇ ਰਹੇ ਤੇ ਉਹ ਤਲਛਟ ਵੀ ਭਾਰਤੀ ਪਟਲ ਦੇ ਧੱਕਣ ਕਰ ਕੇ ਨਾਲ ਨਪੀੜੇ ਜਾਂਦੇ ਰਹੇ। ਉਹ ਕੋਈ ਤਿੰਨ ਚਰਨਾਂ ਵਿਚ ਉੱਪਰ ਉੱਠੇ ਜਿਨ੍ਹਾਂ ਤੋਂ ਸ਼ਿਵਾਲਿਕ ਪਹਾੜੀਆਂ ਦਾ ਜਨਮ ਹੋਇਆ। ਸ਼ਿਵਾਲਿਕ ਪਹਾੜੀਆਂ ਦੀ ਚੌੜਾਈ ਸਾਡੇ ਕਾਂਗੜਾ ਅਤੇ ਪਾਕਿਸਤਾਨ ਦੇ ਪੋਠੋਹਾਰ ਖੇਤਰ ਵਿਚ ਸਭ ਤੋਂ ਵੱਧ ਹੈ ਅਤੇ ਪੂਰਬ ਵੱਲ ਜਾਂਦਿਆਂ ਇਹ ਚੌੜਾਈ ਘਟਦੀ ਜਾਂਦੀ ਹੈ।

ਹਿਮਾਲਾ ਵਿਚ ਵੀ ਬਾਕੀ ਦੀ ਧਰਤੀ ਵਾਂਗ ਕਈ ਵਾਰ ਬਰਫ਼ਾਨੀ ਯੁੱਗ ਆਏ। ਆਖ਼ਰੀ ਬਰਫ਼ਾਨੀ ਯੁੱਗ ਕੋਈ 23 ਲੱਖ ਸਾਲ ਪਹਿਲਾਂ ਸ਼ੁਰੂ ਹੋਇਆ ਸੀ ਤੇ 18 ਕੁ ਹਜ਼ਾਰ ਸਾਲ ਪਹਿਲਾਂ ਆਪਣੇ ਸਿਖਰ 'ਤੇ ਪੁੱਜ ਗਿਆ। ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਨੇੜੇ ਤ੍ਰਿਉਂਡ ਜਿਹੇ ਇਲਾਕਿਆਂ ਤੱਕ ਨੀਵੇਂ ਸਥਾਨਾਂ 'ਤੇ ਵੀ ਸਾਲਾਂਬੱਧੀ ਹਜ਼ਾਰਾਂ ਫੁੱਟ ਉੱਚੀਆਂ ਬਰਫ਼ਾਂ ਜੰਮ ਗਈਆਂ। ਇਹ ਬਰਫ਼ਾਨੀ ਯੁੱਗ ਅੱਜ ਤੋਂ ਕੇਵਲ 10 ਕੁ ਹਜ਼ਾਰ ਸਾਲ ਪਹਿਲਾਂ ਹੀ ਖ਼ਤਮ ਹੋਇਆ ਹੈ। ਜਦੋਂ ਗਰਮ ਯੁੱਗ ਸ਼ੁਰੂ ਹੋਇਆ ਤਾਂ ਹਜ਼ਾਰ ਸਾਲ ਤੋਂ ਵੀ ਅਧਿਕ ਸਮੇਂ ਤੱਕ ਅਥਾਹ ਮੀਂਹ ਵਰ੍ਹੇ, ਬਰਫ਼ਾਂ ਦੇ ਵਿਸ਼ਾਲ ਤੋਦੇ ਪਿਘਲ ਕੇ ਹੇਠਾਂ ਵੱਲ ਸਰਕਣ ਲੱਗੇ ਜੋ ਚੱਟਾਨਾਂ ਨੂੰ ਤੋੜ ਤੋੜ ਕੇ ਆਪਣੇ ਨਾਲ ਉੱਪਰ ਸੁੱਟ ਲਿਆਏ। ਉਨ੍ਹਾਂ ਦੁਆਰਾ ਛੱਡੇ ਇਰੈਟਿਕਸ (ਅੰਦਰੂਨੀ ਚੱਟਾਨਾਂ ਦੇ ਵੱਡੇ ਵੱਡੇ ਟੁਕੜੇ) ਕਾਂਗੜਾ ਵਾਦੀ ਵਿਚ ਵੀ ਜਗ੍ਹਾ ਜਗ੍ਹਾ ਪਏ ਦੇਖੇ ਜਾ ਸਕਦੇ ਹਨ। ਉਦੋਂ ਭਿਅੰਕਰ ਹੜ੍ਹ ਵੀ ਆਏ। ਉਨ੍ਹਾਂ ਹੜ੍ਹਾਂ ਵਿਚ ਰੁੜ੍ਹਦੇ ਪੱਥਰ ਗੋਲ ਹੋ ਗਏ। ਉਹ ਹੜ੍ਹ ਮਿੱਟੀ ਵਾਲੀਆਂ ਪਹਾੜੀਆਂ ਦੀ ਮਣਾਂ-ਮੂੰਹੀਂ ਮਿੱਟੀ ਵੀ ਨਾਲ ਰੋੜ੍ਹ ਲਿਆਏ ਤੇ ਸ਼ਿਵਾਲਿਕ ਦੇ ਦੱਖਣੀ/ਦੱਖਣ ਪੱਛਮੀ ਖੇਤਰ ਵਿਚ ਵਿਛਾ ਗਏ। ਉੱਤਰੀ ਭਾਰਤ ਵਿਚ ਤਰਾਈ ਦਾ ਇਲਾਕਾ ਉਦੋਂ ਦੀ ਹੀ ਉਪਜ ਹੈ।

ਜਦੋਂ ਸ਼ਿਵਾਲਿਕ ਦੇ ਤਲਛਟ ਜ਼ਮੀਨੀ ਪੱਧਰ 'ਤੇ ਸਨ ਉਦੋਂ ਜੋ ਜਾਨਵਰ ਇੱਥੇ ਫਿਰਦੇ ਸਨ ਜਾਂ ਬਿਰਖ ਪੌਦੇ ਇੱਥੇ ਉੱਗੇ ਹੁੰਦੇ ਤੇ ਮਰਦੇ ਰਹਿੰਦੇ ਸਨ, ਉਨ੍ਹਾਂ ਉੱਪਰ ਹੜ੍ਹਾਂ ਵਗੈਰਾ ਨਾਲ ਹੋਰ ਤਲਛਟ ਜੰਮ ਗਏ। ਉਹ ਹਜ਼ਾਰਾਂ ਲੱਖਾਂ ਸਾਲ ਬਾਅਦ ਪਥਰਾਟ ਬਣ ਗਏ ਤੇ ਪਹਾੜੀ ਚੱਟਾਨਾਂ ਵਿਚ ਫਸੇ ਹੋਏ ਟੈਕਟਾਨੀ ਕਿਰਿਆ ਕਾਰਨ ਉੱਪਰ ਉੱਠ ਗਏ। ਅੱਜ ਸਾਨੂੰ ਸ਼ਿਵਾਲਿਕ ਪਹਾੜੀਆਂ ਦੀਆਂ ਉੱਚੀਆਂ ਚੱਟਾਨਾਂ 'ਚੋਂ ਵੀ ਉਨ੍ਹਾਂ ਸਮਿਆਂ ਦੇ ਜੀਵਾਂ ਦੇ ਸਖ਼ਤ ਹੋ ਚੁੱਕੇ ਪਥਰਾਟ ਮਿਲਦੇ ਹਨ। ਉੱਚੇ ਸਥਾਨਾਂ ਤੋਂ ਪਥਰਾਟਾਂ ਦਾ ਮਿਲਣਾ ਇਹ ਸਿੱਧ ਕਰਦਾ ਹੈ ਕਿ ਹਿਮਾਲਾ ਤੇ ਉਸ ਦੇ ਨਾਲ ਸ਼ਿਵਾਲਿਕ ਸੱਚਮੁੱਚ ਉੱਪਰ ਉੱਠ ਰਹੇ ਹਨ। ਹਿਮਾਲਾ ਸਮੁੰਦਰ 'ਚੋਂ ਉੱਠਿਆ ਸੀ ਤੇ ਸ਼ਿਵਾਲਿਕ, ਜਿਸ ਦੀਆਂ ਰੇਤਲੀਆਂ, ਪਥਰੀਲੀਆਂ ਜਾਂ ਮਿਟਿਆਲੀਆਂ ਚੱਟਾਨਾਂ ਹਿਮਾਲਾ ਦੇ ਖੋਰ ਤੋਂ ਹੀ ਬਣੀਆਂ ਸਨ, ਬਾਅਦ ਵਿਚ ਧਰਤੀ 'ਚੋਂ ਹੀ ਬਾਹਰ ਨਿਕਲਿਆ ਸੀ। ਇਹ ਹੈ ਹਿਮਾਲਾ ਪਰਬਤ ਦੀ ਲੰਮੀ ਕਹਾਣੀ।



ਬਰਫ਼ ਲੱਦਿਆ ਹਿਮਾਲਾ ਪਰਬਤ

# ਬਿਰਛ ਦੀਆਂ ਪੱਤੀਆਂ ਵਾਂਗ ਫੁਟਦੀ ਕਵਿਤਾ ਸੁਖਵਿੰਦਰ ਅੰਮ੍ਰਿਤ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਨੌਵੇਂ ਪੂਰ ਵਿਚ ਉੱਘੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਬਾਰੇ ਗੱਲਾਂ ਹਨ।***

## ਕਲਮਾਂ ਵਾਲੀਆਂ

ਅੰਮ੍ਰਿਤਾ ਪ੍ਰੀਤਮ ਤੋਂ ਸ਼ੁਰੂ ਹੋਏ ਦੌਰ ਨਾਲ ਕਵਿੱਤਰੀਆਂ ਵਾਸਤੇ ਮਨ ਦੀ ਲੋਚਾ ਅਨੁਸਾਰ ਖੁੱਲ੍ਹ ਕੇ ਆਪਣੀਆਂ ਭਾਵਨਾਵਾਂ ਪ੍ਰਗਟਾਉਣ ਦਾ ਰਾਹ ਖੁੱਲ੍ਹਿਆ। ਇਕ ਪਾਸੇ ਵਿੱਦਿਆ ਦੇ ਪਸਾਰ ਸਦਕਾ ਤੇ ਦੂਜੇ ਪਾਸੇ, ਕਿਸੇ-ਕਿਸੇ ਵਿਅਕਤੀਗਤ ਸੂਰਤ ਨੂੰ ਛੱਡ ਕੇ, ਕਲਮ ਉੱਤੇ ਸਖ਼ਤ ਪਹਿਰੇ ਦੀ ਅਣਹੋਂਦ ਸਦਕਾ ਅਨੇਕਾਂ-ਅਨੇਕ ਕਵਿੱਤਰੀਆਂ ਆਪਣੀ-ਆਪਣੀ ਸਮਰੱਥਾ ਅਨੁਸਾਰ ਗੌਲਣਜੋਗ ਕਵਿਤਾ ਲਿਖਣ ਲਗੀਆਂ।

ਕਾਫ਼ੀ ਸਮੇਂ ਤੱਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਅੰਮ੍ਰਿਤਾ ਪ੍ਰੀਤਮ ਹੀ ਪੇਸ਼ ਕਰਨ ਦੇ ਜੋਗ ਇਕ ਚੰਗੀ ਮਿਸਾਲ ਸੀ ਤੇ ਬਾਕੀ ਕਵਿੱਤਰੀਆਂ ਦਾ ਜ਼ਿਕਰ ਆਮ ਕਰ



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਕੇ "ਵੀ ਕਵਿਤਾ ਲਿਖਦੀਆਂ ਹਨ" ਵਜੋਂ ਹੁੰਦਾ ਸੀ। ਹੁਣ ਉਹ ਜ਼ਮਾਨਾ ਬਹੁਤ ਪਿੱਛੇ ਰਹਿ ਗਿਆ ਹੈ। ਹੁਣ ਤਾਂ ਕਈ ਵਾਰ ਅਜਿਹਾ ਹੁੰਦਾ ਹੈ ਕਿ ਕਿਸੇ ਰਸਾਲੇ ਵਿਚ ਪਹਿਲੀ ਵਾਰ ਨਜ਼ਰ ਪਏ ਨਾਂ ਵਾਲ਼ੀ ਕਿਸੇ ਕੁੜੀ ਦੀ ਕਵਿਤਾ ਪੜ੍ਹੀਂਦੀ ਹੈ ਤਾਂ ਉਹਦੀ ਕਾਵਿ-ਗੁਣਤਾ ਹੈਰਾਨ ਕਰ ਦਿੰਦੀ ਹੈ। ਉਨ੍ਹਾਂ ਕਵਿੱਤਰੀਆਂ ਦੀ ਗਿਣਤੀ ਵੀ ਹੁਣ ਕੋਈ ਥੋੜ੍ਹੀ ਨਹੀਂ ਜਿਨ੍ਹਾਂ ਦਾ ਸ਼ੁਮਾਰ ਪੰਜਾਬੀ ਕਵਿਤਾ ਦੇ ਪ੍ਰਤੀਨਿਧ ਰਚਨਾਕਾਰਾਂ ਵਿਚ ਹੁੰਦਾ ਹੈ। ਉਨ੍ਹਾਂ ਵਿਚੋਂ ਹੀ ਇਕ ਹੈ ਸੁਖਵਿੰਦਰ ਅੰਮ੍ਰਿਤ।

ਸੁਖਵਿੰਦਰ ਅੰਮ੍ਰਿਤ ਉਹ ਕਵਿੱਤਰੀ ਹੈ ਜੋ ਹੁਣ ਆਪਣੀਆਂ ਕਵਿਤਾਵਾਂ ਬਾਰੇ ਅਖੌਤੀ ਆਲੋਚਕਾਂ ਦੇ ਲਿਖੇ ਸਾਧਾਰਨ ਕਿਸਮ ਦੇ ਇਮਤਿਹਾਨੀ ਲੇਖਾਂ ਦੀ ਲੋੜ ਤੋਂ ਅੱਗੇ ਲੰਘ ਚੁੱਕੀ ਹੈ। ਉਹਦੀ ਰਚਨਾ ਹੀ ਉਹਦੀ ਜਾਣ-ਪਛਾਣ ਹੈ ਤੇ ਰਚਨਾ ਹੀ ਆਪ ਆਪਣੀ ਵਿਆਖਿਆ ਹੈ। ਉਹ ਕੋਮਲਭਾਵੀ ਗੀਤ ਵੀ ਲਿਖਦੀ ਹੈ, ਅਰਥਪੂਰਨ ਕਵਿਤਾਵਾਂ ਵੀ ਤੇ ਦਿਲ ਦੀਆਂ ਤਾਰਾਂ ਹਿਲਾ ਦੇਣ ਵਾਲ਼ੀਆਂ ਗ਼ਜ਼ਲਾਂ ਵੀ। ਪੰਜਾਬੀ ਕਵਿਤਾ ਪੜ੍ਹਦਿਆਂ ਇਕ ਪਾਠਕ ਵਜੋਂ ਮੈਂ ਗ਼ਜ਼ਲ ਨੂੰ ਗੀਤਾਂ-ਕਵਿਤਾਵਾਂ ਨਾਲੋਂ ਵੱਧ ਮਾਣਦਾ ਹਾਂ। ਇਹ ਗੀਤਾਂ-ਕਵਿਤਾਵਾਂ ਦੀ ਕਿਸੇ ਘਾਟ ਦਾ ਨਹੀਂ, ਮੇਰੀ ਆਪਣੀ ਪਾਠਕੀ ਤਰਜੀਹ ਦਾ ਮਾਮਲਾ ਹੈ। ਮੈਂ ਸਮਝਦਾ ਹਾਂ, ਜੇ ਗ਼ਜ਼ਲਕਾਰ ਨਿਪੁੰਨ ਹੋਵੇ, ਉਹਦਾ ਹਰ ਸ਼ਿਅਰ ਆਪਣੇ ਆਪ ਵਿਚ ਇਕ ਸੰਪੂਰਨ ਵਿਚਾਰ ਸਮੋਈ ਬੈਠੀ ਕਵਿਤਾ ਹੁੰਦਾ ਹੈ।

ਸਾਡੇ ਬਹੁਤੇ ਆਲੋਚਕਾਂ ਨੂੰ ਸੂਈ ਫਸੀ ਵਾਲ਼ੇ ਤਿੜਕੇ ਹੋਏ ਤਵੇ ਵਾਂਗ ਕੋਈ ਨਾ ਕੋਈ ਸੂਤਰ ਦੁਹਰਾਉਂਦੇ ਰਹਿਣ ਦੀ ਆਦਤ ਹੈ। ਉਨ੍ਹਾਂ ਦਾ ਇਹ ਤੋਤਾ-ਜਾਪ ਅਜੇ ਵੀ ਸੁਣਾਈ ਦੇ ਜਾਂਦਾ ਹੈ ਕਿ ਗ਼ਜ਼ਲ ਬਾਹਰੋਂ ਆਇਆ ਕਾਵਿ-ਰੂਪ ਹੋਣ ਕਰਕੇ ਪੰਜਾਬੀ ਦੇ ਮੇਚ ਨਹੀਂ ਬੈਠਦਾ। ਇਹ ਇਉਂ ਹੈ ਜਿਵੇਂ ਕੋਈ ਕਹੇ, ਈਰਾਨ ਵਿਚ ਜਿਹੜਾ ਗਲਾਸ ਪਾਣੀ ਪੀਣ ਲਈ ਵਧੀਆ ਹੈ, ਉਹ ਪੰਜਾਬ ਵਿਚ ਪਾਣੀ ਪਾਉਣ ਦੇ ਕੰਮ ਨਹੀਂ ਆ ਸਕਦਾ। ਉਹ ਇਹ ਨਹੀਂ ਦੇਖਦੇ ਕਿ ਪੰਜਾਬੀ ਗ਼ਜ਼ਲ ਉਨ੍ਹਾਂ ਦੇ ਇਸ ਰਾਗ ਦੀ ਪਰਵਾਹ ਨਾ ਕਰਦਿਆਂ ਅਨੇਕ ਅਜਿਹੇ ਸਮਰੱਥ ਗ਼ਜ਼ਲਕਾਰਾਂ ਤੱਕ ਪੁੱਜ ਗਈ ਹੈ ਜੋ ਕਮਾਲ ਦੀਆਂ ਗ਼ਜ਼ਲਾਂ ਰਚ ਰਹੇ ਹਨ।

ਉਹ ਜ਼ਮਾਨਾ ਕਦੀ ਨਾ ਪਰਤਣ ਲਈ ਲੰਘ ਚੁੱਕਿਆ ਹੈ ਜਦੋਂ ਪੰਜਾਬੀ ਕਵੀ ਗ਼ਜ਼ਲ ਲਿਖਣ ਲਈ ਪਹਿਲਾਂ ਕਰਦਾ, ਮਰਦਾ, ਭਰਦਾ, ਡਰਦਾ, ਝਰਦਾ, ਸਰਦਾ, ਤਰਦਾ, ਚਰਦਾ, ਠਰਦਾ, ਧਰਦਾ, ਪਰਦਾ, ਆਦਿ ਲਿਖ ਲੈਂਦੇ ਸਨ ਤੇ ਫੇਰ ਉਨ੍ਹਾਂ ਸ਼ਬਦਾਂ ਨਾਲ ਤੁਕਾਂ ਨੱਥੀ ਕਰ ਕੇ ਸ਼ਿਅਰ ਬਣਾਇਆ ਕਰਦੇ ਸਨ। ਉਸ ਦੌਰ ਵਿਚ ਉਰਦੂ ਗ਼ਜ਼ਲਾਂ ਵਿਚੋਂ ਵਿਚਾਰ ਚੋਰੀ ਕਰਨ ਵਾਲ਼ੇ ਗ਼ਜ਼ਲਕਾਰਾਂ ਦੀ ਵੀ ਕੋਈ ਘਾਟ ਨਹੀਂ ਸੀ।

ਹੁਣ ਤੱਕ ਪੰਜਾਬੀ ਗ਼ਜ਼ਲ ਪੂਰਾ ਜਲੌਅ ਪਰਾਪਤ ਕਰ ਚੁੱਕੀ ਹੈ। ਸੁਖਵਿੰਦਰ ਦੀ ਗ਼ਜ਼ਲ ਲਿਖੀ ਹੋਈ ਨਹੀਂ ਹੁੰਦੀ, ਮਨ ਦੀ ਸਹਿਜਤਾ-ਸੁਭਾਵਿਕਤਾ ਵਿਚੋਂ ਪੁੰਗਰੀ ਹੋਈ ਹੁੰਦੀ ਹੈ। ਅੰਗਰੇਜ਼ੀ ਕਵੀ ਜਾਨ ਕੀਟਸ ਨੇ ਆਪਣੇ ਕਵੀ ਮਿੱਤਰ ਜਾਨ ਟੇਲਰ ਨੂੰ 27 ਫ਼ਰਵਰੀ 1818 ਨੂੰ ਲਿਖੀ ਚਿੱਠੀ ਵਿਚ ਕਿਹਾ ਸੀ, "ਜੇ ਕਵਿਤਾ ਬਿਰਛ ਨੂੰ ਆਉਂਦੀਆਂ ਪੱਤੀਆਂ ਵਾਂਗ ਸਹਿਜ-ਸੁਭਾਵਿਕ ਨਹੀਂ ਆਉਂਦੀ ਤਾਂ ਫੇਰ ਚੰਗਾ ਹੈ, ਨਾ ਹੀ ਆਵੇ!" ਸੁਖਵਿੰਦਰ ਦੀਆਂ ਗ਼ਜ਼ਲਾਂ ਬਿਰਛ ਦੀਆਂ ਪੱਤੀਆਂ ਵਾਂਗ ਹੀ ਫੁਟਦੀਆਂ ਹਨ। ਉਹਦਾ ਕਹਿਣਾ ਹੈ, "ਇਉਂ ਲਗਦਾ ਹੈ ਜਿਵੇਂ ਮੈਂ ਤੇ ਕਵਿਤਾ ਇਕੱਠੀਆਂ ਹੀ ਜੰਮੀਆਂ, ਪਲ਼ੀਆਂ, ਵੱਡੀਆਂ ਹੋਈਆਂ, ਸੰਘਰਸ਼ ਕੀਤਾ ਤੇ ਪਰਵਾਨ ਚੜ੍ਹੀਆਂ।"

ਹਰ ਰਚਨਾਕਾਰ ਦੀ ਸੋਚ ਤੇ ਰਚਨਾ ਦੇ ਪਿੱਛੇ ਆਪਣੇ ਸਮਾਜ ਦਾ ਵਿਰਸਾ ਖਲੋਤਾ ਹੋਇਆ ਹੁੰਦਾ ਹੈ। ਪਰ ਇਕੋ ਸਮਾਜ ਹੁੰਦਿਆਂ ਵੀ, ਸਮਾਜਕ ਹੈਸੀਅਤ ਤੇ ਹੱਕਾਂ ਦੇ ਫ਼ਰਕ ਦੇ ਨਜ਼ਰੀਏ ਤੋਂ, ਇਹ ਇਕੋ ਵਿਰਸਾ ਪੁਰਸ਼ ਰਚਨਾਕਾਰਾਂ ਨੂੰ ਵੱਖਰੇ ਰੰਗ ਵਿਚ ਦਿਸਦਾ ਹੈ ਤੇ ਇਸਤਰੀ ਰਚਨਾਕਾਰਾਂ ਨੂੰ ਵੱਖਰੇ ਰੰਗ ਵਿਚ। ਆਦਿਕਾਲ ਨੂੰ ਛੱਡ ਕੇ, ਉਸ ਮਗਰੋਂ ਜਦੋਂ ਤੋਂ ਪੁਰਸ਼ ਦਾ ਦਬਦਬਾ ਕਾਇਮ ਹੋਇਆ, ਸਮਾਜਕ ਬਣਤਰ ਕੁਝ ਵੀ ਰਹੀ, ਪੁਰਸ਼ ਨੂੰ ਇਸਤਰੀ ਵਾਲ਼ੀ ਪੀੜ ਬਰਦਾਸ਼ਤ ਨਹੀਂ ਕਰਨੀ ਪਈ। ਸਮਾਜਕ ਢਾਂਚੇ ਵਿਚ ਕੋਈ ਤਬਦੀਲੀਆਂ ਆਉਂਦੀਆਂ ਰਹੀਆਂ, ਪੁਰਸ਼ ਦਾ ਬੋਲਬਾਲਾ ਬਣਿਆ ਰਿਹਾ। ਇਹਦੇ ਉਲਟ, ਸਮਾਜਕ ਢਾਂਚਾ ਕੁਝ ਵੀ ਰਿਹਾ, ਇਸਤਰੀ ਦੀ ਮੰਦਹਾਲੀ ਬਣੀ ਰਹੀ। ਇਸੇ ਕਰਕੇ ਕਵੀਆਂ ਤੋਂ ਵੱਖਰੇ ਰੂਪ ਵਿਚ ਕਵਿੱਤਰੀਆਂ ਦੀ ਰਚਨਾ ਉੱਤੇ ਉਨ੍ਹਾਂ ਦੀਆਂ ਆਪਣੀਆਂ ਹੀ ਨਹੀਂ ਸਗੋਂ ਮਾਂ ਤੇ ਦਾਦੀ-ਨਾਨੀ ਤੋਂ ਬਹੁਤ ਬਹੁਤ ਪਿੱਛੇ ਜਾ ਕੇ, ਸੈਂਕੜੇ ਪੀੜ੍ਹੀਆਂ ਦੀਆਂ ਇਸਤਰੀਆਂ ਦੀਆਂ ਖ਼ੁਸ਼ੀਆਂ ਤੇ ਪੀੜਾਂ, ਪਰਾਪਤੀਆਂ ਤੇ ਅਪਰਾਪਤੀਆਂ ਦਾ ਰੰਗ ਝਲਕਦਾ ਹੀ ਝਲਕਦਾ ਹੈ। ਉਹ ਆਪਣੀਆਂ ਭਾਵਨਾਵਾਂ ਨੂੰ ਹੀ ਨਹੀਂ, ਪੁਰਖੀਆਂ ਪੀੜ੍ਹੀਆਂ ਦੀਆਂ ਭਾਵਨਾਵਾਂ ਨੂੰ ਵੀ ਬੋਲ ਦਿੰਦੀਆਂ ਹਨ। ਸੁਖਵਿੰਦਰ ਦੀ ਰਚਨਾ ਇਹਦੀ ਉੱਘੜਵੀਂ ਮਿਸਾਲ ਹੈ।

ਹਰ ਜੀਵ ਨੂੰ ਜੀਵਨ ਪਿਆਰਾ ਹੈ ਤੇ ਮਨੁੱਖ ਸੋਝੀ ਵਾਲ਼ਾ ਜੀਵ ਹੋਣ ਕਰਕੇ ਜੀਵਨ ਨੂੰ ਸਭ ਤੋਂ ਵੱਧ ਪਿਆਰਦਾ ਹੈ। ਕਵੀਆਂ ਨੇ ਸਦੀਆਂ ਤੋਂ ਜੀਵਨ ਦੇ ਅੰਤ ਦੀ ਗੱਲ ਬੜੇ ਝੋਰੇ ਨਾਲ਼ ਕੀਤੀ ਹੈ। ਕਬੀਰ ਜੀ ਮੌਤ ਦੀ ਚੱਕੀ ਸਭ ਜੀਵਾਂ ਨੂੰ ਦਲ਼ਦੀ ਦੇਖ ਕੇ ਸੋਗ ਮਨਾਉਂਦੇ ਹਨ: "ਚਲਤੀ ਚੱਕੀ ਦੇਖ ਕੇ ਦੀਆ ਕਬੀਰਾ ਰੋਇ, ਦੋ ਪਾਟਨ ਕੇ ਬੀਚ ਮੇ ਸਾਬੁਤ ਬਚਾ ਨਾ ਕੋਇ।" ਅਤੇ ਮਨੁੱਖੀ ਅੰਤ ਨੂੰ ਡਾਲ ਤੋਂ ਪੱਤਾ ਟੁੱਟਣ ਨਾਲ ਤੁਲਨਾਉਂਦਿਆਂ ਕਹਿੰਦੇ ਹਨ: "ਪੱਤਾ ਟੂਟਾ ਡਾਲ ਸੇ, ਲੇ ਗਈ ਪਵਨ ਉਡਾਇ, ਅਬਕੇ ਬਿਛੜੇ ਕਬ ਮਿਲੇਂਗੇ, ਦੂਰ ਪੜੇਂਗੇ ਜਾਇ!"

ਕਈਆਂ ਨੇ ਜੀਵਨ ਦੇ ਛੇਤੀ ਅੰਤ ਦੇ ਵੈਣ ਪਾਏ ਹਨ। ਅਕਸਰ ਹੀ ਬਹਾਦਰ ਸ਼ਾਹ ਜ਼ਫ਼ਰ ਦੇ ਨਾਂ ਨਾਲ ਜੋੜੀ ਜਾਂਦੀ ਸੀਮਾਬ ਅਕਬਰਾਬਾਦੀ ਦੀ ਇਕ ਗ਼ਜ਼ਲ ਦਾ ਝੋਰੇ-ਭਰਿਆ ਸ਼ਿਅਰ ਹੈ: "ਉਮਰ-ਏ-ਦਰਾਜ਼ ਮਾਂਗ ਕੇ ਲਾਏ ਥੇ ਚਾਰ ਦਿਨ, ਦੋ ਆਰਜ਼ੂ ਮੇਂ ਕਟ ਗਏ ਦੋ ਇੰਤਿਜ਼ਾਰ ਮੇਂ!" ਗੁਲਜ਼ਾਰ ਨੇ ਇਹੋ ਗੱਲ ਵੱਖਰੇ ਅੰਦਾਜ਼ ਨਾਲ ਕਹੀ ਹੈ: "ਇਤਨਾ ਕਿਉਂ ਸਿਖਾਏ ਜਾ ਰਹੀ ਹੋ ਜ਼ਿੰਦਗੀ, ਹਮੇਂ ਕੌਨ ਸੀ ਸਦੀਆਂ ਗੁਜ਼ਾਰਨੀ ਹੈਂ ਯਹਾਂ!"

ਸੁਖਵਿੰਦਰ ਦੀ ਰਚਨਾ ਵਿਚ ਵੀ ਮਨੁੱਖੀ ਜੀਵਨ ਦਾ ਚਿੰਤਨ-ਮੰਥਨ ਉੱਭਰ ਕੇ ਸਾਹਮਣੇ ਆਉਂਦਾ ਹੈ। ਉਹ ਮਨੁੱਖੀ ਜੀਵਨ ਦੇ ਪੜਾਅ-ਦਾਰ ਪਰ ਬੇਮੰਜ਼ਿਲੇ ਰਾਹਾਂ ਵਿਚ ਵਿਛੜਦੇ ਕਾਫ਼ਲਿਆਂ ਦਾ ਤੇ ਧੂੜ ਵਿਚ ਰਲ਼ਦੀਆਂ ਪੈੜਾਂ ਦਾ ਜ਼ਿਕਰ ਕਰਦੀ ਹੈ ਅਤੇ ਸ਼ਾਖ਼ਾਂ ਤੋਂ ਝੜਦੇ ਗੁਲਾਬਾਂ ਤੇ ਮਿੱਟੀ ਵਿਚ ਰਲ਼ਦੇ ਭੌਰਾਂ ਦੀ ਮਿਸਾਲ ਨਾਲ ਸਮਾਂ ਪਾ ਕੇ ਹਰੇਕ ਕਿੱਸੇ ਦਾ ਤਮਾਮ ਹੋ ਜਾਣਾ ਦਸਦਿਆਂ ਜੀਵਨ ਦੀ ਨਾਸਮਾਨਤਾ ਨੂੰ ਉਜਾਗਰ ਕਰਦੀ ਹੈ: "ਪੜਾਅ ਹੁੰਦੇ ਨੇ ਰਾਹਾਂ ਵਿਚ ਕੋਈ ਮੰਜ਼ਿਲ ਨਹੀਂ ਹੁੰਦੀ। ਇਹ ਐਸੀ ਛਾਂ ਹੈ ਜਿਹੜੀ ਤਪਣ ਬਿਨ ਹਾਸਿਲ ਨਹੀਂ ਹੁੰਦੀ।...ਵਿਛੜ ਜਾਂਦੇ ਜ਼ਿੰਦਗੀ ਦੇ ਕਾਫ਼ਲੇ ਇਕ ਮੋੜ 'ਤੇ, ਧੂੜ ਵਿਚ ਰਲ਼ ਜਾਂਦੀਆਂ ਪੈੜਾਂ ਨੀ ਜਿੰਦੇ ਮੇਰੀਏ।...ਗੁਲਾਬ ਸ਼ਾਖ਼ਾਂ ਤੋਂ ਝੜ ਹੀ ਜਾਂਦੇ ਤੇ ਭੌਰ ਮਿੱਟੀ 'ਚ ਰਲ਼ ਹੀ ਜਾਂਦੇ, ਕਿ ਹੋ ਹੀ ਜਾਂਦਾ ਹੈ ਵਕਤ ਪਾ ਕੇ ਹਰੇਕ ਕਿੱਸਾ ਤਮਾਮ ਆਖ਼ਰ!"



ਉਹਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਜ਼ਿੰਦਗੀ ਦੀ ਰੁੱਤ ਨੂੰ ਥੋੜ੍ਹ-ਚਿਰੀ ਸਮਝਦਿਆਂ ਤੇ ਕਬੀਰ ਜੀ ਵਾਂਗ ਡਾਲ ਤੋਂ ਟੁੱਟੇ ਪੱਤੇ ਦੀ ਕੋਈ ਥਾਂ ਨਾ ਹੋਣ ਨੂੰ ਮਹਿਸੂਸਦਿਆਂ ਵੀ ਹਉਕਾ ਲੈਣ ਦੀ ਥਾਂ ਜ਼ਿੰਦਗੀ ਨੂੰ ਮਾਣਨ ਦਾ ਸੱਦਾ ਦਿੰਦੀ ਹੈ: ਥੋੜ੍ਹ-ਚਿਰੀਆਂ ਸਾਵੀਆਂ ਰੁੱਤਾਂ ਨੀ ਜਿੰਦੇ ਮੇਰੀਏ। ਮਾਣ ਲੈ ਸਿਰ 'ਤੇ ਜਦੋਂ ਤੱਕ ਛਾਂ ਨੀ ਜਿੰਦੇ ਮੇਰੀਏ। ...ਫੇਰ ਨਾ ਜਾਣੇ ਉਡਾ ਕੇ ਲੈ ਜਾਏ ਕਿੱਥੇ ਹਵਾ, ਡਾਲ ਤੋਂ ਟੁੱਟਿਆਂ ਦੀ ਕਿਹੜੀ ਥਾਂ ਨੀ ਜਿੰਦੇ ਮੇਰੀਏ।"

ਸਦੀਆਂ ਤੱਕ ਅਬੋਲਤਾ ਇਸਤਰੀ-ਜੀਵਨ ਦੀ ਮਜਬੂਰੀ ਬਣਾ ਦਿੱਤੀ ਗਈ। ਇਹ ਜਿਉਂਦਿਆਂ ਮਰ ਜਾਣ ਵਾਲ਼ੀ ਹਾਲਤ ਸੀ। ਪਰ ਅਬੋਲਤਾ ਲਈ ਉਹਦੀ ਬੋਲਣ ਦੀ, ਸਵੈ-ਪਰਗਟਾਵੇ ਦੀ ਰੀਝ ਨੂੰ ਮਾਰ-ਮਿਟਾ ਦੇਣਾ ਸੰਭਵ ਨਹੀਂ ਸੀ। ਅਬੋਲਤਾ ਦੇ ਓਹਲੇ ਇਸਤਰੀ ਘਰ ਨੂੰ ਰੁਸ਼ਨਾਉਣ ਵਾਲ਼ੀ ਸ਼ਮ੍ਹਾ ਵਰਗੀ ਆਪਣੀ ਹੋਂਦ ਦਾ ਅਹਿਸਾਸ ਜੀਵਤ ਰਖਦੀ ਰਹੀ: ਔਰਤ ਵੀ ਇਕ ਸ਼ਮ੍ਹਾ ਦੇ ਵਾਂਗੂ ਬਲ਼ਦੀ ਹੈ, ਆਪਣੇ ਘਰ ਦਾ ਹਰ ਕੋਨਾ ਰੁਸ਼ਨਾਣ ਲਈ।" ਪਰ ਨਾਲ਼ ਹੀ ਉਹਨੂੰ ਇਹ ਅਹਿਸਾਸ ਵੀ ਹੋਣ ਲੱਗਿਆ ਕਿ ਘਰ ਲਈ ਉਹਦੇ ਸਮਰਪਨ ਦਾ ਲਾਹਾ ਲੈ ਕੇ ਘਰ ਨੂੰ ਉਹਦੇ ਲਈ ਘਰ ਨਾ ਰਹਿਣ ਦਿੰਦਿਆਂ ਪਿੰਜਰੇ ਵਿਚ ਪਲਟ ਦਿੱਤਾ ਗਿਆ ਹੈ। ਕੁਦਰਤੀ ਸੀ ਕਿ ਉਹਦੇ ਖੰਭ ਪਰਵਾਜ਼ ਨੂੰ ਤਰਸਣ ਲਗਦੇ: "ਇਕ ਮੁੱਦਤ ਤੋਂ ਤਰਸ ਰਹੇ ਨੇ ਖੰਭ ਸਾਡੇ ਪਰਵਾਜ਼ਾਂ ਨੂੰ, ਭੋਲ਼ੇਪਨ ਵਿਚ ਇਕ ਪਿੰਜਰੇ ਨੂੰ ਦਿੱਤਾ ਘਰ ਦਾ ਨਾਮ ਅਸੀਂ।"

ਇਸਤਰੀ ਦੀ ਘਰ ਵਿਚ ਬੰਦੀ ਵਰਗੀ, ਜਿਉਂਦਿਆਂ ਮਰਨ ਵਰਗੀ ਬਣਾ ਦਿੱਤੀ ਗਈ ਹਾਲਤ ਨੂੰ ਦੱਸਣ ਵਾਸਤੇ ਉਹ ਭਾਸ਼ਾਈ ਮੁਹਾਰਿਤ ਦਿਖਾਉਂਦਿਆਂ 'ਮੇਰੇ' ਤੇ 'ਮਰ' ਦੀ ਅੱਖਰੀ ਸਾਂਝ ਵਰਤ ਕੇ ਖ਼ੂਬਸੂਰਤ ਸ਼ਿਅਰ ਸਿਰਜਦੀ ਹੈ। ਉਹਦਾ 'ਮੈਂ' ਸਮੂਹ ਇਸਤਰੀ-ਜਾਤੀ ਦੀ ਨੁਮਾਇੰਦਗੀ ਕਰਨ ਲਗਦਾ ਹੈ: ਗਿਰ ਚੁੱਕੀਆਂ ਸੀ ਉਂਜ ਤਾਂ 'ਮੇਰੇ' ਤੋਂ ਦੋਵੇਂ ਲਾਵਾਂ, ਅੰਦਰੋਂ ਤਾਂ ਮਰ ਗਈ ਸੀ ਪਰ ਬਾਹਰੋਂ ਮਰ ਨਾ ਹੋਇਆ।"

ਸੁਖਵਿੰਦਰ ਦੀਆਂ ਪੇਕੇ ਘਰ ਤੇ ਫੇਰ ਸਹੁਰੇ ਘਰ ਦੀਆਂ ਮੁਸ਼ਕਿਲਾਂ ਦਾ ਜ਼ਿਕਰ ਹੁੰਦਾ ਰਹਿਣ ਕਰਕੇ ਸਾਡੇ ਅਨੇਕ 'ਵਿਦਵਾਨ ਆਲੋਚਕ' ਹਨ, ਜੋ ਇਸ 'ਮੈਂ' ਨੂੰ ਲੇਖਿਕਾ ਦੇ ਨਾਂ ਨਾਲ ਜੋੜਨ ਦੀ ਵੱਡੀ ਭੁੱਲ ਕਰਦੇ ਹਨ। ਇਸ ਸੰਬੰਧ ਵਿਚ ਅਕਸਰ ਹੀ ਉਹਦਾ ਇਹ ਸ਼ਿਅਰ ਪੇਸ਼ ਕੀਤਾ ਜਾਂਦਾ ਹੈ: "ਮੈਂ ਕਿਸ ਨੂੰ ਆਪਣਾ ਆਖਾਂ ਕਿ ਏਥੇ ਕੌਣ ਹੈ ਮੇਰਾ, ਮੈਂ ਕੱਲ੍ਹ ਪੇਕੇ ਪਰਾਈ ਸੀ ਤੇ ਅੱਜ ਸਹੁਰੇ ਪਰਾਈ ਹਾਂ।" ਕੀ ਇਸ ਸ਼ਿਅਰ ਵਿਚ ਲੇਖਿਕਾ 'ਮੈਂ' ਰਾਹੀਂ ਆਪਣੇ ਪੇਕੇ-ਸਹੁਰੇ ਚਿਤਵਦਿਆਂ ਸੱਚਮੁੱਚ ਆਪਣੀ ਹੋਣੀ ਦਾ ਹੀ ਰੋਣਾ ਰੋਂਦੀ ਹੈ? ਨਹੀਂ! ਜ਼ੋਰਦਾਰ ਨਹੀਂ! ਮੰਨ ਲਵੋ, ਜੇ ਉਹਨੇ ਆਪਣੀ ਹੋਣੀ ਦਾ ਰੋਣਾ ਵੀ ਰੋਇਆ ਹੋਵੇ, ਉਹਦੇ ਨਿੱਜ ਨੂੰ ਜਾਣਨ ਵਾਲ਼ੇ ਕਿੰਨੇ ਕੁ ਪਾਠਕ ਕਿੰਨੇ ਕੁ ਸਮੇਂ ਤੱਕ ਰਹਿਣਗੇ? ਸਾਹਿਤ ਤਾਂ ਸਾਹਿਤਕਾਰ ਤੋਂ ਬਹੁਤ ਵੱਧ ਚਿਰਜੀਵੀ ਹੁੰਦਾ ਹੈ। ਭਵਿੱਖੀ ਪਾਠਕ ਕਵਿੱਤਰੀ ਦੇ ਨਿੱਜ ਨੂੰ ਨਹੀਂ, ਉਹਦੀ ਕਵਿਤਾ ਨੂੰ ਹੀ ਜਾਣਨਗੇ। ਨਵੀਆਂ ਜਾਗਰਿਤ ਤੇ ਹੱਕ-ਪਰਾਪਤ ਪੀੜ੍ਹੀਆਂ ਤੋਂ ਪਿੱਛੇ ਦੇ ਸਮੇਂ ਵਿਚ ਝਾਕ ਕੇ ਦੇਖੀਏ, ਸਾਡੀਆਂ ਮਾਂਵਾਂ, ਦਾਦੀਆਂ-ਨਾਨੀਆਂ ਤੇ ਉਨ੍ਹਾਂ ਤੋਂ ਵਡੇਰੀਆਂ ਵਿਚੋਂ ਕਿਹੜੀ ਪੰਜਾਬਣ ਸੀ, ਜੀਹਦੀ ਹੋਣੀ ਕੱਲ੍ਹ ਪੇਕੇ ਪਰਾਈ ਤੇ ਅੱਜ ਸਹੁਰੇ ਪਰਾਈ ਵਾਲ਼ੀ ਨਹੀਂ ਸੀ?

ਇਸ ਮੁੱਦੇ ਨੂੰ ਸੁਖਵਿੰਦਰ ਆਪ ਸਪੱਸ਼ਟ ਕਰਦੀ ਹੈ, "ਮੈਂ ਸੋਚਦੀ ਹਾਂ, ਜੇਕਰ ਮੈਂ ਆਪਣੀ ਮਾਂ ਨੂੰ ਸਾਰੀ ਉਮਰ ਪਿਸ-ਪਿਸ ਕੇ ਜਿਉਂਦਿਆਂ ਨਾ ਵੇਖਦੀ ਜਾਂ ਮੈਨੂੰ ਖ਼ੁਦ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਏਨੀ ਜੱਦੋ-ਜਹਿਦ ਨਾ ਕਰਨੀ ਪੈਂਦੀ ਤਾਂ ਮੈਨੂੰ ਸਮੁੱਚੀ ਨਾਰੀ ਦੇ ਦੁੱਖਾਂ-ਦਰਦਾਂ ਦੀ ਗੱਲ ਸਮਝ ਨਾ ਆਉਂਦੀ ਤੇ ਮੇਰੀ ਕਵਿਤਾ ਵਿਚ ਪਿਆਰ, ਬਰਾਬਰੀ ਤੇ ਇਨਸਾਫ਼ ਲਈ ਏਨੀ ਤਾਂਘ ਨਾ ਹੁੰਦੀ, ਨਾ ਹੀ ਕੂੜ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਰੋਹ ਤੇ ਵਿਦਰੋਹ ਏਨੀ ਸ਼ਿੱਦਤ ਵਾਲ਼ਾ ਹੁੰਦਾ।"

ਅਸਲ ਵਿਚ ਹਰ ਰਚਨਾਕਾਰ ਦੀ 'ਮੈਂ' ਸਮੂਹ ਦੀ ਨੁਮਾਇੰਦਾ ਹੀ ਹੁੰਦੀ ਹੈ। ਮਿਸਾਲ ਵਜੋਂ ਇਨ੍ਹਾਂ ਸ਼ਿਅਰਾਂ ਦਾ ਨਿੱਜ ਅਸਲ ਵਿਚ ਪਰ ਦੀ ਹੀ ਬਾਤ ਪਾਉਂਦਾ ਹੈ। ਦੁਹਾਈ ਦੇ ਰਹੀ ਦਾਰ ਉੱਤੇ ਲਟਕੀ ਹੋਈ 'ਮੈਂ' ਅਤੇ ਆਪਣਾ ਪਹੁਫੁਟਾਲੇ ਦੀ ਊਸ਼ਾ ਤੇ ਸੰਝ ਦੀ ਲਾਲੀ ਹੋਣਾ ਯਾਦ ਕਰਨ ਵਾਲ਼ੀ 'ਮੈਂ' ਪੂਰੀ ਇਸਤਰੀ-ਜਾਤੀ ਦੀ ਹੀ 'ਮੈਂ' ਹੈ: "ਦੁਹਾਈ ਦੇ ਰਹੀ ਹਾਂ ਮੈਂ ਯੁੱਗਾਂ ਤੋਂ ਦਾਰ 'ਤੇ ਲਟਕੀ, ਤਮਾਸ਼ਾਈ ਜ਼ਮਾਨਾ ਹੈ ਕਿ ਬੱਸ ਹੱਸ ਕੇ ਗੁਜ਼ਰਦਾ ਹੈ।...ਯੁੱਗਾਂ ਦੀ ਗਰਦ ਦੇ ਹੇਠਾਂ ਦੱਬੀ ਨੂੰ ਯਾਦ ਆਇਆ ਹੈ, ਕਿ ਊਸ਼ਾ ਪਹੁਫੁਟਾਲੇ ਦੀ ਤੇ ਲਾਲੀ ਸੰਝ ਦੀ ਹਾਂ ਮੈਂ।" ਆਪਣੀ ਹੋਂਦ ਦੇ ਚਾਨਣ ਦੀ ਸੋਝੀ ਆਉਣ ਨਾਲ਼ ਉਹ ਆਪਣੇ ਹਿੱਸੇ ਦੀ ਦੁਨੀਆ ਉੱਤੇ ਰਾਜ ਕਰਨ ਦਾ ਹੱਕ ਹਾਸਲ ਕਰਨ ਵਾਸਤੇ ਉੱਠ ਖਲੋਂਦੀ ਹੈ: "ਇਹ ਮਰ ਮਰ ਕੇ ਜਿਉਣਾ ਛੱਡ, ਬਗ਼ਾਵਤ ਕਰ ਤੇ ਟੱਕਰ ਲੈ, ਤੇਰੇ ਹਿੱਸੇ ਦੀ ਦੁਨੀਆ 'ਤੇ ਕਿਸੇ ਦਾ ਰਾਜ ਕਿਉਂ ਹੋਵੇ!"

ਪਰ ਪੁਰਸ਼-ਪ੍ਰਧਾਨ ਸਮਾਜ ਵਿਚ ਔਰਤ ਦਾ ਜਾਗਣਾ ਕੋਈ ਸਹਿਜ-ਸਰਲ ਵਰਤਾਰਾ ਨਹੀਂ ਸੀ। ਸਾਡੀਆਂ ਲੋਕ-ਕਥਾਵਾਂ ਵਿਚ ਯਾਤਰੀ ਦੇ ਰਾਹ ਵਿਚ ਦਰਿਆ, ਪਹਾੜ, ਖ਼ੂਨੀ ਸ਼ੇਰ, ਸੱਪ-ਸਰਾਲ਼ਾਂ, ਜੰਗਲੀ ਅੱਗ, ਮਾਰੂਥਲ ਜਿਹੀਆਂ ਭਾਂਤ-ਸੁਭਾਂਤੀਆਂ ਰੁਕਾਵਟਾਂ ਆਉਂਦੀਆਂ ਹਨ। ਆਪਣੇ ਹੱਕਾਂ ਦਾ ਦਾਅਵਾ ਕਰਨ ਲੱਗੀ ਇਸਤਰੀ ਦੇ ਪੈਰਾਂ ਅੱਗੇ ਪੁਰਸ਼ੀ ਵਿਰੋਧ ਦੇ ਸਮੁੰਦਰ ਵਿਛਣੇ ਹੀ ਸਨ। ਪਰ ਕਹਾਵਤ ਹੈ, "ਹਿੰਮਤ ਅੱਗੇ ਲੱਛਮੀ, ਪੱਖੇ ਅੱਗੇ ਪੌਣ!" ਇਸਤਰੀ ਨੇ ਸਮੁੰਦਰ ਸਾਹਮਣੇ ਮਜਬੂਰ ਆਪਣੇ 'ਪੈਰਾਂ' ਦੀਆਂ ਦੁਲਾਵਾਂ ਝਾੜ ਕੇ ਉਨ੍ਹਾਂ ਨੂੰ ਸਮੁੰਦਰਾਂ ਦੇ ਪਾਰ ਤੱਕ ਉਡਾਰੀ ਭਰਨ ਦੇ ਸਮਰੱਥ 'ਪਰਾਂ' ਵਿਚ ਬਦਲ ਲਿਆ: "ਮੈਂ ਜ਼ਰਾ ਤੁਰਨਾ ਕੀ ਸਿੱਖਿਆ, ਰਾਹ ਸਮੁੰਦਰ ਹੋ ਗਏ। ਫਿਰ ਪਤਾ ਨਹੀਂ ਪੈਰ ਮੇਰੇ ਕਿਸ ਤਰ੍ਹਾਂ ਪਰ ਹੋ ਗਏ।

ਇਸ ਪੁਰਸ਼-ਪ੍ਰਧਾਨੀ ਦਰਿਆਤ ਤੇ ਅਨਿਆਂ ਵਾਲ਼ੇ ਵਿਰਸੇ ਦੇ ਬਾਵਜੂਦ ਸੁਖਵਿੰਦਰ ਵਿਚ ਪੁਰਸ਼-ਵਿਰੋਧ ਦਾ ਲੇਸ-ਮਾਤਰ ਵੀ ਨਹੀਂ। ਉਹ ਇਸ ਵਿਤਕਰੇ ਤੇ ਅਨਿਆਂ ਦਾ ਉਤਪਤੀ-ਵਿਗਿਆਨ ਸਮਝਦੀ ਹੈ, ਜਿਸ ਅਨੁਸਾਰ ਅਸਲ ਕਸੂਰਵਾਰ ਪੁਰਸ਼ ਨਹੀਂ ਸਗੋਂ ਉਲਾਰ ਕਦਰਾਂ-ਕੀਮਤਾਂ ਵਾਲ਼ਾ ਸਮਾਜਕ ਪ੍ਰਬੰਧ ਹੈ ਜੋ ਇਸਤਰੀ ਅਤੇ ਪੁਰਸ਼, ਦੋਵਾਂ ਦੀ ਸਹਿਜਤਾ ਦਾ ਦੁਸ਼ਮਣ ਬਣਦਾ ਹੈ।

ਉਹ ਪੁਰਸ਼ ਨੂੰ ਬਘਿਆੜ ਆਖਣ ਦੇ ਉਲਟ ਕਹਿੰਦੀ ਹੈ, "ਸਾਡੇ ਸਮਾਜ ਵਿਚ ਔਰਤਾਂ...ਦਾ ਸਥਾਨ ਦੂਜੈਲਾ ਅਤੇ ਅਪਮਾਨਜਨਕ ਹੈ। ਪਰ ਇਹ ਮਨੁੱਖਤਾ ਦਾ ਸਾਂਝਾ ਮਸਲਾ ਹੈ। ਸਾਂਝੇ ਮਸਲਿਆਂ ਦੇ ਹੱਲ ਲਈ ਸਾਨੂੰ ਰਲ਼ ਕੇ ਬਹਿਣ ਅਤੇ ਚਿੰਤਨ ਕਰਨ ਦੀ ਲੋੜ ਹੈ। ਸੁਹਿਰਦਤਾ-ਭਰੇ ਸੰਵਾਦ ਰਚਾਉਣ ਦੀ ਲੋੜ ਹੈ। ਕੁਦਰਤੀ ਰੂਪ ਵਿਚ ਵੀ ਤੇ ਸਮਾਜਿਕ ਰੂਪ ਵਿਚ ਵੀ ਔਰਤ-ਪੁਰਖ ਇਕ ਦੂਸਰੇ ਦੇ ਵਿਰੋਧੀ ਨਹੀਂ ਸਗੋਂ ਪੂਰਕ ਹਨ।...ਪਰ ਜਦੋਂ ਸਾਰੇ ਹੀਲੇ-ਵਸੀਲੇ ਨਾਕਾਮ ਹੋ ਜਾਣ ਤਾਂ ਆਪਣੇ ਹੱਕਾਂ ਲਈ ਅੜਨਾ ਤੇ ਲੜਨਾ ਵੀ ਜਾਇਜ਼ ਹੈ।... ਇਹ ਬਗ਼ਾਵਤ ਭ੍ਰਿਸ਼ਟ ਸਮਾਜਕ ਪ੍ਰਬੰਧ ਦੇ ਖ਼ਿਲਾਫ਼ ਹੈ ਜਿਸ ਕਰਕੇ ਮਾਨਵੀ ਰਿਸ਼ਤਿਆਂ ਦਾ ਤਾਣਾ-ਪੇਟਾ ਉਲਝਿਆ ਪਿਆ ਹੈ। ਮਾਨਵੀ ਮੁੱਲਾਂ ਦਾ ਘਾਣ ਹੋ ਰਿਹਾ ਹੈ।"

ਆਪਣੀ ਧੀ ਦੇ ਨਾਂ ਲਿਖੀ ਇਕ ਕਵਿਤਾ ਵਿਚ ਉਹ ਇੱਛਾ ਕਰਦੀ ਹੈ ਕਿ ਉਹ ਛੇਤੀ ਪੜ੍ਹ ਜਾਵੇ ਅਤੇ ਕਿਤਾਬਾਂ ਤੇ ਕਵਿਤਾਵਾਂ ਵਿਚੋਂ ਜਾਣ ਜਾਵੇ, "ਮਰਦ ਮਾਇਨੇ ਹਕੂਮਤ/ ਔਰਤ ਮਾਇਨੇ ਬੇਬਸੀ/ ਝਾਂਜਰ ਮਾਇਨੇ ਬੇੜੀ/ ਚੂੜੀ ਮਾਇਨੇ ਹੱਥਕੜੀ!" ਤੇ ਨਾਲ਼ ਹੀ ਧੀ ਇਹ ਵੀ ਜਾਣ ਲਵੇ

**(ਬਾਕੀ ਅਗਲੇ ਸਫੇ 'ਤੇ)**

*(ਪਿਛਲੇ ਸਫੇ ਦਾ ਬਾਕੀ)*

ਕਿ ਇਨ੍ਹਾਂ ਸ਼ਬਦਾਂ ਦੇ ਇਹ ਉਲਟੇ ਅਰਥ ਕਿਸ ਨੇ ਤੇ ਕਿਉਂ ਬਣਾਏ ਹਨ ਅਤੇ ਇਨ੍ਹਾਂ ਸ਼ਬਦਾਂ ਦੇ ਸਹੀ ਅਰਥਾਂ ਲਈ ਲੜ ਕੇ ਉਨ੍ਹਾਂ ਨੂੰ ਗ਼ਲਤ ਅਰਥਾਂ ਦੀ ਕੈਦ ਵਿਚੋਂ ਮੁਕਤ ਕਰਵਾ ਸਕੇ, ਜੋ ਇਉਂ ਹਨ, "ਮਰਦ ਮਾਇਨੇ ਮੁਹੱਬਤ/ ਔਰਤ ਮਾਇਨੇ ਵਫ਼ਾ/ ਝਾਂਜਰ ਮਾਇਨੇ ਨ੍ਰਿਤ/ ਚੂੜੀ ਮਾਇਨੇ ਅਦਾ!"

ਇਸੇ ਸੋਚ ਸਦਕਾ ਉਹ ਪਿਆਰ ਨੂੰ ਵੱਖਰੇ ਕੋਣ ਤੋਂ ਦੇਖਦੀ ਹੈ। ਇਹ ਪਿਆਰ ਦਾ ਭਰੋਸਾ ਹੀ ਹੈ ਜੋ ਮਨੁੱਖ ਦੇ ਅਧੂਰੇਪਨ ਨੂੰ ਭਰ ਕੇ ਸੰਪੂਰਨਤਾ ਬਖ਼ਸ਼ਦਾ ਹੈ। ਪਿਆਰ ਕਰਨ ਵਾਲਿਆਂ ਲਈ ਇਸ਼ਕ ਦੀ ਸਰਦਲ ਹੀ ਇਕੋ-ਇਕ ਪੂਜਣਜੋਗ ਤੀਰਥ ਹੈ ਜੋ ਮੱਕੇ ਤੋਂ ਤੇ ਸ਼ਰ੍ਹਾ ਦੀ ਹਰ ਹੱਦ ਤੋਂ ਵੀ ਪਾਰ ਹੈ: "ਜੇ ਕਹਿ ਦਏਂ ਤੂੰ ਮੈਨੂੰ, 'ਮੈਂ ਕਰਦਾਂ ਪਿਆਰ ਤੈਨੂੰ', ਕਰ ਦੇਣਗੇ ਮੁਕੰਮਲ ਇਹ ਲਫ਼ਜ਼ ਚਾਰ ਮੈਨੂੰ।...ਤੇਰੀ ਸਰਦਲ 'ਤੇ ਲਿਖ ਕੇ ਨਾਮ ਆਪਣਾ, ਇਕ ਦੀਵਾ ਤਾਂ ਅਸੀਂ ਵੀ ਬਾਲ ਆਏ।...ਉਹ ਮੱਕੇ ਤੋਂ ਪਰ੍ਹੇ ਤੇ ਸ਼ਰ੍ਹਾ ਦੀ ਹਰ ਹੱਦ ਤੋਂ ਬਾਹਰ, ਕੀ ਉਸ ਤੀਰਥ ਦਾ ਨਾਂ ਹੈ ਜਿੱਥੇ ਮੈਨੂੰ ਲੈ ਗਿਆ ਸੀ ਤੂੰ?" ਅਜਿਹਾ ਪਿਆਰ ਵਫ਼ਾ ਨਿਭਾਉਂਦੇ ਹਮਸਫ਼ਰਾਂ ਵਿਚ ਹੀ ਸੰਭਵ ਹੈ, ਮਾਲਕ ਤੇ ਜਾਇਦਾਦ ਵਿਚ ਨਹੀਂ: "ਅਸੀਂ ਦੋਵੇਂ ਰਲ ਕੇ ਤਲਾਸ਼ਾਂਗੇ ਮੰਜ਼ਿਲ, ਮੈਂ ਰਹਿਬਰ ਨਹੀਂ, ਹਮਸਫ਼ਰ ਭਾਲਦੀ ਹਾਂ।...ਕਿਸੇ ਵੀ ਮੋੜ 'ਤੇ ਮੈਨੂੰ ਕਦੇ ਤੂੰ ਪਰਖ ਕੇ ਵੇਖੀਂ, ਮੈਂ ਕੋਈ ਰੁੱਤ ਨਹੀਂ ਜੋ ਵਕਤ ਪਾ ਕੇ ਬਦਲ ਜਾਵਾਂਗੀ।"

ਇਸ ਪਿਆਰ ਵਿਚ ਸਭ ਫ਼ਾਸਲੇ ਤਾਂ ਮਿਟਦੇ ਹੀ ਹਨ, ਇਹ ਮੰਜ਼ਿਲ ਬਣ ਕੇ ਸਾਰੇ ਪੰਧ ਵੀ ਮੁਕਾ ਦਿੰਦਾ ਹੈ: "ਇਸ ਤੋਂ ਅੱਗੇ ਹੋਰ ਵੀ ਮੰਜ਼ਿਲ ਹੋਵੇਗੀ, ਮੈਂ ਤਾਂ ਆਪਣਾ ਪੰਧ ਮੁਕਾਇਆ ਸ਼ਹਿਰ ਤਿਰੇ।...ਫ਼ਾਸਲਾ ਹੁਣ ਅਸਾਡੇ 'ਚ ਸੰਭਵ ਨਹੀਂ, ਤੂੰ ਬਦਨ ਹੋ ਗਿਆ ਤੇ ਮੈਂ ਸਾਹ ਹੋ ਗਈ।" ਇਹ ਪਿਆਰ ਕੁਝ ਮੰਗਦਾ ਨਹੀਂ ਸਗੋਂ ਆਪ ਹਰ ਕੁਰਬਾਨੀ ਕਰਨ ਲਈ ਤਤਪਰ ਹੈ: "ਤੁਸੀਂ ਸਭ ਫੁੱਲ ਚੁੱਕ ਲੈਣੇ, ਅਸੀਂ ਅੰਗਿਆਰ ਚੁੱਕਾਂਗੇ, ਕਿ ਆਪਾਂ ਮਿਲ ਮਿਲਾ ਕੇ ਜ਼ਿੰਦਗੀ ਦਾ ਭਾਰ ਚੁੱਕਾਂਗੇ।...ਮੈਂ ਹੀ ਦੇਵਾਂਗੀ ਚੁਣੌਤੀ ਇਸ ਦੇ ਖ਼ੂਨੀ ਭੰਵਰ ਨੂੰ, ਸੁਹਣਿਆ ਤੂੰ ਅੱਗ ਦਾ ਦਰਿਆ ਨ ਤਰ ਮੇਰੇ ਲਈ।"

ਸੰਪੂਰਨਤਾ ਨੂੰ ਪਹੁੰਚਿਆ ਅਜਿਹਾ ਪਿਆਰ ਹੀ ਸਭ ਦੁਬਿਧਾਵਾਂ-ਦੁਚਿੱਤੀਆਂ ਤੋਂ ਪਾਰ ਹੋ ਕੇ ਸਵੈ-ਵਿਸ਼ਵਾਸ ਦਾ ਜਨਮਦਾਤਾ ਬਣ ਸਕਦਾ ਹੈ: "ਮੈਂ ਉਸਦੀ ਪੈੜ ਨਈਂ ਕਿ ਛੱਡ ਕੇ ਤੁਰ ਜਾਏਗਾ ਮੈਨੂੰ, ਮੈਂ ਉਸਦਾ ਗੀਤ ਹਾਂ ਸਾਰੇ ਸਫ਼ਰ ਵਿਚ ਗਾਏਗਾ ਮੈਨੂੰ।...ਸੁਲਗਦੇ ਸੂਰਜਾਂ ਕੋਲੋਂ ਮੈਂ ਬਚ ਕੇ ਨਿਕਲ ਜਾਵਾਂਗੀ। ਨਹੀਂ ਮੈਂ ਬਰਫ਼ ਦੀ ਟੁਕੜੀ ਕਿ ਪਲ ਵਿਚ ਪਿਘਲ ਜਾਵਾਂਗੀ।" ਅਧਿਆਤਮ ਦਾ ਫ਼ਕੀਰੀ ਰੰਗ ਪੰਜਾਬੀ ਕਵਿਤਾ ਦੇ ਨਿਰੰਤਰ ਅੰਗ-ਸੰਗ ਰਿਹਾ ਹੈ। ਸੁਖਵਿੰਦਰ ਨੇ ਇਹਨੂੰ ਆਪਣੇ ਹੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਬਾਬਾ ਨਾਨਕ ਦੀ ਆਰਤੀ ਵਾਲੇ ਰੰਗ ਵਿਚ ਉਹ ਨਛੱਤਰਾਂ ਨੂੰ ਕੁਦਰਤ ਦੀ ਮਾਲਾ ਦੇ ਮਣਕੇ ਆਖਦੀ ਹੈ: "ਰਾਤ-ਦਿਨ ਇਹ ਨਛੱਤਰ ਗਿੜੀ ਜਾਂਵਦੇ, ਤੇਰੀ ਕੁਦਰਤ ਵੀ ਮਾਲਾ ਰਹੇ ਫੇਰਦੀ।"

ਉਹ ਬੰਦੇ ਦੇ ਮਨ ਦੇ ਅਥਾਹ-ਅਥਹੁ ਹੋਣ ਨੂੰ ਬੜੀ ਸਰਲਤਾ ਨਾਲ ਪੇਸ਼ ਕਰਦੀ ਹੈ ਜਿਸ ਮਨ ਦੀਆਂ ਅੜਾਉਣੀਆਂ ਵੇਦ-ਕਤੇਬਾਂ ਪੜ੍ਹਿਆਂ ਵੀ ਸੁਲਝਦੀਆਂ ਨਹੀਂ। ਜਿਥੇ ਆਮ ਕਰ ਕੇ ਸਵਾਲਾਂ ਵਿਚੋਂ ਜਵਾਬ ਨਿਕਲਦੇ ਹਨ, ਇਹ ਮੁੱਦਾ ਅਜਿਹਾ ਹੈ ਕਿ ਇਕ-ਇਕ ਜਵਾਬ ਵਿਚੋਂ ਸੌ-ਸੌ ਸਵਾਲ ਨਿੱਕਲਦੇ ਹਨ: "ਮਰ ਗਿਆ ਬੰਦਾ ਟੋਲਦਾ, ਮਨ ਦੀਆਂ ਤਹਿਆਂ ਫ਼ੋਲਦਾ, ਜਿਹੜਾ ਅੰਦਰ ਬੋਲਦਾ, ਫੜ ਨਾ ਹੋਇਆ ਚੋਰ।...ਮਿਲਦਾ ਨਾ ਕੋਈ ਹੱਲ ਹੁਣ ਤੇਰੀ ਕਿਤਾਬ 'ਚੋਂ। ਸੌ ਸੌ ਸਵਾਲ ਨਿਕਲਦੇ ਇਕ ਇਕ ਜਵਾਬ 'ਚੋਂ।"

ਕਬੀਰ ਜੀ ਕਹਿੰਦੇ ਹਨ: "ਕਬੀਰਾ ਖੜ੍ਹਾ ਬਾਜ਼ਾਰ ਮੇਂ ਲੀਏ ਲੁਕਾਟੀ ਹਾਥ, ਜੋ ਘਰ ਫੂੰਕੇ ਆਪਨਾ ਚਲੇ ਹਮਾਰੇ ਸਾਥ।" "ਪੋਥੀ ਪੜ੍ਹ ਪੜ੍ਹ ਜੱਗ ਮੂਆ, ਪੰਡਿਤ ਭਇਆ ਨਾ ਕੋਇ, ਢਾਈ ਆਖਰ ਪ੍ਰੇਮ ਕੇ, ਪੜ੍ਹੇ ਸੋ ਪੰਡਿਤ ਹੋਇ।" ਸੁਖਵਿੰਦਰ ਵੀ ਇਧਰ ਜਾਂ ਓਧਰ ਦੀ ਚੋਣ ਕਰਨ ਲਈ ਆਖਦੀ ਹੈ ਤੇ ਹਜ਼ਾਰਾਂ ਪੋਥੀਆਂ ਪੜ੍ਹਨ ਨਾਲੋਂ ਦਿਲ ਦਾ ਇਕ ਵਰਕਾ ਪੜ੍ਹਨ ਨੂੰ ਚੰਗੇਰਾ ਦਸਦੀ ਹੈ: "ਫ਼ਕੀਰੀ ਇਸ਼ਕ ਦੀ ਇੱਧਰ, ਹਕੂਮਤ ਜੱਗ ਦੀ ਓਧਰ, ਤੂੰ ਇਸ ਪਾਸੇ ਜਾਂ ਉਸ ਪਾਸੇ ਹੈਂ, ਦੋ-ਟੁੱਕ ਫ਼ੈਸਲਾ ਦੇ ਦੇ।...ਤੂੰ ਹਜ਼ਾਰਾਂ ਪੋਥੀਆਂ ਪੜ੍ਹੀਆਂ ਨੇ ਠੀਕ, ਵਰਕਾ ਮੇਰੇ ਦਿਲ ਦਾ ਵੀ ਪੜ੍ਹਦਾ ਕਦੇ।"

ਉਹ ਇਸ਼ਕ ਤੇ ਫ਼ਕੀਰੀ ਨੂੰ, ਮੁਹੱਬਤ ਤੇ ਇਬਾਦਤ ਨੂੰ ਇਕ ਪੱਲੜੇ ਤੋਲਦੀ ਹੈ, ਜਿਸ ਸਦਕਾ ਰੂਹ ਹੋਏ ਜਿਸਮਾਂ ਲਈ ਕੱਜੇ ਤੇ ਨਗਨ ਦਾ ਫ਼ਰਕ ਤੱਕ ਮਿਟ ਜਾਂਦਾ ਹੈ। ਇਸ ਅਵਸਥਾ ਵਿਚ ਇਸ਼ਕ ਦੀ ਫ਼ਕੀਰੀ ਅੱਗੇ ਜੱਗ ਦੀ ਹਕੂਮਤ ਤੁੱਛ ਹੋ ਕੇ ਰਹਿ ਜਾਂਦੀ ਹੈ: "ਇਹ ਰਸਮਾਂ, ਨੇਮ, ਬੰਧਨ, ਬੇੜੀਆਂ ਦੁਨੀਆ ਦੀ ਖ਼ਾਤਰ ਨੇ, ਮੁਹੱਬਤ ਤੇ ਇਬਾਦਤ ਨੂੰ ਕੋਈ ਬੰਦਿਸ਼ ਨਹੀਂ ਹੁੰਦੀ।...ਇਸ਼ਕ ਵਿਚ ਜਿਸਮ ਹੋ ਜਾਣ ਰੂਹਾਂ, ਫੇਰ ਕੀ ਕੱਜਿਆ ਕੀ ਨਗਨ ਹੈ!...ਸੱਚੇ ਆਸ਼ਕਾਂ ਨੇ ਜਿਸਮਾਂ ਦੀ ਛੋਹ ਕਦ ਚਾਹੀ, ਓਹ ਤਾਂ ਨਜ਼ਰਾਂ ਦੀ ਖ਼ੈਰ ਨਾਲ ਰੱਜਦੇ ਰਹੇ।"

ਕਵਿਤਾ ਹੀ ਨਹੀਂ, ਸਾਹਿਤ ਹੀ ਨਹੀਂ, ਹਰ ਕਲਾ ਵਿਚ ਉੱਚ-ਬੋਲੜਾ ਹੋਣ ਦੀ ਥਾਂ ਧੀਮੀ ਸੁਰ ਨੂੰ ਸਲਾਹਿਆ ਜਾਂਦਾ ਹੈ। ਰਚਨਾਕਾਰ ਵਜੋਂ ਸੁਖਵਿੰਦਰ ਦਾ ਇਕ ਵੱਡਾ ਗੁਣ ਧੀਮੀ ਸੁਰ ਹੈ। ਮਿਸਾਲ ਵਜੋਂ, ਬਿਜਲੀ ਦਾ ਜ਼ਿਕਰ ਕੜਕਣ ਵਜੋਂ ਹੀ ਕੀਤਾ ਜਾਂਦਾ ਹੈ ਪਰ ਉਹ ਬਿਜਲੀ ਤੋਂ ਵੀ ਮਾਸੂਮ ਪੰਛੀ ਵਾਂਗ ਬੱਦਲਾਂ ਵਿਚ ਆਲ੍ਹਣਾ ਪਾਅ ਦਿੰਦੀ ਹੈ: "ਮੈਂ ਸ਼ਿਅਰਾਂ ਵਿਚ ਲੁਕਾ ਦਿੱਤੀ ਹੈ ਇਉਂ ਅਗਨੀ ਕਲੇਜੇ ਦੀ, ਜਿਵੇਂ ਬਿਜਲੀ ਨੇ ਹੋਵਣ ਬੱਦਲਾਂ ਵਿਚ ਆਲ੍ਹਣੇ ਪਾਏ।" ਇਹ ਸੂਖਮਤਾ ਉਹਦੇ ਅਨੇਕ ਸ਼ਿਅਰਾਂ ਦਾ ਸ਼ਿੰਗਾਰ ਬਣਦੀ ਹੈ: "ਮੈਂ ਫ਼ਤਹਿ ਪਾਉਣੀ ਹੈ ਅੱਜ ਮੰਝਧਾਰ 'ਤੇ, ਇਕ ਚੁੰਮਣ ਦੇ ਮੇਰੇ ਪਤਵਾਰ 'ਤੇ।...ਤੇਰੇ ਚਿਹਰੇ 'ਤੇ ਟਿਕੀ ਮੇਰੀ ਨਜ਼ਰ, ਕੋਈ ਤਿਤਲੀ ਬਹਿ ਗਈ ਕਚਨਾਰ 'ਤੇ।...ਅਸਾਥੋਂ ਅਦਬ ਨਈਂ ਹੁੰਦਾ ਅਜਿਹੇ ਬਾਗ਼ਬਾਨਾਂ ਦਾ, ਉਹ ਜਿਹੜੇ ਫੁੱਲ 'ਤੇ ਬੈਠੀ ਹੋਈ ਤਿਤਲੀ ਉਡਾ ਦਿੰਦੇ।...ਤਾਰਾਂ ਤਾਂ ਤੜਪੀਆਂ ਨੇ ਕੁਛ ਮੇਰੇ ਵੈਰਾਗ ਨਾਲ, ਵੇਖੋ ਕਿ ਕਿਹੜਾ ਰਾਗ ਹੁਣ ਨਿਕਲੇ ਰਬਾਬ 'ਚੋਂ।"

ਬਹੁਤ ਬਹੁਤ ਸਾਲ ਪਹਿਲਾਂ ਕਿਸੇ ਸ਼ਾਇਰ ਦਾ ਸੂਖਮਤਾ ਦੀ ਹੱਦ ਨੂੰ ਪਹੁੰਚਿਆ ਹੋਇਆ ਇਕ ਸ਼ਿਅਰ "ਕਿਆ ਕਿਆਮਤ ਹੈ ਕਿ ਆਰਿਜ਼ (ਗੱਲ੍ਹਾਂ) ਉਨ ਕੇ ਨੀਲੇ ਪੜ ਗਏ, ਹਮ ਨੇ ਤੋ ਬੋਸਾ ਲੀਆ ਥਾ ਖ਼ੁਆਬ ਮੇਂ ਤਸਵੀਰ ਕਾ" ਪੜ੍ਹਦਿਆਂ ਮੈਂ ਉਹਦੀ ਕਲਪਨਾ ਦੀ ਉਡਾਰੀ ਦੇਖ ਕੇ ਹੈਰਾਨ ਰਹਿ ਗਿਆ ਸੀ। ਸੁਖਵਿੰਦਰ ਦੇ ਇਸ ਸ਼ਿਅਰ ਨੇ ਉਸ ਸ਼ਿਅਰ ਦੀ ਯਾਦ ਸੱਜਰੀ ਕਰ ਦਿੱਤੀ: "ਸੁਪਨੇ ਵਿਚ ਇਕ ਰੁੱਖ ਤੇ ਲਿਖਿਆ ਰਾਤੀਂ ਆਪਣਾ ਨਾਮ ਅਸੀਂ। ਦਿਨ ਚੜ੍ਹਦੇ ਨੂੰ ਹੋ ਗਏ ਸਾਰੇ ਜੰਗਲ ਵਿਚ ਬਦਨਾਮ ਅਸੀਂ।"

ਪੁਰਸ਼-ਪ੍ਰਧਾਨੀ ਸਮਾਜ ਨੇ ਇਸਤਰੀ ਉਤੇ ਜਿਹੜਾ ਸਭ ਤੋਂ ਕਰੂਰ ਜ਼ੁਲਮ ਕੀਤਾ, ਉਹ ਸੀ ਉਹਨੂੰ ਆਪ ਆਪਣੇ ਦੇਹੀ ਜਜ਼ਬੇ ਤੋਂ ਇਨਕਾਰੀ ਹੋਣ ਤੱਕ ਛੁਟਿਆ ਕੇ ਇਕ ਤਰ੍ਹਾਂ ਨਾਲ ਨਿਰਲਿੰਗ ਬਣਾ ਦੇਣਾ। ਇਸਤਰੀ ਦਾ ਦੇਹ ਨੂੰ ਮਾਣਨਾ ਤਾਂ ਦੂਰ, ਉਹਦਾ ਦੇਹ ਬਾਰੇ ਮਹਿਸੂਸ ਕਰਨਾ ਵੀ ਸ਼ਰਮਨਾਕ ਪਾਪ ਬਣਾ ਦਿੱਤਾ ਗਿਆ। ਦੇਹੀ ਪੱਖੋਂ ਉਹ ਪੁਰਸ਼ ਦੀ ਲੋੜ ਤੱਕ ਸੀਮਤ ਉਹਦੇ ਹੱਥਾਂ ਦਾ ਇਕ ਖਿਡੌਣਾ ਬਣ ਕੇ ਰਹਿ ਗਈ। ਇਸ ਸੰਬੰਧ ਵਿਚ ਮੇਰੇ ਚੇਤੇ ਵਿਚ ਤਿੰਨ-ਚਾਰ ਦਹਾਕੇ ਪਹਿਲਾਂ ਦੀ ਇਕ ਘਟਨਾ ਕੰਡੇ ਵਾਂਗ ਚੁਭੀ ਹੋਈ ਹੈ। ਦਿੱਲੀ ਦੀ ਇਕ ਸੰਸਥਾ ਦੀਆਂ ਕੁਝ ਖੋਜੀ ਕੁੜੀਆਂ ਹਰਿਆਣੇ-ਰਾਜਸਥਾਨ ਦੀਆਂ ਬਿਲਕੁਲ ਸਾਧਾਰਨ, ਅਣਪੜ੍ਹ, ਪਛੜੀਆਂ ਹੋਈਆਂ ਇਸਤਰੀਆਂ ਨਾਲ ਗੱਲਬਾਤ ਕਰਨ ਗਈਆਂ। ਉਨ੍ਹਾਂ ਨੇ ਜਦੋਂ ਦੇਹੀ ਇੱਛਾ ਦੀ ਗੱਲ ਕੀਤੀ, ਉਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਇਸਤਰੀਆਂ ਹੈਰਾਨ ਹੋ ਕੇ ਬੋਲੀਆਂ, "ਸਾਡੀ ਇੱਛਾ? ਪੜ੍ਹੀਆਂ-ਲਿਖੀਆਂ ਹੋ ਕੇ ਕੀ ਮੂਰਖਾਂ ਵਾਲੀਆਂ ਗੱਲਾਂ ਕਰਦੀਆਂ ਹੋ। ਇਹ ਮਰਦਾਂ ਦੀ ਖੇਡ ਹੈ। ਮਰਦ ਆਉਂਦਾ ਹੈ, ਖੇਡਦਾ ਹੈ ਤੇ ਚਲਿਆ ਜਾਂਦਾ ਹੈ। ਇਸ ਵਿਚ ਸਾਡੀ ਕਾਹਦੀ ਇੱਛਾ? ਇਸ ਨਾਲ ਸਾਡਾ ਕੀ ਵਾਸਤਾ?"

ਸਦੀਆਂ ਤੱਕ ਆਪਣੀ ਦੇਹ ਦਾ ਸੰਗੀਤ ਮਾਣਨ ਤੋਂ ਵਿਰਵੀ ਰੱਖੀ ਗਈ ਇਸਤਰੀ ਦੀਆਂ ਨਵੀਆਂ ਪੀੜ੍ਹੀਆਂ ਦੀ, ਹੋਰ ਸਮਾਜਕ ਹੱਕ ਹਾਸਲ ਕਰਨ ਦੇ ਨਾਲ-ਨਾਲ ਆਪਣੀ ਦੇਹ ਦੇ ਹੱਕ ਦੀ ਦਾਅਵੇਦਾਰੀ ਨੂੰ ਜਿਸ ਖ਼ੂਬਸੂਰਤੀ ਨਾਲ, ਜਿਸ ਸੂਖਮਤਾ ਨਾਲ, ਜਿਸ ਸਹਿਜਤਾ, ਸਲੀਕੇ, ਸੁਚੱਜਤਾ ਤੇ ਸਾਊਪੁਣੇ ਨਾਲ ਸੁਖਵਿੰਦਰ ਨੇ ਪੇਸ਼ ਕੀਤਾ ਹੈ, ਉਹ ਬੇਮਿਸਾਲ ਹੈ: "ਕਦੋਂ ਤਕ ਰੱਖਿਆ ਜਾਂਦਾ ਦਬਾ ਕੇ ਜਿਉਣ ਦਾ ਜਜ਼ਬਾ, ਲਹੂ 'ਚੋਂ ਲਹਿਰ ਜਦ ਉਠਦੀ ਕਿਨਾਰੇ ਖੁਰਨ ਲਗਦੇ ਨੇ।...ਕਦ ਤੱਕ ਉਠਾਈ ਰੱਖਾਂ ਇਹ ਬੋਝ ਰੋਸ਼ਨੀ ਦਾ, ਮੈਂ ਅਣਬਲੀ ਸ਼ਮ੍ਹਾਂ ਹਾਂ ਤੂੰ ਕਦੇ ਤਾਂ ਬਾਲ ਮੈਨੂੰ!...ਵਰ੍ਹਿਆਂ ਦੇ ਬਾਅਦ ਫੁੱਟੇ ਕਾਇਆ ਮੇਰੀ 'ਚੋਂ ਪੱਤੇ, ਪਰਤੇ ਮੁਸਾਫ਼ਰੀ ਤੋਂ ਮੇਰੀ ਛਾਂ 'ਚ ਬਹਿਣ ਵਾਲੇ।...ਜਿੰਨਾ ਸੀ ਸੇਕ ਤੇਰਾ ਓਨੀ ਪਘਰ ਗਈ ਮੈਂ, ਜਿੰਨੀ ਹੈ ਨੀਝ ਤੇਰੀ ਓਨੀ ਸੰਵਰ ਰਹੀ ਹਾਂ।...ਡੁੱਬ ਕੇ ਮਰ ਜਾਣ ਦੇ ਅਪਣੇ ਜਲਾਂ ਵਿਚ ਸੁਹਣਿਆ, ਜ਼ਿੰਦਗਾਨੀ ਹੁਣ ਕਿਨਾਰੇ 'ਤੇ ਬਸਰ ਹੁੰਦੀ ਨਹੀਂ।...ਬੜਾ ਚਿਰ ਲਹਿਰ ਵਾਂਗੂੰ ਸਿਰ ਤੋਂ ਪੈਰਾਂ ਤੀਕ ਮੈਂ ਤੜਪੀ, ਸਮੁੰਦਰ ਵਾਂਗ ਫਿਰ ਆਗੋਸ਼ ਦੇ ਵਿਚ ਲੈ ਲਿਆ ਸੀ ਤੂੰ। ਮੈਂ ਲੰਮੀ ਔੜ ਦੀ ਮਾਰੀ ਤਿਹਾਈ ਧਰਤ ਸੀ ਕੋਈ, ਤੇ ਛਮਛਮ ਵਸਣ ਨੂੰ ਬਿਹਬਲ ਜਿਵੇਂ ਕੋਈ ਮੇਘਲਾ ਸੀ ਤੂੰ। ਮੁਹੱਬਤ ਦੀ ਖ਼ੁਮਾਰੀ ਬਣ ਫ਼ਿਜ਼ਾ ਵਿਚ ਫੈਲ ਗਈ ਸਾਂ ਮੈਂ, ਕਿ ਮੇਰੀ ਆਤਮਾ ਵਿਚ ਕਤਰਾ ਕਤਰਾ ਘੁਲ ਰਿਹਾ ਸੀ ਤੂੰ।" ਉਹ ਰੱਬ ਅੱਗੇ ਅਰਦਾਸ ਕਰਦੀ ਹੈ ਤਾਂ ਅਰਦਾਸ ਵੀ ਇਹੋ ਕਰਦੀ ਹੈ: "ਇਕ ਨੂੰ ਤੂੰ ਨੀਰ ਦੂਜੇ ਨੂੰ ਜ਼ਮੀਨ ਕਰ ਦੇ ਸਾਹਿਬ। ਦੋਹਾਂ ਨੂੰ ਇਕ ਦੂਜੇ ਵਿਚ ਲੀਨ ਕਰ ਦੇ ਸਾਹਿਬ।"

ਸੁਖਵਿੰਦਰ ਦਾ ਜਦੋਂ ਵੀ ਜ਼ਿਕਰ ਹੁੰਦਾ ਹੈ, ਪਿਆਰ ਦੀ ਕਵਿੱਤਰੀ ਵਜੋਂ ਹੀ ਹੁੰਦਾ ਹੈ। ਕਈ ਬਹੁਤੇ ਹੀ ਵਿਦਵਾਨ ਸੱਜਣ-ਸੱਜਣੀਆਂ ਲਈ ਤਾਂ ਉਹ ਅਜੇ ਵੀ ਅੱਲ੍ਹੜ ਪਿਆਰ ਦੀ ਕਵਿੱਤਰੀ ਹੀ ਹੈ। ਪਰ ਸੱਚਾ ਕਲਮਕਾਰ ਕਦੀ ਵੀ ਸਮਾਜਕ ਜ਼ਿੰਦਗੀ ਦੇ ਇਕੋ ਪੱਖ ਦੇ ਸੀਮਤ ਘੇਰੇ ਵਿਚ ਘਿਰਿਆ ਨਹੀਂ ਰਹਿ ਸਕਦਾ। ਉਹਨੇ ਸਮਕਾਲੀ ਹਾਲਤ ਦਾ ਦਰਪਨ ਬਣਨਾ ਹੀ ਬਣਨਾ ਹੁੰਦਾ ਹੈ। ਚੁਫੇਰੇ ਅੱਗ ਲੱਗੀ ਹੋਵੇ, ਕਲਮਕਾਰ ਵਰਗੇ ਕੋਮਲਭਾਵੀ ਮਨੁੱਖ ਨੂੰ ਸੇਕ ਕਿਵੇਂ ਮਹਿਸੂਸ ਨਹੀਂ ਹੋਵੇਗਾ! ਇਕ ਪਾਸੇ ਭਾਰੀਆਂ ਜੇਬਾਂ ਵਾਲਿਆਂ ਲਈ ਹਰ ਐਸ਼ ਦੀ ਪ੍ਰਤੀਕ ਰੋਟੀ ਆਮ ਵਿਕਦੀ ਹੈ, ਦੂਜੇ ਪਾਸੇ ਪੇਟ ਭਰਨ ਵਾਸਤੇ ਸੁੱਕੀ ਰੋਟੀ ਲਈ ਖ਼ਾਲੀ-ਜੇਬੇ ਆਦਮੀ ਆਮ ਵਿਕ ਰਹੇ ਹਨ: "ਆਦਮੀ ਦੇ ਵਾਸਤੇ ਰੋਟੀ ਵਿਕੇ ਬਜ਼ਾਰ ਵਿਚ, ਰੋਟੀ ਖ਼ਾਤਰ ਆਦਮੀ ਹਰ ਮੋੜ 'ਤੇ ਵਿਕਦਾ ਮਿਲੇ।"

ਨਫ਼ਰਤੀ ਖ਼ਬਰਾਂ ਨਾਲ ਭਰੇ ਹੋਏ ਅਖ਼ਬਾਰ, ਪੰਜਾਬ ਵਿਚ ਨਸ਼ਿਆਂ ਦਾ ਕਹਿਰ, ਲੋਕਾਂ ਦੇ ਉਜੜਦੇ ਘਰ ਤੇ ਕਿਸ਼ਤੀਆਂ ਦੇ ਸੁੱਤੇ ਹੋਏ ਮਲਾਹ ਉਹਦੀ ਕਲਮ ਦਾ ਧਿਆਨ ਕਿਵੇਂ ਨਾ ਖਿਚਦੇ: "ਮੋਹ ਦੀ ਮਹਿਕ ਨ ਆਈ ਇਕ ਵੀ ਅੱਖਰ 'ਚੋਂ, ਵੇਖੀ ਹੈ ਮੈਂ ਸੁਰਖੀ ਸਭ ਅਖ਼ਬਾਰਾਂ ਦੀ।...ਚਿੱਟੇ ਦੀ ਕਾਲੀ ਖ਼ਬਰ ਹੀ ਹੁਣ ਸੁਰਖੀਆਂ 'ਚ ਹੈ, ਬਾਕੀ ਦੇ ਰੰਗ ਹੋ ਗਏ ਮਨਫ਼ੀ ਪੰਜਾਬ 'ਚੋਂ।...ਉਨ੍ਹਾਂ ਨੂੰ ਕੀ ਨਜ਼ਰ ਆਉਣੇ ਬਿਖਰਦੇ ਆਲ੍ਹਣੇ ਸਾਡੇ, ਜੋ ਇਕ ਕੁਰਸੀ ਲਈ ਜੰਗਲ ਹੀ ਸਾਰਾ ਦਾਅ 'ਤੇ ਲਾ ਦਿੰਦੇ।...ਇਨ੍ਹਾਂ ਸੁੱਤਿਆਂ ਮਲਾਹਾਂ ਨੂੰ ਉਦੋਂ ਹੀ ਜਾਗ ਆਉਣੀ ਹੈ, ਜਦੋਂ ਵੱਜੀਆਂ ਚਟਾਨਾਂ ਵਿਚ ਜਾ ਕੇ ਕਿਸ਼ਤੀਆਂ ਇਕ ਦਿਨ।"

ਚੰਗੇ ਵੱਲ ਤਬਦੀਲੀ ਦੇ ਭਰਮ ਵਿਚ ਫਸੇ ਲੋਕਾਂ ਦੀਆਂ ਆਸਾਂ ਕਿਵੇਂ ਝੂਠੀਆਂ ਪਈਆਂ ਹਨ ਤੇ ਕੀਤੇ ਗਏ ਵਾਅਦੇ ਕਿਸ ਤਰ੍ਹਾਂ ਤੋੜੇ ਗਏ ਹਨ, ਇਨ੍ਹਾਂ ਗੱਲਾਂ ਦੀ ਚੀਸ ਉਹਦੇ ਸ਼ਬਦਾਂ ਵਿਚ ਚਸਕਦੀ ਹੈ। ਜਾਤਾਂ ਤੇ ਮਜ਼੍ਹਬਾਂ ਦੇ ਡੰਗਾਂ ਦਾ ਜ਼ਹਿਰ ਲੋਕਾਂ ਨੂੰ ਮੂਰਛਿਤ ਕਰ ਰਿਹਾ ਹੈ। ਸੰਭਾਵਨਾਵਾਂ ਸਾਕਾਰ ਹੋਣ ਤੋਂ ਪਹਿਲਾਂ ਹੀ ਦਮ ਤੋੜ ਰਹੀਆਂ ਹਨ: "ਬਸਤੀਆਂ ਵਿਚ ਅੱਗ ਕਿੱਥੋਂ ਆ ਗਈ, ਮੋਹਰ ਤਾਂ ਲਾਈ ਸੀ ਫੁੱਲ ਦੇ ਨਿਸ਼ਾਨ 'ਤੇ।...ਜ਼ਾਤਾਂ ਦਾ ਜ਼ਹਿਰ ਪੀ ਕੇ ਮਜ਼੍ਹਬਾਂ ਦੇ ਡੰਗ ਖਾ ਕੇ, ਕਿਵੇਂ ਹੋ ਗਿਆ ਹੈ ਚਿੱਟਾ ਲਹੂਆਂ ਦਾ ਰੰਗ ਦੇਖੀਂ।...ਕੈਸਾ ਸਿੰਮਿਆ ਹੈ ਸੇਕ ਸਮਿਆਂ 'ਚੋਂ ਧੂੰਆਂ ਧੂੰਆਂ ਜਹਾਨ ਹੋਇਆ ਹੈ, ਰਾਖ ਹੋਇਆ ਜੋ ਹਾਲੇ ਉੱਗਣਾ ਸੀ ਖ਼ਾਕ ਹੋਇਆ ਜੋ ਹਾਲੇ ਹੋਣਾ ਸੀ।" ਸੁਖਵਿੰਦਰ ਇਹਨੂੰ ਦਰਿਆਵਾਂ ਦੇ ਤਿਹਾਏ ਮਰਨ ਵਾਲੀ ਤੇ ਰੁੱਖਾਂ ਦੇ ਛਾਂਵਾਂ ਭਾਲਣ ਵਾਲੀ ਹਾਲਤ ਦਸਦੀ ਹੈ। ਤੇ ਉੱਤੋਂ ਬਦਨਸੀਬੀ ਇਹ ਕਿ ਕੋਈ ਚਾਰਾਗਰ ਵੀ ਨਜ਼ਰ ਨਹੀਂ ਆਉਂਦਾ!

ਤਿਹਾਏ ਮਰ ਰਹੇ ਦਰਿਆ ਤੇ ਰੁੱਖੜੇ ਭਾਲਦੇ ਛਾਂਵਾਂ,


ਤੇ ਚਾਰਾਗਰ ਵੀ ਹੁਣ ਆਉਂਦਾ ਨਹੀਂ ਕੋਈ ਨਜ਼ਰ ਮੈਨੂੰ।


ਇਸ ਅਵਸਥਾ ਵਿਚ ਸੁਖਵਿੰਦਰ ਦੀ ਇਕ ਵੱਡੀ ਟੇਕ ਕਲਮ ਤੇ ਕਵਿਤਾ ਹੈ। ਅਸਲ ਵਿਚ ਉਹ ਤੇ ਕਵਿਤਾ ਇਕੋ ਇਕਾਈ ਹਨ। ਉਹ ਆਖਦੀ ਹੈ, "ਜੇਕਰ ਮੈਂ ਸ਼ਾਇਰਾ ਨਾ ਹੁੰਦੀ ਤਾਂ ਕੁਝ ਵੀ ਨਾ ਹੁੰਦੀ। ਕਵਿਤਾ ਮੇਰੀ ਜ਼ਿੰਦਗੀ ਦਾ ਕੇਂਦਰ-ਬਿੰਦੂ ਹੈ। ਮੇਰਾ ਕੁਝ ਵੀ ਬਣਨ ਦਾ ਸਫ਼ਰ ਕਵਿਤਾ ਤੋਂ ਹੀ ਸ਼ੁਰੂ ਹੁੰਦਾ ਹੈ। ਮੇਰੀਆਂ ਸਾਰੀਆਂ ਸੋਚਾਂ, ਸਾਰੇ ਸੁਪਨੇ, ਸਾਰੇ ਅਨੁਭਵ ਤੇ ਅਹਿਸਾਸ ਇਸ ਬਿੰਦੂ ਦੇ ਦੁਆਲੇ ਪਰਿਕਰਮਾ ਕਰਦੇ ਹਨ। ਕਵਿਤਾ ਮੇਰੀ ਸਭ ਤੋਂ ਗੂੜ੍ਹੀ ਸਹੇਲੀ ਅਤੇ ਰਾਜ਼ਦਾਨ ਹੈ। ਇਹ ਮੈਨੂੰ ਔਖੇ ਵਕਤ ਵਿਚ ਡਿਗਦੀ ਨੂੰ ਬੋਚ ਲੈਂਦੀ ਹੈ ਤੇ ਮੇਰੇ ਦੁੱਖ ਨੂੰ ਊਰਜਾ ਵਿਚ ਬਦਲ ਦਿੰਦੀ ਹੈ।"

ਉਸ ਅਨੁਸਾਰ ਜਿਹੜਾ ਕਲਮਕਾਰ ਜ਼ੁਲਮ ਨੂੰ ਜ਼ੁਲਮ ਆਖ ਕੇ ਕਲਮ ਦਾ ਧਰਮ ਨਹੀਂ ਪਾਲਦਾ, ਉਹ ਕਿਸੇ ਸਮਾਜਕ ਮਾਣ-ਸਨਮਾਨ ਦਾ ਹੱਕਦਾਰ ਨਹੀਂ। ਮੈਨੂੰ ਪ੍ਰਸਿੱਧ ਲੇਖਕ ਮਹਿੰਦਰ ਸਿੰਘ ਸਰਨਾ ਦੀ ਮੇਰੇ ਨਾਲ ਕੀਤੀ ਗਈ ਗੱਲਬਾਤ ਵਿਚ ਕਹੀ ਹੋਈ ਇਕ ਗੱਲ ਚੇਤੇ ਆ ਗਈ। ਉਨ੍ਹਾਂ ਨੇ ਕਿਹਾ ਸੀ, "ਜਿਸ ਸਾਹਿਤਕਾਰ ਕੋਲ ਨਰੋਈਆਂ ਕਦਰਾਂ-ਕੀਮਤਾਂ ਦਾ ਵੱਖਰ ਨਹੀਂ, ਸਾਹਿਤ ਦੀ ਮੰਡੀ ਵਿਚ ਉਹਦਾ ਵਣਜ ਖੋਟਾ ਹੈ, ਕਿ ਜਿਹੜਾ ਸਾਹਿਤਕਾਰ ਮਨੁੱਖਤਾ ਦੇ ਦੁਸ਼ਮਣਾਂ ਦੇ ਪਿੰਡੇ ਤੋਂ ਲੀੜੇ ਨਹੀਂ ਉਤਾਰਦਾ, ਜੋ ਪੜ੍ਹਨ ਵਾਲਿਆਂ ਤੱਕ ਦਰਿੰਦਰੀਆਂ-ਨਿਖ਼ਸਮੀਆਂ ਦੀ ਦਾਦ-ਫ਼ਰਿਆਦ ਨਹੀਂ ਪੁਚਾਉਂਦਾ, ਉਹਦੇ ਲਿਖਣ ਖੁਣੋਂ ਕੁਝ ਥੁੜਿਆ ਨਹੀਂ!" ਸੁਖਵਿੰਦਰ ਦਾ ਕਹਿਣਾ ਹੈ: "ਜ਼ੁਲਮ ਨੂੰ ਜੋ ਜ਼ੁਲਮ ਕਹਿ ਸਕਦਾ ਨਹੀਂ, ਤਮਗ਼ੇ ਉਹਦੀ ਹਿੱਕ 'ਤੇ ਨਹੀਂ ਫੱਬਣੇ।" ਇਸੇ ਕਰਕੇ ਉਹ ਇਸ਼ਕ ਨੂੰ ਸ਼ਾਇਰ ਬਣਾ ਦੇਣ ਵਾਲਾ ਤੇ ਸ਼ਿਅਰ ਨੂੰ ਜ਼ਿਹਨ ਦਾ ਨ੍ਹੇਰਾ ਮਿਟਾ ਦੇਣ ਵਾਲਾ ਕਹਿੰਦੀ ਹੈ: "ਇਹ ਇਸ਼ਕ ਹੈ ਜੋ ਬੰਦੇ ਨੂੰ ਸ਼ਾਇਰ ਬਣਾ ਦੇਵੇ, ਇਹ ਸ਼ਿਅਰ ਹੈ ਜੋ ਜ਼ਿਹਨ ਦਾ ਨ੍ਹੇਰਾ ਮਿਟਾ ਦੇਵੇ।"

ਸ਼ਬਦ ਦੀ ਸ਼ਕਤੀ ਦੀ ਸੋਝੀ ਸਦਕਾ ਹੀ ਸਮੇਂ ਦੀ ਹਿੱਕ ਉਤੇ ਉਕਰੇ ਆਪਣੇ ਹਰਫ਼ ਦੀ ਅਮਿੱਟਤਾ ਵਿਚ ਉਹਦਾ ਅਡੋਲ ਯਕੀਨ ਹੈ: "ਹਵਾਵਾਂ ਤੋਂ ਨਹੀਂ ਮਿਟਣਾ ਘਟਾਵਾਂ ਤੋਂ ਨਹੀਂ ਖੁਰਨਾ, ਸਮੇਂ ਦੀ ਹਿੱਕ 'ਤੇ ਇਕ ਹਰਫ਼ ਐਸਾ ਉਕਰ ਜਾਵਾਂਗੀ।" ਇਕ ਜਾਗਰਿਤ ਕਲਮਕਾਰ ਵਜੋਂ ਸੁਖਵਿੰਦਰ ਦੀ ਇਕੋ-ਇਕ ਰੀਝ ਹੈ ਕਿ ਧੱਕੇਸ਼ਾਹ, ਲਹੂਚੂਸ, ਲੋਕ-ਵਿਰੋਧੀ ਤੇ ਜਾਬਰ-ਜ਼ਾਲਮ ਸੱਤਾ ਨਿਸੱਤੀ ਹੋ ਜਾਵੇ ਅਤੇ ਸ਼ਬਦ, ਸਾਹਿਤ, ਸਭਿਆਚਾਰ, ਬਹੁਰੰਗੀ ਸੁੰਦਰਤਾ, ਨ੍ਰਿਤ, ਚਿਤਰਕਾਰੀ ਤੇ ਹੋਰ ਹਰ ਕਲਾ ਦਾ ਬੋਲਬਾਲਾ ਹੋਵੇ। ਜ਼ਿੰਦਗੀ ਵਿਚ ਜੋ ਵੀ ਖ਼ਤਰਨਾਕ ਤੇ ਘਾਤਕ ਹੈ, ਉਹ ਉਹਨੂੰ ਸ਼ੇਰ ਨਾਲ ਤੇ ਜੋ ਵੀ ਖ਼ੂਬਸੂਰਤ ਤੇ ਪਿਆਰਨਜੋਗ ਹੈ, ਉਹਨੂੰ ਮੋਰ ਨਾਲ ਤੁਲਨਾਉਂਦੀ ਹੈ: "ਰੱਬਾ ਮੇਰੀ ਰੀਝ ਹੈ ਮੈਂ ਇਕ ਦਿਨ ਐਸਾ ਵੇਖਣਾ, ਸਹਿਮੇ ਹੋਏ ਸ਼ੇਰ 'ਤੇ ਕਰੇ ਸਵਾਰੀ ਮੋਰ।"

**ਸੁਖਵਿੰਦਰ ਦੀ ਇਹ ਰੀਝ ਹਰ ਹੋਸ਼ਮੰਦ ਮਨੁੱਖ ਦੀ ਰੀਝ ਹੈ। ਉਹ ਦਿਨ ਜ਼ਰੂਰ ਚੜ੍ਹੇਗਾ ਜਦੋਂ ਸਾਡੀ ਸਭ ਦੀ ਸਹਿਮੇ ਹੋਏ ਸ਼ੇਰ ਉੱਤੇ ਮੋਰ ਦੀ ਸਵਾਰੀ ਦੇਖਣ ਦੀ ਇਹ ਸਾਂਝੀ ਰੀਝ ਪਰਵਾਨ ਚੜ੍ਹੇਗੀ!**




**ਸੁਖਵਿੰਦਰ ਅੰਮ੍ਰਿਤ ਦੀਆਂ ਕਿਤਾਬਾਂ 'ਪੁੰਨਿਆਂ' ਅਤੇ 'ਚਿੜੀਆਂ' ਦੇ ਮੁਖੜੇ**

## ਹਿੰਦੀ ਵਿਅੰਗ: ਸਨਮਾਨ

**ਮੂਲ : ਸੁਭਾਸ਼ ਨੀਰਵ**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

'ਅਸੀਂ ਤੁਹਾਨੂੰ ਸਨਮਾਨਿਤ ਕਰਨਾ ਚਾਹੁੰਦੇ ਹਾਂ, ਸਰ!'

'ਕਿਸ ਲਈ?'

'ਤੁਹਾਡੇ ਸ਼ਾਨਦਾਰ ਸਾਹਿਤ ਲੇਖਨ ਲਈ।'

'ਤੁਸੀਂ ਮੈਨੂੰ ਕਿੰਨਾ ਪੜ੍ਹਿਆ ਹੈ?'

'ਸਾਡੀ ਸੰਸਥਾ ਦੀ ਕਾਰਕਾਰਨੀ ਦੇ ਮੈਂਬਰਾਂ ਨੇ ਤੁਹਾਡਾ ਨਾਂ ਰਿਕਮੈਂਡ ਕੀਤਾ ਹੈ। ਉਹ ਸਾਰੇ ਸਾਹਿਤ ਨਾਲ ਜੁੜੇ ਹੋਏ ਲੋਕ ਹਨ, ਸਰ।'

'ਕਿਹੜੀ ਸੰਸਥਾ ਹੈ ਤੁਹਾਡੀ?'

'ਸਾਹਿਤ ਚੇਤਨਾ ਮੰਚ। ਪਿਛਲੇ ਦਸ ਸਾਲਾਂ ਤੋਂ ਕਾਰਜਸ਼ੀਲ ਹੈ, ਸਰ।'

'ਪਰ ਮੈਂ ਤਾਂ ਪਹਿਲੀ ਵਾਰੀ ਨਾਂ ਸੁਣਿਆ ਹੈ।'

'ਸਰ, ਸਾਡੀ ਸੰਸਥਾ ਹੁਣ ਤੱਕ ਨੌਂ ਸਾਹਿਤਕਾਰਾਂ ਦਾ ਸਨਮਾਨ ਕਰ ਚੁੱਕੀ ਹੈ।'

'ਤਾਂ ਮੈਨੂੰ ਦਸ ਨੰਬਰੀ ਬਣਾਉਣਾ ਚਾਹੁੰਦੇ ਹੋ! ਹਾ- ਹਾ- ਹਾ-! ਚੱਲੋ ਛੱਡੋ, ਸਨਮਾਨ ਵਿਚ ਕੀ ਕੁਝ ਹੈ...!'

'ਸਰ, ਸਨਮਾਨ ਵਿਚ ਤੁਹਾਨੂੰ 5100 ਰੁਪਏ ਨਕਦ, ਇਕ ਸ਼ਾਲ ਅਤੇ ਸੰਸਥਾ ਵੱਲੋਂ ਇਕ ਪ੍ਰਸ਼ੰਸਾ ਪੱਤਰ ਦਿੱਤਾ ਜਾਵੇਗਾ।'

'ਇਹ ਸਨਮਾਨ ਮੈਨੂੰ ਕਿੱਥੇ ਦਿੱਤਾ ਜਾਵੇਗਾ?'

'ਸਰ, ਤੁਹਾਡੇ ਹੀ ਸ਼ਹਿਰ ਵਿਚ... ਐਤਕੀਂ ਅਸੀਂ ਇਹ ਸਨਮਾਨ ਦਿੱਲੀ ਵਿਚ ਦੇਣਾ ਚਾਹੁੰਦੇ ਹਾਂ। ਬਸ ਤੁਹਾਨੂੰ ਥੋੜ੍ਹੀ ਜਿਹੀ ਮਦਦ ਕਰਨੀ ਪਵੇਗੀ ਸਾਡੀ।'

'ਕਿਹੋ ਜਿਹੀ ਮਦਦ?'

'ਕਿਸੇ ਹਾਲ ਜਾਂ ਆਡੀਟੋਰੀਅਮ ਦੀ ਬੁਕਿੰਗ ਅਤੇ ਕਰੀਬ 60-70 ਜਣਿਆਂ ਦੀ ਚਾਹ-ਪਾਣੀ ਦੀ ਸੇਵਾ ਦਾ ਪ੍ਰਬੰਧ ਤੁਹਾਨੂੰ ਕਰਨਾ ਪਵੇਗਾ। ਬਾਕੀ ਅਸੀਂ ਸੰਭਾਲ ਲਵਾਂਗੇ।'

'ਬਾਕੀ ਕੀ?'

'ਸਰ, ਬੈਨਰ ਬਣਾਉਣ ਅਤੇ ਕੁਝ ਸਨਮਾਨਿਤ ਲੋਕਾਂ ਨੂੰ ਬੁਲਾਉਣ ਆਦਿ ਦਾ ਪ੍ਰਬੰਧ... ਤੁਹਾਡੇ ਨਾਲ ਮੰਚ 'ਤੇ ਕੁਝ ਲੋਕ ਬੈਠਣਗੇ ਨਾ, ਸਰ!'

'ਮੇਰਾ ਕੁੱਲ ਕਿੰਨਾ ਖਰਚਾ ਹੋਵੇਗਾ?'

'ਕੋਈ ਜ਼ਿਆਦਾ ਨਹੀਂ ਸਰ, ਬਸ ਇਹੋ ਕੋਈ ਵੀਹ-ਪੱਚੀ ਹਜ਼ਾਰ ਦੇ ਨੇੜੇ-ਤੇੜੇ... ਤਾਂ ਮੈਂ ਫ਼ਾਈਨਲ ਸਮਝਾਂ ਸਰ?'


'ਬਿਲਕੁਲ ਨਹੀਂ...!'

'ਕਿਉਂ, ਕਿਉਂ ਸਰ?...ਸਾਡੀ ਸੰਸਥਾ ਤੋਂ ਸਨਮਾਨਿਤ ਹੋਣ ਲਈ ਤਾਂ ਬਹੁਤ ਲੋਕ ਲਲਚਾਉਂਦੇ ਰਹਿੰਦੇ ਹਨ, ਸਰ...!' 'ਤਾਂ ਫ਼ਿਰ ਉਨ੍ਹਾਂ ਨੂੰ ਹੀ ਸਨਮਾਨਿਤ ਕਰ ਲਓ ਨਾ!'

ਕਹਾਣੀ

# ਕਥਾ ਕਾਲੇ ਕਲਾਮ ਦੀ

ਐਓਂ ਕਰੀਂ ਜ਼ਰਾ ਸਹਿਜ ਨਾਲ ਜਾ ਬੈਠੀਂ। ਉਸਦੇ ਮੰਜੇ ਲਾਗੇ। ਕਿਸੇ ਵੀ ਕੁਰਸੀ ਸਟੂਲ 'ਤੇ। ਬਿੜਕ ਹੁੰਦਿਆਂ-ਕਰਦਿਆਂ ਉਹ ਅੱਖਾਂ ਖੋਲੇਗੀ। ਤੈਨੂੰ ਦੇਖਦਿਆਂ ਸਾਰ ਪਹਿਲਾ ਸਵਾਲ ਕਰੇਗੀ, 'ਭਾਅ ਜੀ ਮੇਰਾ ਇੱਕ ਕੰਮ ਕਰੋਗੇ?' ਤੇਰੀ ਹਾਂ-ਨਾਂਹ ਉਡੀਕੇ ਬਿਨਾਂ ਅਗਲਾ ਵਾਕ ਫਿਰ ਉਹੀ ਬੋਲੇਗੀ, ਥੋੜਾ ਬਦਲ ਕੇ -"ਮੇਰਾ ਇਹ ਕੰਮ ਜ਼ਰੂਰ ਕਰੋ, ਮੈਨੂੰ ਘਰ ਛੱਡ ਆਓ।' ਤੂੰ ਹੈਰਾਨ ਹੋਵੇਂਗਾ ਤੇ ਚਿੰਤਾਵਾਨ ਵੀ। ਆਪਣੇ ਘਰ ਬੈਠੀ ਇਹ ਕਿਹੜੀ ਥਾਂ ਜਾਣ ਨੂੰ ਆਖ ਰਹੀ ਐ। ਉਸ ਦੇ ਅਗਲੇ ਬੋਲ ਸੁਣਨ ਤੋਂ ਪਹਿਲਾਂ ਤੂੰ ਆਖੇਂਗਾ, "ਆਪਣੇ ਘਰ ਈ ਤਾਂ ਬੈਠੀ ਏਂ ਤੂੰ। ਇਹ ਤੇਰਾ ਈ ਘਰ ਆ ਬੀਬਾ।' ਉਸਦਾ ਝੱਟ ਉੱਤਰ ਹੋਵੇਗਾ -"ਨਹੀਂ, ਇਹ ਮੇਰਾ ਘਰ ਨਈਂ। ਇਹ ਪਤਾ ਨਈਂ ਕੇਦਾ, ਮੈਂ ਜਿੱਦਣ ਦੀ ਆਈ ਆਂ ਓਦਣ ਦੀ ਈ ਬੀਮਾਰ ਆਂ। ਆਪਣੇ ਘਰ ਮੈਂ ਕਦੀ ਬੀਮਾਰ ਨਹੀਂ ਸੀ ਹੋਈ। ਮੈਨੂੰ ਉਥੇ ਲੈ ਕੇ ਚੱਲ ਵੀਰ ਬਣ ਕੇ। ਮੈਂ ਹੱਥ ਜੋੜਦੀ ਆਂ, ਪੈਰੀ ਪੈਨੀਂ ਆਂ ਤੇਰੇ।' ਤੇ ਸੱਚ-ਮੁੱਚ ਉਹ ਹੱਥ ਜੋੜ ਕੇ ਤੇਰੇ ਪੈਰਾਂ ਵੱਲ ਨੂੰ ਝੁਕੇਗੀ। ਤੂੰ ਉਸਨੂੰ ਰੋਕੇਂਗਾ। ਉਸ ਨੂੰ ਪਿਆਰ ਦਏਂਗਾ। ਉਸ ਦੇ ਸਿਰ 'ਤੇ ਹੱਥ ਫੇਰੇਂਗਾ। ਤੂੰ



**ਲਾਲ ਸਿੰਘ**
**ਫੋਨ: 94655-74866**

ਇਹ ਨਾ ਸਮਝਣਾ ਉਹਨੇ ਤੈਨੂੰ ਪਛਾਣਿਆ ਨਹੀਂ। ਸਭ ਜਾਣਦੀ ਐ, ਚੰਗੀ ਤਰ੍ਹਾਂ ਪਛਾਣਦੀ ਆ ਤੈਨੂੰ। ਤੇਰਾ ਹੱਥ ਲੱਗਦੇ ਸਾਰ ਉਸਨੇ ਰੋਣ ਲੱਗ ਪੈਣਾ। ਪਹਿਲਾਂ ਹਟਕੋਰੀਂ, ਫਿਰ ਉੱਚੀ ਉੱਚੀ ਭੁੱਬਾਂ ਮਾਰ ਕੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਦਫ਼ਤਰ ਆ ਕੇ ਰੋਈ ਸੀ, ਤੇਰੀ ਮੁਅੱਤਲੀ ਵੇਲੇ। ਹੋਰ ਵੀ ਕਰਮਚਾਰੀ ਸਨ ਹੀ ਉਸ ਵਰਗੇ। ਬਿਲਕੁਲ ਨਾਲ ਦੇ ਕਮਰੇ 'ਚ। ਲਾਗੇ-ਲਾਗੇ ਬੈਠਦੇ ਸਨ ਸਾਰੇ। ਸਭ ਨੂੰ ਇਕਸਾਰ ਪਤਾ ਲੱਗ ਗਿਆ ਕਿ ਨਵੇਂ ਆਏ ਸਾਬ੍ਹ ਦੀ ਬਦਲੀ ਨਹੀਂ ਮੁਅੱਤਲੀ ਹੋਈ ਐ। ਕਾਰਨ ਝੱਟ ਸਮਝ ਗਏ ਸਨ ਕਿ ਨਵੇਂ ਸਾਬ ਉੱਪਰਲੀਆਂ ਆਸਾਂ 'ਤੇ ਪੂਰੇ ਨਹੀਂ ਸੀ ਉੱਤਰੇ। ਪੂਰਾ ਛੱਡ ਕੇ ਥੋੜ੍ਹਾ-ਬਹੁਤ ਹੁੰਗਾਰਾ ਵੀ ਨਹੀਂ ਸੀ ਭਰਿਆ। ਦਫ਼ਤਰੀ ਰੁਟੀਨ 'ਚ ਵਿਚਰਦਿਆਂ ਤੂੰ ਦਫ਼ਤਰੀ ਨਿਯਮਾਂ ਦੀ ਪਾਲਣਾ ਵੱਧ ਕਰਦਾ। ਮਹਿਕਮਾ ਕੁਝ ਹੋਰ ਭਾਲਦਾ ਸੀ ਤੇਰੇ ਤੋਂ। ਤੂੰ ਉੱਪਰਲੇ-ਹੇਠਲੇ ਹੁਕਮਾਂ ਵੱਲ ਧਿਆਨ ਨਹੀਂ ਸੀ ਦਿੱਤਾ। ਧਿਆਨ ਦੇਣਾ ਤਾਂ ਇਕ ਪਾਸੇ ਰਿਹਾ ਬਹੁਤੀ ਵਾਰ ਨਾਂਹ-ਨੁੱਕਰ ਹੀ ਕਰ ਦਿੱਤੀ। ਭਲਾ-ਚੰਗਾ ਪਤਾ ਸੀ ਤੈਨੂੰ ਕਿ ਉੱਪਰਲੇ ਹੁਕਮ ਹੁਣ ਪਹਿਲੋਂ ਵਰਗੇ ਨਹੀਂ ਸੀ ਰਹੇ। ਤਾਸੀਰ ਬਦਲ ਗਈ ਸੀ ਇਨ੍ਹਾਂ ਦੀ। ਇਹ ਨਾਂਹ-ਨੁੱਕਰ ਤਾਂ ਕੀ ਕਿਸੇ ਤਰ੍ਹਾਂ ਦੀ ਅਪੀਲ-ਦਲੀਲ ਬਰਦਾਸ਼ਤ ਨਹੀਂ ਸੀ ਕਰਦੇ। ਜਿਵੇਂ ਪਹਿਲਾਂ ਵਾਲੇ ਕਰ ਲਿਆ ਕਰਦੇ ਸਨ। ਉਨ੍ਹਾਂ ਨਾਲ ਤਾਂ ਬਹਿਸ-ਮੁਬਾਸਾ ਵੀ ਕਰ ਲੈਂਦਾ ਸੀ। ਉਹ ਤੇਰਾ ਪੱਖ ਸੁਣ ਵੀ ਲਿਆ ਕਰਦੇ ਸਨ। ਜੇ ਚਾਰੇ ਸਿਰੇ ਗੱਲ ਕਿਸੇ ਤਣ-ਪੱਤਣ ਨਾ ਲੱਗੇ, ਤਾਂ ਵੱਧ ਤੋਂ ਵੱਧ ਚਿਤਾਵਨੀ ਜਾਂ ਚਾਰਜਸ਼ੀਟ। ਜੇ ਤਲਖ਼-ਕਲਾਮੀ ਬਾਹਲੀ ਈ ਇਤਰਾਜ਼ਯੋਗ ਹੁੰਦੀ ਤਾਂ ਵੱਡੀ ਤੋਂ ਵੱਡੀ ਸਜ਼ਾ ਹੁੰਦੀ ਬਦਲੀ। ਜਿਸ ਨੂੰ ਆਮ ਵਰਤਾਰਾ ਸਮਝਣ ਲੱਗ ਪਿਆ ਸੀ ਤੂੰ। ਪਰ, ਇਸ ਵਾਰ ਤਾਂ ਗੱਲ ਵੀ ਕੋਈ ਖਾਸ ਨਹੀਂ ਸੀ ਹੋਈ। ਤੈਨੂੰ ਆਪਦੇ ਦਫ਼ਤਰ ਦੇ ਇਕ ਸਿਆਣੇ-ਬਿਆਣੇ ਕਰਮਚਾਰੀ ਦੀਆਂ ਦਫ਼ਤਰੋਂ ਬਾਹਰਲੀਆਂ ਗਤੀਵਿਧੀਆਂ ਦੱਸਣ ਲਈ ਕਿਹਾ ਗਿਆ, ਗੁਪਤ ਢੰਗ ਨਾਲ। ਤੇਰਾ ਉੱਤਰ ਸੀ - "ਮੇਰਾ ਵਾਹ-ਵਾਸਤਾ ਉਸਦੇ ਦਫ਼ਤਰੀ ਕਾਰ-ਵਿਹਾਰ ਨਾਲ ਐ, ਉਸਦੇ ਨਿੱਜੀ ਜੀਵਨ ਨਾਲ ਨਹੀਂ। ਡਿਊਟੀਓਂ ਬਾਅਦ ਉਹ ਆਜ਼ਾਦ ਐ, ਕੋਈ ਵੀ ਸਮਾਜਿਕ ਕੰਮ ਕਰੇ ਜਾਂ ਸੱਭਿਆਚਾਰਕ ਮੈਂ ਉਸ ਨੂੰ ਕਿਵੇਂ ਰੋਕ ਸਕਦਾਂ।'

ਵਾਰ-ਵਾਰ ਪੁੱਛੇ ਜਾਣੇ 'ਤੇ ਤੇਰਾ ਉਸ ਵਾਰ ਦਾ ਉੱਤਰ ਥੋੜ੍ਹੀ ਕੁ ਤਲ਼ਖ-ਬਾਣੀ 'ਚ ਬਦਲ ਗਿਆ। ਫਿਰ ਵੀ ਸ਼ੁਕਰ ਕਰ ਤੂੰ ਨੇੜੇ ਹੀ ਬਚ ਗਿਆ। ਨਹੀਂ ਤਾਂ ਦੇਸ਼-ਧਰੋਹੀ, ਜੇਲ੍ਹ-ਬੰਦੀ ਵਰਗੇ ਤਗ਼ਮੇ ਸੌਖਿਆਂ ਹੀ ਲਟਕ ਜਾਣੇ ਸਨ ਤੇਰੇ ਗਲੇ 'ਚ। ਇਹ ਤੇਰੀ ਕਾਬਲੀਅਤ ਸੀ ਜਾਂ ਮਹਿਕਮਾਨਾਂ ਬਾਰੀਕੀਆਂ ਦੀ ਡੂੰਘੀ ਜਾਣਕਾਰੀ ਕਿ ਤੈਨੂੰ ਮਿਲੀ ਸਜ਼ਾ ਕੇਵਲ ਮੁਅੱਤਲੀ ਤੱਕ ਹੀ ਸੀਮਤ ਰਹੀ। ਪਰ, ਪੱਕੀ ਗੱਲ ਇਹ ਐ ਕਿ ਤੂੰ ਇਸ ਨੂੰ ਵਾਰਨਿੰਗ ਹੀ ਸਮਝ- 'ਜੇ ਮੁੜ ਕਿਸੇ ਨਾਲ ਐਹੀ ਜਿਹੀ ਬਹਿਸਬਾਜ਼ੀ ਕੀਤੀ ਤਾਂ ਬਰਖਾਸਤੀ ਨੋਟਿਸ ਤੇਰੇ ਹੱਥਾਂ 'ਚ ਹੋਵੇਗਾ। ਫਿਰ ਤੁਰਿਆ ਫਿਰੀਂ ਐਧਰ-ਓਧਰ ਟੱਕਰਾਂ ਮਾਰਦਾ। ਕੋਰਟ ਕਚਹਿਰੀ ਸਮੇਤ ਉੱਪਰ ਤੱਕ ਤੇਰੀ ਇਕ ਨਹੀਂ ਸੁਣਨੀ ਕਿਸ ਨੇ।'

ਤੇ ਬੱਸ...ਤੇਰੀ ਉਸ ਵਾਰ ਦੀ ਹੁਕਮ-ਅਦੂਲੀ ਦਾ ਸਿੱਟਾ ਸੀ-ਤੇਰੇ ਦਫ਼ਤਰੀ ਲੈਪ-ਟਾਪ 'ਤੇ ਛਪੀ ਤੇਰੀ ਮੁਅੱਤਲੀ ਦੀ ਇਬਾਰਤ, ਜਿਸ ਨੂੰ ਪੜ੍ਹ ਕੇ ਇਹ ਬਹੁਤ ਰੋਈ ਸੀ। ਪਹਿਲਾਂ ਆਪਣੀ ਸੀਟ 'ਤੇ ਬੈਠੀ ਫਿਰ ਤੇਰੇ ਕਮਰੇ 'ਚ ਆ ਕੇ। ਤੂੰ ਇਬਾਰਤੀ-ਹੁਕਮ ਪੜ੍ਹ ਕੇ ਏਨਾਂ ਪ੍ਰੇਸ਼ਾਨ ਨਹੀਂ ਸੀ ਹੋਇਆ, ਜਿੰਨਾ ਇਹਨੂੰ ਰੋਂਦੀ ਨੂੰ ਦੇਖ ਕੇ ਹੋਇਆ ਸੀ। ਕਈ ਸਾਰੇ ਯਤਨ ਕਰਨੇ ਪਏ ਸਨ ਤੈਨੂੰ ਇਸਨੂੰ ਢਾਰਸ ਦੇਣ ਲਈ, ਤੂੰ ਬੇ-ਹੱਦ ਠਰ੍ਹਮੇ ਨਾਲ ਆਖਿਆ ਸੀ - "ਹੌਸਲਾ ਰੱਖ ਬੀਬਾ, ਹਿੰਮਤ ਕਰ। ਮੇਰੇ ਲਈ ਇਹ ਕੋਈ ਨਵੀਂ ਗੱਲ ਨਈਂ। ਇਹ ਬਦਲੀਆਂ ਚਾਰਜਸ਼ੀਟਾਂ-ਮੁਅੱਤਲੀਆਂ ਤਾਂ ਮੇਰੇ ਪਿੱਛੇ-ਪਿੱਛੇ ਹੀ ਰਹਿੰਦੀਆਂ। ਕਈ ਵਾਰ ਤਾਂ ਮੇਰੇ ਪੁੱਜਣ ਤੋਂ ਪਹਿਲਾਂ ਹੀ ਅੱਪੜ ਜਾਂਦੀਆਂ ਅਗਲੀ ਥਾਂ 'ਤੇ। ਤੂੰ ਕਾਨੂੰ ਦਿਲ ਛੋਟਾ ਕਰਦੀ ਐਂ। ਹਿੰਮਤ ਰੱਖ। ਜਿਹਨੇ ਵੀ ਗ਼ਲਤ-ਮਲਤ ਹੁਕਮਾਂ ਤੋਂ ਇਨਕਾਰੀ ਹੋਣਾ, ਉਹਨੂੰ ਐਹੋ ਜਿਹੀ ਬਦਸਲੂਕੀ ਤਾਂ ਝੱਲਣੀ ਹੀ ਪਊ!"

"ਨਈਂ ਝੱਲ ਹੋਈ...ਸਰ ਏਨ੍ਹਾਂ ਤੋਂ! ...ਮੁੜ ਘੜੀ ਦੀ ਬਦਲੀ ਨੂੰ ...ਹੇਠੀ ਮੰਨਿਆ ਸੀਈ ਇਨ੍ਹਾਂ। ...ਡਾਵਾਂਡੋਲ ਹੋਏ ਸਲਫਾਸ ਨਿਗਲ ਕੇ...", ਰੁਕ-ਰੁਕ ਕੇ ਦੱਸਦੀ ਦਾ ਉਸ ਦਿਨ ਜਿਵੇਂ ਕੜ੍ਹ ਹੀ ਪਾਟ ਗਿਆ ਸੀ ਇਸਦਾ।'

ਉਸ ਵਾਰ ਦਾ ਵਿਰਲਾਪ ਤੇਰੇ ਤੋਂ ਦੇਖ-ਸਹਾਰ ਨਹੀਂ ਸੀ ਹੋਇਆ। ਆਪਣੀ ਸੀਟ ਤੋਂ ਉੱਠਕੇ ਤੂੰ ਇਸਦੇ ਲਾਗੇ ਜਾ ਖੜੋਇਆ ਸੀ। ਇਸਦਾ ਸਿਰ-ਮੂੰਹ ਪਲੋਸਦੇ ਨੇ ਮਸਾਂ ਰੋਣੋਂ ਰੋਕਿਆ ਸੀ। ਇਸ ਦੇ ਘਰ-ਬਾਹਰ, ਬਾਲ-ਬੱਚਿਆਂ ਬਾਰੇ ਪੁੱਛਣਾ, ਤੈਨੂੰ ਉਸ ਦਿਨ ਮੁਨਾਸਿਬ ਨਹੀਂ ਸੀ ਲੱਗਾ। ਉਂਝ ਉਸ ਦਿਨ ਦੇ ਤੇਰੇ ਵਿਹਾਰ ਨੇ ਇਸ ਨੂੰ ਢਾਰਸ ਵੀ ਬਹੁਤ ਦਿੱਤੀ ਸੀ ਅਤੇ ਤੇਰੇ ਲਈ ਬਣਿਆ ਮਾਣ-ਸਤਿਕਾਰ ਹੋਰ ਵੀ ਵਧ ਗਿਆ ਸੀ।

ਇਹ ਉਸ ਮਾਣ-ਸਤਿਕਾਰ ਦਾ ਹੀ ਹਿੱਸਾ ਕਿ ਤੂੰ ਹੁਣ ਤਕ ਯਾਦ ਰੱਖਿਆ ਇਸ ਨੂੰ। ਮੁਅੱਤਲੀ ਹੁਕਮ ਰੱਦ ਕਰਵਾ ਕੇ ਮੁੜੇ ਨੂੰ ਤੈਨੂੰ ਇਹ ਦਫ਼ਤਰ ਨਹੀਂ ਸੀ ਲੱਭੀ। ਲੱਭਦੀ ਵੀ ਕਿਵੇਂ! ਇਸ ਨੂੰ ਮੰਜੇ ਤੱਕ ਸੀਮਤ ਕਰਨ ਵਿਚ ਇਸਦੇ ਘਰ ਨਾਲੋਂ ਵੱਧ ਤੇਰੇ ਦਫ਼ਤਰ ਦਾ ਹਿੱਸਾ ਐ! ...ਤੇਰੀ ਥਾਂ ਆਉਣ ਵਾਲਾ ਅਧਿਕਾਰੀ ਤੇਰੇ ਵਰਗਾ ਕੋਮਲ ਚਿੱਤ ਨਹੀਂ ਸੀ। ਪੂਰਾ ਹਠੀ ਤੇ ਅੜੀਅਲ ਸੀ। ਉਂਝ ਵੀ ਹੁਸ਼ਿਆਰ। ਪੂਰੀ ਬਿੜਕ ਰੱਖਦਾ ਸੀ ਉੱਪਰ-ਹੇਠਾਂ ਦੀ। ਇਕੱਲੀ ਬਿੜਕ ਹੀ ਨਹੀਂ ਪੂਰੀ ਸਮਰੱਥਾ ਰੱਖਦਾ ਸੀ ਆਸੇ-ਪਾਸੇ, ਉੱਪਰ-ਹੇਠਾਂ ਅਨੁਸਾਰ ਢਲਣ-ਸਮੋਣ ਦੀ। ਇਸਨੂੰ ਵੀ ਉਸਨੇ ਆਪਣੇ ਹਿਸਾਬ ਨਾਲ ਢਾਲਣ-ਤੋਰਨ ਦੇ ਯਤਨ ਕੀਤੇ। ਬਣਦੀ ਹੱਦ ਤੱਕ ਇਹ ਤੁਰਦੀ ਵੀ ਰਹੀ। ਪਰ, ਇੱਕ ਥਾਂ ਪੁੱਜ ਕੇ ਇਸ ਤੋਂ ਉਸਦੀ ਹਰਕਤ ਬਰਦਾਸ਼ਤ ਨਹੀਂ ਸੀ ਹੋਈ। ਉਸ ਵਲੋਂ ਬੋਲੀ ਇਬਾਰਤ-ਕਾਪੀ ਵਗਾਹ ਕੇ ਮਾਰੀ ਸੀ ਇਸ ਨੇ। ਇਹ ਕਾਪੀ ਮੇਜ਼ 'ਤੇ ਤਿਲਕਣ ਦੀ ਥਾਂ ਥੋੜੀ ਕੁ ਹਵਾ 'ਚ ਉੱਲਰ ਗਈ। ਸਾਹਮਣੇ ਆਰਾਮ ਕੁਰਸੀ ਵਰਗੀ ਲੇਟਵੀਂ ਮੁਦਰਾ 'ਚ ਝੂਲਦੇ ਸਾਹਿਬ ਦੇ ਮੂੰਹ-ਸਿਰ 'ਚ ਨਹੀਂ ਵੱਜੀ, ਤਾਂ ਵੀ ਇਸ ਨੂੰ ਹੁਕਮ-ਅਦੂਲੀ ਸਮੇਤ ਸ਼ਖ਼ਸੀ-ਹਮਲਾ ਸੌਖਿਆਂ ਹੀ ਗਰਦਾਨ ਦਿੱਤਾ ਗਿਆ। ਸਿੱਟੇ ਵਜੋਂ ਅਗਲੇ ਹੀ ਦਿਨ ਤੋਂ ਇਹ ਹਰਕਤ ਚਾਰਜਸ਼ੀਟ 'ਤੇ ਤੁਰਦੀ ਛਾਂਟੀ ਨੋਟਿਸ ਤੱਕ ਪੁੱਜ ਗਈ ਸੀ। ਇਸ ਦੇ ਕੋਮਲ-ਚਿੱਤ ਲਈ ਦੂਜਾ ਵੱਡਾ ਝਟਕਾ ਸੀ ਇਹ। ਇਸ ਤੋਂ ਰਤੀ ਭਰ ਵੀ ਬਰਦਾਸ਼ਤ ਨਹੀਂ ਸੀ ਹੋਇਆ। ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੀ ਨਾ ਹਿੰਮਤ ਬਚੀ ਸੀ, ਨਾ ਸੁੱਧ-ਬੁੱਧ। ਛੇਤੀ ਹੀ ਇਹ ਮਨੋ-ਸਥਿਤੀ ਦਿਮਾਗੀ-ਅਸਥਿਰਤਾ 'ਚ ਬਦਲ ਗਈ, ਕਿਸੇ ਨਾ-ਮੁਰਾਦ ਬੀਮਾਰੀ ਨੇ ਕਿੰਨਾ ਕੁਝ ਭੁੱਲਦਾ ਕਰ ਦਿੱਤਾ। ਜੋ ਕੁਝ ਯਾਦ ਰਿਹਾ, ਉਹ ਅਸਲੋਂ ਹੀ ਬੇ-ਤਰਤੀਬਾ। ਲਗਾਤਾਰ ਬੋਲੀ ਜਾਣ ਨੂੰ ਡਾਕਟਰ ਵੱਖਰੀ ਤਰ੍ਹਾਂ ਦਾ ਨੁਕਸ ਦੱਸਦੇ ਰਹੇ। ਕੋਈ ਵੀ ਦਵਾਈ ਕਾਰਗਰ ਸਿੱਧ ਨਾ ਹੋਈ। ਛੋਟੇ ਛੋਟੇ ਬਾਲ ਇਹਨੂੰ ਫੜ-ਫੜ ਕੇ ਮਸਾਂ ਘਰ ਲਿਆਉਂਦੇ।

ਇਸ ਬੇ-ਹਿਸਾਬੀ ਹਿਲਜੁਲ ਨੇ ਇਸਦੀ ਸਰੀਰਕ ਸਮਰੱਥਾ ਸਮੇਤ ਯਾਦ-ਸ਼ਕਤੀ ਨੂੰ ਹੋਰ ਦੀ ਘਟਦਾ ਕਰ ਦਿੱਤਾ। ਪਰ, 'ਮੈਨੂੰ ਮੇਰੇ ਘਰ ਛੱਡ ਆਓ' ਦੀ ਇਬਾਰਤ ਜਿਵੇਂ ਪੱਕੀ-ਠੱਕੀ ਇਸਦੇ ਮਨ-ਮਸਤਕ 'ਤੇ ਉੱਕਰੀ ਰਹੀ, ਰਾਤ-ਪੁਰ-ਦਿਨੇ ਬੱਸ ਇਕੋ ਹੀ ਰਟ- 'ਏਹ ਮੇਰਾ ਘਰ ਨਈਂ, ਮੈਨੂੰ ਮੇਰੇ ...।' ਜਿਸ ਨੂੰ ਇਹ ਮੇਰਾ ਘਰ ਕਹਿੰਦੀ ਐ, ਉਸਦੀ ਇਕ ਛੋਟੀ ਜਿਹੀ ਦਾਸਤਾਨ ਐ। ਤੈਨੂੰ ਇਹ ਭਾਵੇਂ ਐਵੇਂ-ਕਿਵੇਂ ਵੀ ਲੱਗੇ, ਪਰ ਹੈ ਥੋੜਾ ਅਰਥ-ਭਰਪੂਰ।

...ਪਤੀ ਨੂੰ ਸਰਕਾਰੀ ਨੌਕਰੀ ਮਿਲਣ 'ਤੇ ਇਹਨੂੰ ਪਿੰਡ ਤੋਂ ਸ਼ਹਿਰ ਆਉਣਾ ਪਿਆ। ਥੋੜਾ ਚਿਰ ਕਿਰਾਏ ਦੇ ਕਮਰਿਆਂ 'ਚ ਰਹੀ, ਫਿਰ ਆਏ ਦਿਨ ਦੀ ਅਦਲਾ-ਬਦਲੀ ਤੋਂ ਮੁਕਤ ਹੋਣ ਲਈ ਇਕ ਘਰ ਖ਼ਰੀਦ ਲਿਆ, ਛੋਟਾ ਜਿਹਾ। ਸੰਘਣੀ



ਵਸੋਂ, ਨਾਲ ਨਾਲ ਜੁੜਵੇਂ ਮਕਾਨ। ਤੰਗ ਜਿਹੀ ਗਲੀ। ਖੜ੍ਹੇ ਪੈਰ ਏਨੀਂ ਕੁ ਹੀ ਗੁੰਜਾਇਸ਼ ਬਣੀ। ਤਾਂ ਵੀ, ਇਸ ਨੂੰ ਆਪਣਾ ਕਹਿਣ ਦਾ ਚਾਅ ਆਪਣੀ ਤਰ੍ਹਾਂ ਦਾ ਹੁਲਾਸ ਦਿੰਦਾ ਸੀ। ਇਹ ਹੁਲਾਸ ਸੀ ਜਾਂ ਪਤੀ ਦਾ ਅਫ਼ਸਰੀ ਅਹੁਦਾ, ਇਹ ਪੈਂਦੀ ਸੱਟੇ ਆਂਢ-ਗੁਆਂਢ 'ਚ ਭਿੱਜੀ ਨਾ। ਆਂਢੀ-ਗੁਆਂਢੀ ਸਨ ਵੀ ਸਾਧਾਰਨ ਲੋਕ। ਬਹੁਤੇ ਕੰਮ-ਕਾਜੀ, ਥੋੜੇ ਕੁ ਨੌਕਰੀਸੁਦਾ। ਕੰਮ-ਕਾਜ ਵੀ ਨਿੱਕਾ-ਮੋਟਾ, ਸਾਈਕਲ-ਸਕੂਟਰ ਮਕੈਨਿਕ, ਦਿਹਾੜੀਦਾਰ, ਮਿਸਤਰੀ ਜਾਂ ਆਈ-ਚਲਾਈ ਵਾਲੇ ਛੋਟੇ ਦੁਕਾਨਦਾਰ। ਪਰ, ਘਰ ਮਾਲਕੀ ਸਭ ਦੀ ਆਪਣੀ। ਉਹ ਇਕ ਦੂਜੇ ਦੇ ਘਰੀਂ-ਵਿਹੜੀਂ ਬੇਝਿਜਕ ਹੋ ਕੇ ਵਿਚਰਦੇ। ਇਹਨੂੰ ਵੀ ਆਪਣੀ ਭੁੱਲ ਦਾ ਪਛਤਾਵਾ ਹੋਣ ਲੱਗਾ। ਪਹਿਲਾਂ ਵਾਲੀ ਸੰਗ-ਝਿਜਕ ਛੱਡ ਕੇ ਇਹ ਵੀ ਉਨ੍ਹਾਂ ਵਰਗੀ ਬਣਦੀ ਗਈ। ਕਿਸ਼ੋਰ ਉਮਰੀ ਸੁਆਣੀਆਂ ਸਿਰੇ ਦਾ ਹਾਸਾ-ਠੱਠਾ ਕਰਦੀਆਂ ਇਹ ਨੂੰ ਵੀ ਸ਼ਾਮਿਲ ਕਰਦੀਆਂ ਗਈਆਂ। ਇਸ ਦੇ ਘਰ ਜਨਮੇ ਦੋਨੋਂ ਬਾਲ ਵੀ ਜਿਵੇਂ ਇਸਦੇ ਘੱਟ ਉਨ੍ਹਾਂ ਦੇ ਵੱਧ ਹੋਣ। ਇਹਨੇ ਹੋਰ ਵੇਲਾ ਸਾਂਭਿਆ। ਅਧਵਾਟੇ ਰੁਕੀ, ਦਫ਼ਤਰੀ ਨੌਕਰੀ ਲਈ ਲੋੜੀਂਦੀ ਯੋਗਤਾ ਪੂਰੀ ਕਰ ਲਈ। ਪਤੀ ਨੇ ਨੱਠ-ਭੱਜ ਕਰ ਕੇ ਤੇਰੇ ਮਹਿਕਮੇ 'ਚ ਸਟੈਨੋ ਭਰਤੀ ਕਰਵਾ ਲਿਆ। ਬੱਸ ਐਥੇ ਕੁ ਪੁੱਜ ਕੇ ਇਹਦੇ ਪੈਰ ਥੋੜਾ ਕੁ ਉੱਖੜ ਜਿਹੇ ਗਏ। ਥੋੜੀ ਕੁ ਅਟਕ-ਮਟਕ ਦੀ ਲਪੇਟ 'ਚ ਆ ਗਈ। ਇਹਨੇ ਪਤੀ 'ਤੇ ਜ਼ੋਰ ਪਾ ਕੇ ਇਕ ਪਲਾਟ ਖ਼ਰੀਦ ਲਿਆ, ਨਵੀਂ ਉੱਸਰਦੀ ਕਲੋਨੀ 'ਚ। ਦੌੜ-ਭੱਜ ਕਰਦਿਆਂ ਵੀ ਕੋਠੀ ਉਸਾਰਨ 'ਚ ਦੋ ਸਾਲ ਲੱਗ ਗਏ। ਕੋਠੀ ਸੀ ਤਾਂ ਸ਼ਹਿਰੋ ਬਾਹਰ। ਖੁੱਲ੍ਹੀ-ਮੋਕਲ੍ਹੀ ਫਿਜ਼ਾ। ਇਸ ਦੇ ਸੱਜੇ-ਖੱਬੇ ਵੀ ਇਕੋ-ਜਿਹੀਆਂ ਹੀ ਇਮਾਰਤਾਂ। ਕੋਈ ਇਕ-ਮੰਜ਼ਲੀ ਕੋਈ ਦੋ-ਢਾਈ। ਪਰ, ਇਨ੍ਹਾਂ ਘਰਾਂ-ਕੋਠੀਆਂ ਦਾ ਆਪਸੀ ਮੇਲ-ਮਿਲਾਪ ਕਰੀਬ ਕਰੀਬ ਜ਼ੀਰੋ ਸੀ। ਨਾ ਕਿਸੇ ਦੀ ਇਕ-ਦੂਜੇ ਨਾਲ ਹੈਲੋ-ਹੈਲੋ, ਨਾ ਇਕ-ਦੂਜੇ ਦਾ ਦੁੱਖ-ਸੁੱਖ। ਜਿਹੋ ਜਿਹੇ ਵੱਡੇ ਜੀਅ, ਅਗਾਂਹ ਉਹੋ ਜਿਹੇ ਛੋਟੇ ਬਾਲ। ਸਭ ਆਪੋ ਆਪਣੇ ਮੋਬਾਈਲਾਂ 'ਚ ਗੁੰਮ। ਨਾ ਕੋਈ ਖੇਡ ਦਿਲਚਸਪੀ ਨਾ ਰੰਗ ਰੰਗੀਲੀ ਦੌੜ-ਭੱਜ। ਇਸ ਥਾਂ ਰਹਿਣ ਵਾਲੇ ਜਾਂ ਤਾਂ ਵੱਡੇ ਕਾਰੋਬਾਰੀ ਸਨ ਜਾਂ ਅਧਿਕਾਰੀ, ਉਨ੍ਹਾਂ ਦਾ ਸਵੇਰੇ ਘਰੋਂ ਜਾਣ ਦਾ ਸਮਾਂ ਤਾਂ ਤੈਅ ਸੀ, ਪਰ ਪਰਤ ਕੇ ਆਉਣ ਦਾ ਨਹੀਂ। ਇਨ੍ਹਾਂ ਦੀਆਂ ਘਰ-ਗ੍ਰਹਿਣੀਆਂ ਹੋਰ ਵੀ ਅੰਤਰ-ਮੁਖੀ, ਇਕੱਲ-ਵਾਸੀ। ਉਨ੍ਹਾਂ ਦਾ ਬਹੁਤਾ ਸਮਾਂ ਮੂੰਹ-ਸਿਰ ਸੁਆਰਨੇ 'ਚ ਲੰਘਦਾ ਜਾਂ ਬਾਜ਼ਾਰੀ ਗੇੜਿਆਂ ਵਿਚ। ਹਰ ਕਿਸੇ ਦਾ ਆਪੋ-ਆਪਣਾ ਦਾਇਰਾ, ਆਪੋ-ਆਪਣੇ ਖੋਲ। ਜਿਨ੍ਹਾਂ ਵਿਚੋਂ ਕਦੇ-ਕਦਾਈਂ ਬਾਹਰ ਵੱਲ ਝਾਕਦੀਆਂ, ਇਹ ਕਿਸੇ ਓਪਰੇ ਗ੍ਰਹਿ ਦੇ ਜੀਵ-ਜੰਤੂ ਜਾਪਦੀਆਂ।

ਨਵੀਂ ਕੋਠੀ 'ਚ ਪੁੱਜ ਕੇ ਇਹਨੂੰ ਹੋਈ ਨਿਰਾਸ਼ਾ ਪਹਿਲਾਂ ਫਿਕਰਮੰਦੀ 'ਚ ਬਦਲ ਗਈ ਫਿਰ ਉਦਾਸੀ 'ਚ। ਸਵੇਰੇ ਸਕੂਲ ਗਏ ਬੱਚੇ ਛੁੱਟੀ ਵੇਲੇ ਪੁਰਾਣੇ ਘਰ ਚਲੇ ਜਾਂਦੇ। ਬਿਨਾਂ ਕੁਝ ਖਾਦੇ-ਪੀਤੇ ਮੇਲੀਆਂ-ਹਮਜੋਲੀਆਂ ਨਾਲ ਖੇਡਦੇ ਰਹਿੰਦੇ। ਸ਼ਾਮੀਂ ਦਫ਼ਤਰੋਂ ਮੁੜਦੀ ਇਹ ਆਪ ਉਨ੍ਹਾਂ ਨੂੰ ਓਧਰੋਂ ਲਿਆ ਕੇ ਸੰਭਲਦੀ। ਅਦਲੀਆਂ-ਬਦਲੀਆਂ ਦੇ ਗੇੜ 'ਚ ਉਲਝਿਆ ਪਤੀ ਕਿਧਰੇ ਛੁੱਟੀ ਵਾਲੇ ਦਿਨ ਹੀ ਘਰ ਹੁੰਦਾ। ਸਾਰਾ ਹਫ਼ਤਾ ਤੇਰੀ ਸਟੈਨੋ ਜਿਵੇਂ ਸੂਲੀ 'ਤੇ ਟੰਗ ਹੋਈ ਰਹਿੰਦੀ।

ਇਹ ਵਰਤਾਰਾ ਵੀ ਬਹੁਤਾ ਚਿਰ ਨਾ ਚੱਲਿਆ, ਬਸ...ਥੋੜ੍ਹੇ ਕੁ ਚਿਰੀਂ ਚਾਣਚੱਕ ਇਹਦੇ ਗਲੇ ਆ ਪਏ ਨਾਗ਼ਵਲੀ ਫੰਦੇ ਨੇ ਤਾਂ ਜਿਵੇਂ ਇਹਦਾ ਸਾਹ-ਸੱਤ ਹੀ ਘੁੱਟਦਾ ਕਰ ਦਿੱਤਾ।

ਉਸ ਵਾਰ ਘਰ ਪਰਤਿਆ ਪਤੀ ਅਗਲੇ ਦਿਨ ਵਾਪਸ ਨਾ ਗਿਆ। ਉਸ ਤੋਂ ਅਗਲੇ ਦਿਨ ਵੀ। ਚਾਰ-ਪੰਜ ਦਿਨ ਇਵੇਂ ਲੰਘ ਗਏ। ਉਹ ਨਾ ਕੁਝ ਬੋਲੇ, ਨਾ ਦੱਸੇ। ਇਸ ਦੇ ਪੁੱਛਣ 'ਤੇ ਹੂੰ-ਹਾਂ ਕਰ ਛੱਡੇ। ਆਖਿਰ ਤੰਗ ਪਏ ਨੇ ਹੋਰ ਈ ਘੁੰਢੀ ਖੋਲ੍ਹ ਦਿੱਤੀ - 'ਉਸਦੀ ਸਰਹੱਦੀ ਜ਼ਿਲ੍ਹੇ 'ਚ ਕੀਤੀ ਬਦਲੀ ਉਸਤੋਂ ਬਰਦਾਸ਼ਤ ਨਹੀਂ ਸੀ ਹੋਈ। ਉਸ ਥਾਂ ਤਾਇਨਾਤ ਸਾਰੇ ਅਫ਼ਸਰ ਇਕੋ ਰਾਹ ਦੇ ਰਾਹੀ ਗਿਣ ਹੁੰਦੇ ਸਨ। ਉਸ ਨੂੰ ਜਾਣ-ਬੁੱਝ ਕੇ ਸਰਹੱਦੀ ਰੰਗ 'ਚ ਰੰਗਿਆ ਗਿਆ ਸੀ। ਉਸਨੇ ਸੌ ਉਪਰਾਲੇ ਕੀਤੇ। ਵੱਡੀ ਤੋਂ ਵੱਡੀ ਕੁਰਸੀ ਤੱਕ ਦੇ ਤਰਲੇ - ਮਿੰਨਤਾਂ ਕੀਤੀਆਂ ਪਰ, ਸਭ ਵਿਅਰਥ।'

ਹੇਠੀ-ਨਮੋਸ਼ੀ 'ਚ ਘਿਰਿਆ ਉਹ ਇਕ ਦਿਨ ਨੂਰੀ ਦੇ ਘਰ ਪਰਤਣ ਤੋਂ ਪਹਿਲਾਂ ਹੀ ਦੂਰ-ਪਾਰ ਦੀ ਉਡਾਰੀ ਮਾਰ ਗਿਆ। ਸਾਹਮਣੇ ਪਈ ਲਾਸ਼ ਵੱਲ ਦੇਖਦੀ, ਇਹ ਸਿਰ ਤੋਂ ਪੈਰਾਂ ਤੱਕ ਮਿੱਟੀ ਹੋ ਗਈ। ਸੁੰਨ-ਵੱਟਾ ਹੋਈ ਨੂੰ ਘੜੀ-ਪਲ ਤਾਂ ਸਮਝ ਹੀ ਨਹੀਂ ਲੱਗੀ ਕਿ ਹੋਇਆ ਕੀ ਐ! ਉਸਦੇ ਸਾਲਮ-ਸਬੂਤੇ ਮਰਦ ਨੇ ਧੋਖਾ ਕਿਉਂ ਦਿੱਤਾ ਉਸਨੂੰ, ਉਸਦੇ ਬਾਲ-ਪ੍ਰਵਾਹ ਨੂੰ!.. ਇਹੋ ਜਿਹੀਆਂ ਤਾਂ ਅਖ਼ਬਾਰੀ ਖ਼ਬਰਾਂ ਹੀ ਉਸਦਾ ਸਾਹ-ਸੂਤ ਲਿਆ ਕਰਦੀਆਂ ਸਨ।

ਉਹੀ ਵਰਤਾਰਾ ਆਪਣੇ ਘਰ, ਆਪਣੇ ਸੌਣ ਕਮਰੇ 'ਚ ਵਾਪਰਿਆ ਦੇਖ, ਉਸ ਅੰਦਰੋਂ ਉੱਠਿਆ ਰੋਣ-ਉਬਾਲ, ਇਕ-ਦੋ ਚੀਕਾਂ-ਲੇਰਾਂ ਪਿੱਛੋਂ ਬੰਦ ਹੋ ਗਿਆ। ਸ਼ਾਹ-ਕਾਲੀ ਘੇਰਨੀ 'ਚ ਘਿਰੀ ਦੀ ਪਹਿਲਾਂ ਸੁੱਧ-ਬੁੱਧ ਜਾਂਦੀ ਰਹੀ, ਫਿਰ ਬੇ-ਹੋਸ਼ ਹੋਈ ਹੇਠਾਂ ਡਿੱਗ ਪਈ ਫ਼ਰਸ਼ 'ਤੇ। ਉਸਦੀ ਸਕੂਟਰੀ ਪਿੱਛੇ ਬੈਠ ਕੇ ਘਰ ਆਏ ਦੋਨੋਂ ਬੱਚੇ, ਨਾ ਉਸ ਨੂੰ ਉਠਾਲਣ ਜੋਗੇ ਸਨ ਨਾ ਸੰਭਾਲਣ ਜੋਗੇ। ਰੋਣ-ਕੁਰਲਾਉਣ ਤੋਂ ਸਿਵਾ, ਉਨ੍ਹਾਂ ਪਾਸ ਕੋਈ ਚਾਰਾ ਨਹੀਂ ਸੀ ਬਚਿਆ। ਮੋਢੇ ਲਟਕਦਾ ਬਸਤਾ ਵਗਾਹ ਕੇ ਸੁੱਟਦਾ ਇਕ ਜਣਾ ਦੋ ਕੁ ਪਲਾਟ ਹਟਵੇਂ ਨੇੜਲੇ ਘਰ ਵੱਲ ਦੌੜਿਆ। ਕਾਫੀ ਸਾਰੀ ਉਡੀਕ ਪਿੱਛੋਂ ਇਕ ਅੱਧ-ਨੰਗੀ ਸੁਆਣੀ ਉਬਾਸੀਆਂ ਲੈਂਦੀ ਗੇਟ ਖੋਲ੍ਹ ਕੇ ਉਸਦੇ ਸਾਹਮਣੇ ਸੀ। ਖਿੱਲਰੇ ਵਾਲ ਸੁਆਰਦੀ ਨੇ ਉਸਨੇ ਬੱਚੇ ਦਾ ਰੋਣ-ਧੋਣ ਸੁਣਿਆ। 'ਚੱਲ ਮੈਂ ਆਈ' ਆਖ ਕੇ ਉਹ ਵਾਪਸ ਅੰਦਰ ਮੁੜ ਗਈ। ਅੰਦਰੋਂ, ਕਿਸੇ ਥਾਂ ਟੈਲੀਫੋਨ ਕਰ ਕੇ ਉਸਨੇ ਗੁਆਂਢ ਵਾਪਰੇ ਹਾਦਸੇ ਦਾ ਸਾਰ-ਅੰਸ਼ ਦੱਸ ਦਿੱਤਾ। ਥੋੜੇ ਕੁ ਚਿਰ ਪਿੱਛੋਂ ਉਸਦੇ ਪਤੀ ਦੀ ਬਜਾਏ ਕੋਈ ਨੌਕਰ ਮੁੰਡਾ ਸਕੂਟਰ ਭਜਾਉਂਦਾ ਪਹਿਲਾਂ ਉਸ ਪਾਸ ਪੁੱਜਾ ਫਿਰ ਬੇਹੋਸ਼ ਡਿੱਗੀ ਨੂਰੀ ਪਾਸ। ਉਸਨੇ ਹਿੰਮਤ ਕਰਕੇ ਨੂਰੀ ਦੇ ਸਿਰ ਮੂੰਹ 'ਤੇ ਛਿੱਟੇ ਮਾਰੇ। ਉਸ ਨੂੰ ਬੈਠਦੀ ਕਰ ਕੇ ਰੋਣ ਜੋਗਾ ਕਰ ਲਿਆ। ਪਰ, ਝੱਟ ਹੀ ਕਮਲਿਆਂ ਵਾਂਗ ਅਵਾ-ਤਵਾ ਬੋਲਦੀ ਅੰਦਰ-ਬਾਹਰ ਘੁੰਮਣ ਲੱਗੀ ਨੂੰ ਰੋਕਣ-ਸੰਭਾਲਣ ਦੀ ਉਸਦੀ ਹਿੰਮਤ ਨਾ ਹੋਈ।

ਦਿਨ ਢਲਦਿਆਂ ਨੂਰੀ ਦੇ ਨਵੇਂ ਘਰ ਦੇ ਆਂਢ-ਗੁਆਂਢ ਨਾਲੋਂ ਕਿਤੇ ਵੱਧ ਉਸਦੇ ਪਹਿਲੇ ਘਰ ਦੇ ਮੇਲੀ-ਗੇਲੀ, ਉਸ ਸਮੇਤ ਬਾਲਾਂ ਨੂੰ ਸੰਭਾਲਦੇ-ਵਰਚਾਉਂਦੇ ਅਗਲੇ ਕਿਰਿਆ-ਕਾਰਜ ਵਿਚ ਰੁੱਝੇ ਰਹੇ।

ਨਵੇਂ ਘਰ 'ਚ ਆਈ ਨੂੰ ਲੱਗੇ ਇਸ ਪਹਿਲੇ ਝਟਕੇ ਨੇ ਇਸ ਨੂੰ ਸਾਲ ਭਰ ਪੈਰੀਂ ਨਹੀਂ ਸੀ ਆਉਣ ਦਿੱਤਾ। ਕਿਸੇ ਵੀ ਸਾਕ-ਸੰਬੰਧੀ ਨੇ ਬਾਂਹ ਨਾ ਫੜੀ। ਆਖਿਰ ਇਸਦੀ ਬਿਰਧ ਮਾਂ ਨੂੰ ਹੀ ਹੱਡ-ਗੋਡੇ ਜੋੜਨੇ ਪਏ! ਮਾਂ ਵੀ ਉਮਰੋਂ ਆਤਰ ਤੇ ਅੱਖਾਂ ਤੋਂ ਹੀਣੀ ਸੀ। ਦਿਨ ਵੇਲੇ ਉਸ ਨੂੰ ਥੋੜਾ-ਬਹੁਤ ਦਿਸਦਾ ਸੀ, ਰਾਤ ਵੇਲੇ ਉਹ ਵੀ ਖ਼ਤਮ। ਉਹਨੇ ਟੋਹ-ਟੱਕਰਾਂ ਮਾਰਦੀ ਨੇ ਲਾਵਾਰਸ ਹੋਏ ਦੋਨੋਂ ਬਾਲ ਸਾਂਭੇ ਤਾਂ ਜ਼ਰੂਰ, ਪਰ ਨਾ ਤਾਂ ਉਹ ਠੀਕ ਤਰ੍ਹਾਂ ਪੜ੍ਹ ਸਕੇ, ਨਾ ਰਹਿ-ਵਿਚਰ ਸਕੇ। ਜਿੰਨਾ ਕੁ ਮਿਲਿਆ, ਜਿਵੇਂ ਦਾ ਮਿਲਿਆ ਖਾ-ਪੀ ਲਿਆ। ਨਹੀਂ ਤਾਂ ਭੁੱਖੇ-ਤਿਹਾਏ ਡੌਰ-ਭੌਰ ਹੋਏ ਰਹਿੰਦੇ। ਡੂਢ-ਦੋ-ਸਾਲ ਸਾਰਾ ਟੱਬਰ ਸੁੰਨ-ਵੱਟਾ ਹੋਇਆ ਮਨੂਰ-ਪੱਥਰ ਬਣਿਆ ਰਿਹਾ।

ਕਿਧਰੋਂ ਦੇਸੀ ਦਵਾਈ ਖਾਂਦੀ, ਥੋੜੀ ਕੁ ਠੀਕ ਦਿਸਦੀ ਨੂਰੀ ਦਫ਼ਤਰ ਗਈ ਈ ਗਈ ਤਾਂ ਤੇਰੀ ਥਾਂ ਆਏ ਨਵੇਂ ਸਾਬ੍ਹ ਨੇ ਹੋਰ ਈ ਚੰਦ ਚਾੜ੍ਹ ਦਿੱਤਾ। ਇਹ ਕਿਸੇ ਪਾਸੇ ਜੋਗੀ ਨਾ ਰਹੀ। ਇਸ ਦਾ ਰੁਜ਼ਗਾਰ ਵੀ ਖੁੱਸਦਾ ਹੋ ਗਿਆ ਤੇ ਥੋੜ੍ਹੀ ਕੁ ਠੀਕ ਹੋਈ ਸੁਰਤੀ ਮੁੜ ਵਿਚਲ ਗਈ। ਵਿਚਲ ਕਾਹਦੀ ਗਈ, ਇਕ ਤਰ੍ਹਾਂ ਨਾਲ ਨੀਮ-ਪਾਗ਼ਲਾਂ 'ਚ ਸ਼ਾਮਲ ਹੋ ਗਈ!.. ਹੁਣ ਇਸ ਨੂੰ ਸਮਝ ਨਹੀਂ ਲੱਗਦੀ, ਕਰਨਾ ਕੀ ਐ ਤੇ ਕੀ ਨਹੀਂ! ਬੋਲਣਾ ਕੀ ਐ, ਕੀ ਨਹੀਂ!! ਬੱਸ ਇੱਕੋ-ਇਕ ਵਹਿਮ ਜਿਵੇਂ ਇਸ ਦਾ ਸਾਰੇ ਦਾ ਸਾਰਾ ਅੰਦਰ ਮੱਲ ਬੈਠ ਗਿਆ ਹੋਵੇ। ਇਸ ਨੂੰ ਲੱਗਦਾ, ਇਸਦੀ ਇਹ ਹਾਲਤ ਨਵੀਂ ਥਾਂ ਨੇ ਬਣਾਈ ਐ। ਇਸ ਦੀ ਭਲੀ-ਚੰਗੀ ਚੱਲਦੀ ਚਾਲ ਏਸੇ ਨੇ ਉੱਖੜਦੀ ਕੀਤੀ ਐ। ਇਸ ਦੇ ਪਤੀ ਸਮੇਤ ਇਸ ਦਾ ਰੁਜ਼ਗਾਰ ਵੀ ਇਸੇ ਥਾਂ ਨੇ ਖੋਹਿਆ। ਇਹ ਨਵੇਂ ਘਰ ਨੂੰ ਹੀ ਸਭ ਤੋਂ ਵੱਡਾ ਦੋਸ਼ੀ ਗਰਦਾਨਦੀ। ਹਰ ਆਏ-ਗਏ ਮੂਹਰੇ ਪਹਿਲਾ ਤਰਲਾ ਇਹੀ ਕਰੇਗੀ- "ਮੈਨੂੰ ਮੇਰੇ ਘਰ ਛੱਡ ਆਓ...!"

ਪੰਜ-ਛੇ ਦਿਨ ਪਹਿਲਾਂ ਵੀ ਇਵੇਂ ਹੀ ਵਾਪਰਿਆ। ਇਸ ਦੇ ਪਤੀ ਦਾ ਕਿੰਨਾ ਸਾਰਾ ਦਫ਼ਤਰੀ ਅਮਲਾ ਅਫ਼ਸੋਸ ਕਰਨ ਆਇਆ। ਇਹ ਡੌਰ-ਭੌਰ ਹੋਈ ਉਨ੍ਹਾਂ ਵੱਲ ਦੇਖਦੀ ਰਹੀ। ਵਿਚ-ਵਾਰ ਪਹਿਲੋਂ ਵੀ ਆਉਂਦੇ ਰਿਹਾਂ ਦੋ-ਤਿੰਨਾਂ ਨੂੰ ਪਛਾਣਦੀ ਵੀ ਰਹੀ।

**(ਬਾਕੀ ਅਗਲੇ ਸਫੇ 'ਤੇ)**

# ਬਾਥੂ

ਬਾਥੂ ਦੀ ਮਹੱਤਤਾ ਸਮਝਣ ਲਈ ਅੱਗੇ ਦੱਸੇ ਤੱਥ ਜ਼ਰੂਰ ਪੜ੍ਹ ਲੈਣੇ ਚਾਹੀਦੇ ਹਨ। ਸੌ ਗ੍ਰਾਮ ਪਾਲਕ ਵਿਚ 2.8 ਗ੍ਰਾਮ ਪ੍ਰੋਟੀਨ ਹੁੰਦੀ ਹੈ ਅਤੇ ਕੇਲ ਪੱਤੇ ਵਿਚ 2.6 ਗ੍ਰਾਮ, ਜਦਕਿ 100 ਗ੍ਰਾਮ ਬਾਥੂ ਵਿਚ 4.2 ਗ੍ਰਾਮ ਪ੍ਰੋਟੀਨ ਹੁੰਦੀ ਹੈ।

ਕੈਲਸ਼ੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ ਏ, ਸੀ ਅਤੇ ਬੀ 6 ਨਾਲ ਭਰਪੂਰ ਬਾਥੂ ਜਿਗਰ, ਪਿੱਤੇ, ਗੁਰਦੇ ਅਤੇ ਤਿਲੀ ਲਈ ਵੀ ਬਹੁਤ ਲਾਹੇਵੰਦ ਸਾਬਤ ਹੋ ਚੁੱਕਿਆ ਹੈ।

ਪਾਲਕ ਨਾਲੋਂ ਵੱਧ ਪੋਟਾਸ਼ੀਅਮ, ਵਿਟਾਮਿਨ ਏ ਅਤੇ ਲੋਹ ਕਣ ਹੋਣ ਕਾਰਨ ਬਾਥੂ ਨੂੰ ਸਰਦੀਆਂ ਵਿਚ ਸਰੀਰ ਦੀ ਬੀਮਾਰੀ ਨਾਲ ਲੜਨ ਦੀ ਸਮਰੱਥਾ ਵਧਾਉਣ ਵਾਲਾ ਮੰਨ ਲਿਆ ਗਿਆ ਹੈ।

ਕਬਜ਼, ਸ਼ੱਕਰ ਰੋਗ ਅਤੇ ਦਿਲ ਦੇ ਰੋਗਾਂ ਨਾਲ ਜੂਝਦੇ ਮਰੀਜ਼ ਬਾਥੂ ਤੋਂ ਕਾਫ਼ੀ ਫ਼ਾਇਦਾ ਲੈ ਸਕਦੇ ਹਨ। ਹੁਣ ਤੱਕ ਦੀਆਂ ਖੋਜਾਂ ਰਾਹੀਂ ਇਹ ਸਾਬਤ ਹੋਇਆ ਹੈ ਕਿ ਪੱਤਿਆਂ ਜਾਂ ਬੂਟਿਆਂ ਵਿਚੋਂ ਸਭ ਤੋਂ ਵੱਧ ਵਿਟਾਮਿਨ ਏ ਬਾਥੂ ਵਿਚ ਹੈ। ਸੌ ਗ੍ਰਾਮ ਬਾਥੂ ਵਿਚ 10,000 ਇੰਟਰਨੈਸ਼ਨਲ ਯੂਨਿਟ ਵਿਟਾਮਿਨ ਏ ਲੱਭੀ ਗਈ ਹੈ ਜੋ ਰੋਜ਼ਾਨਾ ਲੋੜੀਂਦੀ ਮਾਤਰਾ ਤੋਂ ਤਿੰਨ ਗੁਣਾ ਵੱਧ ਹੈ।

ਮੇਥੀ, ਪਾਲਕ ਅਤੇ ਸਰ੍ਹੋਂ ਦਾ ਸਾਗ ਵਰਤਦਿਆਂ ਬਾਥੂ ਨੂੰ ਭੁਲਾ ਹੀ ਦਿੱਤਾ ਗਿਆ ਜੋ ਥੋੜ੍ਹੀ ਮਾਤਰਾ ਵਿਚ ਖਾਣ ਨਾਲ ਵੀ ਠੰਢ ਨਾਲ ਹੁੰਦੇ ਖੰਘ ਜ਼ੁਕਾਮ ਤੋਂ ਬਚਾਓ ਕਰ ਦਿੰਦਾ ਹੈ।

ਸੈੱਲਾਂ ਦੀ ਟੁੱਟ ਫੁੱਟ ਨੂੰ ਘਟਾਉਣ ਅਤੇ ਨਵੇਂ ਸੈੱਲ ਬਣਾਉਣ ਵਿਚ ਬਾਥੂ ਵਿਚ ਭਰੇ ਅਮਾਈਨੋ ਏਸਿਡ ਕਾਫ਼ੀ ਮਦਦ ਕਰਦੇ ਹਨ।

ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਅੰਤੜੀਆਂ ਦੇ ਰੋਗਾਂ ਵਿਚ ਫ਼ਾਇਦਾ ਹੁੰਦਾ ਹੈ ਅਤੇ ਕਬਜ਼ ਵੀ ਠੀਕ ਹੋ ਜਾਂਦੀ ਹੈ।

ਬਾਥੂ ਵਿਚਲੇ ਵਾਧੂ ਓਗਜ਼ੈਲਿਕ ਏਸਿਡ ਸਦਕਾ ਗੁਰਦੇ ਵਿਚ ਪਥਰੀ ਬਣਨ ਦਾ ਖ਼ਤਰਾ ਵਧ ਸਕਦਾ ਹੈ। ਇਸੇ ਲਈ ਬਹੁਤ ਥੋੜੀ ਮਾਤਰਾ ਹੀ ਖਾਣੀ ਚਾਹੀਦੀ ਹੈ।

ਸੌ ਗ੍ਰਾਮ ਬਾਥੂ ਵਿਚ ਸਿਰਫ਼ 43 ਕੈਲਰੀਆਂ ਹੁੰਦੀਆਂ ਹਨ ਜਿਸ ਸਦਕਾ ਭਾਰ ਵਧਣ ਦਾ ਕੋਈ ਖ਼ਤਰਾ ਨਹੀਂ ਹੁੰਦਾ।

ਸ਼ੱਕਰ ਰੋਗੀਆਂ ਲਈ ਤਾਂ ਬਾਥੂ ਸਿਹਤਮੰਦ ਰਹਿਣ ਲਈ ਜਾਦੂਈ ਮੰਤਰ ਵਾਂਗ ਹੈ। ਅੱਖਾਂ ਅਤੇ ਵਾਲਾਂ ਲਈ ਵੀ ਇਹ ਲਾਹੇਵੰਦ ਹੈ। ਦੁਨੀਆ ਭਰ ਵਿਚ ਭਾਵੇਂ ਬਾਥੂ ਦੀਆਂ 250 ਕਿਸਮਾਂ ਲੱਭੀਆਂ ਜਾ ਚੁੱਕੀਆਂ ਹਨ ਪਰ ਭਾਰਤ ਵਿਚ ਸਿਰਫ਼ 21 ਕਿਸਮਾਂ ਹੀ ਮਿਲਦੀਆਂ ਹਨ। ਜੰਗਲੀ ਬੂਟੀ ਵਾਂਗ ਕਣਕਾਂ ਦੇ ਖੇਤ 'ਚ ਉਗਦੀ ਬੂਟੀ ਬਹੁਤੀ ਵਾਰ ਤਾਂ ਸਪਰੇਆਂ ਦੇ ਹੱਥੋਂ ਖ਼ਤਮ ਹੋ ਜਾਂਦੀ ਹੈ।

ਸਭ ਤੋਂ ਪਹਿਲਾਂ ਸੰਨ 1993 ਵਿਚ ਡਾ. ਪ੍ਰਕਾਸ਼ ਸਣੇ ਕੁਝ ਖੋਜੀਆਂ ਨੇ ਬਾਥੂ ਵਿਚਲੇ ਫਲੇਵੋਨਾਇਡ ਤੇ ਪੌਲੀਫਿਨੋਲ ਦੇ ਅਸਰਾਂ ਨੂੰ ਕੈਂਸਰ ਦੇ ਰੋਗੀਆਂ ਉੱਤੇ ਘੋਖਿਆ। ਫਿਰ ਸੰਨ 1994 ਵਿਚ ਡਾ. ਰੈਡੀ ਅਤੇ ਡਾ. ਅਗਰਵਾਲ ਨੇ ਕੈਂਸਰ ਦੇ ਸੈੱਲਾਂ ਦੇ ਵਧਣ ਦੀ ਤੇਜ਼ੀ ਵਿਚ ਕਮੀ ਲੱਭੀ ਅਤੇ ਨਸਾਂ ਅੰਦਰ ਜੰਮ ਰਹੇ ਥਿੰਦੇ ਵਿਚ ਵੀ ਘਾਟਾ ਵੇਖਿਆ। ਡਾ. ਖ਼ੂਬਚੰਦਾਨੀ ਨੇ ਸੰਨ 2000 ਵਿਚ ਅਤੇ 2006 ਵਿਚ ਛਾਤੀ ਦੇ ਕੈਂਸਰ ਦੇ ਮਰੀਜ਼ਾਂ ਨੂੰ ਬਾਥੂ ਵਿਚਲੇ ਅੰਸ਼ ਕੱਢ ਕੇ ਖੁਆਏ ਤਾਂ ਉਨ੍ਹਾਂ ਦੇ ਸਰੀਰ ਅੰਦਰ ਕੈਂਸਰ ਦੇ ਸੈੱਲਾਂ ਦਾ ਫੈਲਣਾ ਕਾਫ਼ੀ ਹਦ ਤੱਕ ਲਗਭਗ ਰੁਕ ਹੀ ਗਿਆ। ਇਹ ਅਸਰ ਬਾਥੂ ਵਿਚਲੇ ਕੈਫਿਕ ਏਸਿਡ, ਗੈਲਿਕ ਏਸਿਡ, ਵੈਨਿਲਿਕ ਏਸਿਡ, ਪਰੋਟੋਕੈਟੇ ਕਿਊਰਿਕ ਏਸਿਡ ਆਦਿ, ਸਦਕਾ ਦਿਸੇ।

ਪੁਰਾਣੇ ਸਮਿਆਂ ਵਿਚ ਢਿੱਡ ਅੰਦਰਲੇ ਕੀੜੇ ਕੱਢਣ, ਪਿਸ਼ਾਬ ਦਾ ਰੋਕਾ ਖੋਲ੍ਹਣ, ਕਬਜ਼ ਠੀਕ ਕਰਨ, ਹਾਜ਼ਮਾ ਠੀਕ ਕਰਨ ਅਤੇ ਸਰੀਰਕ ਕਮਜ਼ੋਰੀ ਵਾਸਤੇ ਬਾਥੂ ਵਰਤਿਆ ਜਾਂਦਾ ਸੀ। ਪੇਟ ਗੈਸ ਲਈ ਤਾਂ ਇਸ ਨੂੰ ਬਿਹਤਰੀਨ ਮੰਨ ਲਿਆ ਗਿਆ ਸੀ। ਪੁਰਾਣੇ ਵੇਲੇ ਦੇ ਹਕੀਮ ਬਾਥੂ ਦੇ ਸੁੱਕੇ ਪੱਤਿਆਂ ਦੇ ਪਾਊਡਰ ਅਤੇ ਇਸ ਦੇ ਪੱਤਿਆਂ ਨੂੰ ਉਬਾਲ ਕੇ ਕੱਢੇ ਪਾਣੀ ਨੂੰ ਸੜੀ ਹੋਈ ਚਮੜੀ ਉੱਤੇ ਲਾਉਂਦੇ ਸਨ ਜਿਸ ਨਾਲ ਪੀੜ ਅਤੇ ਜਲਨ ਘੱਟ ਹੋ ਜਾਂਦੀ ਸੀ। ਹੁਣ ਵੀ ਇਹ ਐਮਰਜੈਂਸੀ ਵਿਚ ਘਰਾਂ ਵਿਚ ਵਰਤਿਆ ਜਾ ਰਿਹਾ ਹੈ ਜਿਸ ਨਾਲ ਪੀੜ ਨੂੰ ਛੇਤੀ ਆਰਾਮ ਮਿਲ ਜਾਂਦਾ ਹੈ।

ਮਰੀਜ਼ਾਂ ਉੱਤੇ ਇਕ ਨੁਸਖ਼ਾ ਅਜ਼ਮਾ ਕੇ ਵੇਖਿਆ ਜਾ ਚੁੱਕਿਆ ਹੈ ਜਿੱਥੇ ਬਾਥੂ ਦੇ ਪਾਊਡਰ ਵਿਚ ਸ਼ਰਾਬ ਨੂੰ ਮਿਲਾ ਕੇ ਸੁੱਜੇ ਹੋਏ ਜੋੜਾਂ ਉੱਤੇ ਲਾਉਣ ਨਾਲ ਆਰਥਰਾਈਟਿਸ ਦੀ ਪੀੜ ਨੂੰ ਕੁਝ ਚਿਰ ਲਈ ਆਰਾਮ ਮਿਲਿਆ ਲੱਭਿਆ।

**ਮਾੜੇ ਅਸਰ :-**

ਭਾਵੇਂ ਬਾਥੂ ਵਿਚ ਸਾਰੇ ਲੋੜੀਂਦੇ 10 ਅਮਾਈਨੋ ਏਸਿਡ ਭਰੇ ਪਏ ਹਨ ਜੋ ਇਸ ਨੂੰ ਬਿਹਤਰੀਨ ਖ਼ੁਰਾਕ ਸਾਬਤ ਕਰਦੇ ਹਨ ਅਤੇ 203 ਗ੍ਰਾਮ ਪ੍ਰੋਟੀਨ ਪ੍ਰਤੀ ਕਿੱਲੋ ਵੀ ਇਸ ਵਿਚ ਹੈ ਜੋ ਉਮਰ ਲੰਮੀ ਕਰਨ ਵਿਚ ਮਦਦ ਕਰਦੇ ਹਨ ਅਤੇ ਬੁਢੇਪਾ ਛੇਤੀ ਆਉਣ ਤੋਂ ਰੋਕਦੇ ਹਨ; ਵਾਇਰਲ ਸਮੇਤ ਉੱਲੀ ਵਰਗੇ ਕੀਟਾਣੂਆਂ ਤੋਂ ਵੀ ਬਚਾਉਂਦੇ ਹਨ, ਪਰ ਇਸ ਵਿਚਲੇ ਕੁਝ ਸੈਪੋਨਿਨ ਅਤੇ ਓਗਜ਼ੈਲਿਕ ਏਸਿਡ ਖ਼ਤਰਨਾਕ ਹਨ।

ਚੰਗੀ ਗੱਲ ਇਹ ਹੈ ਕਿ ਇਹ ਸੈਪੋਨਿਨ ਸਾਡਾ ਸਰੀਰ ਪੂਰੀ ਤਰ੍ਹਾਂ ਜਜ਼ਬ ਹੀ ਨਹੀਂ ਕਰਦਾ ਜਿਸ ਸਦਕਾ ਇਸ ਦੇ ਮਾੜੇ ਅਸਰਾਂ ਤੋਂ ਬਚਾਓ ਹੋ ਜਾਂਦਾ ਹੈ। ਜੇ ਬਾਥੂ ਨੂੰ ਰਿੰਨ੍ਹ ਲਿਆ ਜਾਏ ਤਾਂ ਇਹ ਸੈਪੋਨਿਨ ਟੁੱਟ ਫੁੱਟ ਜਾਂਦੇ ਹਨ ਅਤੇ ਖ਼ਤਰਨਾਕ ਨਹੀਂ ਰਹਿੰਦੇ।

1. ਵਾਧੂ ਬਾਥੂ ਖਾਣ ਨਾਲ ਟੱਟੀਆਂ ਲੱਗ ਸਕਦੀਆਂ ਹਨ।

2. ਚਮੜੀ ਉੱਤੇ ਐਲਰਜੀ ਹੋ ਸਕਦੀ ਹੈ।

3. ਗਰਭਵਤੀ ਔਰਤਾਂ ਦਾ ਗਰਭ ਡਿੱਗ ਸਕਦਾ ਹੈ।

4. ਮਰਦਾਨਾ ਕਮਜ਼ੋਰੀ ਵੀ ਵਾਧੂ ਬਾਥੂ ਖਾਣ ਨਾਲ ਵੇਖੀ ਗਈ ਹੈ ਅਤੇ ਸ਼ੁਕਰਾਣੂਆਂ ਦਾ ਹਿਲਣਾ ਜੁਲਣਾ ਵੀ ਹੌਲੀ ਹੋ ਜਾਂਦਾ ਹੈ।

ਏਨੇ ਕੁ ਮਾੜੇ ਅਸਰਾਂ ਤੋਂ ਜੇ ਬਚਾਓ ਹੋ ਜਾਵੇ ਅਤੇ ਸਹੀ ਮਾਤਰਾ ਵਿਚ ਬਾਥੂ ਸਰਦੀਆਂ ਵਿਚ ਖਾਧਾ ਜਾਵੇ ਤਾਂ ਪੱਠਿਆਂ ਵਿਚਲੀ ਪਈ ਖਿੱਚ ਅਤੇ ਪੀੜ ਨੂੰ ਤਾਂ ਬਿਨਾਂ ਦਵਾਈਆਂ ਦੇ, ਸਿਰਫ਼ ਬਾਥੂ ਖਾਣ ਨਾਲ ਹੀ ਠੀਕ ਕੀਤਾ ਜਾ ਸਕਦਾ ਹੈ। ਇੰਜ ਹੀ ਸਰੀਰ ਅੰਦਰਲੇ ਇਮਿਊਨ ਸਿਸਟਮ ਨੂੰ ਤਗੜਾ ਕਰਨ, ਢਿੱਡ ਅੰਦਰਲਾ ਅਲਸਰ ਠੀਕ ਕਰਨ ਅਤੇ ਦਿਲ ਤਗੜਾ ਰੱਖਣ ਲਈ ਵੀ ਬਾਥੂ ਦਾ ਅਸਰ ਲਾਜਵਾਬ ਹੈ!

ਨਿਚੋੜ ਤਾਂ ਇਹੀ ਹੈ ਕਿ ਬਾਥੂ ਸਰਦੀਆਂ ਵਿਚ ਸਹੀ ਮਾਤਰਾ ਵਿਚ ਖਾ ਕੇ ਸਰੀਰ ਰੋਗ ਮੁਕਤ ਰੱਖਿਆ ਜਾ ਸਕਦਾ ਹੈ।

***-ਡਾ. ਹਰਸ਼ਿੰਦਰ ਕੌਰ, ਐੱਮ.ਡੀ.***
***ਫੋਨ: 0175-2216783***

## ਕਥਾ ਕਾਲੇ ਕਲਾਮ ਦੀ

*(ਪਿਛਲੇ ਸਫੇ ਦੀ ਬਾਕੀ )*

ਉਹ ਜਿੰਨਾ ਚਿਰ ਬੈਠੇ, ਇਸ ਦੇ ਪਤੀ ਦੀ ਸਿਫ਼ਤ-ਸਲਾਹ ਕਰਦੇ ਰਹੇ। ਉਸਨੂੰ ਨੇਕ-ਦਿਲ, ਮਿਹਨਤੀ, ਨਿੰਦਿਆ-ਚੁਗਲੀ ਤੋਂ ਨਿਰਲੇਪ, ਇਮਾਨਦਾਰ, ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਵਰਗੇ ਵਿਸ਼ੇਸ਼ਣਾਂ ਦੇ ਸਿਰੋਪੇ ਦਿੰਦੇ ਰਹੇ। ਹੋਰ ਕਰਦੇ ਵੀ ਕੀ ਹੁਣ! ਉਂਝ ਉਸ ਨਾਲ ਰਹਿੰਦੇ-ਵਿਚਰਦੇ ਤਾਂ ਉਸਨੂੰ ਝੁੱਡੂ-ਭੋਂਦੂ, ਡਰਾਕਲ ਵਰਗੇ ਲਕਵਾਂ ਨਾਲ ਹੀ ਨਿਵਾਜਦੇ ਰਹੇ ਸਨ। ਦਫ਼ਤਰੀ ਹਿੱਸੇ-ਪੱਤੀ 'ਚ ਵਿਘਨਪਾਊ ਅਨਸਰ ਹੀ ਸਮਝਦੇ, ਉਸ ਨੂੰ ਊਲ-ਜਲੂਲ ਦੀਆਂ ਟਾਂਚਾ-ਟਕੋਰਾਂ ਵੀ ਕਰਦੇ ਰਹੇ ਸਨ। ਪਰ ਹੁਣ, ਉਸਦੇ ਘਰ ਪੁੱਜ ਕੇ ਉਨ੍ਹਾਂ ਪੂਰਾ ਜ਼ਬਤ ਰੱਖਿਆ ਸੀ, ਉਸਨੂੰ ਆਪਣੇ ਘਰ-ਪਰਿਵਾਰ ਦਾ ਜੀਅ ਆਖ ਕੇ ਉਸਦੇ ਬਾਲ-ਬੱਚਿਆਂ ਦੀ ਸਹਾਇਤਾ ਕਰਦੇ ਰਹਿਣ ਦੇ ਵਾਅਦੇ ਕੀਤੇ ਸਨ।

ਇਹ ਉਨ੍ਹਾਂ ਦੀ ਗੱਲਬਾਤ ਦਾ ਅਸਰ ਸੀ ਜਾਂ ਹੋਰ ਕਿਸੇ ਕਿਸਮ ਦੀ ਰਾਹਤ, ਨੂਰੀ ਆਮ ਕਰਕੇ ਚੁੱਪ ਹੀ ਰਹੀ, ਲਗਾਤਾਰ ਸੁਣਦੀ ਰਹੀ ਥੋੜਾ-ਬਹੁਤ ਸਮਝਦੀ ਵੀ ਰਹੀ। ਉਨ੍ਹਾਂ 'ਚੋਂ ਇਕ ਰਾਜਵੀਰ ਨਾਂ ਦਾ ਬੰਦਾ ਪਹਿਲਾਂ ਵੀ ਕਈ ਵਾਰ ਆਉਂਦਾ ਰਿਹਾ ਸੀ ਇਸਦੇ ਪਤੀ ਨਾਲ। ਸ਼ਾਮੀਂ ਹਲਕੇ ਜਿਹੇ ਸਰੂਰ 'ਚ ਹੋਏ ਦੋਨੋਂ ਵਾਹਵਾ ਚਿਰ ਗੱਲੀਂ ਪਏ ਰਹਿੰਦੇ। ਘਰ-ਗ੍ਰਿਹਿਸਥੀ ਤੋਂ, ਦੇਸ਼-ਮੁਲਕ ਤੋਂ, ਮੰਤਰੀਆਂ-ਸੰਤਰੀਆਂ ਤੋਂ ਸ਼ੁਰੂ ਹੋਏ ਉਹ ਬਹੁਤਾ ਸਮਾਂ ਮਹਿਕਮਾਨਾ ਕਾਰਜ਼ੁਗਾਰੀ 'ਚ ਹੀ ਉਲਝਦੇ ਰਹੇ। ਮੰਡਾਂ-ਝੰਗਾਂ ਦਾ ਭੱਠੀ-ਕਾਰੋਬਾਰ, ਪੈਕਟਾਂ-ਖੇਪਾਂ ਦੀ ਲੰਘ-ਲੰਘਾਈ, ਬਾਰਡਰ ਫੋਰਸਾਂ ਨਾਲ ਮਿਲੀ-ਭੁਗਤ, ਜ਼ੋਨ-ਪੱਧਰੀ, ਜ਼ਿਲ੍ਹਾ ਪੱਧਰੀ ਕਮਿਸ਼ਨ, ਹਿੱਸੇ-ਕੋਟੇ ਆਮ ਕਰਕੇ ਉਨ੍ਹਾਂ ਦੀ ਗੱਲਬਾਤ 'ਚ ਸ਼ਾਮਿਲ ਹੁੰਦੇ ਸਨ। ਇਸਦਾ ਪਤੀ ਹੁੰਗਾਰਾ ਤਾਂ ਭਰਦਾ ਸੀ, ਪਰ ਐਵੇਂ ਢਿੱਲਾ-ਢਿੱਲਾ ਜਿਹਾ। ਜਿਵੇਂ ਉਸਨੂੰ ਅੱਧ-ਪਚੱਧ ਦੀ ਹੀ ਜਾਣਕਾਰੀ ਹੋਵੇ, ਜਾਂ ਉਸ ਤੋਂ ਵੀ ਘੱਟ। ਪਰ, ਰਾਜਵੀਰ ਦੀ ਹਰ ਗੱਲ ਬੜੀ ਨਿੱਠਵੀਂ ਹੁੰਦੀ ਸੀ, ਜਿਸ ਦਾ ਜ਼ਿਕਰ ਉਹ ਬੜੇ ਠਰ੍ਹਮੇ ਤੇ ਸੰਜੀਦਗੀ ਨਾਲ ਕਰਦਾ। ਇਹ ਠਰ੍ਹਮਾ, ਸੰਜੀਦਗੀ ਉਸਦੇ ਮੂੰਹ-ਚਿਹਰੇ ਨੂੰ ਹੋਰ ਵੀ ਨਿੱਖਰਦਾ ਕਰਦੇ ਜਾਪਦੇ ਸਨ ਨੂਰੀ ਨੂੰ। ਉਹ ਆਨੀਂ-ਬਹਾਨੀਂ ਉਨ੍ਹਾਂ ਕੋਲ ਆ ਬਹਿੰਦੀ। ਬਹੁਤੀ ਵਾਰ ਭੁਜੀਆ-ਸਲਾਦ ਰੱਖਣ-ਦੇਖਣ ਦੇ ਬਹਾਨੇ। ਉਂਝ ਇਸਦਾ ਧਿਆਨ ਰਾਜਵੀਰ ਵੱਲ ਹੁੰਦਾ। ਰਾਜਵੀਰ ਨੇ ਵੀ ਇਸਨੂੰ ਨਿਰਾਸ਼ ਨਹੀਂ ਸੀ ਕੀਤਾ। ਇਸ ਦੀ ਕਰੀਬ ਹਰੇਕ ਤੱਕਣੀ ਨੂੰ ਪ੍ਰਵਾਨ ਕਰਦਿਆਂ, ਢੁੱਕਵੀਂ ਮੁਸਕਾਨ ਮੋੜੀ ਸੀ। ਪੂਰੇ ਜ਼ਾਬਤੇ 'ਚ ਰਹਿੰਦਿਆਂ।

ਉਸਦਾ ਇਹ ਵਿਹਾਰ ਨੂਰੀ ਨੂੰ ਕਲ ਹੋਏ-ਵਾਪਰੇ ਵਾਂਗ ਕਿੰਨਾ ਕਿੰਨਾ ਚਿਰ ਯਾਦ ਰਹਿੰਦਾ। ਬਹੁਤੀ ਵਾਰ ਇਹ ਯਾਦ ਉਸਦੀ ਅਗਲੇ ਫੇਰੀ ਦੀ ਉਡੀਕ ਕਰਨ ਲਈ ਉਤਾਵਲੀ ਵੀ ਹੋਈ ਰਹਿੰਦੀ।

...ਪਤੀ ਦੇ ਦਫ਼ਤਰੀ ਅਮਲੇ ਨਾਲ ਆਏ ਰਾਜਵੀਰ ਨੂੰ ਦੇਖਦਿਆਂ ਸਾਰ, ਨੂਰੀ ਦੇ ਤਨ-ਬਦਨ 'ਤੇ ਜਿਵੇਂ ਚੈਨ-ਆਰਾਮ ਦੇ ਛਿੱਟੇ ਤਰੌਂਕੇ ਗਏ ਹੋਣ। ਆਏ ਬੰਦਿਆਂ ਲਾਗੇ ਮਾਂ ਨਾਲ ਬੈਠੀ ਨੇ ਇਸਨੇ ਕੋਈ ਓਪਰੀ-ਉਕਾਊ ਹਿੱਲ-ਜੁੱਲ ਨਾ ਕੀਤੀ। ਇਹਦੀ ਨੀਵੇਂ ਡਿੱਗੀ ਨਿਗਾਹ ਵਿਚ-ਵਾਰ ਉੱਪਰ ਵੱਲ ਨੂੰ ਉੱਠੀ ਰਾਜਵੀਰ ਦੇ ਮੂੰਹ-ਚਿਹਰੇ ਦੀ ਪ੍ਰਕਰਮਾ ਜ਼ਰੂਰ ਕਰਦੀ ਸੀ। ਇਉਂ ਕਰਨ 'ਤੇ ਇਸ ਨੂੰ ਆਪਣਾ ਆਪ ਹੋਰ ਵੀ ਸਹਿਜ ਹੋਇਆ ਜਾਪਦਾ ਸੀ। ਫਿਰ ਵੀ ਇਸਦੀ ਵਿਚਲਿਤ ਹੋਈ ਸੁਰਤ-ਬੂਝ ਤੋਂ ਜਿਵੇਂ ਸਾਂਭ ਨਹੀਂ ਹੋਇਆ, ਆਪਣਾ ਆਪ। ਸ਼ੋਕ-ਵਾਰਤਾ ਮੁੱਕੀ ਤੇ ਕਮਰਿਉਂ ਬਾਹਰ ਨਿਕਲਦਿਆਂ ਸਭ ਤੋਂ ਪਿਛੋਂ ਜਾਣ ਲੱਗੇ ਰਾਜਵੀਰ ਨਾਲ ਇਹ ਧਾਅ ਕੇ ਆ ਚਿੰਬੜੀ। ਉਸ ਦੁਆਲੇ ਬਾਹਾਂ ਬਗਲ ਕੇ ਉੱਚੀ ਉੱਚੀ ਰੋਣ ਲੱਗ ਪਈ। ਰੋਂਦੀ ਰੋਂਦੀ ਮੁੜ ਉਹੀ ਰੱਟ ਲਾਉਂਦੀ ਰਹੀ – "ਮੈਨੂੰ ਮੇਰੇ ਘਰ ਛੱਡ ਆਓ ...ਮੈਨੂ ਮੇਰੇ ਘਰ ਛੱਡ ਆ ...।' ਅਜੀਬ ਸਥਿਤੀ 'ਚ ਫਸਿਆ ਰਾਜਵੀਰ ਨੀਵੀਂ ਪਾਈ ਖੜਾ ਰਿਹਾ। ਨਾ ਉਸਤੋਂ ਨੂਰੀ ਨੂੰ ਵਗਲਗੀਰ ਕਰਨ ਲਈ ਇਸ ਦੁਆਲੇ ਬਾਹਾਂ ਵਗਲ ਹੋਈਆਂ, ਨਾ ਇਸਦੀ ਜਕੜ ਖੋਲ੍ਹ-ਤੋੜ ਕੇ ਇਸ ਤੋਂ ਵੱਖਰਾ ਹੋ ਸਕਿਆ। ਛਛੋਪੰਜ 'ਚ ਘਿਰਿਆ ਉਹ ਨੂਰੀ ਨੂੰ ਇਹ ਵੀ ਨਾ ਕਹਿ ਸਕਿਆ – 'ਏਹ ਤੇਰਾ ਈ ਘਰ ਐ, ਹੋਰ ਕਿਸੇ ਦਾ ਨਹੀਂ।'

ਉਵੇਂ ਚੁਪ-ਚਾਪ ਖੜੋਤੇ ਨੇ ਉਸਨੇ ਨੂਰੀ ਨੂੰ ਰੋਈ ਜਾਣ ਦਿੱਤਾ। ਫਿਰ ਚਾਣਚੱਕ ਜਿਵੇਂ ਨੂਰੀ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਹੋਵੇ। ਰਾਜਵੀਰ ਦੁਆਲਿਉਂ ਝੱਟ ਦੇਣੀ ਬਾਹਾਂ ਖੋਲ੍ਹ ਕੇ, ਬਿਨਾਂ ਉਸ ਵੱਲ ਦੇਖੇ ਕਮਰਿਉਂ ਬਾਹਰ ਨਿਕਲ ਗਈ। ਦਫ਼ਤਰੀ ਅਮਲੇ ਨੂੰ ਗੇਟ ਤੱਕ ਛੱਡ ਕੇ ਮੁੜੀ ਇਸ ਦੀ ਮਾਂ ਨੂੰ ਨੂਰੀ ਦੇ ਉਸ ਦਿਨ ਦੇ ਵਿਹਾਰ 'ਚੋਂ ਇਸਦੇ ਤੰਦਰੁਸਤੀ ਵੱਲ ਨੂੰ ਪੁੱਟੇ ਪਹਿਲੇ ਕਦਮ ਦੀ ਆਹਟ ਵੀ ਸੁਣਾਈ ਦਿੱਤੀ ਸੀ।

ਇਹ ਆਹਟ ਉਸਨੂੰ ਦੋ ਕੁ ਦਿਨ ਪਿੱਛੋਂ, ਨੂਰੀ ਦੇ ਸਹੁਰੇ ਪਿੰਡ ਸ਼ੇਰਗੜ੍ਹੋਂ ਆਈ ਮਕਾਣ ਸਮੇਂ ਹੋਰ ਵੀ ਪੱਸਰਦੀ ਮਹਿਸੂਸ ਹੋਈ। ਮਾਂ ਤਾਂ ਖੈਰ ਜਾਣਦੀ ਸੀ ਸਾਰਾ ਕੁਝ। ਉਸ ਸਮੇਤ ਉਸਦੀ ਸਾਰੀ ਪੀੜ੍ਹੀ ਹੀ ਵਾਕਿਫ਼ ਸੀ ਮਕਾਣੀ ਰਸਮਾਂ ਤੋਂ। ਨੂਰੀ ਵੀ ਜਾਣਦੀ ਸੀ ਕਿੰਨਾ ਕੁਝ। ਵਿਹੜੇ ਸਮੇਤ ਸਹੁਰੇ ਪਿੰਡ ਦੇ ਗੂੜ੍ਹੀ ਸਾਂਝ ਵਾਲੇ ਟੱਬਰਾਂ ਦੇ ਕਿੰਨੇ ਸਾਰੇ ਇਸਤਰੀਆਂ-ਮਰਦ, ਉਸ ਦਿਨ ਆਏ ਸਨ ਨੂਰੀ ਨਾਲ ਦੁੱਖ ਸਾਂਝਾ ਕਰਨ। ਨੂਰੀ ਦੇ ਨਵੇਂ ਆਂਢ-ਗੁਆਂਢ ਲਈ ਅਜੀਬ 'ਨਜ਼ਾਰਾ' ਸੀ ਇਹ। ਉਨ੍ਹਾਂ ਗੇਟਾਂ 'ਤੇ ਖੜੋਕੇ ਜਾਂ ਛੱਤਾਂ 'ਤੇ ਚੜ੍ਹ ਕੇ ਇਸਦਾ 'ਅਨੰਦ ਮਾਣਿਆ'।

ਫਿਰ, ਛੇਤੀ ਹੀ ਉੱਚੀ ਸੁਰ ਦਾ ਰੋਣ-ਧੋਣ ਬੰਦ ਹੋਏ 'ਤੇ ਸਭ ਜਣੇ ਅੰਦਰ ਚਲੇ ਗਏ। ਮਰਦ ਬਾਹਰ ਬਰਾਂਡੇ 'ਚ ਬੈਠ, ਨੂਰੀ ਦੇ ਪਹਿਲੇ ਘਰ ਦੇ ਗੁਆਂਢੀਆਂ ਨਾਲ ਗੱਲੀਂ ਪਏ ਅਫ਼ਸੋਸ ਕਰਦੇ ਰਹੇ, ਔਰਤਾਂ ਦਾ ਸੱਚਾ-ਝੂਠਾ ਰੋਣ-ਡੁਸਕਣ ਅੰਦਰਲੇ ਕਮਰੇ 'ਚ ਪੁੱਜਣ ਤੱਕ ਦੀ ਜਾਰੀ ਰਿਹਾ। ਉਹ ਵਾਰੀ ਵਾਰੀ ਨੂਰੀ ਦੇ ਗਲ ਲੱਗ ਆਪ ਵੀ ਰੋਈਆਂ, ਉਸ ਨੂੰ ਵੀ ਰੁਆਇਆ।

ਇਹ ਸਾਰਾ ਕੁਝ ਕਰਦਿਆਂ, ਨੂਰੀ ਦੀ ਮਾਂ ਨੂੰ ਉਸਦੇ ਵਰਤਾਓ 'ਚ ਕਾਫੀ ਸਾਰਾ ਠਰ੍ਹਮਾ ਦਿਸਿਆ ਸੀ। ਨਾ ਇਹ ਤਿਲਮਲਾਈ ਸੀ ਨਾ ਆਵਾ-ਤਵਾ ਬੋਲੀ ਸੀ। ਸਗੋਂ ਬਰਾਂਡ 'ਚ ਬੈਠੇ ਮਰਦਾਂ ਕੋਲ ਪੁੱਜ ਕੇ ਇਸ ਨੇ ਪੁੱਛਿਆ ਸੀ ਚਾਚੇ ਫੁੰਮਣ ਬਾਰੇ, ਤਾਏ ਸੰਤੇ ਬਾਰੇ, ਬਾਬੇ ਈਸ਼ਰ ਸਮੇਤ ਹੋਰ ਕਈਆਂ ਬਾਰੇ। ਅੱਗੋਂ ਮਰਦਾਂ ਵੱਲੋਂ ਮਿਲੇ ਉੱਤਰ ਨੇ ਜਿਵੇਂ ਇਸ ਨੂੰ ਹੋਰ ਵੀ ਸਹਿਜ ਕਰ ਦਿੱਤਾ ਹੋਵੇ। ਉਨ੍ਹਾਂ ਕਿਹਾ ਸੀ –" ਉਹ ਸਾਰੇ ਮੋਰਚੇ 'ਚ ਪੁੱਜੇ ਪਏ ਆ ਦਿੱਲੀ। ਜਦ ਦੇ ਗਏ ਆ ਕੋਈ ਨਹੀਂ ਮੁੜਿਆ। ਸਿਵਾ ਲਛਮਣ ਬਾਬੇ ਤੋਂ। ਉਹ ਵੀ ਜਿਉਂਦਾ ਨਈਂ ਲਾਸ਼ ਬਣ ਕੇ ਮੁੜਿਆ ਸੀ ਦਿੱਲੀਉਂ। ਥੋੜੇ ਕੁ ਦਿਨ ਪਹਿਲਾਂ।

ਨੂਰੀ ਨੂੰ ਇਕਦਮ ਝਟਕਾ ਤਾਂ ਲੱਗਾ ਸੀ ਲਛਮਣ ਬਾਬੇ ਦਾ ਸੁਣ ਕੇ, ਪਰ ਉਹ ਡੋਲੀ-ਘਬਰਾਈ ਨਾ। ਉਸੇ ਹੀ ਪਲ ਇਸ ਦੇ ਸਾਹਮਣੇ ਜਿਵੇਂ ਦੋ ਲਾਸ਼ਾਂ ਬਰਾਬਰ ਵਿਛ ਗਈਆਂ ਹੋਣ। ਚਿੱਟੇ ਕੱਫਣਾਂ 'ਚ ਢੱਕ ਹੋਈਆਂ। ਇਕ ਦੇ ਹੇਠਾਂ ਇਸਦਾ ਵੱਡਾ-ਵਡੇਰਾ ਲਛਮਣ ਬਾਬਾ, ਦੂਜੇ ਹੇਠ ਇਸਦਾ ਪਤੀ ਮਲਕੀਤ। ਇਕ ਨੇ ਖੇਤਾਂ-ਬੰਨ੍ਹਿਆਂ ਦੀ ਰਾਖੀ ਕਰਦਿਆਂ ਜਾਨ ਦਿੱਤੀ ਸੀ, ਦੂਜੇ ਨੇ ਆਪਣੀ ਅਣਖ਼-ਇੱਜ਼ਤ ਨੂੰ ਹਰਫ਼ ਆਉਂਦਾ ਦੇਖ ਕੇ ਆਤਮ ਹੱਤਿਆ ਕੀਤੀ। ਨਾ ਇਕ ਨੇ ਪੂਰੀ ਉਮਰ ਭੋਗੀ ਨਾ ਦੂਜੇ ਨੇ। ਪਰ ਕਿਉਂ? ਕਿਸ ਨੇ ਕੀਤੇ ਸਨ ਇਹ ਅੱਤਿਆਚਾਰ ਉਨ੍ਹਾਂ 'ਤੇ। ਇਹ ਪ੍ਰਸ਼ਨ ਵਿਕਰਾਲ ਰੂਪ ਧਾਰ ਕੇ ਨੂਰੀ ਸਾਹਮਣੇ ਆ ਖੜੋਇਆ। ਇਹ ਪ੍ਰਸ਼ਨ ਉਸਨੇ ਰਾਜਵੀਰ ਤੋਂ ਵੀ ਪੁੱਛਿਆ ਸੀ ਦੋ-ਤਿੰਨ ਵਾਰ। ਥੋੜਾ ਕੁ ਰੰਗ 'ਚ ਹੋਏ ਨੂੰ। ਪੁੱਛਿਆ ਨਹੀਂ ਇਕ ਤਰ੍ਹਾਂ ਦੱਸਿਆ ਸੀ ਉਸਨੂੰ ਨੂਰੀ ਨੇ –'ਹਰ ਰੋਜ਼ ਤਾਂ ਕੁਝ ਨਾ ਕੁਝ ਵਾਪਰਦੈ ਐਧਰ-ਓਧਰ। ਕਦੀ ਕਿਸੇ ਨੇ ਆਤਮ-ਹੱਤਿਆ ਕੀਤੀ ਹੁੰਦੀ, ਕਦੀ ਕਿਸੇ ਨੂੰ ਜਾਨੋਂ ਮਾਰ ਦਿੱਤਾ ਹੁੰਦਾ। ਨਾ ਬਾਲ-ਬੱਚੇ ਬਚੇ ਹੁੰਦੇ, ਨਾ ਬੁੱਢੇ-ਠੇਰੇ, ਨਾ ਗੱਭਰੂ। ਕਾਰਨ ਵੀ ਕੋਈ ਨਾ ਕੋਈ ਜੋੜ ਦਿੱਤਾ ਹੁੰਦਾ ਨਾਲ। ਇਕ ਵਾਰ ਤਾਂ ਨੂਰੀ ਨੇ ਰਾਜਵੀਰ ਨੂੰ ਸਿੱਧਾ ਹੀ ਪੁੱਛ ਲਿਆ ਸੀ ਕਿ ਕਿਸਾਨੀ ਘਰਾਂ 'ਚ ਹੁੰਦੀਆਂ ਮੌਤਾਂ ਆਤਮ-ਹੱਤਿਆਵਾਂ ਹਨ, ਜਾਂ ਜ਼ੋਰ-ਜਬਰੀ ਖੋਹੀਆਂ ਜਾਨਾਂ?

ਆਪਣੀ ਸਮਝ-ਸੂਝ 'ਤੇ ਪੂਰਾ ਜ਼ੋਰ ਪਾ ਕੇ ਰਾਜਵੀਰ ਨੇ ਆਖਿਆ-"ਇਹ ਮੌਤਾਂ ਸਾਧਾਰਨ ਹਰਗਿਜ਼ ਨਈਂ। ਇਨ੍ਹਾਂ ਨਾਲ ਇਕ ਤਰ੍ਹਾਂ ਸਾਡੇ ਮੁਲਕ ਵਿਸ਼ੇਸ਼ ਕਰਕੇ ਸੂਬੇ ਦੀ ਅੱਧਿਉਂ ਵੱਧ ਵਸੋਂ ਦਾ ਅਰਥਚਾਰਾ ਜੁੜਿਆ ਪਿਆ। ਮਾਂ ਤੋਂ ਵੀ ਵੱਧ ਗੁਣਕਾਰ ਗਿਣ ਹੁੰਦੀ ਧਰਤੀ ਦੀ ਹਿੱਕ 'ਤੇ ਉੱਗਦੀਆਂ ਫ਼ਸਲਾਂ, ਇਕੱਲੇ ਮਨੁੱਖ ਦੀ ਨਹੀਂ, ਲੱਖਾਂ-ਅਰਬਾਂ ਪਸ਼ੂਆਂ-ਪੰਛੀਆਂ ਤੇ ਹੋਰਨਾਂ ਜੀਵ-ਜੰਤੂਆਂ ਦੀ ਵੰਨ-ਸੁਵੰਨੀ ਭੁੱਖ ਦਾ ਸਮਾਧਾਨ ਕਰਦੀਆਂ। ਪਰ, ਅਜੀਬ ਗੱਲ ਦੇਖੋ, ਇਨ੍ਹਾਂ ਫਸਲਾਂ ਨੂੰ ਬੀਜਣ-ਵੱਢਣ ਵਾਲੇ ਹੱਥ ਕਿਸੇ ਗਿਣਤੀ-ਮਿਣਤੀ 'ਚ ਨਈਂ। ਇਨ੍ਹਾਂ ਫ਼ਸਲਾਂ ਨੂੰ ਉਗਾਉਣ -ਸਾਂਭਣ ਵਾਲੀ ਕਿਰਤ-ਮਿਹਨਤ ਦੀ ਕੋਈ ਕਦਰ-ਕੀਮਤ ਨਈਂ। ਸਾਡੇ ਮੁਲਕ ਦੇ ਰਾਜਕੀ ਟੋਲਿਆਂ ਨੇ ਤਾਂ ਜਿਵੇਂ ਖੇਤੀ-ਘਰਾਂ ਦੀ ਅਰਥ-ਵਿਵਸਥਾ ਦਾ ਫਿਕਰ ਕਰਨਾ ਊਈਂ ਛੱਡ ਦਿੱਤਾ ਐ। ਖੇਤੀ ਕਿੱਤੇ 'ਚ ਲੱਗਾ ਕੌਣ ਜੀਉਂਦਾ, ਕੌਣ ਮਰਦਾ ਇਨ੍ਹਾਂ ਨੂੰ ਕੋਈ ਚਿੰਤਾ ਨਈਂ। ਉਹ ਕਿਉਂ ਮਰਦਾ, ਕਿਵੇਂ ਮਰਦਾ ਇਸਦੀ ਕੋਈ ਪ੍ਰਵਾਹ ਨਈਂ। ਤੂੰ ਈ ਦੱਸ ਨੂਰੀ ਜੀਊਣ ਨੂੰ ਕਿਸਦਾ ਜੀਅ ਨਈਂ ਕਰਦਾ। ਮਰਨਾ ਜਾਂ ਆਪਣੇ ਆਪ ਨੂੰ ਮਾਰਨਾ ਕੋਈ ਸੌਖਾ ਕੰਮ ਆਂ। ਕੋਈ ਐਮੇਂ-ਕਿਮੇਂ ਦਾ ਖੇਲ ਐ? ਸੱਚ ਇਹ ਐ ਇਸ ਖੇਲ ਪਿੱਛੇ ਇਕ ਵੱਡਾ ਛੜਯੰਤਰ ਕਾਰਜਸ਼ੀਲ ਐ ਨੂਰੀ, ਇਹ ਮੌਤਾਂ, ਇਹ ਹੱਤਿਆਵਾਂ ਜ਼ੋਰ-ਜਬਰੀ ਕੀਤੇ ਗਏ ਕਤਲ ਐ ਨੂਰੀ, ਕਤਲ।'

ਅਚਨਚੇਤ ਰਾਜਵੀਰ ਤੋਂ ਨੂਰੀ ਦਾ ਨਾਂ ਪਤਾ ਨਹੀਂ ਵਾਰ-ਵਾਰ ਕਿਵੇਂ ਸ਼ਾਮਿਲ ਹੋ ਗਿਆ।

ਲਗਾਤਾਰ ਬੋਲੀ ਗਿਆ ਰਾਜਵੀਰ, ਸੱਚਮੁੱਚ ਭਾਵੁਕ ਹੋ ਗਿਆ ਸੀ, ਉਸ ਨੇ ਸਾਹਮਣੇ ਪਏ ਜੱਗ 'ਚੋਂ ਠੰਡੇ ਪਾਣੀ ਦੇ ਚਾਰ-ਪੰਜ ਘੁੱਟ ਇੱਕੋ ਡੀਕੇ ਅੰਦਰ ਲੰਘਾਏ। ਫਿਰ ਮੋਢੇ 'ਤੇ ਪਏ ਰੁਮਾਲ ਨਾਲ ਮੂੰਹ ਤੇ ਅੱਖਾਂ ਸਾਫ ਕੀਤੀਆਂ।

ਥੋੜਾ ਕੁ ਚਿਰ ਚੁੱਪ ਰਹਿਣ ਪਿਛੋਂ ਉਸ ਅੰਦਰੋਂ ਦੁਬਾਰਾ ਨਿਕਲੇ ਬੋਲ ਜਿਵੇਂ ਡੂੰਘੇ ਖੂਹ 'ਚੋਂ ਸੁਣਾਈ ਦਿੱਤੇ ਹੋਣ। ਉਹਨੇ ਆਖਿਆ ਸੀ- "ਕਸੂਰ ਇਕੱਲੇ ਪ੍ਰਬੰਧ ਦਾ ਹੀ ਨਈਂ, ਆਪਣਾ ਵੀ ਐ ਸਾਡਾ। ਕਿਸਾਨੀ ਰਹਿਤਲ ਦਾ। ਅਸੀਂ ਵੀ ਆਪਣੀ ਜੱਟਕੀ ਹਓਂ 'ਚ ਵਿਚਰਦੇ, ਖਾਹ-ਮੁਖਾਹ ਦੇ ਕਰਜ਼ਈ ਹੁੰਦੇ ਰਹਿੰਨੇ ਆਂ।'

ਨੂਰੀ ਅੱਗੇ ਚੁੱਪ। ਇਹ ਚੁੱਪ ਰਾਜਵੀਰ ਦੇ ਆਖੇ-ਦੱਸੇ ਨਾਲ ਸਹਿਮਤ ਹੋਣ ਦੀ ਸੀ ਜਾਂ ਅਸਹਿਮਤ। ਉਸਤੋਂ ਝੱਟ-ਪੱਟ ਕੋਈ ਨਿਰਣਾ ਨਹੀਂ ਸੀ ਹੋ ਸਕਿਆ। ਫਿਰ, ਕਿੰਨਾ ਹੀ ਚਿਰ ਪਿੱਛੋਂ ਤੱਕ ਵੀ ਉਹ ਰਾਜਵੀਰ ਦੇ ਸ਼ਬਦਾਂ-ਬੋਲਾਂ ਦੇ ਪੈੜ-ਚਾਲੇ ਤੁਰੀ, ਹਾਂ-ਨਾਂਹ ਦੀ ਸੰਗਿਆ ਵਿਚਕਾਰ ਵਿਚਰਦੀ ਰਹੀ।

ਹੁਣ....ਹੁਣ ਉਹ ਮੁੜ ਉਸੇ ਤਰ੍ਹਾਂ ਦੀ ਅੱਵਲ ਉਸਤੋਂ ਵੀ ਵੱਧ ਡਰਾਉਣੀ ਘਟਨਾ ਦੀ ਮਾਰ ਹੇਠ ਸੀ। ਹੁਣ ਤਾਂ ਸਗੋਂ ਇਸਦੇ ਆਪਣੇ ਘਰ ਆਪਣੇ ਸੌਣ ਕਮਰੇ 'ਚ ਆ ਲਟਕਿਆ ਸੀ ਉਹੀ ਪ੍ਰਸ਼ਨ। ਹੁਣ ਇਹ ਕਿਸ ਤੋਂ ਪੁੱਛੇਗੀ ਕਿ ਇਸਦੇ ਪਤੀ ਨੇ ਆਤਮ-ਹੱਤਿਆ ਕੀਤੀ ਜਾਂ ਉਸ ਨੂੰ ਜ਼ੋਰ-ਜਬਰੀ ਕਤਲ ਕੀਤਾ ਗਿਆ। ਸਹੁਰੇ ਪਿੰਡੋਂ ਅਫਸੋਸ ਕਰਨ ਆਏ ਵੱਡੇ-ਵਡੇਰਿਆਂ ਤੋਂ ਪੁੱਛਣ ਦੀ ਇਸਦੀ ਹਿੰਮਤ ਨਾ ਹੋਈ, ਤੇ...ਤੇ ਇਸ ਦੀ ਰੂਹ-ਜਾਨ 'ਤੇ ਲਟਕਦੇ ਭਾਰ ਕਾਰਨ ਜੋ ਕੁਝ ਹੋਇਆ-ਵਾਪਰਿਆ, ਉਹ ਸਭ ਲਈ ਹੈਰਾਨੀਜਨਕ ਤੇ ਚਿੰਤਾਜਨਕ। ਵਾਪਿਸ ਪਿੰਡ ਨੂੰ ਜਾਣ ਲਈ ਉੱਠ ਤੁਰਨ ਲੱਗੇ ਫੁੰਮਣ ਚਾਚੇ ਨਾਲ ਝੱਟ ਦੇਣੀ ਚਿੰਮੜ ਕੇ ਨੂਰੀ ਫਿਰ ਉਹੀ ਰਾਗ ਅਲਾਪਣ ਲੱਗ ਪਈ – "ਮੈਨੂੰ ਮੇਰੇ ਘਰ ਛੱਡ ਆਓ ...ਏਹ ਮੇਰਾ ਘਰ ਨਈਂ ....ਮੈਨੂੰ ਮੇਰੇ ਘਰ ਛੱਡ ਆਓ। ' ਉਸ ਦਿਨ, ਉਦਾਸੀ -ਪ੍ਰੇਸ਼ਾਨੀ 'ਚ ਘਿਰੇ ਪਿੰਡ ਵਾਸੀ, ਹੋਰ ਵੀ ਫਿਰਕਮੰਦ ਹੋ ਕੇ ਮੁੜੇ ਸਨ। ਥੋੜੀ ਕੁ ਆਸਮੰਦ ਹੋਈ ਨੂਰੀ ਦੀ ਮਾਂ ਮੁੜ ਨਿਰਾਸ਼ਾ 'ਚ ਘਿਰ ਗਈ। ਤਾਂ ਵੀ ਉਸਨੇ ਆਸ-ਉਮੀਦ ਦਾ ਪੱਲਾ ਨਹੀਂ ਸੀ ਛੱਡਿਆ। ਉਸਦਾ ਯਕੀਨ ਸੀ ਕਿ ਸਿਆਣੇ-ਸੂਝਵਾਨ ਜੀਆਂ ਦੀ ਸੰਗਤ, ਨੂਰੀ ਦੀ ਵਿਚਲਤ ਹੋਈ ਸੁਰਤੀ ਨੂੰ ਕਿਸੇ ਵੀ ਦੁਆ-ਦਰਮਲ ਨਾਲੋਂ ਵੱਧ ਰਾਹਤ ਦਿੰਦੀ ਐ। ਮਲਕੀਤ ਦਾ ਅਫ਼ਸੋਸ ਕਰਨ ਆਏ ਹਰ ਕਿਸੇ ਨਾਲ ਹੋਈ ਬਾਤ-ਚੀਤ 'ਚ ਉਸਨੇ ਨੂਰੀ ਨੂੰ ਵੀ ਸ਼ਾਮਿਲ ਕਰੀ ਰੱਖਿਆ, ਭਾਵੇਂ, "ਮੈਨੂੰ ਮੇਰੇ ਘਰ ...' ਵਾਲੀ ਰਟ ਨੂਰੀ ਤੋਂ ਬਹੁਤੀ ਨਹੀਂ ਸੀ ਤਿਆਗ ਹੋਈ ਅਜੇ।

ਤੈਨੂੰ ਵੀ ਜਾਂਦੇ ਨੂੰ ਉਹ ਇਹੀ ਕਹੇਗੀ – 'ਭਾਅ ਬਣ ਕੇ ਮੇਰਾ ਇਹ ਕੰਮ ਜ਼ਰੂਰ ਕਰ! ਕਹੇਗੀ ਹੀ ਨਹੀਂ ਤਰਲੇ ਮਾਰੇਗੀ, ਹੱਥ ਵੀ ਜੋੜੇਗੀ। ਤੂੰ ਇਸ ਨੂੰ ਇਉਂ ਕਰਨੋਂ ਮਸਾਂ ਰੋਕੇਂਗਾ। ਇਸ ਦਾ ਸਿਰ ਮੂੰਹ ਪਲੋਸੇਂਗਾ। ਇਸ ਨੂੰ ਢਾਰਸ ਦੇਵੇਂਗਾ। ਬਿਲਕੁਲ ਉਵੇਂ ਜਿਵੇਂ ਦਫ਼ਤਰ 'ਚ ਦਿੱਤਾ ਸੀ। ਤੇਰਾ ਹੱਥ ਲੱਗਦਿਆਂ ਸਾਰ ਇਹ ਵਿਲਕ ਉੱਠੇਗੀ। ਤੇਰੇ ਨਾਲ ਚਿੰਮੜ ਕੇ ਇਸ ਨੇ ਧੁਰ ਅੰਦਰ ਤੱਕ ਰੋ-ਕਲਪ ਲੈਣਾ, ਹਲਕਾ ਕਰ ਲੈਣਾ ਆਪਣਾ ਆਪ। ਹੋਰ ਘੜੀ-ਪਲ ਨੂੰ ਤੈਨੂੰ ਇਹ ਬਿਲਕੁਲ ਸਹਿਜ ਜਾਪੇਗੀ। ਸਾਰਾ ਕੁਝ ਨਹੀਂ ਤਾਂ ਕਿੰਨਾ ਕੁਝ ਸੁਣਨ-ਸਮਝਣ ਲੱਗੇਗੀ।

ਹੁਣ, ਇਹ ਤੇਰੇ 'ਤੇ ਨਿਰਭਰ ਐ ਕਿ ਤੂੰ ਅਗਾਂਹ ਕੀ ਕਰਨਾ! ਤੂੰ ਇਸ ਨੂੰ ਹੋਸ਼ੀ-ਬੇਹੋਸ਼ੀ ਵਿਚਕਾਰ ਲਟਕਦਾ ਰੱਖਣਾ ਜਾਂ ਇਸ ਨੂੰ ਸੁਰਤ ਸਿਰ ਕਰਨ ਦਾ ਕੋਈ ਉਪਰਾਲਾ ਕਰਨਾ। ਇਕ ਪੱਕ ਐ, ਤੂੰ ਕੁਝ ਨਾ ਕੁਝ ਜ਼ਰੂਰ ਕਰੇਂਗਾ, ਇਸ ਨੂੰ ਤ੍ਰਿਸ਼ੰਕੂ ਸਥਿਤੀ 'ਚੋਂ ਬਾਹਰ ਕੱਢਣ ਲਈ ਜ਼ਰੂਰ ਹੰਭਲਾ ਮਾਰੇਂਗਾ। ਤੂੰ...ਤੂੰ.... ਇਸ ਨੂੰ ਦੱਸੇਂਗਾ – 'ਤੇਰੀ ਇਹ ਹਾਲਤ ਕੇਵਲ ਨੌਕਰੀ ਖੁੱਸ ਜਾਣ ਕਾਰਨ ਜਾਂ ਪਤੀ ਦੀ ਆਤਮ ਹੱਤਿਆ ਕਾਰਨ ਹੀ ਨਹੀਂ ਬਣੀ। ਇਹ ਤਾਂ ਹਕੂਮਤੀ ਕਿਸਮ ਦੀਆਂ ਘਟਨਾਵਾਂ, ਜੋ ਇਸ ਵਾਰ ਤੇਰੇ ਸਿਰ 'ਤੇ ਆ ਡਿਗੀਆਂ, ਇਕੱਠੀਆਂ। ਵਿਵੇਕਹੀਣ ਵਾਰਤਾਵਾਂ ਨੇ ਜੋ ਤੇਰੇ ਮੱਥੇ 'ਤੇ ਆ ਚਿਪਕੀਆਂ। ਸੱਚ ਇਹ ਐ, ਇਹ ਵਾਰਤਾਵਾਂ, ਘਟਨਾਵਾਂ ਨਾ ਆਪਣੇ ਆਪ ਵਾਪਦੀਆਂ, ਨਾ ਲਿਖ ਹੁੰਦੀਆਂ। ਇਨ੍ਹਾਂ ਦੀ ਤਹਿ 'ਚ ਵਾਪਰਦਾ ਵੱਡਾ ਵਰਤਾਰਾ ਕੁਝ ਹੋਰ ਐ। ਉਹ ਬਹੁਤ ਵੱਖਰੀ ਤਰ੍ਹਾਂ ਦਾ। ਦੇਖਣ-ਛੂਹਣ ਨੂੰ ਮੁਲਾਇਮ, ਪਰ ਹੇਠਲੀ ਪਰਤੋਂ ਚੁੱਭਵਾਂ, ਇਕ ਕਮ ਖੁਰਦਰਾ। ਇਸ ਨੂੰ ਸੁਣਦੇ-ਪੜ੍ਹਦੇ ਸਾਰੇ, ਪਰ ਸਮਝਦੇ ਬਹੁਤ ਘੱਟ।'

ਨਿਸ਼ਚੇ ਹੀ ਤੈਨੂੰ ਉਸ ਵਰਤਾਰੇ ਦੀ ਪੂਰੀ ਜਾਣਕਾਰੀ ਐ। ਤੂੰ ਇਸ ਦੀ ਇਬਾਰਤ ਦੇ ਕੁਝ ਨਾ ਕੁਝ ਬਿੰਦੂ ਜ਼ਰੂਰ ਦੱਸੀਂ ...ਨੂਰੀ ਨੂੰ। ਤੂੰ ਬਹਤਾ ਨਹੀਂ, ਤਾ ਸ਼ਾਮਯੁੱਗੀ ਸ਼ਿਕਾਰ-ਕਰਮ ਤੋਂ ਸ਼ੁਰੂ ਕਰ ਕੇ ਸਰਮਾਇਆ ਯੁੱਗ ਦੇ ਪੁਲਾੜੀ ਸਫ਼ਰ ਤੱਕ ਦਾ ਮੋਟਾ-ਮੋਟਾ ਜ਼ਿਕਰ ਜ਼ਰੂਰ ਕਰੀਂ। ਗਾਰਾ-ਗੁਫਾਵਾਂ ਦੇ ਸਿਰ ਢੱਕਣ ਤੋਂ ਲੈ ਕੇ ਸ਼ੀਸ਼ ਮਹਿਲਾਂ ਵਰਗੇ ਰੈਣ-ਵਸੇਰਿਆਂ ਤੱਕ ਪੁੱਜੇ ਅੱਜ ਦੇ ਮਨੁੱਖ ਦੇ ਚੰਗੇ-ਮਾੜੇ ਵਰਤਾਓ ਦਾ ਖੁਲਾਸਾ ਕਰਦਾ ਤੂੰ ਸਾਮੰਤੀ ਤੇ ਰਾਜਾਵਾਦੀ ਪ੍ਰਬੰਧਾਂ ਅੰਦਰ ਖੇਤੀ ਕਾਮਿਆਂ ਸਮੇਤ ਖੇਤੀ ਜਿਣਸਾਂ ਦੀ ਹੁੰਦੀ ਰਹੀ ਦੁਰਗਤ ਦਾ ਵਿਸਥਾਰ ਜ਼ਰੂਰ ਦੇਈਂ। ਬੀਤੇ ਸਮਿਆਂ ਵਿਚ ਖੇਤ-ਮਾਲੀਏ ਦੀ ਧੌਣ ਮਰੋੜ ਕੇ ਸਾਮੰਤੀ ਸਰਦਾਰਾ, ਪ੍ਰਸ਼ਾਸਕੀ ਅਹੁਦਿਆਂ, ਰਾਜ ਗੱਦੀਆਂ ਦੇ ਖ਼ਰਚ-ਖਰਾਬਿਆਂ ਦਾ ਖੁਲਾਸਾ ਕਰਦੇ ਨੇ ਤੂੰ ਨੂਰੀ ਦੇ ਕਈ ਸਾਰੇ ਸ਼ੰਕਿਆਂ ਦੀ ਨਵਿਰਤੀ ਸਹਿਜ-ਸੁਭਾਅ ਹੀ ਕਰੀ ਜਾਂਦੀ ਆਂ। ਮਾਨਵੀ ਮੁੱਲਾਂ ਨੂੰ ਪਛਾੜ ਕੇ ਖਾਹ-ਮਖਾਹ ਦੀ ਹਵਸ-ਹੋੜ ਪਿੱਛੇ ਵਿਆਕਲ ਹੋਈ ਅਜੋਕੇ ਸਮਿਆਂ ਦੀ ਮਾਨਸਿਕਤਾ ਨੂਰੀ ਨੂੰ ਪਤੀ ਦੀ ਹੱਤਿਆ ਪਿੱਛੇ ਕਾਰਜਸ਼ੀਲ ਵੱਡੇ ਕਾਰਨਾਂ ਦੀ ਪਛਾਣ ਵੀ ਕਰਵਾਏਗੀ।

ਤੇ ਸੱਚੀ ਗੱਲ ਐ, ਇਹ ਸਭ ਕੁਝ ਸੁਣੇਗੀ ਵੀ ਤੇ ਸਮਝੇਗੀ ਵੀ। ਇਹ ਮੁੱਢ-ਸ਼ੁਰੂ ਤੋਂ ਸੂਝਵਾਨ ਰਹੀ ਐ, ਇਸ ਪੱਖੋਂ। ਜਿਉਂ-ਜਿਉਂ ਤੂੰ ਇਸ ਦਾ ਜੀਣ-ਥੀਣ ਵਿਚਲਤ ਕਰਨ ਵਾਲੀ ਉਸ ਕਲਮੂੰਹੀ ਲਿਖਤ ਦੇ ਪੱਤਰੇ ਪਰਤਾਈ ਜਾਏਗਾ। ਤਿਉਂ-ਤਿਉਂ ਇਸ ਦੀ ਉਲਝੀ-ਬਿਖ਼ਰੀ ਸੁਰਤ-ਸ਼ਕਤੀ ਤਹਿ ਸਿਰ ਹੁੰਦੀ ਜਾਣੀ।

ਤੈਨੂੰ ਇਹ ਯਤਨ ਇਕ-ਦੋ ਵਾਰ ਨਹੀਂ, ਕਈ ਵਾਰ ਆ ਕੇ ਕਰਨੇ ਪੈਣੇ।

ਪੁਰਾਣੇ ਘਰ ਜਾਂ ਨਵੇਂ ਘਰ ਦਾ ਹਿਸਾਬ-ਕਿਤਾਬ ਤੂੰ ਆਪ ਜੁੜਦਾ ਕਰ ਲਈਂ, ਮੌਕਾ ਵਿਚਾਰ ਕੇ।

# ਪਾਣੀ ਪਤਾਲ ਨੂੰ ਇਮਾਰਤਾਂ ਆਕਾਸ਼ ਨੂੰ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਕਾਰਪੋਰੇਟੀ ਸਿਸਟਮ ਦੀ ਕਾਰਸਤਾਨੀ ਵੇਖੋ ਕਿ ਪੰਜਾਬ ਦਾ ਪਾਣੀ ਪਤਾਲ ਵੱਲ ਨੂੰ ਨਿੱਘਰੀ ਜਾ ਰਿਹੈ ਤੇ ਇਮਾਰਤਾਂ ਆਕਾਸ਼ ਵੱਲ ਨੂੰ ਉੱਸਰੀ ਜਾ ਰਹੀਐਂ! ਕਦੇ ਕਹਾਵਤ ਸੀ, "ਪੱਤੋ ਦੇ ਸ਼ੁਕੀਨ ਬੋਝੇ 'ਚ ਗਾਜਰਾਂ।" ਉਹ ਕਹੌਤ ਹੁਣ ਪੂਰੇ ਪੰਜਾਬ 'ਤੇ ਢੁੱਕਦੀ ਲੱਗਦੀ ਹੈ। ਹੁਣ ਤਾਂ ਸਾਡੇ ਸਾਧਾਰਨ ਪੇਂਡੂ ਭਰਾ ਵੀ ਫੋਕੀਆਂ ਟੌਅਰਾਂ ਨੇ ਪੱਟ ਛੱਡੇ ਨੇ। ਨਿੱਤ ਨਵੀਂ ਰੀਸ ਦੀ ਘੜੀਸ ਹੋ ਰਹੀ ਹੈ। ਸਿੱਟੇ ਵਜੋਂ ਹਾਲਤ ਉਸ ਅਖੌਤ ਵਾਲੀ ਹੋਈ ਪਈ ਹੈ, 'ਵੇਖੋ ਜੱਟ ਦੀ ਅਕਲ ਗਈ, ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋ ਗਿਆ ਲਿੱਦ ਚੱਕਣੀ ਪਈ।' ਕਈ ਸ਼ੁਕੀਨ 'ਕਿਸੇ ਤੋਂ ਘੱਟ ਨਾ ਰਹਿਣ' ਦੀ ਭੇਡ ਚਾਲ ਵਿਚ ਈ ਜ਼ਮੀਨਾਂ ਵੇਚ ਕੇ ਕੋਠੀਆਂ ਬਣਾਈ ਜਾਂਦੇ ਹਨ। ਕਹਿੰਦੇ ਹਨ, "ਜ਼ਮੀਨ ਤਾਂ ਕੋਈ ਮਗਰੋਂ ਦੇਖੂ, ਕੋਠੀ ਪਹਿਲਾਂ ਦਿਸੂ!" ਕੋਈ ਕਹਿੰਦਾ ਹੈ, "ਪੈਸਾ ਕਿਹੜਾ ਕਿਸੇ ਨੂੰ ਦਿਸਦੈ? ਕੋਠੀ ਤਾਂ ਅੰਨ੍ਹਿਆਂ ਨੂੰ ਵੀ ਦੀਂਹਦੀ ਐ!"

ਹਜ਼ਾਰਾ ਸਿੰਘ ਰਮਤਾ ਜਟਕਾ ਕਵੀ ਸੀ। ਉਸ ਨੇ ਇਕ ਵਾਰ ਜਟਕੀ ਗੱਲ ਸੁਣਾਈ। ਅਖੇ ਬਾਣੀਏ ਦੀ ਲਾਟਰੀ ਨਿਕਲ ਆਵੇ ਤਾਂ ਉਹ ਇਕ ਦੁਕਾਨ ਹੋਰ ਖੋਲ੍ਹ ਲੈਂਦੈ। ਅੰਗਰੇਜ਼ ਨੂੰ ਚੈੱਕ ਮਿਲ ਜਾਵੇ ਤਾਂ ਉਹ ਸੈਰ-ਸਪਾਟੇ ਦਾ ਇਕ ਟੂਰ ਹੋਰ ਬਣਾ ਲੈਂਦੈ। ਮੁਸਲਮਾਨ ਨੂੰ ਕਿਤੋਂ ਪੈਸੇ ਮਿਲ ਜਾਣ ਤਾਂ ਉਹ ਇਕ ਵਿਆਹ ਹੋਰ ਕਰਾ ਲੈਂਦੈ। ਜੱਟ ਨੂੰ ਭਾਵੇਂ ਕਰਜ਼ਾ ਚੁੱਕ ਕੇ ਈ ਪੈਸੇ ਮਿਲੇ ਹੋਣ ਉਹ ਇਕ ਕਤਲ ਹੋਰ ਕਰ ਦਿੰਦੈ! ਰਮਤੇ ਦੀ ਗੱਲ 'ਚ ਬੱਸ ਏਨਾ ਵਾਧਾ ਕਰਨ ਦੀ ਲੋੜ ਹੈ ਕਿ ਜੱਟ ਜਦੋਂ ਦੇ 'ਬਾਹਰ' ਦੇ 'ਐਨ ਆਰ ਆਈ' ਬਣੇ ਹਨ ਉਦੋਂ ਤੋਂ ਉਹ ਕਾਫੀ 'ਸੁਧਰ' ਗਏ ਹਨ। ਹੁਣ ਉਹ ਕਮਾਏ ਪੌਂਡਾਂ ਤੇ ਡਾਲਰਾਂ ਨਾਲ ਕਿਸੇ ਦਾ ਕਤਲ ਕਰ ਕੇ 'ਸੂਰਮੇ' ਵੱਜਣ ਦੀ ਥਾਂ ਆਪਣੇ ਪਿੰਡਾਂ ਵਿਚ ਚੜ੍ਹਦੇ ਤੋਂ ਚੜ੍ਹਦੀਆਂ ਕੋਠੀਆਂ ਪਾ ਕੇ 'ਫੰਨੇ ਖਾਂ' ਕਹਾਉਣ ਲੱਗ ਪਏ ਹਨ। ਉਂਜ ਡਰ ਇਹੀ ਹੈ, ਕਿਤੇ ਵੱਟਾਂ ਬੰਨ੍ਹਿਆਂ ਦੇ ਕਤਲਾਂ ਵਾਂਗ ਭਵਿੱਖ 'ਚ ਕੋਠੀਆਂ ਪਿੱਛੇ ਕਤਲ ਨਾ ਹੋਣ ਲੱਗ ਪੈਣ!

ਪੰਜਾਬ ਦੇ ਪਿੰਡਾਂ ਨੂੰ ਉਤੋਂ ਉਤੋਂ ਵੇਖੀਏ ਤਾਂ ਬੜੇ ਰੱਜੇ ਪੁੱਜੇ ਦਿਸਦੇ ਹਨ ਪਰ ਅੰਦਰੋਂ ਕਰਜ਼ੇ ਦੇ ਖਾਧੇ ਪੀਤੇ ਪਏ ਹਨ। ਕੋਠੀਆਂ 'ਚ ਸੰਗਮਰਮਰ ਲੱਗੀ ਜਾਂਦਾ ਹੈ, ਬਾਹਰ ਬਰਬਰ ਉੱਡੀ ਜਾਂਦੀ ਹੈ। ਜਿਨ੍ਹਾਂ ਬੱਚਿਆਂ ਲਈ ਦੁਹਾਸਵੇਂ ਤਿਹਾਸਵੇਂ ਛੱਤੇ ਜਾ ਰਹੇ ਹਨ ਉਨ੍ਹਾਂ ਨੇ ਉਨ੍ਹਾਂ ਵਿਚ ਰਹਿਣਾ ਨਹੀਂ ਤੇ ਜਿਹੜੇ ਉਮਰ ਭਰ ਦੀ ਕਮਾਈ ਲਾ ਰਹੇ ਹਨ ਉਹ ਆਪਣੀ ਹੋਂਦ ਜਤਲਾਉਣ ਤੇ ਹਉਂ ਵਿਖਾਉਣ ਲਈ ਹੀ ਹੂਲੇ ਫੱਕ ਰਹੇ ਹਨ। ਹਾਂ ਇਹ ਗੱਲ ਜ਼ਰੂਰ ਹੈ, ਜਿਹੜੇ ਭਈਏ ਮਜ਼ਦੂਰ ਬਣ ਕੇ ਪੰਜਾਬ ਦੀਆਂ ਕੋਠੀਆਂ ਉਸਾਰ ਰਹੇ ਹਨ, ਆਖ਼ਰ ਉਨ੍ਹਾਂ ਨੇ ਹੀ ਉਹ 'ਸਾਂਭਣੀਆਂ' ਹਨ। ਬਹੁਤ ਸਾਰੀਆਂ ਕੋਠੀਆਂ ਉਹ 'ਸਾਂਭ' ਵੀ ਰਹੇ ਹਨ। ਉਹ ਕੋਠੀਆਂ ਉਤੇ ਪੱਕੇ ਕਬਜ਼ੇ ਕਰ ਲੈਣ ਤਾਂ ਕੋਈ ਅਲੋਕਾਰ ਗੱਲ ਨਹੀਂ ਹੋਵੇਗੀ। ਉਸਾਰੀਆਂ ਜੁ ਉਨ੍ਹਾਂ ਨੇ ਹਨ। ਜੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਵਿਦੇਸ਼ਾਂ 'ਚ ਈ ਵਸ ਜਾਣਾ ਹੈ ਤਾਂ ਭਈਆਂ ਦਾ ਦਾਅ ਲੱਗ ਈ ਜਾਣੈ। ਉਹ ਉਨ੍ਹਾਂ ਦੇ ਉਸਾਰੇ ਮਹਿਲ ਸੁੰਨੇ ਕਿਉਂ ਰਹਿਣ ਛੱਡਣਗੇ?



ਮੈਂ ਢੁੱਡੀਕੇ ਕਾਲਜ ਵਿਚ ਤੀਹ ਕੁ ਸਾਲ ਪੜ੍ਹਾਇਆ। ਆਪਣੇ ਪਿੰਡ ਚਕਰੋਂ ਨਿੱਤ ਵੀਹ ਕਿਲੋਮੀਟਰ ਆਉਣ ਜਾਣ ਦੀ ਥਾਂ ਅਸੀਂ ਢੁੱਡੀਕੇ ਦੇ ਕੈਨੇਡਾ/ਅਮਰੀਕਾ ਰਹਿੰਦੇ ਮਾਲਕਾਂ ਦੀਆਂ ਬਣਾਈਆਂ ਖੁੱਲ੍ਹੀਆਂ ਡੁੱਲ੍ਹੀਆਂ ਕੋਠੀਆਂ ਵਿਚ ਰਹੇ। ਕੋਈ ਕਿਰਾਇਆ ਨਹੀਂ, ਭਾੜਾ ਨਹੀਂ ਅਤੇ ਮਕਾਨ ਦੀ ਮੁਰੰਮਤ ਤੇ ਰੰਗ ਰੋਗਨ ਦਾ ਵੀ ਕੋਈ ਫਿਕਰ ਨਹੀਂ। ਕੋਠੀਆਂ ਪਾਉਣ ਵਾਲਿਆਂ ਨੂੰ ਇਸ ਕਰਕੇ ਕੋਈ ਫਿਕਰ ਨਹੀਂ ਸੀ ਕਿ ਉਨ੍ਹਾਂ ਦੀਆਂ ਕੋਠੀਆਂ ਅਸੀਂ ਮੁਫ਼ਤ ਵਿਚ 'ਸੰਭਾਲੀਆਂ' ਹੋਈਆਂ ਸਨ। ਭਈਆਂ ਨੂੰ ਸੰਭਾਲਦੇ ਤਾਂ ਪੈਸੇ ਦੇਣੇ ਪੈਂਦੇ। ਵਿਚੋਂ ਮੈਂ ਤੇ ਮੇਰੀ ਪਤਨੀ ਅਮਰੀਕਾ ਗਏ ਤਾਂ ਅਮਰੀਕਾ ਵਾਲਿਆਂ ਨੇ ਜ਼ੋਰ ਪਾ ਕੇ ਕਿਹਾ, "ਕੈਨੇਡਾ ਵਾਲਿਆਂ ਦਾ ਮਕਾਨ ਤਾਂ ਤੁਸੀਂ ਬਹੁਤ ਚਿਰ ਸੰਭਾਲ ਲਿਐ, ਹੁਣ ਸਾਡਾ ਵੀ ਸਾਂਭੋ!" ਬਰਨਾਰਡ ਸ਼ਾਅ ਦੀ ਗੱਲ ਸੱਚੀ ਸਾਬਤ ਹੋਈ ਕਿ 'ਮੂਰਖ' ਮਕਾਨ ਬਣਾਉਂਦੇ ਹਨ, 'ਸਿਆਣੇ' ਉਨ੍ਹਾਂ 'ਚ ਰਹਿੰਦੇ ਹਨ।

ਪਿਛਲੇ ਪੰਜਾਹ ਸੱਠ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਹੁਤ ਬਦਲੀ ਹੈ। ਮੈਂ ਕੱਚੇ ਕੋਠਿਆਂ, ਛੱਪਰਾਂ ਤੇ ਛੱਤੜਿਆਂ ਵਾਲੇ ਪਿੰਡ ਵੇਖੇ ਹਨ। ਅੱਜ ਪੰਜਾਬ ਦੇ ਪਿੰਡਾਂ ਦਾ ਮੁਹਾਂਦਰਾ ਹੀ ਹੋਰ ਹੈ। ਪਿੰਡਾਂ ਵਿਚ ਕੋਠੀਆਂ ਉਸਾਰਨ ਦੀ ਦੌੜ ਲੱਗੀ ਹੋਈ ਹੈ, ਜਿਨ੍ਹਾਂ 'ਚ ਬਹੁਤੀਆਂ ਵਿਦੇਸ਼ ਗਏ ਵਿਅਕਤੀਆਂ ਦੀਆਂ ਹਨ। ਕਿਸੇ ਕੋਠੀ ਉਤੇ ਬਣਾਈ ਪਾਣੀ ਦੀ ਟੈਂਕੀ ਨੂੰ ਹਵਾਈ ਜਹਾਜ਼ ਦਾ ਰੂਪ ਦੇ ਦਿੱਤਾ ਗਿਐ, ਕਿਸੇ 'ਤੇ ਟਰੈਕਟਰ ਤੇ ਕਿਸੇ ਉਤੇ ਕਾਰ ਚੜ੍ਹਾ ਦਿੱਤੀ ਗਈ ਹੈ। ਕਿਸੇ ਨੇ ਬਾਜ ਬਣਾਇਆ ਹੈ, ਕਿਸੇ ਨੇ ਸ਼ੇਰ। ਕੋਈ ਫੁੱਟਬਾਲ ਬਣਾਈ ਬੈਠਾ ਹੈ, ਕੋਈ ਭਾਰ ਚੁੱਕਦਾ ਹੋਇਆ ਵੇਟਲਿਫਟਰ। ਕਿਸੇ ਨੇ ਕਬੂਤਰ ਤੇ ਕਿਸੇ ਨੇ ਮੁਰਗਾ ਬਣਾਉਣ ਦਾ ਸ਼ੌਕ ਪਾਲਿਆ ਹੈ। ਸਾਡੇ ਪਿੰਡ ਦੀ ਇਕ ਕੋਠੀ ਉਤੇ ਗੈਸ ਸਿਲੰਡਰ ਦੇ ਵੱਡੇ ਆਕਾਰ ਦੀ ਟੈਂਕੀ ਬਣਾਈ ਗਈ ਹੈ। ਇਕ ਟੈਂਕੀ ਮੈਂ ਬੰਦੂਕ ਫੜੀ ਖੜ੍ਹੇ ਫੌਜੀ ਦੀ ਵੇਖੀ ਤੇ ਇਕ ਤੀਰ ਕਮਾਨ ਚਲਾਉਂਦੇ ਜੋਧੇ ਦੀ। ਹੋ ਸਕਦੈ ਕਿਸੇ ਕੋਠੀ ਦੀ ਟੈਂਕੀ ਤਾਜ ਮਹੱਲ ਵਰਗੀ ਵੀ ਹੋਵੇ। ਕੋਠੀ ਬਣਾਉਣ ਵਾਲੇ ਦੀ ਦਿਲੀ ਰੀਝ ਇਹੋ ਹੁੰਦੀ ਹੈ ਕਿ ਦੇਖਣ ਵਾਲੇ ਦੰਗ ਰਹਿ ਜਾਣ ਤੇ ਕੋਠੀ ਦੀ ਸਿਫਤ ਸਲਾਹ ਕਰਨ। 'ਗਾਹਾਂ ਨੂੰ ਕੋਠੀ 'ਚ ਰਹਿਣ ਰੂਹਣ ਦੀਆਂ ਗੱਲਾਂ ਕੌਣ ਪੁੱਛਦੈ?

ਕਦੇ ਜਲੰਧਰੋਂ ਰੋਪੜ ਵੱਲ ਚੱਲੋ। ਪਿੰਡਾਂ 'ਚ ਚੜ੍ਹਦੀਆਂ ਤੋਂ ਚੜ੍ਹਦੀਆਂ ਕੋਠੀਆਂ ਦੇ ਨਜ਼ਾਰੇ ਦਿਸਣਗੇ। ਨਵਾਂਸ਼ਹਿਰ ਵੱਲ ਵਧੋਗੇ ਤਾਂ ਪੰਜਾਹ ਸੱਠ ਲੱਖ ਤੋਂ ਲੈ ਕੇ ਕਰੋੜ ਦੋ ਕਰੋੜ ਦੀਆਂ ਕੋਠੀਆਂ ਦੇ ਝਲਕਾਰੇ ਪੈਣਗੇ। ਕੋਠੀਆਂ ਪਾਉਣ 'ਚ ਤਾਂ ਹੁਣ ਮਾਝਾ ਮਾਲਵਾ ਵੀ ਦੁਆਬਾ ਬਣ ਚੱਲਿਆ ਹੈ। ਹਿਸਾਬੀ ਕਿਤਾਬੀ ਬੰਦੇ ਦੱਸਦੇ ਹਨ ਕਿ ਪੰਜਾਬੀ ਹਰ ਸਾਲ ਕਰੋੜਾਂ ਦੀ ਸ਼ਰਾਬ ਪੀਂਦੇ ਤੇ ਅਰਬਾਂ ਖਰਬਾਂ ਦੇ ਹੋਰ ਨਸ਼ੇ ਕਰਦੇ ਹਨ। ਏਨੇ ਕੁ ਹੋਰ ਖਰਚੇ ਰੀਸੋ-ਰੀਸੀ ਕੇਵਲ ਵਿਖਾਵੇ ਦੀਆਂ ਕੋਠੀਆਂ, ਕਾਰਾਂ, ਮੈਰਿਜ ਪੈਲਸਾਂ, ਗਹਿਣੇ ਗੱਟੇ, ਡੇਰੇਦਾਰਾਂ ਤੇ ਸਿਆਸੀ ਰੈਲੀਆਂ 'ਤੇ ਹੁੰਦੇ ਵੀ ਜੋੜ ਲਓ। ਪੰਜਾਬ ਸਿਰ ਚੜ੍ਹੇ ਤਿੰਨ ਲੱਖ ਦੇ ਕਰਜ਼ੇ ਤੋਂ ਕਿਤੇ ਵੱਧ ਬਣਨਗੇ। ਏਨੇ ਧਨ ਦਾ ਕੋਈ ਉਤਪਾਦਨ ਵੀ ਹੋਇਆ ਹੋਵੇਗਾ ਜਾਂ ਸਾਰਾ ਖਪਤ ਖਾਤੇ ਚਲਾ ਗਿਆ ਹੋਵੇਗਾ? ਅਰਥ ਸ਼ਾਸਤਰੀ ਹਿਸਾਬ ਲਾ ਕੇ ਦੱਸਣ। ਏਨਾ ਧਨ ਪੰਜਾਬੀਆਂ ਦੇ ਉਤਪਾਦਕ ਰੁਜ਼ਗਾਰ ਉਤੇ ਲੱਗੇ ਤਾਂ ਪੰਜਾਬੀ ਬਾਹਰ ਨੂੰ ਕਿਉਂ ਭੱਜਣ? ਰੰਗਲਾ ਪੰਜਾਬ ਕੰਗਲਾ ਕਿਉਂ ਬਣੇ?

ਟੋਰਾਂਟੋ ਵਿਚ ਇਕ ਬੰਦੇ ਨੇ ਹੋਰ ਈ ਗੱਲ ਦੱਸੀ ਅਖੇ ਉਹਦੇ ਨਾਲ ਕੰਮ ਕਰਦੀ ਇਕ ਦੇਸੀ ਸੁਆਣੀ ਆਖੀ ਜਾਵੇ, "ਮੈਂ ਏਧਰੋਂ ਓਧਰੋਂ ਡਾਲਰ' ਕੱਠੇ ਕਰ ਕੇ ਪਿੰਡ ਕੋਠੀ ਪਾ ਆਈ ਆਂ ਤੇ ਸ਼ਰੀਕਾਂ ਦੀ ਪੂਛ ਨੂੰ ਅੱਗ ਲਾ ਆਈ ਆਂ। ਨੱਕ ਰੱਖਣ ਲਈ ਹੁਣ ਦੇਖਿਓ ਸ਼ਰੀਕ ਜ਼ਮੀਨਾਂ ਜਾਇਦਾਦਾਂ ਵੇਚ ਕੇ ਤੀਹ ਤੀਹ ਚਾਲੀ ਚਾਲੀ ਲੱਖ ਦਿੰਦੇ ਤੇ ਮੁੰਡੇ ਕੁੜੀਆਂ ਨੂੰ ਬਾਹਰ ਭੇਜਦੇ!"

ਪੂਛ ਨੂੰ ਅੱਗ ਲਾਉਣੀ ਸ਼ਰੀਕੇ 'ਚ ਬੜੀ ਕੁੱਤੀ ਸ਼ੈਅ ਹੈ। ਪਿੰਡਾਂ 'ਚ ਜਿਹੜੀਆਂ ਲੱਖਾਂ ਕਰੋੜਾਂ ਦੀਆਂ ਕੋਠੀਆਂ ਵੇਖ ਰਹੇ ਹਾਂ ਇਨ੍ਹਾਂ ਦੇ ਬਹੁਤੇ ਮਾਲਕ ਕਈ ਸਾਲ ਪਹਿਲਾਂ ਤੰਗੀ ਤੁਰਸ਼ੀ ਦੇ ਮਾਰੇ ਪਰਦੇਸਾਂ 'ਚ ਖੱਟਣ ਕਮਾਉਣ ਗਏ ਸਨ। ਉਥੇ ਉਨ੍ਹਾਂ ਨੇ ਹਿੱਕ ਡਾਹ ਕੇ ਕਰੜੇ ਤੋਂ ਕਰੜਾ ਕੰਮ ਕੀਤਾ। ਸੰਡੇ ਵੀ ਲਾਏ ਤੇ ਦੋ-ਦੋ ਸ਼ਿਫਟਾਂ ਵੀ ਲਾਈਆਂ। ਤਾਪ ਚੜ੍ਹੇ ਤੋਂ ਵੀ ਦਿਹਾੜੀ ਨਾ ਭੰਨੀ। ਛੋਟੇ ਵੱਡੇ ਬਿਜ਼ਨਸ ਕੀਤੇ ਤੇ ਜਿੰਨਾ ਕੁ ਟੈਕਸ ਚੋਰੀ ਹੋ ਸਕਿਆ ਉਹ ਵੀ ਕੀਤਾ। ਟਰੱਕਾਂ ਉਤੇ ਨਸ਼ਾ ਪੱਤਾ ਲੰਘਾਉਣ ਦਾ ਰਿਸਕ ਵੀ ਲਿਆ। ਕਮਾਈਆਂ ਕਰਦਿਆਂ ਜੁਆਕਾਂ ਨਾਲ ਲਾਡ ਬਾਡੀਆਂ ਤਾਂ ਕੀ, ਕਈਆਂ ਤੋਂ ਜੁਆਕਾਂ ਦੇ ਮੂੰਹ ਵੀ ਨਹੀਂ ਵੇਖ ਹੋਏ। ਕਮਾਈਆਂ ਦਾ ਬਹੁਤਾ ਧਨ ਕੋਠੀਆਂ 'ਤੇ ਹੀ ਥੱਪਿਆ।

ਹੁਣ ਰਿਸ਼ਤੇਦਾਰਾਂ ਤੇ ਸ਼ਰੀਕਾਂ ਵੱਲੋਂ ਦੱਬੀਆਂ ਜਾ ਰਹੀਆਂ ਕੋਠੀਆਂ ਦੀ ਚਰਚਾ ਵੀ ਸੁਣਨ ਵਿਚ ਆ ਰਹੀ ਹੈ। ਪੁਲਿਸ ਨੇ ਦੱਬੀਆਂ ਹੋਈਆਂ ਕੋਠੀਆਂ ਛੁਡਾਉਣੀਆਂ ਹੁੰਦੀਆਂ ਹਨ ਪਰ ਸੁਣਨ ਵਿਚ ਆਇਐ ਕਈ ਪੁਲਸੀਆਂ ਨੇ ਹੀ ਦੱਬ ਰੱਖੀਆਂ ਹਨ। ਇਹ ਜਿਹੜਾ ਕਰੋੜਾਂ ਅਰਬਾਂ ਰੁਪਈਆ 'ਆਲੀਸ਼ਾਨ' ਤੇ 'ਸ਼ਾਨਦਾਰ' ਕੋਠੀਆਂ ਉਤੇ ਥੱਪਿਆ ਜਾ ਰਿਹੈ, ਕੀ ਇਸ ਧਨ ਦਾ ਮੂੰਹ ਕਦੇ ਉਤਪਾਦਨ ਕਾਰਜਾਂ ਵੱਲ ਵੀ ਹੋਵੇਗਾ? ਜਾਂ ਮੱਝ ਵੇਚ ਕੇ ਘੋੜੀ ਲੈਣ ਦੀ ਥਾਂ ਘੋੜੀ ਵੇਚ ਕੇ ਮੱਝ ਲੈਣ ਦਾ ਤੋਰਾ ਵੀ ਤੁਰੇਗਾ?

## ਲੋਹੜੀ ਨੂੰ ਸਮਰਪਿਤ

### ਕੁੜੀਆਂ

ਮੁੰਡਾ ਜੰਮੇ ਲੱਡੂ ਵੰਡਦੇ,
ਕੁੜੀ 'ਤੇ ਕਿਉਂ ਨਹੀ ਬਰਫ਼ੀ ?
ਕੁੜੀ ਜੰਮਣ 'ਤੇ ਕਿਉਂ ਕੁੜ੍ਹਦੇ,
ਮੁੰਡੇ 'ਤੇ ਖੁਸ਼ੀ ਚੌਤਰਫ਼ੀ ?
ਕੁੜੀ ਮਾਰਾਂ ਦਾ ਭੈੜਾ ਫੱਟਾ,
ਕਿਉਂ ਪੰਜਾਬ ਦੇ ਮੱਥੇ ਲੱਗੇ ?
ਫਿਟਕਾਰਾਂ ਧਰਮ ਭੀ ਮਾਰੇ,
ਫਿਰ ਸੁੱਤਾ ਕਿਉਂ ਨਾ ਜਾਗੇ ?

ਧੀ ਪੁੱਤ ਵਿਚ ਫਰਕ ਨਾ ਕੋਈ,
ਦੋਨੋਂ ਇੱਕੋ ਮਾਂ ਕੁੱਖੋਂ ਜਾਏ।
ਸੀਰ ਚੁੰਘਿਆ ਇੱਕੋ ਮਾਂ ਦਾ,
ਇੱਕੋ ਜਿਹੇ ਨੇ ਲਾਡ ਲਡਾਏ।
ਫਿਰ ਕੁੜੀ ਕਿਉਂ ਭੰਡਦੇ ਨੇ,
ਜੱਗ ਨੂੰ ਮੂਲੋਂ ਸ਼ਰਮ ਨਾ ਆਏ।
ਖੜ੍ਹੇ ਮੱਥੇ 'ਤੇ ਹੱਥ ਮਾਰਨ,
ਪੁੱਤਾਂ ਨਸ਼ਿਆਂ 'ਚ ਚੰਨ ਚੜ੍ਹਾਏ।

ਧੀਆਂ ਪੁੱਤਰ ਤੋਂ ਘੱਟ ਨਹੀਂ,
ਵਿਚ ਅਸਮਾਨੀ ਲਾਵਣ ਤਾਰੀ।
ਜਹਾਜ਼ ਦੀ ਪਾਇਲਟ ਬਣਗੀ,
ਰਾਕਟ ਦੀ ਵੀ ਕਰੇ ਸਵਾਰੀ।
'ਕਲਪਨਾ ਚਾਵਲਾ' ਤੇ 'ਸੁਨੀਤਾ',
ਅਕਾਸ਼ਾਂ ਦੀ ਭਰੇ ਉਡਾਰੀ।
ਫਿਰ ਅੱਜ ਤੱਕ ਕਿਉਂ ਆਖਦੇ,
ਨੀ ਕੁੜੀਏ ਤੂੰ ਕਿਸਮਤ ਮਾਰੀ ?

ਪੁੱਤ ਵਿਆਹੀਏ ਨੂੰਹਾਂ ਆਵਣ,
ਧੀ ਵਿਆਹੀਏ ਤਾਂ ਜਵਾਈ।
ਪੋਤੇ ਪੋਤੀਆਂ ਵਿਹੜੇ ਖੇਡਣ,
ਰਲ ਦੋਹਤੇ ਦੋਹਤੀਆਂ ਤਾਈਂ।
ਰਸਦਾ ਵਸਦਾ ਪਰਿਵਾਰ ਹੋਵੇ,
ਫਿਰ ਲੋਕੀਂ ਸਿਫ਼ਤਾਂ ਕਰਦੇ।
ਖੁਸ਼ੀਆਂ ਖੇੜੇ ਡੁੱਲ੍ਹ ਡੁੱਲ੍ਹ ਪੈਂਦੇ,
ਇਕੱਠੇ ਬੈਠ ਠਹਾਕੇ ਵੱਜਦੇ।

ਕੁੜੀਆਂ ਚਿੜੀਆਂ ਚਹਿਕਣ,
ਤਾਂ ਚੰਗੀਆਂ ਲੱਗਦੀਆਂ ਨੇ।
ਹੱਸਣ ਖੇਡਣ ਮਹਿਕਣ,
ਤਾਂ ਫਿਰ ਉਹ ਜੱਚਦੀਆਂ ਨੇ।
ਮੋਹ ਸਹੁਰੇ ਘਰ ਤੋਂ ਭਾਲਣ,
ਤਾਂ ਫਿਰ ਉਹ ਰੱਚਦੀਆਂ ਨੇ।
ਮਾਪਿਆਂ ਨੂੰ ਭੁੱਲ ਜਾਵਣ,
ਤਾਂ ਸਦਾ ਸੁਖੀ ਵੱਸਦੀਆਂ ਨੇ।

***-ਸੇਵਾ ਸਿੰਘ 'ਨੂਰਪੁਰੀ'***

---

### ਧੀਆਂ

ਸਾਰੀ ਉਮਰ ਬਣ ਕੇ ਰਹਿੰਦੀਆਂ
ਮਾਪਿਆਂ ਦਾ ਪਰਛਾਵਾਂ।
ਪੁੱਤਰਾਂ ਨਾਲੋਂ ਘੱਟ ਨਾ ਧੀਆਂ,
ਇਸ ਵਿਚ ਨਹੀਂ ਦੋ ਰਾਵਾਂ।

ਪੜ੍ਹ ਲਿਖ ਵੱਡਾ ਰੁਤਬਾ ਪਾਵਣ
ਕਰਦੀਆਂ ਹਨ ਤਰੱਕੀ,
ਸਾਬਤ ਹੁੰਦੀਆਂ ਕਈ ਵਾਰ ਇਹ
ਪੁੱਤਰਾਂ ਤੋਂ ਵੱਧ ਲੱਕੀ,
ਇਨ੍ਹਾਂ ਨਾਲ ਹੈ ਜੁੜਿਆ
ਉੱਚੇ ਅਹੁਦਿਆਂ ਦਾ ਸਿਰਨਾਵਾਂ।
ਪੁੱਤਰਾਂ...।

ਬਣ ਕੇ ਕਲਪਨਾ ਧੀ ਰਾਣੀ
ਜਦ ਉੱਡਦੀ ਵਿਚ ਅਸਮਾਨੀਂ,
ਹੌਂਸਲਿਆਂ ਭਰੀ ਉਡਾਣ ਦੇਖ ਕੇ
ਅੰਬਰਾਂ ਨੂੰ ਹੋਵੇ ਹੈਰਾਨੀ,
ਇਨ੍ਹਾਂ ਦੇ ਹੱਕ ਵਿਚ ਭੁਗਤਦੀਆਂ
ਤਿੱਖੀਆਂ ਤੇਜ਼ ਹਵਾਵਾਂ।
ਪੁੱਤਰਾਂ...।

ਹਰ ਖੇਤਰ ਵਿਚ ਕਾਇਮ ਹੋ ਰਹੀ
ਧੀਆਂ ਦੀ ਸਰਦਾਰੀ,
ਕਲਾ, ਸਾਹਿਤ ਤੇ ਸਭਿਆਚਾਰ ਵਿਚ
ਮੱਲ ਇਨ੍ਹਾਂ ਨੇ ਮਾਰੀ,
ਰਾਜਨੀਤੀ ਦੇ ਖੇਤਰ ਵਿਚ ਵੀ
ਵੱਡ ਮੁੱਲੀਆਂ ਸੇਵਾਵਾਂ।
ਪੁੱਤਰਾਂ...।

ਦੁੱਖ ਸੁੱਖ ਦੀਆਂ ਭਾਈਵਾਲ ਬਣਦੀਆਂ
ਔਖੇ ਸੌਖੇ ਵੇਲੇ,
ਇਨ੍ਹਾਂ ਨਾਲ ਹੀ ਸੋਹਣੇ ਲੱਗਦੇ ਹਨ
ਤੀਆਂ ਦੇ ਮੇਲੇ,
ਆਪਣੇ ਬਾਬਲ ਦੇ ਵੇਹੜੇ ਨੂੰ
ਦਿੰਦੀਆਂ ਸਦਾ ਦੁਆਵਾਂ।
ਪੁੱਤਰਾਂ...।

ਭਰੀ ਧੀਆਂ ਦੇ ਹੱਕ ਵਿਚ
ਬਾਬੇ ਨਾਨਕ ਨੇ ਵੀ ਹਾਮੀ,
ਰਾਜੇ ਰਾਣਿਆਂ ਦੀ ਜਣਨੀ ਵਿਚ
ਹੋ ਸਕਦੀ ਕਿਵੇਂ ਖਾਮੀ,
ਇਸ ਗੱਲ ਨੂੰ ਸਮਝ ਰਿਹਾ
ਪਰ ਜਗ ਵਿਚ ਵਿਰਲਾ ਟਾਂਵਾਂ।
ਪੁੱਤਰਾਂ...।

ਪੁੱਤਰਾਂ ਵਾਂਗੂੰ ਧੀਆਂ ਦੀ ਵੀ
ਲੋਹੜੀ ਆਪਾਂ ਮਨਾਈਏ,
'ਚੋਹਲੇ' ਵਾਲਾ 'ਬੱਗਾ' ਕਹਿੰਦਾ
ਵਿੱਥਾਂ ਨੂੰ ਮਿਟਾਈਏ,
ਹੋਂਦ ਇਨ੍ਹਾਂ ਦੀ ਨਾਲ ਬਣਦੀਆਂ
ਮਾਂਵਾਂ ਠੰਢੀਆਂ ਛਾਂਵਾਂ।
ਪੁੱਤਰਾਂ ਨਾਲੋਂ ਘੱਟ ਨਾ ਧੀਆਂ
ਇਸ ਵਿਚ ਨਹੀਂ ਦੋ ਰਾਵਾਂ।

***-ਰਮੇਸ਼ ਬੱਗਾ ਚੋਹਲਾ***
***ਫੋਨ:9463132719***

### ਇਨਸਾਨ ਵਰਗਾ ਕਿਰਦਾਰ

ਕੁਝ ਬੋਲਿਆ ਤਾਂ ਚੁਭਣਗੇ ਬੋਲ ਉਨ੍ਹਾਂ ਨੂੰ,
ਜੋ ਆਪਣੀ ਹੀ ਕਿਰਤ ਦੇ ਵਫਾਦਾਰ ਨਾਹੀਂ।
ਦੁਨੀਆ 'ਤੇ ਉਸ ਮਨੁੱਖ ਦਾ ਜਿਊਣਾ ਬਿਰਥਾ,
ਜਿਸ ਨੂੰ ਆਪਣੇ ਹੀ ਹੁਨਰ ਦੀ ਕਦਰ ਨਾਹੀਂ।

ਸਫਲਤਾ ਦੀਆਂ ਬੁਲੰਦੀਆਂ ਕਦੇ ਉਹ ਛੂਹੰਦੇ ਨਾ,
ਜੋ ਕਰਨ ਸਮੇਂ ਦਾ ਸਦਉਪਯੋਗ ਨਾਹੀਂ।
ਨਵਾਂ ਕੁਝ ਹੋਰ ਨਹੀਂ ਸਿਰਜ ਸਕਦੇ,
ਜਿਨ੍ਹਾਂ ਨੂੰ ਆਪਣੇ ਆਪ 'ਤੇ ਇਤਬਾਰ ਨਾਹੀਂ।

ਹਰ ਥਾਂ ਜੋ ਪੈਸੇ ਨੂੰ ਹੀ ਮੁੱਖ ਰੱਖਦੇ,
ਉਨ੍ਹਾਂ ਦੇ ਜੀਵਨ ਵਿਚ ਹੁੰਦੀ ਬਹਾਰ ਨਾਹੀਂ।
ਬੰਦਾ ਬਣ ਕੇ ਵੀ ਜੇਕਰ ਨਾਮ ਕਮਾਇਆ ਨਾ,
ਮਨੁੱਖੀ ਜੀਵਨ ਦਾ ਉਹ ਹੱਕਦਾਰ ਨਾਹੀਂ।

ਸੋਹਣੀ ਸੂਰਤ ਸੀਰਤ ਦਾ ਕੀ ਫ਼ਾਇਦਾ,
ਜੇਕਰ ਮੂੰਹ ਵਿਚ ਪਿਆਰ ਦੇ ਦੋ ਬੋਲ ਨਾਹੀਂ।
ਦੁਨੀਆ ਸਾਮ੍ਹਣੇ ਚੰਗੇ ਬਣਨ ਦਾ ਕੀ ਫ਼ਾਇਦਾ,
ਜੇਕਰ ਕੀਤਾ ਮਾਂ-ਬਾਪ ਦਾ ਸਤਿਕਾਰ ਨਾਹੀਂ।

'ਮੁੰਡੇ' ਇਸ ਜਹਾਨ ਵਿਚ ਆ ਕੇ ਕੀ ਖੱਟਿਆ ਤੂੰ,
ਜੇਕਰ ਸਿਰਜਿਆ ਇਨਸਾਨ ਵਰਗਾ ਕਿਰਦਾਰ ਨਾਹੀਂ।

**-ਡਾ. ਸੰਦੀਪ ਸਿੰਘ ਮੁੰਡੇ**
**ਫੋਨ: 94136-52646**

# ਹਰ ਪਾਸੇ ਮੁੱਦਿਆਂ ਦੇ ਢੇਰ, ਹੱਲ ਕਿਸੇ ਦਾ ਨਿਕਲਦਾ ਨਜ਼ਰ ਨਹੀਂ ਪੈ ਰਿਹਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਦੁਨੀਆ ਹੋਵੇ, ਭਾਰਤ ਜਾਂ ਫਿਰ ਸਾਡਾ ਪੰਜਾਬ, ਹਰ ਵਾਰੀ ਸਾਡੇ ਲੋਕ ਕਿਸੇ ਭਲੇ ਦੀ ਆਸ ਕਰਦੇ ਹਨ, ਪਰ ਸਮਾਂ ਹਰ ਵਾਰੀ ਇਹ ਦੱਸਣ ਨੂੰ ਕਾਹਲਾ ਦਿਖਾਈ ਦੇਂਦਾ ਹੈ ਕਿ ਜਿਨ੍ਹਾਂ ਸਮੱਸਿਆਵਾਂ ਦਾ ਅਜੇ ਤੱਕ ਕੋਈ ਹੱਲ ਨਹੀਂ ਮਿਲਿਆ, ਉਨ੍ਹਾਂ ਦਾ ਹੱਲ ਲੱਭਣ ਦੀ ਹਾਲੇ ਵੀ ਬਹੁਤੀ ਆਸ ਨਾ ਰੱਖਿਓ। ਇਸ ਵਾਰ ਨਵਾਂ ਸਾਲ ਚੜ੍ਹਦੇ ਸਾਰ ਲੋਕੀਂ ਇਹ ਵੇਖ ਅਤੇ ਸੁਣ ਰਹੇ ਹਨ ਕਿ ਸਮੱਸਿਆਵਾਂ ਦੀ ਹਰ ਪਾਸੇ ਝੜੀ ਲੱਗੀ ਹੋਈ ਹੈ, ਪਰ ਹੱਲ ਕਿਸੇ ਪਾਸੇ ਨਹੀਂ ਦਿਸਦਾ।

ਪਹਿਲਾਂ ਅਸੀਂ ਸੰਸਾਰ ਦੀ ਹਾਲਤ ਵੇਖ ਲਈਏ ਤਾਂ ਜਿਹੜੀ ਜੰਗ ਯੂਕਰੇਨ ਖਿਲਾਫ ਰੂਸ ਨੇ ਪਿਛਲੇ ਸਾਲ ਵੀਹ ਫਰਵਰੀ ਨੂੰ ਛੇੜੀ ਸੀ, ਸਾਢੇ ਦਸ ਮਹੀਨੇ ਲੰਘਣ ਦੇ ਬਾਅਦ ਵੀ ਉਸੇ ਤਰ੍ਹਾਂ ਚੱਲੀ ਜਾਂਦੀ ਹੈ। ਯੂਕਰੇਨ ਦੀ ਸਰਕਾਰ ਕਦੇ ਵੀ ਆਪਣੇ ਸਿਰ ਏਡੀ ਲੰਮੀ ਜੰਗ ਨਹੀਂ ਸੀ ਲੜ ਸਕਦੀ, ਪਿੱਛੋਂ ਅਮਰੀਕੀ ਧੜੇ ਦੇ ਦੇਸ਼ਾਂ ਤੋਂ ਮਿਲਦੇ ਗੋਲਾ-ਬਾਰੂਦ ਜਾਂ ਅੰਨ-ਦਾਣੇ ਅਤੇ ਫੰਡਾਂ ਨਾਲ ਉਹ ਰੂਸ ਅੱਗੇ ਡਟਿਆ ਖੜ੍ਹਾ ਹੈ ਤੇ ਰੂਸ ਆਪਣੀ ਧੌਂਸ ਮਨਾਉਣ ਲਈ ਆਖਰੀ ਹੱਦ ਛੂਹਣ ਲਈ ਸਿਰ-ਪਰਨੇ ਜਾਪਦਾ ਹੈ। ਅਫਗਾਨਿਸਤਾਨ ਵਿਚ ਆਪਣੀ ਫੌਜ ਦਾ ਮੋਟਾ ਨੁਕਸਾਨ ਕਰਵਾਉਣ ਪਿੱਛੋਂ ਅਮਰੀਕਾ ਦੇ ਹਾਕਮ ਕੰਨੀ ਖਿਸਕਾ ਗਏ ਸਨ ਤੇ ਉਨ੍ਹਾਂ ਦੀ ਥਾਂ ਪਾਕਿਸਤਾਨ ਕਸੂਤਾ ਫਸ ਗਿਆ ਹੈ। ਤਹਿਰੀਕੇ ਤਾਲਿਬਾਨ ਪਾਕਿਸਤਾਨ ਦੇ ਨਾਂਅ ਉੱਤੇ ਤਾਲਿਬਾਨ ਦੀ ਇਕ ਸ਼ਾਖ ਬੀਤੇ ਕਈ ਸਾਲਾਂ ਤੋਂ ਪਾਕਿਸਤਾਨ ਵਿਰੁੱਧ ਹਮਲਾਵਰੀ ਕਰਦੀ ਆਈ ਹੈ ਅਤੇ ਅੱਜ-ਕੱਲ੍ਹ ਹਮਲੇ ਹੋਰ ਤਿੱਖੇ ਕਰ ਦਿੱਤੇ ਹਨ। ਪਾਕਿਸਤਾਨ ਨੇ ਤਾਲਿਬਾਨ ਨੂੰ ਕਿਹਾ ਕਿ ਇਹ ਤੁਹਾਡੇ ਆਪਣੇ ਬੰਦੇ ਹਨ, ਸਾਡੇ ਉੱਤੇ ਹਮਲੇ ਕਰਨ ਤੋਂ ਰੋਕੋ, ਪਰ ਜਦੋਂ ਇਹ ਗੱਲ ਨਾ ਮੰਨੀ ਗਈ ਤਾਂ ਪਾਕਿਸਤਾਨ ਨੇ ਤਾਲਿਬਾਨ ਨੂੰ ਇਹ ਧਮਕੀ ਦੇ ਦਿੱਤੀ ਕਿ ਜੇ ਉਨ੍ਹਾਂ ਵਿਰੁੱਧ ਤੁਸੀਂ ਕਾਰਵਾਈ ਨਾ ਕੀਤੀ ਤਾਂ ਅਸੀਂ ਅਫਗਾਨਿਸਤਾਨ ਅੰਦਰ ਆ ਕੇ ਉਨ੍ਹਾਂ ਉੱਤੇ ਹਮਲੇ ਕਰਨ ਲਈ ਮਜਬੂਰ ਹੋਵਾਂਗੇ। ਅੱਗੋਂ ਤਾਲਿਬਾਨ ਨੇ ਪਾਕਿਸਤਾਨ ਨੂੰ ਬੰਗਲਾ ਦੇਸ਼ ਬਣਨ ਵੇਲੇ ਭਾਰਤੀ ਫੌਜ ਦੇ ਜਰਨੈਲ ਜਗਜੀਤ ਸਿੰਘ ਅਰੋੜਾ ਸਾਹਮਣੇ ਹਥਿਆਰ ਸੁੱਟਣ ਦੇ ਕਾਗਜ਼ਾਂ ਉੱਤੇ ਦਸਤਖਤ ਕਰਦੇ ਪਾਕਿਸਤਾਨ ਦੇ ਜਰਨੈਲ ਏ ਏ ਕੇ ਨਿਆਜ਼ੀ ਦੀ ਫੋਟੋ ਵਿਖਾ ਕੇ ਕਹਿ ਦਿੱਤਾ ਕਿ ਪਾਕਿਸਤਾਨੀ ਫੌਜ ਨੇ ਅਫਗਾਨਿਸਤਾਨ ਉੱਤੇ ਹਮਲਾ ਕੀਤਾ ਤਾਂ ਇਹੀ ਕੁਝ ਇੱਕ ਵਾਰ ਫਿਰ ਤੁਹਾਡੇ ਨਾਲ ਹੋਊਗਾ। ਉਨ੍ਹਾਂ ਨੇ ਉਸ ਪਾਕਿਸਤਾਨ ਨੂੰ ਸ਼ੀਸ਼ਾ ਵਿਖਾਉਣ ਦੀ ਜੁਰਅਤ ਕੀਤੀ ਹੈ, ਜਿਹੜਾ ਪਿਛਲੇ ਤੀਹਾਂ ਸਾਲਾਂ ਤੋਂ ਉਨ੍ਹਾਂ ਨੂੰ ਪੈਦਾ ਕਰਨ ਤੋਂ ਲੈ ਕੇ ਔਖੇ ਵਕਤ ਅਮਰੀਕਾ ਤੋਂ ਲੁਕਾਉਣ ਅਤੇ ਉਨ੍ਹਾਂ ਦੇ ਦੇਸ਼ ਉੱਤੇ ਫਿਰ ਉਨ੍ਹਾਂ ਦਾ ਕਬਜ਼ਾ ਕਰਵਾਉਣ ਤੱਕ ਹਰ ਕਿਸਮ ਦੀ ਮਦਦ ਲਗਾਤਾਰ ਕਰਦਾ ਰਿਹਾ ਸੀ।

ਭਾਰਤ ਵਿਚਲੇ ਵੱਡੇ ਮਸਲਿਆਂ ਦੀ ਲੜੀ ਛੋਹਣੀ ਬੇਲੋੜੀ ਹੈ, ਚੋਣਵੇਂ ਮੁੱਦੇ ਛੋਹਣੇ ਹੋਣ ਤਾਂ ਕੇਂਦਰ ਸਰਕਾਰ ਚਲਾ ਰਹੀ ਸਿਆਸੀ ਧਿਰ ਦੀ ਦੋਵੀਂ ਥਾਂਈਂ ਆਪਣੀ ਸਰਕਾਰ ਦੇ ਬਾਵਜੂਦ ਮਹਾਰਾਸ਼ਟਰ ਤੇ ਕਰਨਾਟਕ ਵਿਚ ਇਲਾਕਿਆਂ ਦਾ ਰੌਲਾ ਲਗਾਤਾਰ ਵਧੀ ਜਾਂਦਾ ਹੈ। ਪਹਿਲਾਂ ਕਰਨਾਟਕਾ ਨੇ ਕਿਹਾ ਸੀ ਕਿ ਉਸ ਦੇ ਢਾਈ ਸੌ ਪਿੰਡ ਬੀਤੇ ਸਾਢੇ ਛੇ ਦਹਾਕਿਆਂ ਤੋਂ ਮਹਾਰਾਸ਼ਟਰ ਨਾਜਾਇਜ਼ ਦੱਬੀ ਬੈਠਾ ਹੈ, ਉਹ ਉਸ ਤੋਂ ਛੁਡਾਉਣੇ ਹਨ। ਫਿਰ ਮਹਾਰਾਸ਼ਟਰ ਵਿਚ ਭਾਜਪਾ ਅਤੇ ਸ਼ਿਵ ਸੈਨਾ ਨਾਲੋਂ ਟੁੱਟੇ ਹੋਏ ਧੜੇ ਦੀ ਸਾਂਝੀ ਸਰਕਾਰ ਨੇ ਕਹਿ ਦਿੱਤਾ ਕਿ ਉਹ ਪਿੰਡ ਅਸੀਂ ਨਹੀਂ ਛੱਡਣੇ, ਉਨ੍ਹਾਂ ਨੂੰ ਮੰਗਣ ਦੀ ਬਜਾਏ ਕਰਨਾਟਕਾ ਸਾਢੇ ਅੱਠ ਸੌ ਤੋਂ ਵੱਧ ਸਾਡੇ ਪਿੰਡ ਛੱਡੇ, ਨਹੀਂ ਤਾਂ ਅਸੀਂ ਛੁਡਾ ਲਵਾਂਗੇ। ਇਸ ਰੌਲੇ ਮਗਰੋਂ ਦੋ ਸੌ ਤੋਂ ਵੱਧ ਪਿੰਡਾਂ ਨੇ ਮਤਾ ਪਾਸ ਕਰ ਦਿੱਤਾ ਕਿ ਉਹ ਮਹਾਰਾਸ਼ਟਰ ਨਾਲ ਨਹੀਂ ਰਹਿਣਾ ਚਾਹੁੰਦੇ, ਮੱਧ ਪ੍ਰਦੇਸ਼ ਦੇ ਨਾਲ ਜੁੜਨਾ ਚਾਹੁੰਦੇ ਹਨ। ਝਗੜੇ ਵਿਚ ਖਿੱਚੇ ਗਏ ਇਸ ਤੀਸਰੇ ਰਾਜ ਮੱਧ ਪ੍ਰਦੇਸ਼ ਦੀ ਸਰਕਾਰ ਵੀ ਭਾਜਪਾ ਦੀ ਹੈ ਅਤੇ ਤਿੰਨਾਂ ਥਾਂਵਾਂ ਦੀਆਂ ਭਾਜਪਾ ਦੀਆਂ ਆਪਣੀਆਂ ਸਰਕਾਰਾਂ ਆਪੋ ਵਿਚ ਲੜਨ ਨੂੰ ਤਿਆਰ ਹੋਈ ਜਾਂਦੀਆਂ ਹਨ। ਜੇ ਇਹ ਖੇਡ ਕੁਝ ਅੱਗੇ ਵਧ ਗਈ ਤਾਂ ਪੰਜਾਬ ਤੇ ਹਰਿਆਣਾ ਸਮੇਤ ਹੋਰ ਵੀ ਕਈ ਰਾਜਾਂ ਵਿਚ ਇਹੋ ਜਿਹੇ ਝਗੜੇ ਭਖ ਪੈਣਗੇ।

ਪੰਜਾਬ ਅਤੇ ਹਰਿਆਣਾ ਵਿਚਾਲੇ ਪਾਣੀਆਂ ਦਾ ਮੁੱਦਾ ਕਿਸੇ ਪਾਸੇ ਨਹੀਂ ਲੱਗ ਰਿਹਾ ਤੇ ਬੀਤੇ ਹਫਤੇ ਇਸ ਮੁੱਦੇ ਦੇ ਹੱਲ ਲਈ ਕੇਂਦਰ ਦੇ ਪਾਣੀ ਵਸੀਲਿਆਂ ਬਾਰੇ ਮੰਤਰੀ ਦੀ ਮੀਟਿੰਗ ਵਿਚੋਂ ਵੀ ਕੋਈ ਕਿਰਨ ਨਜ਼ਰ ਨਹੀਂ ਆਈ। ਉਸ ਦਿਨ ਹਰਿਆਣੇ ਦਾ ਮੁੱਖ ਮੰਤਰੀ ਸੁਪਰੀਮ ਕੋਰਟ ਦੇ ਉਹ ਫੈਸਲੇ ਲਾਗੂ ਕਰਨ ਉੱਤੇ ਜ਼ੋਰ ਲਾਈ ਗਿਆ ਸੀ, ਜਿਨ੍ਹਾਂ ਵਿਚ ਹਰ ਵਾਰੀ ਪੰਜਾਬ ਨੂੰ ਸੱਟ ਵੱਜਦੀ ਰਹੀ ਸੀ ਤੇ ਪੰਜਾਬ ਦੇ ਮੁੱਖ ਮੰਤਰੀ ਨੇ ਉਨ੍ਹਾਂ ਫੈਸਲਿਆਂ ਨੂੰ ਗਲਤ ਧਾਰਨਾਵਾਂ ਨਾਲ ਕੀਤੇ ਹੋਏ ਦੱਸ ਕੇ ਮੁੱਢੋਂ-ਸੁੱਢੋਂ ਨਵੇਂ ਸਿਰੇ ਤੋਂ ਮਸਲਾ ਵਿਚਾਰਨ ਉੱਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਦੇ ਵੱਖ ਹੋਣ ਵਾਲੇ ਸਮੇਂ ਨਾਲੋਂ ਅੱਜ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਘਟ ਗਿਆ ਹੈ ਤੇ ਪਹਾੜਾਂ ਉੱਤੇ ਉਸ ਵਕਤ ਜਿੰਨੀ ਬਰਫ ਵੀ ਨਹੀਂ ਰਹੀ ਤਾਂ ਨਵੇਂ ਹਾਲਾਤ ਵਿਚ ਪੁਰਾਣੀਆਂ ਗੱਲਾਂ ਕਰਨ ਦਾ ਵੀ ਕੋਈ ਫਾਇਦਾ ਨਹੀਂ, ਪੰਜਾਬ ਤੋਂ ਪਾਣੀ ਮੰਗਣ ਦੀ ਥਾਂ ਪੰਜਾਬ ਨੂੰ ਪਾਣੀ ਦੇਣ ਦੀ ਲੋੜ ਪੈ ਜਾਣੀ ਹੈ। ਨਾਲ ਇਹ ਵੀ ਤੱਥ ਮੂਹਰੇ ਰੱਖ ਦਿੱਤੇ ਕਿ ਪੰਜਾਬ ਵੱਡਾ ਹੈ ਤੇ ਹਰਿਆਣਾ ਛੋਟਾ ਹੋਣ ਦੇ ਬਾਵਜੂਦ ਅੱਜ ਦੀ ਤਰੀਕ ਵਿਚ ਪੰਜਾਬ ਤੋਂ ਵੱਧ ਪਾਣੀ ਵਰਤ ਰਿਹਾ ਹੈ, ਨੁਕਸਾਨ ਤਾਂ ਪੰਜਾਬ ਦਾ ਹੋਈ ਜਾਂਦਾ ਹੈ, ਇਸ ਦੀ ਭਰਪਾਈ ਹੋਣੀ ਚਾਹੀਦੀ ਹੈ, ਹਰਿਆਣੇ ਨਾਲ ਬਹੁਤਾ ਲਿਹਾਜ਼ ਕਰਦੇ ਰਹਿਣ ਦੀ ਨੀਤੀ ਠੀਕ ਨਹੀਂ ਮੰਨੀ ਜਾ ਸਕਦੀ। ਸਾਫ ਹੈ ਕਿ ਇਹ ਮਸਲਾ ਮੁੜ ਕੇ ਸੁਪਰੀਮ ਕੋਰਟ ਵਿਚ ਪੁੱਜਣ ਵਾਲਾ ਮਾਹੌਲ ਬਣ ਗਿਆ ਹੈ। ਪਾਣੀ ਦੀ ਲੜਾਈ ਜਿਸ ਥਾਂ ਤੋਂ ਸ਼ੁਰੂ ਹੋਈ ਸੀ, ਫਿਰ ਓਥੇ ਦੀ ਓਥੇ ਪਹੁੰਚ ਗਈ ਜਾਪਦੀ ਹੈ।

ਇਸ ਪਿੱਛੋਂ ਪੰਜਾਬ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹ ਦੋਸ਼ ਲਾਉਣ ਲੱਗੀਆਂ ਹਨ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਫਸਾ ਦੇਣਾ ਹੈ, ਇਸ ਦੇ ਪਿੱਛੇ ਪੰਜਾਬ ਦਾ ਪਾਣੀ ਹਰਿਆਣੇ ਨੂੰ ਵੇਚਣ ਵਾਲੀ ਚਾਲ ਨਜ਼ਰ ਆਉਂਦੀ ਹੈ, ਇਸ ਕਰਕੇ ਕੋਈ ਗੱਲ ਮੰਨਣੀ ਨਹੀਂ ਚਾਹੀਦੀ। ਇਹ ਦੋਸ਼ ਲਾਉਣ ਵਾਲੀਆਂ ਪਾਰਟੀਆਂ ਨੇ ਆਪਣੇ ਰਾਜ ਵੇਲੇ ਸੁਪਰੀਮ ਕੋਰਟ ਜਾਂ ਕੇਂਦਰ ਸਰਕਾਰ ਕੋਲ ਪੰਜਾਬ ਦਾ ਕੇਸ ਠੀਕ ਤਰ੍ਹਾਂ ਪੇਸ਼ ਕੀਤਾ ਹੁੰਦਾ ਤਾਂ ਜਿਸ ਮੁਸ਼ਕਲ ਵਿਚ ਇਸ ਵੇਲੇ ਫਸ ਚੁੱਕਾ ਹੈ, ਉਸ ਵਿਚ ਪੰਜਾਬ ਨੇ ਫਸਣਾ ਹੀ ਕਦੇ ਨਹੀਂ ਸੀ। ਨਵੇਂ ਮੁੱਖ ਮੰਤਰੀ ਨੇ ਜਿਹੜੇ ਦੋ ਫਾਰਮੂਲੇ ਕੇਂਦਰ ਸਾਹਮਣੇ ਰੱਖੇ ਹਨ, ਉਹ ਇਨ੍ਹਾਂ ਪਾਰਟੀਆਂ ਨੇ ਕਦੇ ਨਹੀਂ ਸੀ ਰੱਖੇ। ਪਹਿਲਾ ਮੁੱਦਾ ਇਹ ਕਿ ਹਰਿਆਣਾ ਨਾਲ ਵੰਡ ਕਰਨ ਵੇਲੇ ਪੰਜਾਬ ਦੇ ਪਾਣੀਆਂ ਦੀ ਇਕੱਲੀ ਗੱਲ ਨਹੀਂ ਸੀ ਹੋਣੀ ਚਾਹੀਦੀ, ਠੀਕ ਵੰਡ ਕਰਨੀ ਸੀ ਤਾਂ ਹਰਿਆਣੇ ਵਿਚ ਵਗਣ ਵਾਲੇ ਜਮਨਾ ਦਾ ਪਾਣੀ ਵੀ ਇਸ ਵਿਚ ਗਿਣਨਾ ਚਾਹੀਦਾ ਸੀ ਤੇ ਦੂਸਰਾ ਦੋਵਾਂ ਰਾਜਾਂ ਵਿਚਾਲੇ ਵਗਦੇ ਘੱਗਰ ਦਰਿਆ ਦਾ ਪਾਣੀ ਇਕੱਲਾ ਹਰਿਆਣਾ ਵਰਤ ਰਿਹਾ ਹੈ, ਉਹ ਵੀ ਇਸ ਵਿਚ ਗਿਣਨਾ ਚਾਹੀਦਾ ਹੈ। ਪਿਛਲੀਆਂ ਸਰਕਾਰਾਂ ਨੇ ਇਸ ਬਾਰੇ ਕਦੇ ਕਿਸੇ ਪੱਧਰ ਉੱਤੇ ਬਾਕਾਇਦਾ ਪੈਂਤੜਾ ਮੱਲਿਆ ਹੋਵੇ, ਇਸ ਦੀ ਸਾਨੂੰ ਜਾਣਕਾਰੀ ਨਹੀਂ। ਅਜੋਕਾ ਮੁੱਖ ਮੰਤਰੀ ਜੇ ਇਸ ਮੁੱਦੇ ਉੱਤੇ ਅੱਗੇ ਗੱਲ ਚਲਾਉਂਦਾ ਹੈ ਤਾਂ ਸਰਕਾਰੀ ਪੱਧਰ ਤੱਕ ਰਹੇ ਜਾਂ ਸੁਪਰੀਮ ਕੋਰਟ ਤੱਕ ਪਹੁੰਚ ਜਾਵੇ, ਇਸ ਦਾ ਹੱਲ ਵੀ ਸੰਸਾਰ ਤੇ ਦੇਸ਼ ਪੱਧਰ ਦੇ ਬਾਕੀ ਮੁੱਦਿਆਂ ਵਾਂਗ ਹਾਲ ਦੀ ਘੜੀ ਛੇਤੀ ਨਿਕਲਦਾ ਨਹੀਂ ਜਾਪਦਾ।

ਏਨੇ ਸਾਰੇ ਮੁੱਦਿਆਂ ਦੇ ਬਾਅਦ ਹੋਰ ਗਿਣਨੇ ਹੋਣ ਤਾਂ ਜਲੰਧਰ ਦੇ ਲਤੀਫਪੁਰਾ ਵਿਚ ਵਸਦੇ ਲੋਕਾਂ ਦੇ ਉਜਾੜੇ ਦਾ ਮੁੱਦਾ ਵੀ ਵਿਚਾਲੇ ਫਸਿਆ ਹੈ, ਜ਼ੀਰੇ ਦੀ ਸ਼ਰਾਬ ਫੈਕਟਰੀ ਦਾ ਮਾਮਲਾ ਵੀ ਹੱਲ ਨਹੀਂ ਹੋ ਰਿਹਾ ਅਤੇ ਬੇਅਦਬੀ ਕਾਂਡ ਦੇ ਵਿਰੁੱਧ ਬਹਿਬਲ ਕਲਾਂ ਵਾਲਾ ਮੋਰਚਾ ਵੀ ਅਜੇ ਤੱਕ ਚੱਲੀ ਜਾਂਦਾ ਹੈ। ਕਾਲਜਾਂ, ਟੀਚਰਾਂ ਤੋਂ ਬੱਸਾਂ ਦੇ ਰੂਟਾਂ ਤੱਕ ਉਲਝਣ ਤੇ ਪਿਛਲੇ ਸਮੇਂ ਵਿਚ ਭਰਤੀ ਹੋਣ ਪਿੱਛੋਂ ਨੌਕਰੀ ਉੱਤੇ ਨਾ ਰੱਖੇ ਗਏ ਪਿਛਲੀਆਂ ਸਰਕਾਰਾਂ ਦੇ ਸਤਾਏ ਲੋਕਾਂ ਦੇ ਕੇਸ ਵੀ ਵਿਚਾਲੇ ਲਟਕ ਰਹੇ ਹਨ। ਕਦੀ-ਕਦੀ ਟਰੱਕ ਅਪਰੇਟਰਾਂ ਜਾਂ ਕਿਸੇ ਹੋਰ ਧਿਰ ਵੱਲੋਂ ਅਚਾਨਕ ਇੱਕ ਹੋਰ ਮੋਰਚਾ ਖੋਲ੍ਹਣ ਅਤੇ ਫਿਰ ਸਰਕਾਰ ਨਾਲ ਗੱਲਾਂ ਦੇ ਕਈ ਦੌਰ ਚੱਲਣ ਦੇ ਬਾਅਦ ਹੱਲ ਨਿਕਲਣ ਦੀ ਚਰਚਾ ਵੀ ਸੁਣੀ ਜਾਂਦੀ ਹੈ, ਪਰ ਹੱਲ ਹਰ ਪਾਸੇ ਵਕਤੀ ਜਿਹੇ ਨਿਕਲਦੇ ਹਨ, ਪੱਕਾ ਹੱਲ ਕਿਤੇ ਕੋਈ ਨਹੀਂ ਲੱਭਦਾ। ਇੱਕ ਧਿਰ ਨਾਲ ਜਦੋਂ ਕੋਈ ਗੱਲ ਚੱਲਦੀ ਅਤੇ ਅੱਗੇ ਵਧਦੀ ਜਾਪਦੀ ਹੈ ਤਾਂ ਦਸ ਹੋਰ ਧਿਰਾਂ ਏਦਾਂ ਦੇ ਮੁੱਦੇ ਉਠਾ ਦੇਂਦੀਆਂ ਅਤੇ ਆਪਣਾ ਮੁੱਦਾ ਪਹਿਲਾਂ ਹੱਲ ਕਰਨ ਦੀ ਮੰਗ ਲਈ ਧਰਨੇ ਦੇਣ ਲਗਦੀਆਂ ਹਨ। ਇੱਕ ਸਾਬਕਾ ਜੱਜ ਨੇ ਕਿਹਾ ਸੀ ਕਿ ਮੁਕੱਦਮੇ ਸਾਡਾ ਖਹਿੜਾ ਨਹੀਂ ਛੱਡਦੇ, ਜਿੰਨਿਆਂ ਕੇਸਾਂ ਦਾ ਸਾਡੀਆਂ ਅਦਾਲਤਾਂ ਫੈਸਲਾ ਕਰਦੀਆਂ ਹਨ, ਉਸ ਤੋਂ ਵੱਧ ਹੋਰ ਕੇਸ ਆਣ ਪੁੱਜਦੇ ਹਨ ਤੇ ਇਸ ਤਰ੍ਹਾਂ ਇਹ ਲੜੀ ਲੰਮੀ ਤੋਂ ਲੰਮੀ ਹੁੰਦੀ ਰਹਿੰਦੀ ਹੈ। ਕਾਰਨ ਇਸ ਦਾ ਨਾ ਅਦਾਲਤਾਂ ਹਨ, ਨਾ ਪੰਜਾਬ ਜਾਂ ਕਿਸੇ ਹੋਰ ਰਾਜ ਵਿਚ ਚੱਲਦੀ ਸਰਕਾਰ ਇਕੱਲੀ ਕਹੀ ਜਾ ਸਕਦੀ ਹੈ, ਅਸਲ ਵਿਚ ਭਾਰਤ ਦਾ ਸਾਰਾ ਸਿਸਟਮ ਏਨਾ ਵਿਗੜਿਆ ਹੋਇਆ ਹੈ ਕਿ ਦੇਸ਼ ਜਾਂ ਰਾਜ ਦੀ ਸਰਕਾਰ ਦੀ ਕਮਾਨ ਕੋਈ ਪਾਰਟੀ ਵੀ ਸੰਭਾਲ ਲਵੇ, ਸੰਸਾਰ ਭਰ ਵਿਚ ਲਮਕਦੇ ਮੁੱਦਿਆਂ ਵਾਂਗ ਏਥੇ ਵੀ ਹਰ ਵਾਰ ਮੁੱਦੇ ਵਧ ਸਕਦੇ ਹਨ, ਘਟਣ ਦੀ ਆਸ ਰੱਖਣਾ ਫਜ਼ੂਲ ਗੱਲ ਕਹੀ ਜਾ ਸਕਦੀ ਹੈ।

# ਮਾਘ ਦੀ ਸੰਗਰਾਂਦ

ਸੰਗਰਾਂਦ ਨੂੰ ਹਿੰਦੀ ਵਿਚ ਸੰਕ੍ਰਾਂਤੀ ਕਿਹਾ ਜਾਂਦਾ ਹੈ। ਸੂਰਜ ਦਾ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਦਾਖਲ ਹੋਣਾ ਸੰਕ੍ਰਾਂਤੀ ਅਖਵਾਉਂਦਾ ਹੈ। ਇਸ ਤਰ੍ਹਾਂ ਪੂਰੇ ਸਾਲ ਵਿਚ ਬਾਰਾਂ ਸੰਕ੍ਰਾਂਤੀਆਂ, ਯਾਨੀ ਸੰਗਰਾਂਦਾਂ ਹੁੰਦੀਆਂ ਹਨ। ਜਦੋਂ ਸੂਰਜ ਪੋਹ ਮਹੀਨੇ ਤੋਂ ਧਨ ਰਾਸ਼ੀ ਨੂੰ ਛੱਡ ਕੇ ਮਾਘ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਮਾਘ ਦੀ ਸੰਗਰਾਂਦ ਹੁੰਦੀ ਹੈ। ਸੰਗਰਾਂਦ ਦੇ ਆਉਂਦਿਆਂ ਹੀ ਸੂਰਜ ਉਤਰਾਇਣ ਹੋ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਅੱਜ ਦੇ ਦਿਨ ਸੂਰਜ ਦੇਵਤਾ ਆਪਣੇ ਪੁੱਤਰ ਸ਼ਨੀ ਦੇਵ ਨੂੰ ਮਿਲ ਜਾਂਦੇ ਹਨ। ਇਸ ਦਿਨ ਹੀ ਗੰਗਾ ਦੀ ਅੰਮ੍ਰਿਤਧਾਰਾ ਧਰਤੀ 'ਤੇ ਆਈ ਸੀ।

ਸ਼ਾਸਤਰਾਂ ਮੁਤਾਬਕ ਦਕਸ਼ਿਣਾਇਨ ਨੂੰ ਦੇਵਤਿਆਂ ਦੀ ਰਾਤ, ਭਾਵ ਨਕਾਰਾਤਮਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਉੱਤਰਾਖੰਡ ਨੂੰ ਦੇਵਤਿਆਂ ਦਾ ਦਿਨ, ਅਰਥਾਤ ਸਕਾਰਾਤਮਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਲਈ ਸੰਗਰਾਂਦ ਦੇ ਦਿਨ ਸੂਰਜ ਦੇਵਤਾ ਦੀ ਪੂਜਾ, ਇਸ਼ਨਾਨ, ਦਾਨ, ਸ਼ਰਾਧ, ਤਰਪਣ ਜਿਹੇ ਧਾਰਮਿਕ ਕਾਰਜਾਂ ਲਈ ਬਹੁਤ ਢੁਕਵਾਂ ਹੈ। ਉਤਰਾਇਣ ਵਿਚ ਦਿਨ ਵੱਡੇ ਅਤੇ ਰਾਤਾਂ ਛੋਟੀਆਂ ਹੁੰਦੀਆਂ ਹਨ। ਮਾਘ ਦੀ ਸੰਗਰਾਂਦ ਦੇ ਦਿਨ ਕੀਤਾ ਗਿਆ ਦਾਨ ਸੌ ਗੁਣਾ ਪੁੰਨਮਈ ਮੰਨਿਆ ਜਾਂਦਾ ਹੈ। ਇਸ ਦਿਨ ਤਿਲ, ਗੁੜ, ਖਿਚੜੀ, ਮਾਂਹ ਦੀ ਦਾਲ ਦਾ ਦਾਨ ਬਹੁਤ ਹੀ ਲਾਭਕਾਰੀ ਮੰਨਿਆ ਜਾਂਦਾ ਹੈ। ਇਸ ਦਿਨ ਪਿੱਤਰਾਂ ਲਈ ਤਿਲ ਦਾ ਸ਼ਰਾਧ ਕਰਨਾ ਚਾਹੀਦਾ ਹੈ। ਨਾਲ ਹੀ ਇਸ ਦਿਨ ਸ਼ੁੱਧ ਘਿਓ ਅਤੇ ਕੰਬਲ ਦਾ ਦਾਨ ਵੀ ਅਤਿ ਉੱਤਮ ਮੰਨਿਆ ਜਾਂਦਾ ਹੈ।

ਪ੍ਰੋ. ਨਵ ਸੰਗੀਤ ਸਿੰਘ
91+94176-92015

ਮਾਘ ਦੀ ਸੰਗਰਾਂਦ ਨੂੰ ਭਾਰਤ ਦੇ ਸਾਰੇ ਰਾਜਾਂ ਵਿਚ ਵੱਖ-ਵੱਖ ਨਾਂਵਾਂ ਅਤੇ ਭਾਂਤ-ਭਾਂਤ ਦੇ ਰੀਤੀ-ਰਿਵਾਜਾਂ ਰਾਹੀਂ ਭਗਤੀ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਮਹਾਰਾਸ਼ਟਰ, ਤਾਮਿਲਨਾਡੂ, ਕੇਰਲ, ਉੜੀਸਾ, ਪੰਜਾਬ ਅਤੇ ਗੁਜਰਾਤ ਵਿਚ ਸੰਗਰਾਂਦ ਦੇ ਦਿਨ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ, ਜਦਕਿ ਬੰਗਾਲ ਤੇ ਆਸਾਮ ਵਿਚ ਸੰਗਰਾਂਦ ਤੇ ਦਿਨ ਮਹੀਨੇ ਦਾ ਅੰਤ ਮੰਨਿਆ ਜਾਂਦਾ ਹੈ। ਇਸ ਦਿਨ ਕਈ ਥਾਈਂ ਪਤੰਗ ਵੀ ਉਡਾਏ ਜਾਂਦੇ ਹਨ। ਆਕਾਸ਼ ਵਿਚ ਉਡਦੇ ਪਤੰਗਾਂ ਦਾ ਨਜ਼ਾਰਾ ਅੱਜ ਦੇ ਦਿਨ ਹੀ ਵੇਖਣ ਨੂੰ ਮਿਲਦਾ ਹੈ।

ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਵੱਖ-ਵੱਖ ਨਾਂਵਾਂ ਨਾਲ ਇਹ ਤਿਉਹਾਰ ਮਨਾਇਆ ਜਾਂਦਾ ਹੈ। ਵੱਖ-ਵੱਖ ਰਾਜਾਂ ਵਿਚ ਇਸ ਤਿਉਹਾਰ ਨੂੰ ਮਨਾਉਣ ਦੇ ਜਿੰਨੇ ਵਧੇਰੇ ਰੂਪ ਪ੍ਰਚੱਲਿਤ ਹਨ, ਓਨੇ ਕਿਸੇ ਹੋਰ ਤਿਉਹਾਰ ਵਿਚ ਨਹੀਂ ਹਨ। ਆਓ, ਜਾਣਦੇ ਹਾਂ ਵੱਖ-ਵੱਖ ਸੂਬਿਆਂ ਵਿਚ ਮਾਘ ਦੀ ਸੰਗਰਾਂਦ ਨੂੰ ਮਨਾਏ ਜਾਣ ਦੀ ਪਰੰਪਰਾ:

ਰਾਜਸਥਾਨ ਵਿਚ ਇਸ ਤਿਉਹਾਰ 'ਤੇ ਸੁਹਾਗਣ ਔਰਤਾਂ ਆਪਣੀ ਸੱਸ ਦਾ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ। ਨਾਲ ਹੀ ਔਰਤਾਂ ਕਿਸੇ ਵੀ ਸੁਭਾਗ ਸੂਚਕ ਵਸਤੂ ਦਾ ਚੌਦਾਂ ਦੀ ਗਿਣਤੀ ਵਿਚ ਪੂਜਾ ਅਤੇ ਸੰਕਲਪ ਕਰਕੇ ਚੌਦਾਂ ਬ੍ਰਾਹਮਣਾਂ, ਗ਼ਰੀਬਾਂ ਅਤੇ ਭੈਣਾਂ-ਧੀਆਂ ਨੂੰ ਦਾਨ ਦਿੰਦੀਆਂ ਹਨ।

ਗੁਜਰਾਤ ਵਿਚ ਉਤਰਾਇਣ ਦੇ ਨਾਂ ਨਾਲ ਇਹ ਤਿਉਹਾਰ ਮਨਾਉਂਦੇ ਹਨ। ਇਥੇ ਪਤੰਗਬਾਜ਼ੀ ਦਾ ਨਿਰਾਲਾ ਰੂਪ ਵੇਖਣ ਨੂੰ ਮਿਲਦਾ ਹੈ।

ਹਰਿਆਣਾ ਅਤੇ ਉੱਤਰਾਖੰਡ ਵਿਚ ਇਸ ਨੂੰ ਮਾਘੀ ਦੇ ਨਾਂ ਵਜੋਂ ਜਾਣਿਆ ਜਾਂਦਾ ਹੈ।

ਪੰਜਾਬ ਵਿਚ ਲੋਹੜੀ ਦੇ ਰੂਪ ਵਿਚ ਇਕ ਦਿਨ ਪਹਿਲਾਂ ਇਹ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਮਾਘ ਵਾਲੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਲੋਹੜੀ ਵਾਲੇ ਦਿਨ ਹਨੇਰਾ ਹੁੰਦਿਆਂ ਹੀ ਅੱਗ ਜਲਾ ਕੇ ਤਿਲ, ਗੁੜ, ਚੌਲ, ਭੁੰਨੀ ਹੋਈ ਮੱਕੀ ਦੀ ਆਹੂਤੀ ਦਿੱਤੀ ਜਾਂਦੀ ਹੈ, ਜਿਸ ਨੂੰ ਤਿਲ-ਚੌਲੀ ਕਿਹਾ ਜਾਂਦਾ ਹੈ। ਅੱਗ ਵਿਚ ਤਿਲ ਸੁੱਟਦਿਆਂ ਹੋਇਆਂ ਕਿਹਾ ਜਾਂਦਾ ਹੈ- "ਈਸ਼ਰ ਆ ਦਲਿੱਦਰ ਜਾਹ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ"। ਇਸ ਮੌਕੇ ਲੋਕ ਮੂੰਗਫਲੀ, ਤਿਲ ਦੀ ਬਣੀ ਗਜਕ ਅਤੇ ਰਿਉੜੀਆਂ ਆਪਸ ਵਿਚ ਵੰਡ ਕੇ ਖੁਸ਼ੀ ਮਨਾਉਂਦੇ ਹਨ। ਛੋਟੇ-ਛੋਟੇ ਬੱਚੇ ਘਰ-ਘਰ ਜਾ ਕੇ 'ਦੁੱਲਾ ਭੱਟੀ ਵਾਲਾ ਹੋ... ਦੁੱਲੇ ਧੀ ਵਿਆਹੀ ਹੋ...' ਲੋਕਗੀਤ ਗਾਉਂਦੇ ਹਨ ਅਤੇ ਲੋਹੜੀ ਮੰਗਦੇ ਹਨ। ਨਵੀਂ ਵਹੁਟੀ ਅਤੇ ਨਵਜੰਮੇ ਬੱਚੇ ਲਈ ਲੋਹੜੀ ਦਾ ਖਾਸ ਮਹੱਤਵ ਹੁੰਦਾ ਹੈ। ਇਹਦੇ ਨਾਲ ਪਰੰਪਰਕ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਬਣਾਇਆ ਜਾਂਦਾ ਹੈ। ਪੰਜਾਬ ਵਿਚ ਇਹ ਤਿਉਹਾਰ ਵੱਡੀ ਗਿਣਤੀ ਵਿਚ ਮੁੱਖ ਤੌਰ 'ਤੇ ਮੁਕਤਸਰ ਵਿਖੇ ਮਾਘੀ ਦੇ ਮੇਲੇ ਵਜੋਂ ਮਨਾਇਆ ਜਾਂਦਾ ਹੈ, ਜਿੱਥੇ ਲੋਕ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ ਤੇ ਗੁਰਬਾਣੀ ਸਰਵਣ ਕਰਦੇ ਹਨ। ਚਾਲੀ ਮੁਕਤਿਆਂ ਦੀ ਯਾਦ ਵਿਚ ਮਨਾਇਆ ਜਾਣ ਵਾਲਾ ਇਹ ਤਿਉਹਾਰ ਐਸਜੀਪੀਸੀ ਵੱਲੋਂ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ। ਗੁਰਬਾਣੀ ਮੁਤਾਬਕ- "ਮਾਘ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ..." ਦੀ ਬਹੁਤ ਮਹੱਤਤਾ ਹੈ।



ਉੱਤਰ ਪ੍ਰਦੇਸ਼ ਵਿਚ ਇਸ ਦਿਨ ਮੁੱਖ ਤੌਰ 'ਤੇ ਦਾਨ ਦਾ ਵਿਸ਼ੇਸ਼ ਮਹੱਤਵ ਹੈ। ਇਸ ਲਈ ਇਹਨੂੰ ਦਾਨ ਦਾ ਤਿਉਹਾਰ ਵੀ ਕਹਿੰਦੇ ਹਨ। ਅਲਾਹਾਬਾਦ ਵਿਚ ਗੰਗਾ, ਜਮਨਾ ਅਤੇ ਸਰਸਵਤੀ ਦੇ ਸੰਗਮ 'ਤੇ ਹਰ ਸਾਲ ਇਕ ਮਹੀਨੇ ਤੱਕ ਮਾਘ ਦਾ ਮੇਲਾ ਲੱਗਦਾ ਹੈ, ਜਿਸ ਨੂੰ ਮਾਘ ਮੇਲੇ ਦੇ ਨਾਂ ਵਜੋਂ ਜਾਣਿਆ ਜਾਂਦਾ ਹੈ। ਮਾਘ ਦੇ ਪਹਿਲੇ ਦਿਨ ਤੋਂ ਹੀ ਅਲਾਹਾਬਾਦ ਵਿਚ ਹਰ ਸਾਲ ਮਾਘ ਮੇਲੇ ਦੀ ਸ਼ੁਰੂਆਤ ਹੁੰਦੀ ਹੈ। ਪਹਿਲੀ ਪੋਹ ਤੋਂ ਪਹਿਲੀ ਮਾਘ ਤਕ ਦਾ ਸਮਾਂ ਖਰ/ਮਲ ਮਹੀਨੇ ਦੇ ਨਾਂ ਵਜੋਂ ਜਾਣਿਆ ਜਾਂਦਾ ਹੈ। ਇਉਂ ਮੰਨਿਆ ਜਾਂਦਾ ਹੈ ਕਿ ਪਹਿਲੀ ਮਾਘ ਤੋਂ ਧਰਤੀ 'ਤੇ ਸ਼ੁਭ ਕੰਮਾਂ ਦੀ ਸ਼ੁਰੂਆਤ ਹੁੰਦੀ ਹੈ। ਮਾਘ ਮੇਲੇ ਦਾ ਪਹਿਲਾ ਇਸ਼ਨਾਨ ਮਾਘ ਦੀ ਸੰਗਰਾਂਦ ਤੋਂ ਸ਼ੁਰੂ ਹੋ ਕੇ ਸ਼ਿਵਰਾਤਰੀ ਤੱਕ ਆਖਰੀ ਇਸ਼ਨਾਨ ਹੁੰਦਾ ਹੈ। ਸੰਗਰਾਂਦ ਦੇ ਦਿਨ ਇਸ਼ਨਾਨ ਪਿੱਛੋਂ ਤਿਲ ਅਤੇ ਗੁੜ ਦੀ ਮਿਠਾਈ ਬ੍ਰਾਹਮਣਾਂ ਅਤੇ ਗਰੀਬਾਂ ਨੂੰ ਦਾਨ ਦਿੱਤੀ ਜਾਂਦੀ ਹੈ। ਉੱਤਰ ਪ੍ਰਦੇਸ਼ ਵਿਚ ਇਸ ਤਿਉਹਾਰ ਨੂੰ ਖਿਚੜੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਿਨ ਖਿਚੜੀ ਖਾਣ ਅਤੇ ਖਿਚੜੀ ਦਾ ਦਾਨ ਦੇਣ ਦਾ ਬਹੁਤ ਮਹੱਤਵ ਹੈ।

ਬਿਹਾਰ ਵਿਚ ਵੀ ਮਾਘ ਦੀ ਸੰਗਰਾਂਦ ਨੂੰ ਖਿਚੜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਿਨ ਮਾਂਹ, ਚੌਲ, ਤਿਲ, ਜੌਂ, ਊਨੀ ਕੱਪੜੇ, ਕੰਬਲ ਆਦਿ ਦਾਨ ਦਿੱਤੇ ਜਾਂਦੇ ਹਨ।

ਕਸ਼ਮੀਰ ਵਿਚ 'ਸ਼ਿਸ਼ੁਰ ਸੇਂਕ੍ਰਾਂਤ' ਦੇ ਨਾਂ ਨਾਲ ਇਹ ਤਿਉਹਾਰ ਮਨਾਇਆ ਜਾਂਦਾ ਹੈ।

ਮਹਾਰਾਸ਼ਟਰ ਵਿਚ ਇਸ ਦਿਨ ਸਾਰੀਆਂ ਵਿਆਹੁਤਾ ਔਰਤਾਂ ਆਪਣੀ ਪਹਿਲੀ ਸੰਗਰਾਂਦ 'ਤੇ ਕਪਾਹ, ਤਿਲ ਅਤੇ ਨਮਕ ਆਦਿ ਚੀਜ਼ਾਂ ਦੂਜੀਆਂ ਸੁਹਾਗਣਾਂ ਨੂੰ ਦਾਨ ਦਿੰਦੀਆਂ ਹਨ। ਤਿਲ-ਗੁਲ ਦੇ ਨਾਂ ਨਾਲ ਹਲਵਾ ਵੰਡਣ ਦਾ ਰਿਵਾਜ ਵੀ ਹੈ। ਲੋਕ ਇੱਕ ਦੂਜੇ ਨੂੰ ਤਿਲ ਗੁੜ ਦਿੰਦੇ ਹਨ ਅਤੇ ਦਿੰਦੇ ਸਮੇਂ ਕਹਿੰਦੇ ਹਨ - "ਤਿਲ ਗੁੜ ਲਓ ਅਤੇ ਮਿੱਠਾ ਮਿੱਠਾ ਬੋਲੋ।" ਇਸ ਦਿਨ ਔਰਤਾਂ ਆਪਸ ਵਿਚ ਤਿਲ, ਗੁੜ ਅਤੇ ਹਲਦੀ ਵੰਡਦੀਆਂ ਹਨ।

ਬੰਗਾਲ ਵਿਚ ਇਸ ਨੂੰ 'ਪੌਸ਼ ਸੰਕ੍ਰਾਂਤੀ' ਕਹਿੰਦੇ ਹਨ। ਉੱਥੇ ਵੀ ਇਸ ਤਿਉਹਾਰ 'ਤੇ ਇਸ਼ਨਾਨ ਪਿੱਛੋਂ ਤਿਲ ਦਾਨ ਕਰਨ ਦੀ ਪ੍ਰਥਾ ਹੈ। ਇਥੇ ਗੰਗਾਸਾਗਰ ਵਿਚ ਹਰ ਸਾਲ ਵਿਸ਼ਾਲ ਮੇਲਾ ਲੱਗਦਾ ਹੈ। ਮਾਘ ਦੀ ਸੰਗਰਾਂਦ ਦੇ ਦਿਨ ਹੀ ਗੰਗਾ ਜੀ ਭਗੀਰਥ ਦੇ ਪਿੱਛੇ-ਪਿੱਛੇ ਚੱਲ ਕੇ ਕਪਿਲ ਮੁਨੀ ਦੇ ਆਸ਼ਰਮ ਤੋਂ ਹੋ ਕੇ ਸਮੁੰਦਰ ਵਿਚ ਜਾ ਮਿਲੀ ਸੀ। ਮਾਨਤਾ ਇਹ ਵੀ ਹੈ ਕਿ ਇਸ ਦਿਨ ਯਸ਼ੋਧਾ ਨੇ ਸ੍ਰੀ ਕ੍ਰਿਸ਼ਨ ਨੂੰ ਪ੍ਰਾਪਤ ਕਰਨ ਲਈ ਵਰਤ ਰੱਖਿਆ ਸੀ। ਇਸ ਦਿਨ ਗੰਗਾਸਾਗਰ ਵਿਚ ਇਸ਼ਨਾਨ-ਦਾਨ ਲਈ ਲੱਖਾਂ ਲੋਕਾਂ ਦੀ ਭੀੜ ਹੁੰਦੀ ਹੈ। ਲੋਕ ਔਖੇ ਹੋ ਕੇ ਵੀ ਗੰਗਾ ਸਾਗਰ ਦੀ ਯਾਤਰਾ ਕਰਦੇ ਹਨ। ਸਾਲ ਵਿਚ ਸਿਰਫ ਇੱਕ ਦਿਨ ਮਾਘ ਦੀ ਸੰਗਰਾਂਦ ਨੂੰ ਇੱਥੇ ਲੋਕਾਂ ਦੀ ਅਪਾਰ ਭੀੜ ਹੁੰਦੀ ਹੈ। ਇਸ ਲਈ ਕਿਹਾ ਜਾਂਦਾ ਹੈ "ਸਾਰੇ ਤੀਰਥ ਬਾਰ ਬਾਰ, ਗੰਗਾਸਾਗਰ ਏਕ ਬਾਰ।"

ਤਾਮਿਲਨਾਡੂ ਵਿਚ ਇਸ ਤਿਉਹਾਰ ਨੂੰ ਪੋਂਗਲ ਦੇ ਰੂਪ ਵਿਚ ਚਾਰ ਦਿਨ ਤਕ ਮਨਾਇਆ ਜਾਂਦਾ ਹੈ। ਪਹਿਲੇ ਦਿਨ ਭੋਗੀ ਪੋਂਗਲ, ਦੂਜੇ ਦਿਨ ਸੂਰਜ ਪੋਂਗਲ, ਤੀਜੇ ਦਿਨ ਮੱਟੂ ਪੋਂਗਲ ਅਤੇ ਚੌਥੇ ਤੇ ਆਖਰੀ ਦਿਨ ਕਨ੍ਹਾਂਮ ਪੋਂਗਲ ਹੁੰਦਾ ਹੈ। ਇਸ ਤਰ੍ਹਾਂ ਪਹਿਲੇ ਦਿਨ ਕੂੜਾ-ਕਰਕਟ ਇਕੱਠਾ ਕਰ ਕੇ ਜਲਾਇਆ ਜਾਂਦਾ ਹੈ, ਦੂਜੇ ਦਿਨ ਲਕਸ਼ਮੀ ਦੀ ਪੂਜਾ ਕੀਤੀ ਜਾਂਦੀ ਹੈ, ਤੀਜੇ ਦਿਨ ਪਸ਼ੂ ਧਨ ਦੀ ਪੂਜਾ ਕੀਤੀ ਜਾਂਦੀ ਹੈ। ਪੋਂਗਲ ਮਨਾਉਣ ਲਈ ਇਸ਼ਨਾਨ ਕਰ ਕੇ ਖੁੱਲ੍ਹੇ ਵਿਹੜੇ ਵਿਚ ਮਿੱਟੀ ਦੇ ਭਾਂਡੇ ਵਿਚ ਖੀਰ ਬਣਾਈ ਜਾਂਦੀ ਹੈ, ਜਿਸ ਨੂੰ ਪੋਂਗਲ ਕਹਿੰਦੇ ਹਨ। ਇਸ ਤੋਂ ਪਿੱਛੋਂ ਖੀਰ ਨੂੰ ਪ੍ਰਸ਼ਾਦ ਵਜੋਂ ਸਾਰੇ ਖਾਂਦੇ ਹਨ।

ਅਸਾਮ ਵਿਚ ਮਾਘ ਦੀ ਸੰਗਰਾਂਦ ਨੂੰ 'ਮਾਘ ਬੀਹੂ' ਜਾਂ 'ਭੋਗਾਲੀ ਬੀਹੂ' ਦੇ ਨਾਂ ਨਾਲ ਮਨਾਉਂਦੇ ਹਨ।

ਕਰਨਾਟਕ ਵਿਚ ਮਾਘ ਦੀ ਸੰਗਰਾਂਦ ਨੂੰ 'ਮਕਰ ਸੰਕਰਮਣ' ਕਿਹਾ ਜਾਂਦਾ ਹੈ।

ਆਂਧਰਾ ਪ੍ਰਦੇਸ਼ ਵਿਚ 'ਪੇਂਡਾਂ ਪੰਡੀ' ਦੇ ਨਾਂ ਵਜੋਂ ਇਹ ਤਿਉਹਾਰ ਮਨਾਇਆ ਜਾਂਦਾ ਹੈ।

ਕੇਰਲ ਵਿਚ 'ਮਕਰ ਵਿਲੱਕੂ' ਦੇ ਨਾਂ ਹੇਠ ਇਸ ਤਿਉਹਾਰ ਨੂੰ ਮਨਾਉਂਦੇ ਹਨ।

ਇਉਂ ਮਾਘ ਦੀ ਸੰਗਰਾਂਦ ਰਾਹੀਂ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਝਲਕ ਵੱਖ-ਵੱਖ ਰੂਪਾਂ ਵਿਚ ਵੇਖੀ ਜਾ ਸਕਦੀ ਹੈ।

# ਜਸਟਿਸ ਨਾਗਾਰਤਨਾ ਨੇ ਆਪਣੀ ਬੇਬਾਕੀ ਨਾਲ ਗੱਡੇ ਝੰਡੇ

ਪ੍ਰੋ.ਜਸਵੰਤ ਸਿੰਘ ਗੰਡਮ
ਫੋਨ: 98766-55055

ਲੰਘੀ 2-3 ਜਨਵਰੀ ਨੂੰ ਦੇਸ਼ ਦੀ ਸਰਬ-ਉਚ ਅਦਾਲਤ ਦੇ ਪੰਜ-ਮੈਂਬਰੀ ਸੰਵਿਧਾਨਕ ਬੈਂਚਾਂ ਵਲੋਂ ਦੋ ਮਹੱਤਵਪੂਰਨ ਫੈਸਲੇ ਸੁਣਾਏ ਗਏ। ਇਕ ਨੋਟਬੰਦੀ ਸਬੰਧੀ ਅਤੇ ਦੂਸਰਾ ਪ੍ਰਗਟਾਵੇ ਦੀ ਆਜ਼ਾਦੀ ਦੇ ਦਾਇਰੇ ('ਸਕੋਪ') ਬਾਰੇ। ਇਨ੍ਹਾਂ ਦੋਨਾਂ ਮਾਮਲਿਆਂ ਵਿਚ 4:1 ਦੇ ਬਹੁਮਤ ਨਾਲ ਫੈਸਲੇ ਸੁਣਾਏ ਗਏ। ਇਕ ਵਿਚ ਨੋਟਬੰਦੀ ਨੂੰ ਸਹੀ ਠਹਿਰਾਇਆ ਗਿਆ ਅਤੇ ਦੂਸਰੇ ਵਿਚ ਪ੍ਰਗਟਾਵੇ ਦੀ ਆਜ਼ਾਦੀ ਉਪਰ ਰੋਕ ਨਾ ਲਗਾਏ ਜਾਣ ਦੀ ਗੱਲ ਕਹੀ ਗਈ।

ਜਸਟਿਸ ਬੀ.ਵੀ. ਨਾਗਾਰਤਨਾ, ਜੋ ਭਾਰਤ ਦੇ ਸਾਬਕਾ ਮੁੱਖ ਚੀਫ ਜਸਟਿਸ ਈ.ਐਸ. ਵੈਂਕਟਾਰਮੱਈਆ ਦੀ ਸਪੁੱਤਰੀ ਹੈ, ਨੇ ਬਹੁਮਤ ਵਾਲੇ ਬੈਂਚ ਨਾਲ ਉਤੋ-ੜੱਤੀ ('ਬੈਕ-ਟੂ-ਬੈਕ') ਅਸਹਿਮਤੀ ਪ੍ਰਗਟ ਕਰ ਕੇ ਝੰਡੇ ਗੱਡ ਦਿੱਤੇ ਅਤੇ ਆਪਣੀ ਵੱਖਰੀ ਪਹਿਚਾਣ ਬਣਾਈ।

ਜਸਟਿਸ ਨਾਗਾਰਤਨਾ, ਜੋ ਸਤੰਬਰ, 2027 ਨੂੰ ਸਿਰਫ 36 ਦਿਨਾਂ ਲਈ ਦੇਸ਼ ਦੀ ਸੰਭਾਵੀ ਪਹਿਲੀ ਔਰਤ ਚੀਫ ਜਸਟਿਸ ਬਣਨ ਦੀ ਕਤਾਰ ਵਿਚ ਹੈ, ਨੇ ਨੋਟਬੰਦੀ ਦੇ ਫੈਸਲੇ ਵਿਰੁੱਧ 21,000 ਸ਼ਬਦਾਂ ਤੋਂ ਵੀ ਵੱਧ ਵਾਲਾ ਅਸਹਿਮਤੀ (ਡਿਸੈਂਟ) ਦਾ ਫੈਸਲਾ ਦਰਜ ਕਰਵਾਇਆ ਹੈ। ਇਸ ਫੈਸਲੇ ਵਿਚ ਜਿੱਥੇ ਉਨ੍ਹਾਂ ਨੋਟਬੰਦੀ ਕਾਰਨ ਵੱਖ ਵੱਖ ਪ੍ਰੇਸ਼ਾਨੀਆਂ ਦਾ ਜ਼ਿਕਰ ਕੀਤਾ ਹੈ, ਉਥੇ ਸੰਸਦ ਦੀ ਮਹਿਮਾ ਦੀ ਗੱਲ ਕਰਦਿਆਂ ਸੰਸਦ ਨੂੰ ਲੋਕਤੰਤਰ ਦਾ ਥੰਮ੍ਹ/ਧੁਰਾ ਕਿਹਾ ਹੈ। 2016 ਦੀ ਨੋਟਬੰਦੀ ਸਬੰਧੀ ਨੋਟੀਫਿਕੇਸ਼ਨ ਨੂੰ ਗੈਰ-ਕਾਨੂੰਨੀ ਗਰਦਾਨਦਿਆਂ ਜਸਟਿਸ ਨਾਗਾਰਤਨਾ ਨੇ ਜ਼ੋਰ ਦੇ ਕੇ ਕਿਹਾ ਕਿ 'ਸੰਸਦ ਨੂੰ ਲਾਂਭੇ ਨਹੀਂ ਕੀਤਾ ਜਾ ਸਕਦਾ'।

ਆਪਣੇ ਅਸਹਿਮਤੀ ਵਾਲੇ ਫੈਸਲੇ ਵਿਚ ਉਨ੍ਹਾਂ ਕਿਹਾ, '1000 ਅਤੇ 500 ਰੁਪਏ ਦੇ ਨੋਟਾਂ ਉਪਰ ਪਾਬੰਦੀ ਲਗਾਉਣ ਵਾਲਾ ਕਾਰਜ 'ਕਲੰਕਮਈ' ਸੀ ਅਤੇ ਇਸ ਸਬੰਧੀ ਨਵੰਬਰ 2016 ਵਿਚ ਜਾਰੀ ਕੀਤੀ ਗਈ ਅਧੀਸੂਚਨਾ 'ਗੈਰ-ਕਾਨੂੰਨੀ' ਸੀ। ਸੰਸਦ ਨੂੰ ਅਜਿਹੇ ਮਹੱਤਵਪੂਰਨ ਫੈਸਲਿਆਂ ਵੇਲੇ ਲਾਂਭੇ ਨਹੀਂ ਕੀਤਾ ਜਾ ਸਕਦਾ ਅਤੇ ਇਸ ਦੇ ਵਿਚਾਰ ਇਸ ਮਾਮਲੇ ਸਬੰਧੀ ਬਹੁਤ ਜ਼ਿਆਦਾ ਜ਼ਰੂਰੀ ਅਤੇ ਨਾਜ਼ੁਕ ਹੁੰਦੇ ਹਨ। ਰਿਜ਼ਰਵ ਬੈਂਕ ਆਫ ਇੰਡੀਆ ਨੇ ਇਸ ਮਾਮਲੇ ਵਿਚ ਆਪਣਾ ਦਿਮਾਗ ਆਜ਼ਾਦਾਨਾ ਤੌਰ 'ਤੇ ਨਹੀਂ ਵਰਤਿਆ ਅਤੇ ਸਾਰਾ ਕਾਰਜ 24 ਘੰਟਿਆਂ ਵਿਚ ਪੂਰਾ ਕਰ ਮਾਰਿਆ'।

ਆਪਣੇ 121 ਸਫਿਆਂ ਦੇ ਵੱਖਰੇ ਫੈਸਲੇ ਵਿਚ ਜਸਟਿਸ ਨਾਗਾਰਤਨਾ ਨੇ ਕੇਂਦਰ ਸਰਕਾਰ ਵਲੋਂ 8 ਨਵੰਬਰ, 2016 ਦੀ ਨੋਟਬੰਦੀ ਸਬੰਧੀ ਰਿਜ਼ਰਵ ਬੈਂਕ ਆਫ ਇੰਡੀਆ ਐਕਟ, 1934 ਦੀ ਧਾਰਾ 26 ਦੀ ਉਪ-ਧਾਰਾ(2) ਤਹਿਤ ਕੇਂਦਰ ਵਲੋਂ ਨੋਟਬੰਦੀ ਬਾਰੇ ਵਰਤੇ ਗਏ ਅਧਿਕਾਰਾਂ ਉਪਰ ਵੀ ਕਿੰਤੂ ਕੀਤਾ। ਉਨ੍ਹਾਂ ਮਹੱਤਵਪੂਰਨ ਟਿੱਪਣੀ ਕਰਦਿਆਂ ਕਿਹਾ ਕਿ ਜੋ ਕੰਮ ਸੰਸਦ ਦੁਆਰਾ ਸਮੁੱਚੀ ਵਿਧਾਨਕ-ਵਿਧੀ ਰਾਹੀਂ ਹੋਣਾ ਚਾਹੀਦਾ ਸੀ ਉਹ ਉਪਰੋਕਤ ਆਰ.ਬੀ.ਆਈ. ਦੇ ਕਾਨੂੰਨ ਦੇ ਸਬ-ਸੈਕਸ਼ਨਾਂ ਅਧੀਨ ਕੇਂਦਰ ਵਲੋਂ ਆਪਣੀ ਤਾਕਤ ਵਰਤ ਕੇ ਅਧੀਸੂਚਨਾ ਜਾਰੀ ਕਰ ਕੇ ਨਹੀਂ ਸੀ ਕਰਨਾ ਚਾਹੀਦਾ।

ਉਨ੍ਹਾਂ ਕਿਹਾ, "ਉਪਰੋਕਤ ਮਤ ਕਾਰਨ, ਇਹ ਮੇਰਾ ਪੱਕਾ ਵਿਚਾਰ ਹੈ ਕਿ ਨੋਟਬੰਦੀ ਬਾਰੇ ਕੀਤੀ ਗਈ ਕਾਰਵਾਈ ਗੈਰ-ਕਾਨੂੰਨੀ ਹੈ। ਇਨ੍ਹਾਂ ਹਾਲਾਤਾਂ ਤਹਿਤ, 500 ਅਤੇ 1000 ਰੁਪਏ ਦੇ ਕਰੰਸੀ ਨੋਟਾਂ ਦੀ ਪਾਬੰਦੀ ਦੂਸ਼ਿਤ ਕਾਰਜ ਹੈ"।

ਉਨ੍ਹਾਂ ਸੰਸਦ ਦੀ ਪ੍ਰਭੁਤਾ ਉਪਰ ਜ਼ੋਰ ਦਿੰਦਿਆਂ ਕਿਹਾ, 'ਸੰਸਦ, ਜੋ ਕਿ ਸਾਡੀ ਲੋਕਤੰਤਰ ਸ਼ਾਸਨੀ ਪ੍ਰਣਾਲੀ ਦਾ ਥੰਮ੍ਹ/ਧੁਰਾ ਹੈ, ਨੂੰ ਹਰ ਹਾਲਤ ਵਿਚ ਭਰੋਸੇ ਵਿਚ ਲੈਣਾ ਚਾਹੀਦਾ ਹੈ ਕਿਉਂਕਿ ਇਹ (ਸੰਸਦ) ਦੇਸ਼ ਦੇ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ। ਇਹ ਕਿਸੇ ਵੀ ਲੋਕਤੰਤਰਿਕ ਦੇਸ਼ ਦਾ ਧੁਰਾ ਹੈ ਅਤੇ ਇਸ ਵਿਚ ਹੀ ਮੁਲਕ ਦੇ ਨਾਗਰਿਕਾਂ ਦੇ ਹਿੱਤ ਵਸਦੇ ਹਨ। ਸੰਸਦ ਆਪਣੇ ਨਾਗਰਿਕਾਂ ਨੂੰ ਸਰਕਾਰ ਵਲੋਂ ਲਏ ਜਾਣ ਵਾਲੇ ਫੈਸਲਿਆਂ ਦੀ ਵਿਧੀ ਵਿਚ ਸਮੂਲੀਅਤ ਕਰਨ ਦੇ ਯੋਗ ਬਣਾਉਂਦੀ ਹੈ। ਇਕ ਸੰਸਦ ਨੂੰ ਆਮ ਤੌਰ 'ਤੇ ਇਕ 'ਨਿੱਕੀ ਨੇਸ਼ਨ'(ਮੁਲਕ) ਕਿਹਾ ਜਾਂਦਾ ਹੈ। ਇਹ ਲੋਕਤੰਤਰ ਦਾ ਆਧਾਰ/ਟੇਕ ਹੈ"।

ਉਨ੍ਹਾਂ ਸੰਸਦ ਦੀ ਮਹੱਤਤਾ ਬਾਰੇ ਅਗੋਂ ਹੋਰ ਕਿਹਾ, 'ਸੰਸਦ ਲੋਕਾਂ ਦੀ ਆਵਾਜ਼ ਸੁਣੇ ਜਾਣ ਦਾ ਮਾਧਿਅਮ ਹੈ। ਇਸ ਤੋਂ ਬਿਨਾਂ ਲੋਕਤੰਤਰ ਪ੍ਰਫੁੱਲਿਤ ਨਹੀਂ ਹੋ ਸਕਦਾ। ਸ਼ਾਸਨ ਨੂੰ ਨਿਰਵਿਘਨ ਚਲਾਏ ਜਾਣ ਲਈ ਅਤੇ ਲੋਕਤੰਤਰ ਨੂੰ ਸਹੀ ਤੇ ਸੱਚਾ ਅਰਥ ਦੇਣ ਲਈ ਹਰ ਲੋਕਤੰਤਰਿਕ ਦੇਸ਼ ਨੂੰ ਸੰਸਦ ਚਾਹੀਦੀ ਹੈ। ਸੰਸਦ, ਜੋ ਸਾਡੇ ਲੋਕਤੰਤਰ ਦਾ ਕੇਂਦਰ ਹੈ, ਇਹੋ ਜਿਹੇ ਮਹੱਤਵਪੂਰਨ ਫੈਸਲਿਆਂ ਵੇਲੇ ਲਾਂਭੇ ਨਹੀਂ ਕੀਤੀ ਜਾ ਸਕਦੀ। ਨੋਟਬੰਦੀ ਬਾਰੇ ਇਸ ਦੇ ਵਿਚਾਰ ਨਾਜ਼ੁਕ ਅਤੇ ਬਹੁਤ ਹੀ ਮਹੱਤਵਪੂਰਨ ਹਨ"।

ਸਾਡੀ ਸੁਰਤ ਵਿਚ ਸ਼ਾਇਦ ਹੀ ਕਿਸੇ ਜਸਟਿਸ ਨੇ ਸੰਸਦ ਦੀ ਸਰਬ-ਉਚਤਾ ਬਾਰੇ ਐਨੇ ਵਿਸਥਾਰਪੂਰਵਕ ਢੰਗ ਨਾਲ ਕਿਸੇ ਹੋਰ ਫੈਸਲੇ ਵੇਲੇ ਚਰਚਾ ਕਰਦਿਆਂ ਐਨਾ ਕੁਝ ਐਨੀ ਬੇਬਾਕੀ ਨਾਲ ਕਿਹਾ ਹੋਵੇ। ਸੰਵਿਧਾਨਕ ਬੈਂਚ, ਜਿਸ ਦੀ ਅਗਵਾਈ ਜਸਟਿਸ ਐਸ.ਅਬਦੁਲ ਨਜ਼ੀਰ ਕਰ ਰਹੇ ਸਨ ਅਤੇ ਜਿਸ ਵਿਚ ਜਸਟਿਸ ਬੀ.ਆਰ. ਗਵਈ, ਏ.ਐਸ. ਬੋਪੰਨਾ, ਈ.ਵੀ. ਰਾਮਾਸੁਬਰਾਮਨੀਅਮ ਸ਼ਾਮਿਲ ਸਨ, ਨੇ ਭਾਵੇਂ ਨੋਟਬੰਦੀ ਨੂੰ ਜਾਇਜ਼ ਠਹਿਰਾਇਆ ਅਤੇ ਇਸ ਭਖਦੇ-ਧੁਖਦੇ ਮਸਲੇ ਦਾ 'ਨਿਆਂਇਕ ਭੋਗ' ਪਾ ਦਿੱਤਾ! ਪਰ ਬਹੁਮਤ ਦੇ ਫੈਸਲੇ ਦੀ ਸਾਨੂੰ ਇਹ ਗੱਲ ਚੰਗੀ ਨਹੀਂ ਲੱਗੀ ਕਿ ਨੋਟਬੰਦੀ ਨੂੰ ਇਸ ਕਰਕੇ ਹੀ ਗੈਰ-ਕਾਨੂੰਨੀ ਨਹੀਂ ਕਿਹਾ ਜਾ ਸਕਦਾ ਕਿ ਇਸ ਕਾਰਨ 'ਕੁਝ ਨਾਗਰਿਕਾਂ' ਨੂੰ ਤਕਲੀਫ ਪਹੁੰਚੀ। ਜਸਟਿਸ ਸਾਹਿਬਾਨ, ਅਜੇ ਕੁਝ ਦਿਨ ਪਹਿਲਾਂ ਤਾਂ ਭਾਰਤ ਦੇ 50ਵੇਂ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਕਿਹਾ ਸੀ ਕਿ ਅਦਾਲਤੀ ਫੈਸਲੇ 'ਨਾਗਰਿਕ-ਮੁਖੀ' (ਸਿਟੀਜ਼ਨ-ਸਪੇਸਿਫਿਕ) ਹੋਣਗੇ। ਫਿਰ ਭਲਾ ਨੋਟਬੰਦੀ ਕਾਰਨ ਲੋਕਾਂ ਨੂੰ ਹੋਈ ਤਕਲੀਫ ਕਿਵੇਂ ਨਜ਼ਰ-ਅੰਦਾਜ਼ ਕੀਤੀ ਜਾ ਸਕਦੀ ਹੈ? ਨਾਲੇ ਇਸ ਕਾਰਨ 'ਕੁਝ ਕੁ ਨਾਗਰਿਕਾਂ' ਨੂੰ ਹੀ ਤਕਲੀਫ ਨਹੀਂ ਪਹੁੰਚੀ, ਬਲਕਿ 'ਬਹੁਤ ਸਾਰੇ ਨਾਗਰਿਕਾਂ' ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਚਲੋ, ਹੁਣ ਤਾਂ ਇਹ ਗੱਲ ਪੁਰਾਣੀ ਹੋ ਗਈ ਹੈ, ਇਸ 'ਤੇ ਮਿੱਟੀ ਪਾਉਣੀ ਹੀ ਠੀਕ ਹੈ, ਜੋ ਹੁਣ ਪਾਈ ਜਾ ਚੁੱਕੀ ਹੈ!



(ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਬੈਂਚ ਦੇ ਮੁਖੀ ਜਸਟਿਸ ਨਜ਼ੀਰ ਇਹ ਫੈਸਲਾ ਸੁਣਾਉਣ ਤੋਂ ਦੋ ਦਿਨ ਬਾਅਦ ਸੇਵਾ-ਮੁਕਤ ਹੋ ਗਏ (ਭਾਵ 4 ਜਨਵਰੀ ਨੂੰ), ਪਰ ਜਾਂਦੇ ਜਾਂਦੇ ਉਹ ਮੁੱਖ ਸੇਵਕ ਮੋਦੀ ਜੀ ਨੂੰ ਨੋਟਬੰਦੀ ਦੇ ਮਿਹਣੇ ਤੋਂ ਮੁਕਤ ਕਰ ਗਏ! ਆਪ 9 ਨਵੰਬਰ, 2019 ਵਾਲੇ ਉਸ ਸੰਵਿਧਾਨਕ ਬੈਂਚ ਵਿਚ ਵੀ ਸਨ, ਜਿਸ ਦੀ ਅਗਵਾਈ ਤਤਕਾਲੀਨ ਚੀਫ ਜਸਟਿਸ ਰੰਜਨ ਗੋਗੋਈ ਕਰ ਰਹੇ ਸਨ, ਜਿਸ ਨੇ ਅਯੋਧਿਆ ਬਾਰੇ ਫੈਸਲਾ ਦਿੱਤਾ ਸੀ ਤੇ ਗੋਗੋਈ ਜੀ ਫੈਸਲੇ ਤੋਂ ਇਕ-ਦੋ ਦਿਨ ਬਾਅਦ ਸੇਵਾ-ਮੁਕਤ ਹੋ ਗਏ ਸਨ। ਸੇਵਾ-ਮੁਕਤੀ ਉਪਰੰਤ ਤੱਤੇ ਤੱਤੇ ਘਾ ਈ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਦਿੱਤਾ ਗਿਆ ਸੀ!)

ਖੈਰ, ਇਕ ਹੋਰ ਪੁਰਾਣੇ ਕੇਸ ਬਾਰੇ ਇਸੇ ਹੀ ਸੰਵਿਧਾਨਕ ਬੈਂਚ ਨੇ 4:1 ਦੇ ਬਹੁਮਤ ਵਾਲੇ ਫੈਸਲੇ ਵਿਚ ਕਿਹਾ ਕਿ ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਨੂੰ ਲਾਗੂ ਕਰਨ ਦੇ ਬਾਵਜੂਦ ਕਿਸੇ ਮੰਤਰੀ ਵਲੋਂ ਦਿੱਤੇ ਗਏ ਬਿਆਨ ਨੂੰ ਅਸਿੱਧੇ ਰੂਪ ਵਿਚ ਸਰਕਾਰ ਨਾਲ ਨਹੀਂ ਜੋੜਿਆ ਜਾ ਸਕਦਾ। ਕੋਰਟ ਨੇ ਕਿਹਾ ਕਿ ਕਿਸੇ ਜਨਤਕ ਅਹੁਦੇ 'ਤੇ ਬੈਠੇ ਵਿਅਕਤੀ ਲਈ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਕੋਈ ਵਾਧੂ ਪਾਬੰਦੀ ਨਹੀਂ ਲਾਈ ਜਾ ਸਕਦੀ।

ਜਸਟਿਸ ਐਸ.ਅਬਦੁਲ ਨਜ਼ੀਰ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 19(2) ਤਹਿਤ ਨਿਰਦੇਸ਼ਤ ਪਾਬੰਦੀਆਂ ਤੋਂ ਇਲਾਵਾ ਕਿਸੇ ਸਰਕਾਰੀ ਅਹੁਦੇ 'ਤੇ ਬੈਠੇ ਵਿਅਕਤੀ ਦੇ ਭਾਸ਼ਨ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ 'ਤੇ ਕੋਈ ਵਾਧੂ ਪਾਬੰਦੀ ਨਹੀਂ ਲਾਈ ਜਾ ਸਕਦੀ। ਕੋਰਟ ਨੇ ਕਿਹਾ ਕਿ ਕਿ ਧਾਰਾ 19(1) ਤਹਿਤ ਬੁਨਿਆਦੀ ਹੱਕ ਦੀ ਵਰਤੋਂ ਰਾਜ ਤੋਂ ਇਲਾਵਾ ਕਿਸੇ ਹੋਰ ਪ੍ਰਬੰਧ ਖ਼ਿਲਾਫ ਵੀ ਕੀਤੀ ਜਾ ਸਕਦੀ ਹੈ। 'ਵੱਖਰੇ ਵਿਚਾਰ ਰੱਖਣ ਲਈ ਕਿਸੇ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਸਿਰਫ ਉਦੋਂ ਹੀ ਕੋਈ ਐਕਸ਼ਨ ਲਿਆ ਜਾ ਸਕਦੈ ਜਦੋਂ ਅਜਿਹਾ ਵਿਚਾਰ ਅਮਲ ਵਿਚ ਤਬਦੀਲ ਹੁੰਦਾ ਹੈ ਅਤੇ ਇਸ ਨਾਲ ਕਿਸੇ ਨੂੰ ਕੋਈ ਠੇਸ ਪਹੁੰਚਦੀ ਹੈ ਜਾਂ ਕੋਈ ਨੁਕਸਾਨ ਹੁੰਦਾ ਹੈ," ਕੋਰਟ ਨੇ ਹੋਰ ਕਿਹਾ।

ਬੈਂਚ ਵਿਚ ਜਸਟਿਸ ਬੀ.ਆਰ.ਗਵਈ, ਏ.ਐਸ. ਬੋਪੰਨਾ, ਵੀ.ਰਾਮਾਸੁਬਰਾਮਨੀਅਮ ਅਤੇ ਬੀ.ਵੀ. ਨਾਗਾਰਤਨਾ ਸ਼ਾਮਲ ਹਨ।

ਇਹ ਮਾਮਲਾ ਜੁਲਾਈ 2016 ਵਿਚ ਬੁਲੰਦ ਸ਼ਹਿਰ ਨਜ਼ਦੀਕ ਕੌਮੀ ਮਾਰਗ 'ਤੇ ਇਕ ਮਾਂ-ਧੀ ਨਾਲ ਹੋਏ ਸਮੂਹਿਕ ਜਬਰ-ਜਨਾਹ ਨਾਲ ਸਬੰਧਤ ਸੀ ਜਿਸ ਨੂੰ ਯੂ.ਪੀ. ਦੇ ਤਤਕਾਲੀਨ ਮੰਤਰੀ ਆਜ਼ਮ ਖਾਨ ਨੇ 'ਸਿਆਸੀ ਸਾਜ਼ਿਸ਼' ਗਰਦਾਨ ਕੇ ਵਿਵਾਦ ਖੜ੍ਹਾ ਕਰ ਦਿੱਤਾ ਸੀ ਅਤੇ ਪਟੀਸ਼ਨਰ, ਜੋ ਪੀੜਤਾਂ ਦਾ ਕ੍ਰਮਵਾਰ ਪਤੀ ਤੇ ਪਿਤਾ ਹੈ, ਮੰਤਰੀ ਵਿਰੁੱਧ ਐਫ.ਆਈ.ਆਰ. ਦਰਜ ਕਰਨ ਅਤੇ ਕੇਸ ਨੂੰ ਦਿੱਲੀ ਤਬਦੀਲ ਕਰਨ ਲਈ ਗੁਹਾਰ ਲਗਾ ਰਿਹਾ ਸੀ। ਇਸ 4:1 ਦੇ ਬਹੁਮਤ ਵਾਲੇ ਫੈਸਲੇ ਵਿਚ ਵੀ ਜਸਟਿਸ ਨਾਗਾਰਤਨਾ ਨੇ ਆਪਣੀ ਅਸਹਿਮਤੀ ਜਤਾਈ।

ਉਨ੍ਹਾਂ ਕਿਹਾ,"ਨਫਰਤੀ ਭਾਸ਼ਨ ਨਾਬਰਾਬਰੀ ਵਾਲੇ ਸਮਾਜ ਦਾ ਨਿਰਮਾਣ ਕਰਦਾ ਹੋਇਆ ਬੁਨਿਆਦੀ ਕਦਰਾਂ ਕੀਮਤਾਂ ਉਪਰ ਹਮਲਾ ਹੈ ਅਤੇ ਵੱਖ ਵੱਖ ਪਿਛੋਕੜਾਂ, ਖਾਸ ਕਰਕੇ 'ਸਾਡੇ ਭਾਰਤ ਜਿਹੇ ਦੇਸ਼ ਦੇ' ਨਾਗਰਿਕਾਂ 'ਤੇ ਵੀ ਹਮਲਾ ਕਰਦਾ ਹੈ। ਭਾਸ਼ਨ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਬੇਹੱਦ ਜ਼ਰੂਰੀ ਅਧਿਕਾਰ ਹੈ ਤਾਂ ਕਿ ਨਾਗਰਿਕ ਨੂੰ ਸ਼ਾਸਨ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਹੋਵੇ। ਭਾਰਤ ਵਿਚ ਮਾਨਵ ਦੀ ਆਨ-ਬਾਨ ਸਿਰਫ ਇਕ ਕਦਰ-ਕੀਮਤ ਹੀ ਨਹੀਂ ਸਗੋਂ ਇਕ ਅਧਿਕਾਰ ਹੈ ਜੋ ਲਾਗੂ ਕਰਨਯੋਗ ਹੈ। ਨਫਰਤੀ ਭਾਸ਼ਨ, ਚਾਹੇ ਉਸ ਵਿਚਲੇ ਬੋਲ ਜਿਹੋ ਜਿਹੇ ਮਰਜ਼ੀ ਹੋਣ, ਮਾਨਵ ਨੂੰ ਇਹ ਅਧਿਕਾਰ ਦੇਣ ਤੋਂ ਮੁਨਕਰ ਹੈ"।

ਜਸਟਿਸ ਨਾਗਾਰਤਨਾ ਨੇ ਹੋਰ ਕਿਹਾ ਕਿ ਮੰਤਰੀ ਦਾ ਅਨਾਦਰੀ ਵਾਲਾ ਬਿਆਨ, ਜੇ ਉਸ ਨੇ ਆਪਣੀ ਸਰਕਾਰੀ ਅਵਸਥਾ ਵਿਚ ਦਿੱਤਾ ਹੋਵੇ, ਤਾਂ ਉਹ ਸਿੱਧਾ ਸਰਕਾਰ ਨਾਲ ਸਬੰਧਤ ਸਮਝਿਆ ਜਾ ਸਕਦਾ ਹੈ। ਸਿਰਫ ਕੋਈ ਵਿਕੋਲਿਤਰਾ ਜਿਹਾ ਬਿਆਨ, ਜੋ ਸਰਕਾਰ ਦੇ ਪੱਖ ਨਾਲ ਮੇਲ ਨਾ ਖਾਂਦਾ ਹੋਵੇ, ਤਾਂ ਉਸ ਨੂੰ ਨਿੱਜੀ ਸਮਝਿਆ ਜਾ ਸਕਦਾ ਹੈ। ਪਾਰਟੀਆਂ ਨੂੰ ਆਪਣੇ ਮੰਤਰੀਆਂ ਦੇ ਭਾਸ਼ਨਾਂ ਉਪਰ ਕਾਬੂ ਰੱਖਣਾ ਚਾਹੀਦਾ ਹੈ ਅਤੇ ਅਜਿਹਾ ਕਰਨ ਲਈ 'ਕੋਡ ਆਫ ਕੰਡਕਟ'(ਆਚਾਰ ਸਹਿੰਤਾ) ਬਣਾਉਣਾ ਚਾਹੀਦਾ ਹੈ"।

ਇਹ ਗੱਲ ਮੰਨਦਿਆਂ ਕਿ ਇਕ ਸਿਹਤਮੰਦ ਲੋਕਤੰਤਰ ਯਕੀਨੀ ਬਣਾਉਣ ਲਈ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਮੌਲਿਕ ਆਜ਼ਾਦੀ ਅਤਿ ਜ਼ਰੂਰੀ ਹੈ, ਜਸਟਿਸ ਨਾਗਾਰਤਨਾ, ਜੋ ਬੈਂਚ ਵਿਚਲੇ ਬਾਕੀ ਜੱਜ ਸਾਹਿਬਾਨ ਤੋਂ ਸਭ ਤੋਂ ਜੂਨੀਅਰ ਹੈ, ਨੇ ਬੜੀ ਬੇਬਾਕੀ ਨਾਲ ਨਫਰਤੀ ਭਾਸ਼ਨਾਂ ਉਪਰ ਆਪਣੀ ਚਿੰਤਾ ਪ੍ਰਗਟਾਈ।

"ਸਮਾਜ ਨੂੰ ਨਾ-ਬਰਾਬਰੀ ਵਜੋਂ ਨਿਸ਼ਾਨਦੇਹੀ ਕਰਨ ਕਾਰਨ ਨਫਰਤੀ ਭਾਸ਼ਨ (ਹੇਟ ਸਪੀਚ) ਸਾਡੇ ਸੰਵਿਧਾਨ ਦੀਆਂ ਮੂਲ ਕਦਰਾਂ-ਕੀਮਤਾਂ ਉਪਰ ਚੋਟ ਮਾਰਦਾ ਹੈ। ਇਹ ਵੱਖ ਵੱਖ ਪਿਛੋਕੜ ਵਾਲੇ ਨਾਗਰਿਕਾਂ ਦੇ ਭਾਈਚਾਰੇ ਨੂੰ ਵੀ ਖੰਡਤ ਕਰਦਾ ਹੈ। ਇਕ ਸੰਯੁਕਤ ਸਮਾਜ ਦਾ ਮੂਲ 'ਬਹੁਵਾਦ ਅਤੇ ਬਹੁ-ਸਭਿਆਚਾਰ' ਹੈ, ਜਿਵੇਂ ਕਿ 'ਇੰਡੀਆ' ਜੋ ਕਿ 'ਭਾਰਤ' ਹੈ! ਭਾਈਚਾਰਾ ਇਸ ਵਿਚਾਰ ਉਪਰ ਆਧਾਰਤ ਹੈ ਕਿ ਨਾਗਰਿਕ ਆਪਸ ਵਿਚੀਂ ਇਕ ਦੂਸਰੇ ਪ੍ਰਤੀ ਜ਼ਿੰਮੇਵਾਰ ਹਨ"।

ਉਨ੍ਹਾਂ ਕਿਹਾ, 'ਹੁਣ ਦੇ ਸਮਿਆਂ ਵਿਚ ਅਸਾਵਧਾਨੀਪੂਰਵਕ ਭਾਸ਼ਨ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਠੇਸ ਪਹੁੰਚਾਉਂਦਾ ਹੈ ਅਤੇ ਨਿਰਾਦਰਪੂਰਵਕ ਹੁੰਦਾ ਹੈ। ਜਨਤਕ ਅਧਿਕਾਰੀਆਂ ਅਤੇ ਹੋਰ ਅਸਰ ਰੱਖਣ ਵਾਲਿਆਂ, ਜਿਨ੍ਹਾਂ ਵਿਚ ਪ੍ਰਤਿਸ਼ਠਾਵਾਨ ਵਿਅਕਤੀ ਵੀ ਸ਼ਾਮਲ ਹਨ, ਦਾ ਇਹ ਪੱਕਾ ਫਰਜ਼ ਬਣਦਾ ਹੈ ਕਿ ਉਹ ਆਪਣੇ ਭਾਸ਼ਨ ਵਿਚ ਵਧੇਰੇ ਜ਼ਿੰਮੇਵਾਰ ਹੋਣ ਅਤੇ ਸੰਜਮ ਵਰਤਣ। ਉਹ ਇਹ ਸਮਝਣ ਅਤੇ ਆਪਣੇ ਸ਼ਬਦਾਂ ਨੂੰ ਨਾਪ-ਤੋਲ ਕੇ ਬੋਲਣ ਕਿਉਂਕਿ ਉਨ੍ਹਾਂ ਦੇ ਸ਼ਬਦ ਲੋਕਾਂ ਦੇ ਜਜ਼ਬਾਤਾਂ ਅਤੇ ਵਿਹਾਰ ਉਪਰ ਕਿਵੇਂ ਦਾ ਅਸਰ ਪਾ ਸਕਦੇ ਹਨ। ਉਹ ਇਹ ਵੀ ਖਿਆਲ ਰੱਖਣ ਕਿ ਉਹ ਆਪਣੇ ਸਾਥੀ ਨਾਗਰਿਕਾਂ ਲਈ ਗ੍ਰਹਿਣ ਕਰਨ ਲਈ ਕਿਹੋ ਜਿਹੀ ਉਦਾਹਰਨ ਪੇਸ਼ ਕਰ ਰਹੇ ਹਨ"।

ਅੰਤਿਕਾ- ਅੰਗਰੇਜ਼ੀ ਵਿਚ ਅਸਹਿਮਤੀ ਨੂੰ 'ਡਿਸੈਂਟ' ਕਹਿੰਦੇ ਹਨ ਜੋ ਲਾਤੀਨੀ ਮੂਲ ਦੇ ਸ਼ਬਦ 'ਡਿਸੈਂਟਾਇਰ', ਓਲਡ ਫਰੈਂਚ ਦੇ 'ਦੇਸ-/ਡਿਸੈਂਟਿਰ', ਜਿਨ੍ਹਾਂ ਦਾ ਅਰਥ 'ਵੱਖਰਾ, ਪਰੇ, ਅਸਹਿਮਤ' ਹੋਣਾ ਆਦਿ ਹੈ, ਤੋਂ ਮਿਡਲ ਇੰਗਲਿਸ਼ ਦੇ 'ਡਿਸੈਂਟਨ' ਤੋਂ ਮੌਜੂਦਾ ਰੂਪ 'ਡਿਸੈਂਟ' ਤਕ ਅੱਪੜਿਆ ਹੈ। 'ਐਂਗਲੋ-ਅਮੈਰਿਕਨ ਕੌਮਨ ਲਾਅ' ਅਨੁਸਾਰ ਇਹ ਕਿਸੇ ਜੱਜ/ਜੱਜਾਂ ਦੇ ਕੋਰਟ ਦੇ ਕਿਸੇ ਫੈਸਲੇ ਬਾਰੇ ਵੱਖਰੇ ਵਿਚਾਰਾਂ ਨੂੰ ਪ੍ਰਗਟ ਕਰਨ ਨੂੰ ਕਹਿੰਦੇ ਹਨ।

# ਭਾਰਤ ਵਿਚ ਨੌਕਰੀਆਂ ਅਤੇ ਦਿਹਾੜੀਆਂ ਵਧਾਉਣ ਦੀ ਲੋੜ

ਆਜ਼ਾਦੀ ਆਈ ਅਤੇ ਫਿਰ ਅਸਾਂ ਪਰਜਾਤੰਤਰ ਵੀ ਖੜ੍ਹਾ ਕਰ ਲਿਆ, ਪਰ ਸਾਢੇ ਸੱਤ ਦਹਾਕਿਆਂ ਬਾਅਦ ਅੱਜ ਜਿਹੜਾ ਵੀ ਨਤੀਜਾ ਸਾਡੇ ਸਾਹਮਣੇ ਆਇਆ ਹੈ ਉਹ ਇਹ ਦਰਸਾ ਰਿਹਾ ਹੈ ਕਿ ਗੁਰਬਤ ਜਿਹੜੀ ਸਾਡੇ ਗੁਲਾਮੀ ਦੇ ਦਿਨਾਂ ਵਿਚ ਆ ਬਣੀ ਸੀ ਉਹ ਅਸੀਂ ਘਟਾ ਨਹੀਂ ਪਾਏ ਬਲਕਿ ਉਹ ਹਰ ਸਾਲ ਵਧਦੀ ਹੀ ਰਹੀ ਹੈ ਅਤੇ ਅੱਜ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪ ਇਹ ਗੱਲ ਸਵੀਕਾਰ ਕਰ ਰਹੇ ਹਨ ਕਿ ਕੋਈ 81 ਕਰੋੜ ਗ਼ਰੀਬ ਲੋਕਾਂ ਨੂੰ ਜਿਉਂਦਾ ਰੱਖਣ ਲਈ ਵਕਤ ਦੀ ਸਰਕਾਰ ਨੂੰ ਮੁਫ਼ਤ ਰਾਸ਼ਨ ਦੇਣਾ ਪੈ ਰਿਹਾ ਹੈ।

ਹੁਣ ਸਵਾਲ ਇਹ ਆ ਬਣਿਆ ਹੈ ਕਿ ਵਧਦੀ ਗੁਰਬਤ ਨੂੰ ਘਟਾਇਆ ਕਿਵੇਂ ਜਾਵੇ। ਸਾਡੀ ਸਮਝ ਵਿਚ ਇਹ ਗੱਲ ਤਾਂ ਆ ਹੀ ਗਈ ਹੈ ਕਿ ਇਹ ਗੁਰਬਤ ਜਿਸ ਵੀ ਘਰ ਵਿਚ ਇਕ ਵਾਰ ਆ ਵੜੇ ਫਿਰ ਉਸ ਘਰ ਦੀਆਂ ਅਗਲੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਹੋਈ ਜਾਂਦੀਆਂ ਹਨ ਅਤੇ ਇਹ ਗੱਲ ਵੀ ਸਾਡੀ ਸਮਝ ਵਿਚ ਆ ਗਈ ਹੈ ਕਿ ਇਸ ਮੁਲਕ ਦਾ ਢਾਂਚਾ ਹੀ ਹਮੇਸ਼ਾਂ ਗਲਤ ਰਿਹਾ ਹੈ। ਇਸ ਮੁਲਕ ਵਿਚ ਹਮੇਸ਼ਾਂ ਹੀ ਕੰਮ ਦੀ ਕਮੀ ਰਹੀ ਹੈ ਅਤੇ ਜਿਹੜੇ ਵੀ ਦਿਹਾੜੀਦਾਰ ਅਸੀਂ ਕੰਮ ਉਤੇ ਲਗਾਉਂਦੇ ਰਹੇ ਹਾਂ ਉਨ੍ਹਾਂ ਨੂੰ ਉਜਰਤਾਂ ਹਮੇਸ਼ਾਂ ਇਤਨੀਆਂ ਘੱਟ ਦਿੰਦੇ ਰਹੇ ਹਾਂ ਕਿ ਉਹ ਮਸਾਂ ਹੀ ਘਰ ਚਲਾ ਸਕਣ ਅਤੇ ਦੂਜੇ ਦਿਨ ਵੀ ਦਿਹਾੜੀ ਕਰਨ ਆ ਜਾਣ। ਇਹੀ ਸਿਲਸਿਲਾ ਆਜ਼ਾਦੀ ਅਤੇ ਪਰਜਾਤੰਤਰ ਬਾਅਦ ਵੀ ਚੱਲਦਾ ਆ ਰਿਹਾ ਹੈ। ਇਹ ਚੋਣਾਂ ਹੁੰਦੀਆਂ ਰਹੀਆਂ ਹਨ ਅਤੇ ਹਜ਼ਾਰਾਂ ਹੀ ਵਿਧਾਇਕ ਸਾਡੀਆਂ ਹੀ ਵੋਟਾਂ ਨਾਲ ਜਿੱਤ ਕੇ ਸਦਨਾਂ ਵਿਚ ਜਾ ਕੇ ਬੈਠਦੇ ਰਹੇ ਹਨ ਅਤੇ ਅਸੀਂ ਦੇਖਦੇ ਆ ਰਹੇ ਹਾਂ ਕਿ ਗੁਰਬਤ ਵਾਲੇ ਇਹ ਨੁਕਤੇ ਅੱਜ ਤਕ ਕਦੀ ਵੀ ਕਿਸੇ ਨੇ ਸਦਨਾਂ ਵਿਚ ਨਾ ਤਾਂ ਰੱਖੇ ਹੀ ਹਨ ਅਤੇ ਨਾ ਹੀ ਆਜ਼ਾਦੀ ਨਾਲ ਕਿਸੇ ਨੇ ਵਿਚਾਰ ਹੀ ਦਿੱਤੇ ਹਨ ਕਿ ਇਹ ਵਾਲੇ ਨੁਕਤੇ ਕੀ ਹਨ ਅਤੇ ਹੱਲ ਕੀ ਹੈ। ਕਦੀ ਕੱਪੜਾ, ਕਦੀ ਵਿੱਦਿਆ, ਕਦੀ ਸਿਖਲਾਈ, ਕਦੀ ਦਵਾਈਆਂ ਦੇ ਮੁਫ਼ਤ ਕੈਂਪ, ਕਦੀ ਫੀਸ ਮੁਆਫ਼ੀ, ਕਦੀ ਬੱਚੀਆਂ ਦੀ ਸ਼ਾਦੀ ਲਈ ਕੁਝ ਪੈਸੇ ਦੇ ਕੇ ਵਕਤ ਟਪਾਈ ਕੀਤੀ ਜਾਂਦੀ ਰਹੀ ਹੈ। ਕਈ ਵਾਰ ਇਹ ਸ਼ੰਕਾ ਵੀ ਆ ਖੜ੍ਹਾ ਹੁੰਦਾ ਹੈ ਕਿ ਇਹ ਸਾਰੇ ਦੇ ਸਾਰੇ ਰਾਜਸੀ ਲੋਕ ਇਸ ਗੱਲ ਵਿਚ ਇਕਜੁਟ ਹਨ ਕਿ ਗੁਰਬਤ ਬਣਾ ਕੇ ਰੱਖੀ ਜਾਵੇ ਤਾਂ ਕਿ ਇਹ ਵਾਲਾ ਪਰਜਾਤੰਤਰ ਬਣਾ ਕੇ ਰੱਖਿਆ ਜਾ ਸਕੇ ਅਤੇ ਗ਼ਰੀਬ ਲੋਕ ਸਿਰਫ਼ ਅਤੇ ਸਿਰਫ਼ ਵੋਟ ਬੈਂਕ ਬਣੇ ਰਹਿਣ ਅਤੇ ਸਾਡਾ ਪਰਜਾਤੰਤਰ ਜਿਹੜਾ ਸਿਰਫ਼ ਚੋਣਾਂ ਕਰਕੇ ਖੜ੍ਹਾ ਹੈ ਇਹ ਚਲਦਾ ਰਹੇ। ਅਜਿਹਾ ਨਹੀਂ ਹੈ ਕਿ ਸਾਡੇ ਵਿਧਾਇਕਾਂ ਦੀ ਸਮਝ ਵਿਚ ਇਹ ਗੱਲਾਂ ਨਾ ਆ ਰਹੀਆਂ ਹੋਣ। ਇਹ ਸਾਡੀਆਂ ਸਦਨਾਂ ਦਾ ਜਿਹੜਾ ਵੀ ਢੰਗ ਤਰੀਕਾ ਹੈ ਇਹ ਵੀ ਅਜੀਬ ਹੈ ਜਿੱਥੇ ਸਮਰਥਕ ਤਾਂ ਬੋਲ ਹੀ ਨਹੀਂ ਸਕਦੇ ਅਤੇ ਵਿਰੋਧੀ ਧਿਰਾਂ ਬੋਲਦੀਆਂ ਹਨ, ਪਰ ਕੋਈ ਸੁਣਦਾ ਹੀ ਨਹੀਂ। ਇਹ ਵੀ ਅਜੀਬ ਜਿਹੀ ਗੱਲ ਹੈ ਕਿ ਸਦਨ ਵਿਚ ਹਾਜ਼ਰ ਇਹ ਵਿਧਾਇਕ ਅਜੀਬ ਕਿਸਮ ਦੀ ਗ਼ੁਲਾਮੀ ਭੁਗਤ ਰਹੇ ਹਨ ਅਤੇ ਅੱਜ ਤਕ ਕੋਈ ਵੀ ਬੋਲਿਆ ਨਹੀਂ ਹੈ।

ਜੇ ਇਹ ਮਸਲੇ ਸਾਡੀਆਂ ਸਦਨਾਂ ਵਿਚ ਆਉਂਦੇ ਤਾਂ ਸਿੱਧੇ ਸਾਦੇ ਮਸਲੇ ਸਨ ਕਿ ਮੁਲਕ ਵਿਚ ਨੌਕਰੀਆਂ ਵਧਾਈਆਂ ਜਾਣ ਅਤੇ ਦਿਹਾੜੀਆਂ ਵੀ ਵਧਾਈਆਂ ਜਾਣ। ਉਜਰਤਾਂ ਵੀ ਐਸੀਆਂ ਨਿਰਧਾਰਤ ਕੀਤੀਆਂ ਜਾਣ ਕਿ ਹਰ ਕੋਈ ਟੱਬਰ ਚਲਾ ਸਕੇ ਅਤੇ ਮੁਲਕ ਦਾ ਹਰ ਟੱਬਰ ਵਾਜਬ ਜਿਹਾ ਜੀਵਨ ਜਿਉਂ ਸਕੇ। ਸਾਡੇ ਸਦਨਾਂ ਨੇ ਕਈ ਮਸਲੇ ਹੱਲ ਕੀਤੇ ਵੀ ਹਨ, ਪਰ ਇਹ ਸਾਫ਼ ਦਿਖਾਈ ਦੇ ਰਿਹਾ ਹੈ ਕਿ ਇਹ ਨੁਕਤੇ ਜਾਣ ਬੁੱਝ ਕੇ ਵਿਚਾਰੇ ਨਹੀਂ ਗਏ ਹਨ ਬਲਕਿ ਅੱਜ ਗ਼ਰੀਬਾਂ ਦੀ ਇਤਨੀ ਵੱਡੀ ਨਫ਼ਰੀ ਦੇਖ ਕੇ ਇਹ ਪਿਆ ਲੱਗਦਾ ਹੈ ਕਿ ਇਹ ਵਾਲਾ ਵੋਟ ਬੈਂਕ ਘਟਾਉਣ ਦਾ ਕਿਸੇ ਨੇ ਇਰਾਦਾ ਹੀ ਨਹੀਂ ਬਣਾਇਆ ਸੀ।

ਇਹ ਸਮੱਸਿਆ ਝਟਪਟ ਖ਼ਤਮ ਹੋਣ ਵਾਲੀ ਨਹੀਂ ਲਗਦੀ ਅਤੇ ਨੌਕਰੀਆਂ ਵਧਾਉਣੀਆਂ ਅਤੇ ਦਿਹਾੜੀਆਂ ਦੀ ਗਿਣਤੀ ਵਧਾਉਣੀ ਝਟਪਟ ਦਾ ਕੰਮ ਨਹੀਂ ਹੈ। ਕੋਈ ਵੀ ਸਕੀਮ ਜਾਂ ਨੀਤੀ ਬਣਾਉਣ ਅਤੇ ਚਲਾਉਣ ਵਿਚ ਸਮਾਂ ਲੱਗੇਗਾ ਅਤੇ ਅੱਜ ਵਕਤ ਆ ਗਿਆ ਹੈ ਕਿ ਕੋਈ ਝਟਪਟ ਦੇ ਤਰੀਕੇ ਲੱਭੇ ਜਾਣ। ਅੱਜ ਅਸੀਂ ਜੇ ਕੁਝ ਕਰ ਸਕਦੇ ਹਾਂ ਤਾਂ ਇਹ ਹੀ ਹੈ ਕਿ ਜਿਹੜੀਆਂ ਵੀ ਸਾਡੇ ਪਾਸ ਚਲਦੀਆਂ ਨੌਕਰੀਆਂ ਹਨ ਜਾਂ ਦਿਹਾੜੀਆਂ ਹਨ ਇਹੀ ਵੰਡੀਆਂ ਜਾਣ ਅਤੇ ਇਸ ਲਈ ਸਾਨੂੰ ਕੁਝ ਪੱਛਮੀ ਮੁਲਕਾਂ ਦੀ ਨਕਲ ਕਰਨੀ ਪਵੇਗੀ।

ਕੈਨੇਡਾ ਵਿਚ ਹੀ ਕੰਮ ਘੰਟਿਆਂ ਵਿਚ ਵੰਡਿਆ ਗਿਆ ਹੈ ਅਤੇ ਅਸੀਂ ਵੀ ਐਸਾ ਕਰ ਸਕਦੇ ਹਾਂ ਅਤੇ ਇਹ ਦਿਹਾੜੀਆਂ ਵੀ ਛੋਟੀਆਂ ਭਾਵ ਪੰਜ ਘੰਟਿਆਂ ਦੀਆਂ ਕਰ ਸਕਦੇ ਹਾਂ। ਮੁਫ਼ਤ ਚੀਜ਼ਾਂ ਦੇਣ ਦੀ ਬਜਾਏ ਉਜਰਤਾਂ ਹੀ ਐਸੀਆਂ ਕਰ ਦਿੱਤੀਆਂ ਜਾਣ ਕਿ ਹਰ ਕੋਈ ਵਾਜਬ ਜਿਹੀ ਕਮਾਈ ਕਰ ਸਕੇ ਅਤੇ ਆਸਾਨੀ ਨਾਲ ਘਰ ਚਲਾ ਸਕੇ। ਬਹੁਤ ਸਾਰੇ ਗਰੀਬ ਲੋਕੀਂ ਸਹੀ ਖਾਣਾ ਨਹੀਂ ਖਾ ਰਹੇ ਹਨ ਅਤੇ ਖਾਸ ਕਰਕੇ ਦਿਹਾੜੀਦਾਰ ਜਿਹੜੇ ਦੂਰ ਦੂਰ ਜਾ ਕੇ ਮਜ਼ਦੂਰੀ ਕਰਦੇ ਹਨ ਸਹੀ ਖਾਣਾ ਨਹੀਂ ਖਾ ਰਹੇ। ਜੇ ਖਾਣਾ ਤਿਆਰ ਕਰਨ ਵਾਲੀਆਂ ਇਕਾਈਆਂ ਖੜੀਆਂ ਕਰ ਦਿੱਤੀਆਂ ਜਾਣ ਤਾਂ ਇਕ ਤਾਂ ਬਹੁਤੇ ਲੋਕਾਂ ਨੂੰ ਵਾਜਬ ਅਤੇ ਸਿਹਤਮੰਦ ਖਾਣਾ ਮਿਲ ਸਕਦਾ ਹੈ ਅਤੇ ਰੁਜ਼ਗਾਰ ਵੀ ਵਧ ਸਕਦਾ ਹੈ।

*-ਦਲੀਪ ਸਿੰਘ ਵਾਸਨ, ਐਡਵੋਕੇਟ*

# 'ਲੇਜੈਂਡ ਆਫ ਮੌਲਾ ਜੱਟ' ਅਤੇ ਹਿੰਦ-ਪਾਕਿ ਦੋਸਤੀ

ਪਾਕਿਸਤਾਨੀ ਅਦਾਕਾਰ ਫਵਾਦ ਖਾਨ ਨੇ ਆਖਿਆ ਕਿ ਜੇ ਉਸ ਦੀ ਫਿਲਮ 'ਦਿ ਲੇਜੈਂਡ ਆਫ ਮੌਲਾ ਜੱਟ' ਭਾਰਤ ਵਿਚ ਰਿਲੀਜ਼ ਹੁੰਦੀ ਹੈ ਤਾਂ ਦੋਵੇਂ ਮੁਲਕਾਂ ਵਿਚਾਲੇ ਦੋਸਤਾਨਾ ਸਬੰਧ ਕਾਇਮ ਹੋਣਗੇ। ਜੇਕਰ ਸੱਚਮੁਚ ਅਜਿਹਾ ਵਾਪਰਦਾ ਹੈ ਤਾਂ ਇਹ ਈਦ ਅਤੇ ਦੀਵਾਲੀ ਵਰਗਾ ਮੌਕਾ ਹੋਵੇਗਾ ਜਦੋਂ ਅਸੀਂ ਖੁਸ਼ੀ ਵਿਚ

ਗੁਰਜੰਟ ਸਿੰਘ

ਇੱਕ-ਦੂਜੇ ਨੂੰ ਮਠਿਆਈ ਦਿੰਦੇ ਹਾਂ। ਜ਼ਿਕਰਯੋਗ ਹੈ ਕਿ ਬਿਲਾਲ ਲਸ਼ਾਰੀ ਦੀ ਇਹ ਫਿਲਮ ਭਾਰਤ ਵਿਚ ਪਿਛਲੇ ਸਾਲ 30 ਦਸੰਬਰ ਨੂੰ ਰਿਲੀਜ਼ ਹੋਣੀ ਸੀ ਪਰ ਕੁਝ ਕਾਰਨਾਂ ਕਰ ਕੇ ਫਿਲਮ ਦੀ ਰਿਲੀਜ਼ ਟਾਲ ਦਿੱਤੀ ਗਈ। ਇਸ ਫਿਲਮ ਵਿਚ ਫਵਾਦ ਖਾਨ ਨਾਲ ਮਾਹਿਰਾ ਖਾਨ ਮੁੱਖ ਭੂਮਿਕਾ ਵਿਚ ਹੈ। ਫਿਲਮ 'ਦਿ ਲੇਜੈਂਡ ਆਫ ਮੌਲਾ ਜੱਟ' 1979 ਵਿਚ ਬਣੀ ਹਿੱਟ ਫਿਲਮ 'ਮੌਲਾ ਜੱਟ' ਉੱਤੇ ਆਧਾਰਿਤ ਹੈ।

ਇਹ ਫਿਲਮ ਪਾਕਿਸਤਾਨ ਵਿਚ ਪਿਛਲੇ ਸਾਲ 13 ਅਕਤੂਬਰ ਨੂੰ ਰਿਲੀਜ਼ ਕੀਤੀ ਗਈ ਸੀ ਜੋ ਹੁਣ ਤੱਕ ਦੁਨੀਆ ਭਰ ਦੇ ਸਿਨੇਮਾਘਰਾਂ ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਪਾਕਿਸਤਾਨੀ ਫਿਲਮ ਬਣ ਗਈ ਹੈ। ਇਸ ਫਿਲਮ ਨੇ ਹੁਣ ਤੱਕ ਇੱਕ ਕਰੋੜ ਡਾਲਰ ਦੀ ਕਮਾਈ ਕੀਤੀ ਹੈ। ਇਹ ਫਿਲਮ ਭਾਰਤ ਵਿਚ ਰਿਲੀਜ਼ ਕੀਤੇ ਜਾਣ ਬਾਬਤ ਇਕ ਇੰਟਰਵਿਊ ਦੌਰਾਨ ਅਦਾਕਾਰ ਫਵਾਦ ਖਾਨ ਨੇ ਕਿਹਾ, "ਜੇ ਅਜਿਹਾ ਹੁੰਦਾ ਤਾਂ ਇਹ ਦੋਵੇਂ ਦੇਸ਼ਾਂ ਵਿਚਾਲੇ ਭਾਈਚਾਰਕ ਸਾਂਝ ਵਧਾਉਣ ਦਾ ਕੰਮ ਕਰੇਗੀ,



**ਪਾਕਿਸਤਾਨੀ ਅਦਾਕਾਰ ਫਵਾਦ ਖਾਨ ਦਾ ਕਹਿਣਾ ਹੈ ਕਿ ਫਿਲਮਾਂ ਅਤੇ ਸੰਗੀਤ ਅਜਿਹਾ ਆਦਾਨ-ਪ੍ਰਦਾਨ ਹੈ ਜੋ ਦੋਵੇਂ ਦੇਸ਼ਾਂ ਵਿਚਲੇ ਕੂਟਨੀਤਕ ਸਬੰਧਾਂ ਨੂੰ ਬਿਹਤਰ ਬਣਾਉਣ ਵਿਚ ਸਹਾਈ ਹੋ ਸਕਦਾ ਹੈ।**




ਜਿਵੇਂ ਅਸੀਂ ਖੁਸ਼ੀ ਦੇ ਮੌਕਿਆਂ 'ਤੇ ਇੱਕ-ਦੂਜੇ ਨੂੰ ਮਠਿਆਈ ਦਿੰਦੇ ਹਾਂ।" ਫਵਾਦ ਨੇ ਕਿਹਾ, "ਫਿਲਮਾਂ ਅਤੇ ਸੰਗੀਤ ਅਜਿਹਾ ਆਦਾਨ-ਪ੍ਰਦਾਨ ਹੈ ਜੋ ਦੋਵੇਂ ਦੇਸ਼ਾਂ ਵਿਚਲੇ ਕੂਟਨੀਤਕ ਸਬੰਧਾਂ ਨੂੰ ਬਿਹਤਰ ਬਣਾਉਣ ਵਿਚ ਸਹਾਈ ਹੋ ਸਕਦਾ ਹੈ। ਦੋਵੇਂ ਦੇਸ਼ਾਂ ਵਿਚਾਲੇ ਅਜੇ ਵੀ ਮਾਹੌਲ ਥੋੜ੍ਹਾ ਤਣਾਅਪੂਰਨ ਹੈ ਪਰ ਦੇਖਦੇ ਹਾਂ ਕਿ ਫਿਲਮ ਰਿਲੀਜ਼ ਹੁੰਦੀ ਹੈ ਜਾਂ ਨਹੀਂ।"

ਜਦੋਂ ਤੋਂ ਪਾਕਿਸਤਾਨੀ ਅਦਾਕਾਰਾਂ ਅਤੇ ਕਲਾਕਾਰਾਂ 'ਤੇ ਭਾਰਤੀ ਸਿਨੇ ਜਗਤ ਵਿਚ ਕੰਮ ਕਰਨ ਉੱਤੇ ਪਾਬੰਦੀ ਲੱਗੀ ਹੈ, ਫਵਾਦ ਖਾਨ ਦੇ ਚਾਹੁਣ ਵਾਲੇ ਇਹ ਜਾਣਨ ਲਈ ਉਤਾਵਲੇ ਹਨ ਕਿ ਉਹ ਅੱਜ-ਕੱਲ੍ਹ ਕੀ ਕਰ ਰਿਹਾ ਹੈ। ਉਸ ਨੂੰ ਆਖਰੀ ਵਾਰ ਕਰਨ ਜੌਹਰ ਦੀ ਫਿਲਮ 'ਐ ਦਿਲ ਹੈ ਮੁਸ਼ਕਿਲ' ਵਿਚ ਦੇਖਿਆ ਗਿਆ ਸੀ। ਇਸ ਤੋਂ ਬਾਅਦ ਉਹ ਕਿਸੇ ਵੀ ਭਾਰਤੀ ਪ੍ਰੋਜੈਕਟ ਦਾ ਹਿੱਸਾ ਨਹੀਂ ਰਿਹਾ। ਭਾਰਤੀ ਸਿਨੇ ਜਗਤ 'ਚੋਂ ਲਾਂਭੇ ਹੋਣ ਮਗਰੋਂ ਉਸ ਦੇ ਪ੍ਰਸ਼ੰਸਕ ਉਸ ਨੂੰ ਦੇਖਣ ਲਈ ਬਹੁਤ ਉਤਾਵਲੇ ਸਨ ਪਰ ਉਨ੍ਹਾਂ ਨੂੰ ਆਪਣੇ ਇਸ ਚਹੇਤੇ ਸਿਤਾਰੇ ਨੂੰ 'ਐਕਸ਼ਨ' ਵਿਚ ਦੇਖਣ ਲਈ ਛੇ ਸਾਲਾਂ ਦਾ ਲੰਮਾ ਇੰਤਜ਼ਾਰ ਕਰਨਾ ਪਿਆ। ਉਨ੍ਹਾਂ ਦੀ ਇਹ ਇੱਛਾ 'ਦਿ ਲੇਜੈਂਡ ਆਫ ਮੌਲਾ ਜੱਟ' ਨਾਲ ਪੂਰੀ ਹੋਈ ਹੈ। ਫਵਾਦ ਖਾਨ ਕੋਲ ਹੁਣ ਬਹੁਤ ਸਾਰੇ ਪ੍ਰੋਜੈਕਟ ਹਨ। ਉਹ ਪਾਕਿਸਤਾਨੀ ਫਿਲਮ 'ਮਨੀ ਬੈਕ ਗਾਰੰਟੀ' ਵਿਚ ਨਜ਼ਰ ਆਵੇਗਾ। ਇਸ ਫਿਲਮ ਵਿਚ ਉਸ ਨਾਲ ਸਾਬਕਾ ਪਾਕਿਸਤਾਨੀ ਕ੍ਰਿਕਟ ਖਿਡਾਰੀ ਵਸੀਮ ਅਕਰਮ ਵੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਉਹ ਫਿਲਮ 'ਨੀਲੋਫਰ' ਵਿਚ ਮਾਹਿਰਾ ਖਾਨ ਨਾਲ ਦਿਖਾਈ ਦੇਵੇਗਾ। ਉਹ ਇਕ ਫਿਲਮ ਵੀ ਪ੍ਰੋਡਿਊਸ ਕਰ ਰਿਹਾ ਹੈ।

29 ਨਵੰਬਰ 1981 ਨੂੰ ਜਨਮੇ ਫਵਾਦ ਖਾਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੈਲੀਵਿਜ਼ਨ ਉਤੇ 'ਜੱਟ ਐਂਡ ਬੌਂਡ' ਨਾਲ ਕੀਤੀ ਸੀ। ਬਾਅਦ ਵਿਚ ਉਹ ਫਿਲਮਾਂ ਵੱਲ ਆ ਗਿਆ। ਪਹਿਲੀ ਫਿਲਮ 'ਖੁਦਾ ਕੇ ਲੀਏ' (2007) ਵਿਚ ਉਸ ਨੂੰ ਸਹਾਇਕ ਅਦਾਕਾਰ ਵਾਲਾ ਰੋਲ ਮਿਲਿਆ। ਸ਼ੋਇਬ ਮਨਸੂਰ ਦੀ ਇਹ ਫਿਲਮ ਖੂਬ ਹਿੱਟ ਰਹੀ ਅਤੇ ਇਸ ਦਾ ਸ਼ੁਮਾਰ ਚੰਗੀ ਕਮਾਈ ਕਰਨ ਵਾਲੀਆਂ ਫਿਲਮਾਂ ਵਿਚ ਹੋ ਗਿਆ। ਉਂਝ, ਉਸ ਨੇ ਆਪਣੀ ਸਫਲਤਾ ਦੇ ਝੰਡੇ 2010 ਵਿਚ ਆਏ ਟੈਲੀਵਿਜ਼ਨ ਨਾਟਕ 'ਦਾਸਤਾਨ' ਨਾਲ ਗੱਡੇ। ਇਸ ਨਾਟਕ ਵਿਚ ਅਦਾਕਾਰੀ ਬਦਲੇ ਉਸ ਨੂੰ ਪਾਕਿਸਤਾਨ ਮੀਡੀਆ ਐਵਾਰਡ ਦਾ ਸਰਵੋਤਮ ਅਦਾਕਾਰ ਦਾ ਇਨਾਮ ਹਾਸਲ ਹੋਇਆ। ਅਗਲੇ ਸਾਲ 2011 ਵਿਚ ਨਾਟਕ 'ਹਮਸਫਰ' ਆਇਆ ਤਾਂ ਉਸ ਦੀ ਗੁੱਡੀ ਬੁਲੰਦੀਆਂ 'ਤੇ ਚਲੀ ਗਈ। ਇਸ ਨਾਟਕ ਵਿਚ ਉਹਦੇ ਨਾਲ ਅਦਾਕਾਰਾ ਮਾਹਿਰਾ ਖਾਨ ਵੀ ਸੀ ਅਤੇ ਇਹ ਨਾਟਕ ਭਾਰਤ ਅੰਦਰ ਵੀ ਬਹੁਤ ਚਾਅ ਤੇ ਉਤਸ਼ਾਹ ਨਾਲ ਦੇਖਿਆ ਗਿਆ।

ਹਿੰਦੀ ਫਿਲਮਾਂ ਵਿਚ ਉਹ ਫਿਲਮ 'ਖੂਬਸੂਰਤ' (2014) ਨਾਲ ਆਇਆ। ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਅਦਾਕਾਰ ਦਾ ਇਨਾਮ ਵੀ ਮਿਲਿਆ। ਫਿਰ 2016 ਵਿਚ ਉਸ ਦੀਆਂ ਦੋ ਹੋਰ ਹਿੰਦੀ ਫਿਲਮ 'ਕਪੂਰ ਐਂਡ ਸੰਨਜ਼' ਅਤੇ 'ਐ ਦਿਲ ਹੈ ਮੁਸ਼ਕਿਲ' ਆਈਆਂ ਪਰ ਉਸ ਵਕਤ ਕੁਝ ਕੱਟੜਪੰਥੀਆਂ ਨੇ ਹਿੰਦੀ ਫਿਲਮਾਂ ਵਿਚ ਪਾਕਿਸਤਾਨੀ ਕਲਾਕਾਰਾਂ ਦੀ ਆਮਦ ਦਾ ਵਿਰੋਧ ਸ਼ੁਰੂ ਕਰ ਦਿੱਤਾ। ਮੋਦੀ ਸਰਕਾਰ ਨੇ ਵੀ ਇਸ ਨੂੰ ਤੂਲ ਦਿੱਤੀ। ਸਿੱਟੇ ਵਜੋਂ ਭਾਰਤੀ ਫਿਲਮਸਾਜ਼ਾਂ ਉਤੇ ਪਾਕਿਸਤਾਨੀ ਅਦਾਕਾਰਾਂ ਨੂੰ ਨਾ ਲੈਣ ਦਾ ਦਬਾਅ ਵਧਦਾ ਗਿਆ ਅਤੇ ਅੰਤ ਇਹ ਸਿਲਸਿਲਾ ਰੁਕ ਗਿਆ।

## ਅਦਾਕਾਰ ਗੋਵਿੰਦਾ ਦਾ ਡਾਂਸ

1990ਵਿਆਂ ਵਿਚ ਸਿਨੇ ਜਗਤ 'ਚ ਰਾਜ ਕਰਨ ਵਾਲੇ ਅਦਾਕਾਰ ਗੋਵਿੰਦਾ ਨੇ ਆਪਣੇ ਕਰੀਅਰ ਵਿਚ ਕਈ ਹਿੱਟ ਫਿਲਮਾਂ ਕੀਤੀਆਂ ਹਨ ਅਤੇ ਨਾਲ ਹੀ ਉਸ ਨੇ ਕਾਫੀ ਗੀਤਾਂ 'ਤੇ ਯਾਦਗਾਰੀ ਡਾਂਸ ਵੀ ਕੀਤਾ ਹੈ। ਉਹ 59 ਸਾਲਾਂ ਦੇ ਹੋ ਗਏ ਹਨ। ਦੋ ਵਾਰ ਫਿਲਮਫੇਅਰ ਐਵਾਰਡ ਜਿੱਤਣ ਵਾਲੇ ਗੋਵਿੰਦਾ ਦੇ ਪੰਜ ਅਜਿਹੇ ਗਾਣੇ ਹਨ ਜਿਨ੍ਹਾਂ 'ਤੇ ਉਸ ਨੇ ਆਪਣੇ ਡਾਂਸ ਦਾ ਲੋਹਾ ਮਨਵਾਇਆ ਹੈ।

ਅਦਾਕਾਰ ਗੋਬਿੰਦਾ ਨੇ ਫਿਲਮ 'ਬੜੇ ਮੀਆਂ ਛੋਟੇ ਮੀਆਂ' ਦੇ ਗੀਤ 'ਕਿਸੀ ਡਿਸਕੋ ਮੇਂ ਜਾਏਂ' ਉੱਤੇ ਅਦਾਕਾਰਾ ਰਵੀਨਾ ਟੰਡਨ ਨਾਲ ਡਾਂਸ ਕੀਤਾ ਹੈ। ਫਿਲਮ 'ਖੁਦਗਰਜ਼' ਵਿਚ ਉਸ ਨੇ ਗੀਤ 'ਆਪ ਕੇ ਆ ਜਾਨੇ ਸੇ' ਉੱਤੇ ਅਦਾਕਾਰਾ ਨੀਲਮ ਨਾਲ ਡਾਂਸ ਵਿਚ ਆਪਣੀ



ਜੁਗਲਬੰਦੀ ਦਿਖਾਈ। ਫਿਲਮ 'ਕੁਲੀ ਨੰਬਰ 1' ਵਿਚ ਉਸ ਨੇ ਗੀਤ 'ਹੁਸਨ ਹੈ ਸੁਹਾਨਾ' ਉੱਤੇ ਗੋਵਿੰਦਾ ਵੱਲੋਂ ਅਦਾਕਾਰਾ ਕ੍ਰਿਸ਼ਮਾ ਕਪੂਰ ਨਾਲ ਕੀਤਾ ਡਾਂਸ ਯਾਦਗਾਰੀ ਹੋ ਨਿਬੜਿਆ। ਫਿਲਮ 'ਕਿਉਂ ਕਿ... ਮੈਂ ਝੂਠ ਨਹੀਂ ਬੋਲਤਾ' ਦੇ ਗੀਤ 'ਏਕ ਲੜਕੀ ਚਾਹੀਏ ਖਾਸ ਖਾਸ' ਅਜਿਹਾ ਪਿਆਰਾ ਦੋਗਾਣਾ ਗੀਤ ਹੈ ਜਿਸ ਨੂੰ ਸੋਨੂ ਨਿਗਮ ਅਤੇ ਜਸਪਿੰਦਰ ਨਰੂਲਾ ਨੇ ਗਾਇਆ ਹੈ। ਇਸ ਗੀਤ ਵਿਚ ਗੋਵਿੰਦਾ ਨੇ ਮਿਸ ਯੂਨੀਵਰਸ ਸੁਸ਼ਮਿਤਾ ਸੇਨ ਨਾਲ ਡਾਂਸ ਦਾ ਜਲਵਾ ਦਿਖਾਇਆ ਹੈ। ਫਿਲਮ 'ਦੁਲਹੇ ਰਾਜਾ' ਵਿਚ ਗੀਤ 'ਅੱਖੀਓਂ ਸੇ ਗੋਲੀ ਮਾਰੇ' ਉਤੇ ਗੋਵਿੰਦਾ ਨੇ ਮੁੜ ਰਵੀਨਾ ਟੰਡਨ ਨਾਲ ਸ਼ਾਨਦਾਰ ਜੁਗਲਬੰਦੀ ਦਿਖਾਈ। ਉਸ ਦੇ ਡਾਂਸ-ਸਟੈਪ ਲੋਕਾਂ ਨੂੰ ਅਜੇ ਤੱਕ ਯਾਦ ਹਨ।

## ਅੰਸ਼ੂਮਨ ਝਾਅ 'ਲੱਕੜਬੱਘਾ'

ਅਦਾਕਾਰ ਅੰਸ਼ੂਮਨ ਝਾਅ ਤੇ ਮਿਲਿੰਦ ਸੋਮਨ ਦੀ ਫਿਲਮ 'ਲੱਕੜਬੱਘਾ' ਰਿਲੀਜ਼ ਹੋ ਗਈ ਹੈ। ਕੋਲਕਾਤਾ ਦੀ ਪਿੱਠਭੂਮੀ 'ਤੇ ਆਧਾਰਿਤ ਇਸ ਫਿਲਮ ਦਾ ਨਿਰਦੇਸ਼ਨ ਵਿਕਟਰ ਮੁਖਰਜੀ ਨੇ ਕੀਤਾ ਗਿਆ ਹੈ ਤੇ ਇਸ ਫਿਲਮ ਵਿਚ ਅਦਾਕਾਰਾ ਰਿਧੀ ਡੋਗਰਾ ਤੇ ਪਰੇਸ਼ ਪਾਹੂਜਾ ਵੀ ਦਿਖਾਈ ਦਿੱਤੇ ਹਨ। ਜਾਨਵਰਾਂ ਦੀ ਤਸਕਰੀ ਦੇ ਮੁੱਦੇ ਨੂੰ ਉਭਾਰਨ ਵਾਲੀ ਇਹ ਫਿਲਮ ਸੱਚੀ ਘਟਨਾ 'ਤੇ ਆਧਾਰਿਤ ਹੈ।

ਅੰਸ਼ੂਮਨ ਝਾਅ ਨੇ ਕਿਹਾ ਕਿ ਫਿਲਮ ਕੁੱਤਿਆਂ ਅਤੇ ਹੋਰਨਾਂ ਜਾਨਵਰਾਂ ਪ੍ਰਤੀ ਉਸ ਦਾ ਪ੍ਰੇਮ ਪੱਤਰ ਹੈ। ਉਹ ਜਾਨਵਰਾਂ ਪ੍ਰਤੀ ਬਹੁਤ ਭਾਵੁਕ ਹੈ ਅਤੇ ਚਾਹੁੰਦਾ ਸੀ ਕਿ ਅਜਿਹੀ ਫਿਲਮ ਬਣਾਈ ਜਾਵੇ ਜੋ ਦਰਸ਼ਕਾਂ ਦੇ ਮਨਾਂ ਵਿਚ ਵੀ ਜਾਨਵਰਾਂ ਲਈ ਪਿਆਰ ਪੈਦਾ ਕਰੇ।




# 'ਪਠਾਨ' ਲਈ ਅਭੈ ਦਿਓਲ ਦਾ 'ਹਾਅ ਦਾ ਨਾਅਰਾ'


ਚਰਚਿਤ ਅਦਾਕਾਰ ਅਭੈ ਦਿਓਲ ਨੇ ਫਿਲਮ 'ਪਠਾਨ' ਬਾਰੇ ਚੱਲੇ ਵਿਵਾਦ ਦੇ ਮਾਮਲੇ ਵਿਚ ਇਸ ਫਿਲਮ ਅਤੇ ਸਮੁੱਚੀ ਫਿਲਮ ਸਨਅਤ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਹੈ। ਉਸ ਨੇ ਕਿਹਾ ਹੈ ਕਿ ਹਿੰਦੀ ਫਿਲਮ ਜਗਤ ਵਿਚ ਬਾਈਕਾਟ ਕਰਨ ਅਤੇ ਇਕ-ਦੂਜੇ ਦੀਆਂ ਲੱਤਾਂ

ਜਗਜੀਤ ਸਿੰਘ

ਖਿੱਚਣ ਦਾ ਜਿਹੜਾ ਟ੍ਰੈਂਡ ਚੱਲ ਰਿਹਾ ਹੈ, ਇਹ ਬਹੁਤ ਖਤਰਨਾਕ ਹੈ ਅਤੇ ਫਿਲਮ ਸਨਅਤ ਨੂੰ ਇਸ ਦਾ ਬਹੁਤ ਜ਼ਿਆਦਾ ਖਮਿਆਜ਼ਾ ਭੁਗਤਣਾ ਪਵੇਗਾ।

ਚੇਤੇ ਰਹੇ ਕਿ ਕੁਝ ਕੱਟੜਪੰਥੀ 'ਪਠਾਨ' ਫਿਲਮ ਦੇ ਨਾਇਕ ਸ਼ਾਹਰੁਖ ਖਾਨ ਦੀ ਇਸ ਫਿਲਮ ਦਾ ਇਸ ਕਰ ਕੇ ਵਿਰੋਧ ਕਰ ਰਹੇ ਕਿ ਉਹ ਮੁਸਲਮਾਨ ਹੈ। ਦੂਜੇ ਬੰਨੇ ਇਸ ਫਿਲਮ ਦੀ ਨਾਇਕਾ ਦੀਪਿਕਾ ਪਾਦੂਕੋਣ ਦਾ ਇਸ ਕਰ ਕੇ ਵਿਰੋਧ ਕੀਤਾ ਜਾ ਰਿਹਾ ਹੈ ਕਿ ਉਸ ਨੇ ਦਿੱਲੀ ਵਿਚ ਵਿਦਿਆਰਥੀਆਂ ਦੇ ਅੰਦੋਲਨ ਦੌਰਾਨ ਵਿਦਿਆਰਥੀਆਂ ਦੀ ਹਮਾਇਤ ਕੀਤੀ ਸੀ। ਇਹ ਵਿਦਿਆਰਥੀਆਂ ਕੇਂਦਰ ਸਰਕਾਰ ਦੀ ਮਾਰੂ






ਨੀਤੀਆਂ ਖਿਲਾਫ ਆਪਣਾ ਰੋਸ ਜ਼ਾਹਿਰ ਕਰ ਰਹੇ ਸਨ। ਫਿਲਮ 'ਪਠਾਨ' ਦੇ ਵਿਰੋਧ ਦੇ ਕਾਰਨ ਭਾਵੇਂ ਹੋਰ ਗਿਣਾਏ ਜਾ ਰਹੇ ਪਰ ਫਿਲਮ ਸਨਅਤ ਦੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸਾਰਾ ਕੁਝ ਸ਼ਾਹਰੁਖ ਖਾਨ ਅਤੇ ਦੀਪਿਕਾ ਪਾਦੂਕੋਣ ਨਾਲ ਕਿੜ੍ਹ ਕੱਢਣ ਲਈ ਹੀ ਕੀਤਾ ਜਾ ਰਿਹਾ ਹੈ।

ਫਿਲਮ 'ਪਠਾਨ' ਨੂੰ ਭਾਵੇਂ ਸੈਂਸਰ ਬੋਰਡ ਨੇ ਕੁਝ ਕੱਟਾਂ ਤੋਂ ਬਾਅਦ ਸਰਟੀਫਿਕੇਟ ਜਾਰੀ ਕਰ ਦਿੱਤਾ ਹੈ ਪਰ ਫਿਲਮ ਬਾਰੇ ਵਿਵਾਦ ਖੜ੍ਹਾ ਕੇ ਇਸ ਨੂੰ ਮਾਇਕ ਤੌਰ 'ਤੇ ਹਾਨੀ ਪਹੁੰਚਾਉਣ ਦਾ ਯਤਨ ਕੀਤਾ ਗਿਆ। ਸਾਫ ਪ੍ਰਚਾਰ ਕੀਤਾ ਗਿਆ ਕਿ ਇਹ ਫਿਲਮ ਹਿੰਦੀਆਂ ਦੀਆਂ ਭਾਵਨਾਵਾਂ ਭੜਕਾਉਣ ਵਾਲੀ ਹੈ।

ਇਸ ਬਾਰੇ ਅਭੈ ਦਿਓਲ ਆਖਦਾ ਹੈ, "ਜੋ ਹੋ ਰਿਹਾ ਹੈ, ਇਹ ਹੁਣ ਅਸੰਭਵ ਨਹੀਂ ਜਾਪਦਾ। ਦੌਰ ਹੀ ਅਜਿਹਾ ਹੈ ਕਿ ਹੁਣ ਇਹੀ ਕੁਝ ਹੋਣਾ ਹੈ। ਹਰ ਪਾਸੇ ਤਾਂ ਧਰੁਵੀਕਰਨ ਕੀਤਾ ਜਾ ਰਿਹਾ ਹੈ। ਸਿੱਧੀ ਜਿਹੀ ਗੱਲ ਹੈ, ਜੇ ਤੁਸੀਂ ਕਿਸੇ ਚੀਜ਼ ਬਾਰੇ ਮੁੱਦਾ ਬਣਾਉਣ ਦਾ ਸੋਚ ਹੀ ਲਿਆ ਹੈ ਤਾਂ ਤੁਹਾਨੂੰ ਕੌਣ ਰੋਕੇਗਾ ਭਲਾ? ਇਹ ਬੜੀ ਅਸਾਨ ਜਿਹੀ ਗੱਲ ਹੈ। ਪਹਿਲਾਂ ਵੀ ਅਜਿਹਾ ਹੁੰਦਾ ਆਇਆ ਹੈ ਅਤੇ ਅਗਾਂਹ ਨੂੰ ਵੀ ਅਜਿਹਾ ਹੁੰਦਾ ਰਹੇਗਾ। ਉਂਝ, ਇਸ ਦਾ ਸਿੱਧਾ-ਸਿੱਧਾ ਨੁਕਸਾਨ ਸਾਡਾ ਹੀ ਹੋ ਰਿਹਾ ਹੈ।"

ਅਭੈ ਦਿਓਲ ਦਾ ਕਹਿਣਾ ਹੈ ਕਿ ਅਜਿਹੇ ਫਰਕ ਮਿਟਾ ਕੇ ਸਭ ਨੂੰ ਫਿਲਮ ਸਨਅਤ ਦੀ ਭਲਾਈ ਬਾਰੇ ਸੋਚਣਾ ਚਾਹੀਦਾ ਹੈ।

# ਕੌਮਾਂਤਰੀ ਮਾਂ ਬੋਲੀ ਦਿਹਾੜਾ 2023



## "ਸੋਚ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ"
## ਹੌਸਲਾ ਅਫ਼ਜ਼ਾਈ ਉਪਰਾਲਾ

ਇਸ ਉਪਰਾਲੇ ਤਹਿਤ ਪੂਰੇ ਯੂ.ਐੱਸ.ਏ ਵਿਚ ਰਹਿੰਦੇ ਲੋਕਾਂ ਲਈ ਚਾਰ ਮੁਕਾਬਲੇ ਉਲੀਕੇ ਗਏ ਹਨ:

1. ਐਲੀਮੈਂਟਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਵਾਸਤੇ ਕਵਿਤਾ ਮੁਕਾਬਲੇ
2. ਮਿਡਲ ਸਕੂਲ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਭਾਸ਼ਣ ਮੁਕਾਬਲਾ
3. ਮਿਡਲ ਅਤੇ ਹਾਈ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਭਾਰਤੀ ਪਿੰਡ ਜਾਂ ਸ਼ਹਿਰ ਦਾ ਵੀਡੀਓ ਵਰਣਨ ਮੁਕਾਬਲਾ
4. ਸਭਨਾਂ ਲਈ ਸਾਂਝਾ (ਕੋਈ ਉਮਰ ਸੀਮਾ ਨਹੀਂ) ਪੰਜਾਬੀ ਭਾਸ਼ਾ ਵਿਚ ਲੇਖ ਮੁਕਾਬਲਾ

* ਇਹ ਚਾਰੋਂ ਮੁਕਾਬਲੇ ਸਿਰਫ਼ ਯੂ ਐਸ ਏ ਵਿਚ ਰਹਿਣ ਵਾਲੇ ਲੋਕਾਂ ਲਈ ਹਨ।
* ਇਨ੍ਹਾਂ ਮੁਕਾਬਲਿਆਂ ਦੇ ਜੇਤੂਆਂ ਨੂੰ ਗ੍ਰੇਡ ਮੁਤਾਬਕ 50 ਤੋਂ 200$ ਤਕ ਦੇ ਗਿਫ਼ਟ ਕਾਰਡ ਅਤੇ ਸਨਮਾਨ ਚਿੰਨ੍ਹ ਦਿੱਤੇ ਜਾਣਗੇ।
* ਐਂਟਰੀ ਭੇਜਣ ਲਈ ਆਖ਼ਰੀ ਤਾਰੀਖ਼ 20 ਫਰਵਰੀ, 2023 ਹੈ।
* ਹੋਰ ਜਾਣਕਾਰੀ ਲਈ ਈ-ਮੇਲ bhashadivas@gmail.com ਜਾਂ ਵ੍ਹਟਸਐਪ ਨੰਬਰ +1 847-361-4825 'ਤੇ ਸੰਪਰਕ ਕੀਤਾ ਜਾ ਸਕਦਾ ਹੈ।
* ਹਰ ਐਂਟਰੀ ਦੇ ਨਾਲ ਉਮੀਦਵਾਰ ਦਾ ਨਾਂ, ਜਨਮ ਤਾਰੀਖ਼, ਫੋਨ ਨੰਬਰ ਅਤੇ ਜੇ ਉਮੀਦਵਾਰ ਸਕੂਲ ਦਾ ਵਿਦਿਆਰਥੀ ਹੈ ਤਾਂ ਉਸ ਦਾ ਗ੍ਰੇਡ ਵੀ ਲਿਖ ਕੇ ਭੇਜਿਆ ਜਾਵੇ।

ਮੀਡੀਆ ਸਹਿਯੋਗੀ - ਅਦਭੁਤ ਮੀਡੀਆ
ਪੰਜਾਬ ਟਾਈਮਸ, ਰੇਡੀਓ ਚੰਨ ਪ੍ਰਦੇਸੀ

ADBHHUT MEDIA NEWSPAPER & CHANNEL ENGLISH, PUNJABI & HINDI
ਪੰਜਾਬ ਟਾਈਮਜ਼ PUNJAB TIMES
Radio Chann Pardesi